
# Easy Travel Inc.
Cosolidator of major airlines
ਸਸਤੀਆਂ ਹਵਾਈ ਟਿਕਟਾਂ
Amritsar Special
JFK-Amritsar fare is $1090
JFK-Delhi fare is $975
Fare is round trip including all taxe
Tel:734-451-9526, Toll Free 866-51-INDIA


EYE EXAMINATIONS
CONTACT LENSES
LAXMI AMERICAN OPTICAL
Complete Optical Service
Tel. 718 335 2240
Fax 718 335 2241
83-16 Northern Blvd * Jackson Heights NY 11372


ਸੁਪਰ ਸਟਾਰ ਧਰਮ ਭਾ ਜੀ ਅਤੇ ਪੰਜਾਬੀ ਪਰਿਵਾਰਾਂ ਦੀ ਪਹਿਲੀ ਪਸੰਦ ਅਮਨਟੈਲ
AMANTEL.COM
$100 'ਚ 120 ਘੰਟੇ (7200 ਮਿੰਟ)
Talk One Minute, Pay For One Minute
ਘਰ, ਸਟੋਰ, ਗੈਸ ਸਟੇਸ਼ਨ, ਟਰੱਕ ਕੰਪਨੀ ਅਤੇ ਕੈਬਾਂ ਵਾਲੇ ਵੀਰ ਟੌਲ ਫਰੀ ਨੰਬਰ 'ਤੇ ਕਾਲ ਕਰੋ
1-800-717-1510, 732-982-4332/4333
ਯੂ ਐਸ ਏ, ਕੈਨੇਡਾ ਤੇ ਯੂ ਕੇ 'ਚ 1.8 ਸੈਂਟ ਪ੍ਰਤੀ ਮਿੰਟ ਕਾਲ ਕਰੋ



Eleventh Year in Publication | ਨਿਊ ਯਾਰਕ ਐਡੀਸ਼ਨ | Price 50¢

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ


# ਪੰਜਾਬ ਟਾਈਮਜ਼


Email:punjabtimes1@sbcglobal.net
www.punjabtimesusa.com



Punjab Times, Vol 11, Issue 36, September 4, 2010


20451 N Plum Grove Rd. Palatine, IL 60074
Ph:847-359-0746, Fax:847-705-9388


## ਭਾਰਤ-ਚੀਨ ਸਬੰਧ ਮੁੜ ਖਰਾਬ

### ਚੀਨ ਵੱਲੋਂ ਭਾਰਤੀ ਫ਼ੌਜੀ ਅਧਿਕਾਰੀ ਨੂੰ ਵੀਜ਼ਾ ਦੇਣ ਤੋਂ ਇਨਕਾਰ

**ਨਵੀਂ ਦਿੱਲੀ (ਪੰਜਾਬ ਟਾਈਮਜ਼ ਬਿਊਰੋ):** ਭਾਰਤ ਤੇ ਚੀਨ ਵਿਚਾਲੇ ਪਹਿਲਾਂ ਤੋਂ ਅਣਸੁਖਾਵੇਂ ਸਬੰਧਾਂ ਵਿਚ ਇਕ ਵਾਰ ਫਿਰ ਖੱਟਾਸ ਪੈਦਾ ਹੋ ਗਈ ਹੈ। ਭਾਵੇਂ ਦੋਵਾਂ ਦੇਸ਼ਾਂ ਦੀਆਂ ਸਰਕਾਰਾਂ ਨੇ ਆਪਣੇ-ਆਪਣੇ ਤੌਰ 'ਤੇ ਦਾਅਵਾ ਕੀਤਾ ਹੈ ਕਿ ਦੁਵੱਲਾ ਵਪਾਰ ਤੇ ਸੁਰੱਖਿਆ ਸਹਿਯੋਗ ਜਾਰੀ ਰਹੇਗਾ ਪਰ ਤਾਜ਼ਾ ਵਾਪਰੇ ਇਸ ਘਟਨਾਕ੍ਰਮ ਨੇ ਕਈ ਸ਼ੰਕੇ ਖੜ੍ਹੇ ਕਰ ਦਿੱਤੇ ਹਨ। ਦੋਵਾਂ ਦੇਸ਼ਾਂ ਵਿਚਾਲੇ ਤਣਾਅ ਦਾ ਮਾਹੌਲ ਉਸ ਵੇਲੇ ਬਣਿਆ ਜਦੋਂ ਚੀਨ ਨੇ ਭਾਰਤੀ ਲੈਫਟੀਨੈਂਟ ਜਨਰਲ ਬੀ.ਐਸ. ਜਸਵਾਲ ਨੂੰ ਵੀਜ਼ਾ ਦੇਣ ਤੋਂ ਇਨਕਾਰ ਕਰ ਦਿੱਤਾ। ਇਸ 'ਤੇ ਤੁਰੰਤ ਜਵਾਬੀ ਕਾਰਵਾਈ ਕਰਦਿਆਂ ਭਾਰਤ ਨੇ ਵੀ ਚੀਨ ਦੇ ਤਿੰਨ ਅਧਿਕਾਰੀਆਂ ਨੂੰ ਵੀਜ਼ਾ ਦੇਣ ਤੋਂ ਇਨਕਾਰ ਕਰ ਦਿੱਤਾ। ਚੀਨ ਨੇ ਲੈ. ਜਨਰਲ ਬੀ.ਐਸ. ਜਸਵਾਲ ਨੂੰ ਇਸ ਕਰਕੇ ਵੀਜ਼ਾ ਦੇਣ ਤੋਂ ਇਨਕਾਰ ਕੀਤਾ ਹੈ ਕਿਉਂਕਿ ਉਹ 'ਸੰਵੇਦਨਸ਼ੀਲ' ਸੂਬੇ ਜੰਮੂ-ਕਸ਼ਮੀਰ ਦੀ ਸੁਰੱਖਿਆ ਦਾ ਇੰਚਾਰਜ ਹੈ ਜਿਸ ਨੂੰ ਚੀਨ 'ਵਿਵਾਦਿਤ ਖੇਤਰ' ਮੰਨਦਾ ਹੈ। ਚੀਨ ਨੇ ਭਾਰਤ ਨੂੰ ਇਕ ਪੱਤਰ ਲਿਖ ਕੇ ਕਿਹਾ ਹੈ ਕਿ ਜਨਰਲ ਜਸਵਾਲ ਜੰਮੂ-ਕਸ਼ਮੀਰ ਵਰਗੇ ਸੰਵੇਦਨਸ਼ੀਲ ਸੂਬੇ ਦੀ ਸੁਰੱਖਿਆ ਨਾਲ ਜੁੜਿਆ ਹੈ ਤੇ ਇਸ ਇਲਾਕੇ ਦੇ ਲੋਕ ਇਕ ਵੱਖਰੇ ਵੀਜ਼ੇ ਰਾਹੀਂ ਹੀ ਚੀਨ ਆ ਸਕਦੇ ਹਨ। ਚੀਨ ਸਰਕਾਰ ਜੰਮੂ-ਕਸ਼ਮੀਰ ਦੇ ਵਸਨੀਕਾਂ ਦੇ ਪਾਸਪੋਰਟ ਉਤੇ ਵੀਜ਼ਾ ਨਹੀਂ ਲਾਉਂਦੀ ਬਲਕਿ 'ਪੇਪਰ ਸਟੈਪਲ' ਕੀਤਾ ਜਾਂਦਾ ਹੈ ਜਿਸ ਦਾ ਭਾਰਤ ਨੇ ਕਈ ਵਾਰ ਵਿਰੋਧ ਕੀਤਾ ਹੈ। ਭਾਰਤ ਸਰਕਾਰ 'ਸਟੈਪਲ' ਕੀਤੇ ਵੀਜ਼ੇ ਨੂੰ ਪ੍ਰਵਾਨਗੀ ਨਹੀਂ ਦਿੰਦੀ ਜਿਸ ਕਰਕੇ ਜੰਮੂ-ਕਸ਼ਮੀਰ ਦੇ ਵਸਨੀਕਾਂ ਨੂੰ ਚੀਨ ਜਾਣਾ ਮੁਸ਼ਕਲ ਹੋ ਜਾਂਦਾ ਹੈ।

ਦੂਜੇ ਪਾਸੇ ਭਾਰਤ ਨੇ ਇਸ ਨੂੰ ਗੰਭੀਰਤਾ


*(ਬਾਕੀ ਸਫਾ 3 'ਤੇ)*


### ਵਾਸ਼ਿੰਗਟਨ ਡੀ ਸੀ ਵਿਚ ਗੁਰਦਾਸ ਮਾਨ ਦਾ ਸ਼ੋਅ 3 ਨੂੰ

ਗੁਰਦਾਸ ਮਾਨ ਦਾ ਵਾਸ਼ਿੰਗਟਨ ਡੀ ਸੀ ਦੇ ਡੀ ਏ ਆਰ ਕੰਸਟੀਚਿਊਸ਼ਨ ਹਾਲ ਵਿਚ ਸ਼ੋਅ ਸ਼ੁਕਰਵਾਰ ਰਾਤ 8:30 ਵਜੇ ਤੋਂ ਹੋਵੇਗਾ। ਹੋਰ ਜਾਣਕਾਰੀ ਫੋਨ 301-792-6662 ਤੋਂ ਲਈ ਜਾ ਸਕਦੀ ਹੈ।



*ਗੁਰਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ ਵਿਖੇ ਬਾਬਾ ਮੱਖਣ ਸ਼ਾਹ ਲੁਬਾਣਾ ਦੀ ਯਾਦ 'ਚ ਸਮਾਗਮ ਵਿਚ ਪਹੁੰਚੇ ਸਿੰਘ ਸਹਿਬਾਨ*

## ਅਕਾਲੀ ਦਲ-ਪੰਜਾਬ ਭਾਜਪਾ ਖਿੱਚੋਤਾਣ ਜਾਰੀ

**ਬਿੰਦਰ ਬਸਰਾ**

ਭਾਰਤੀ ਜਨਤਾ ਪਾਰਟੀ (ਭਾਜਪਾ) ਪੰਜਾਬ ਦੇ ਨੇਤਾ ਇਕ ਵਾਰ ਫਿਰ ਆਪਣੀ ਅਣਦੇਖੀ ਅਤੇ ਵਿਤਕਰੇ ਨੂੰ ਅਣਡਿੱਠ ਕਰਨ ਲਈ ਮਜਬੂਰ ਹੋ ਗਏ ਹਨ। ਪਾਰਟੀ ਦੇ ਪੰਜਾਬ ਮਾਮਲਿਆਂ ਦੇ ਇੰਚਾਰਜ ਅਤੇ ਸੀਨੀਅਰ ਭਾਜਪਾ ਨੇਤਾ ਯਸ਼ਵੰਤ ਸਿਨਹਾ ਦੇ ਪੰਜਾਬ ਦੌਰੇ ਪਿੱਛੋਂ ਇਕ ਵਾਰ ਫੇਰ ਪੰਜਾਬ ਦੇ ਭਾਜਪਾ ਨੇਤਾਵਾਂ ਦੀਆਂ ਉਮੀਦਾਂ ਤੇ ਪਾਣੀ ਫਿਰ ਗਿਆ ਅਤੇ ਉਹ ਖੁਦ ਨੂੰ ਚੁੱਪ ਦੀ ਮਾਰ ਮਾਰਨ ਲਈ ਬੇਵੱਸ ਹਨ। ਯਸ਼ਵੰਤ ਸਿਨਹਾ ਵਲੋਂ ਉਨ੍ਹਾਂ ਦੇ ਗੁੱਸੇ ਦੇ ਉਬਾਲ 'ਤੇ ਆਪਣੀ ਕੂਟਨੀਤੀ ਦਾ ਛਿੱਟਾ ਦੇ ਕੇ ਇਹ ਕਹਿਣਾ ਕਿ ਗਠਜੋੜ ਵਿਚ ਅਜਿਹੀ ਗੱਲ ਹੋਣੀ ਆਮ ਹੈ, ਨੇ ਪਾਰਟੀ ਨੇਤਾਵਾਂ ਦੇ ਸਬਰ ਨੂੰ ਇਕ ਵਾਰ ਫੇਰ ਦਾਅ 'ਤੇ ਲਾ ਦਿੱਤਾ ਹੈ।

ਉਧਰ ਰਾਜਸੀ ਹਲਕਿਆਂ 'ਚ ਚਰਚਾ ਹੈ ਕਿ ਅਕਾਲੀ ਦਲ ਨੇ ਬਸਪਾ ਨਾਲ ਆਪਣੇ ਸੰਭਾਵੀ ਸਮਝੌਤੇ ਦੀਆਂ ਅਫਵਾਹਾਂ ਫੈਲਾ ਕੇ ਭਾਜਪਾ ਦੀ ਕੇਂਦਰੀ ਲੀਡਰਸ਼ਿਪ ਨੂੰ ਚਿੰਤਾ 'ਚ ਪਾ ਦਿੱਤਾ ਅਤੇ ਇਧਰ ਭਾਜਪਾ ਨੂੰ ਸਰਕਾਰ ਵਿਚ ਹੋਰ ਅਹੁਦੇਦਾਰੀਆਂ ਮੰਗਣ ਅਤੇ ਅਗਲੀਆਂ ਵਿਧਾਨ ਸਭਾ ਚੋਣਾਂ ਵਿਚ 23 ਤੋਂ ਵਧ ਸੀਟਾਂ ਮੰਗਣ ਦੀ ਹਿੰਮਤ ਕਰਨ ਤੋਂ ਰੋਕ ਦਿੱਤਾ ਹੈ। ਭਾਵੇਂ ਬਸਪਾ ਨੇ ਅਕਾਲੀ ਦਲ ਨਾਲ ਅੰਦਰਖਾਤੇ ਹੋਏ ਕਿਸੇ ਸਮਝੌਤੇ ਤੋਂ ਇਨਕਾਰ ਕਰ ਦਿੱਤਾ ਹੈ ਪਰ ਉਸ ਦੇ ਭਵਿੱਖ ਵਿਚ ਸਮਝੌਤੇ ਲਈ ਆਏ ਪ੍ਰਸਤਾਵ 'ਤੇ ਵਿਚਾਰ ਕਰਨ ਦੇ ਸੰਕੇਤ ਨੇ ਭਾਜਪਾ ਨੇਤਾਵਾਂ ਦੇ ਕੰਨ ਜ਼ਰੂਰ ਖੜੇ ਕਰ ਦਿੱਤੇ ਹਨ। ਰਾਜਸੀ ਚਿੰਤਕਾਂ ਦਾ ਮੰਨਣਾ ਹੈ ਕਿ ਅਕਾਲੀ ਦਲ, ਭਾਜਪਾ ਦੇ ਇਸੇ ਡਰ ਨੂੰ ਆਪਣੇ ਹੱਕ 'ਚ ਭੁਗਤਾਉਣ ਲਈ ਕੋਈ ਵੀ ਮੌਕਾ ਹੁਣ ਹੱਥੋਂ ਨਹੀਂ ਖੁੰਝਾਵੇਗਾ। ਉਧਰ ਭਾਜਪਾ ਦੀ ਪੰਜਾਬ ਲੀਡਰਸ਼ਿਪ ਨੂੰ ਆਪਣੇ ਖੁਰ ਰਹੇ ਜਨਤਕ ਆਧਾਰ ਦੀ ਚਿੰਤਾ ਸਤਾ ਰਹੀ ਹੈ ਪਰ ਕੇਂਦਰੀ ਲੀਡਰਸ਼ਿਪ ਉਨ੍ਹਾਂ ਨੂੰ ਦੜ ਵੱਟਣ ਦਾ ਪਾਠ ਪੜ੍ਹਾ ਰਹੀ ਹੈ।

ਅਕਾਲੀ-ਭਾਜਪਾ ਗਠਜੋੜ ਵਿਚ ਤਰੇੜਾਂ ਉਭਰਨ ਅਤੇ ਉਨ੍ਹਾਂ ਦੇ ਆਪਸੀ ਸਬੰਧਾਂ 'ਚ ਕੁੜਤੱਣ ਦੀਆਂ ਖਬਰਾਂ ਕੋਈ ਨਵੀਂ ਗੱਲ ਨਹੀਂ। ਇਹ ਵਖਰੇਵੇਂ ਪਹਿਲਾਂ ਵੀ ਕਈ ਵਾਰ ਤਿੱਖੀ ਸੁਰ 'ਚ ਉਭਰੇ ਅਤੇ ਚਰਚਾ ਦਾ ਵਿਸ਼ਾ ਬਣੇ ਪਰ ਹਰ ਵਾਰ ਭਾਜਪਾ ਹਾਈ ਕਮਾਨ ਨੇ ਅਨੁਸ਼ਾਸਨ ਅਤੇ



*(ਬਾਕੀ ਸਫਾ 6 'ਤੇ)*


## ਬਾਬਾ ਮੱਖਣ ਸ਼ਾਹ ਲੁਬਾਣਾ ਦੀ ਯਾਦ 'ਚ ਸਮਾਗਮ

**ਨਿਊ ਯਾਰਕ:** 'ਗੁਰੂ ਲਾਧੋ ਰੇ' ਦਾ ਹੋਕਾ ਦੇ ਕੇ ਨੌਂਵੇਂ ਗੁਰੂ ਸਾਹਿਬ ਸ੍ਰੀ ਗੁਰੂ ਤੇਗ ਬਹਾਦੁਰ ਜੀ ਨੂੰ ਪ੍ਰਗਟ ਕਰਨ ਵਾਲੇ ਬਾਬਾ ਮੱਖਣ ਸ਼ਾਹ ਲੁਬਾਣਾ ਦੀ ਯਾਦ ਵਿਚ ਸਮਾਗਮ ਬੜੇ ਵਡੇ ਪੱਧਰ 'ਤੇ ਗੁਰਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ ਸਿੱਖ ਸੈਂਟਰ ਵਿਖੇ ਪਹਿਲੀ ਵਾਰ ਮਨਾਇਆ ਗਿਆ। ਇਸ ਮੌਕੇ ਤਿੰਨ ਤਖਤਾਂ ਦੇ ਜਥੇਦਾਰ ਵੀ ਇਸ ਸਮਾਗਮ ਵਿਚ ਪਹੁੰਚੇ ਅਤੇ ਇੰਜ ਇਹ ਦਿਹਾੜਾ ਇਸ ਗੁਰੂਘਰ ਦੇ ਇਤਿਹਾਸ ਵਿਚ ਮੀਲ ਪੱਥਰ ਬਣ ਗਿਆ। ਸਵੇਰ ਸਮੇਂ ਗੁਰੂ ਗ੍ਰੰਥ ਸਾਹਿਬ ਦੇ ਅਖੰਡ ਪਾਠ ਦਾ ਭੋਗ ਪਾਇਆ ਗਿਆ। ਉਪਰੰਤ ਰਾਗੀ ਢਾਡੀ ਸਿੰਘਾਂ ਨੇ ਸੰਗਤਾਂ ਨੂੰ ਸ਼ਬਦ ਕੀਰਤਨ ਰਾਹੀਂ ਨਿਹਾਲ ਕੀਤਾ।


*(ਬਾਕੀ ਸਫਾ 16 'ਤੇ)*



ਪੰਜਾਬੀ ਵੀਰਾਂ ਦੀ ਮਨਪਸੰਦ
ਸੱਤੇ ਦਿਨ 24 ਘੰਟੇ ਖੁੱਲਣ ਵਾਲੀ
ਗੁਜਰਾਤ ਡੈਲੀ
946 Columbus Ave., Manhatan, NY
Ph: 212-866-2937

ਪਤੀਲੇ ਦੀ ਤਾਜ਼ਾ ਚਾਹ ਅਤੇ ਤਾਜ਼ਾ ਰੋਟੀਆਂ ਹਰ ਵੇਲੇ ਤਿਆਰ। ਟੈਕਸੀ ਵਾਲੇ ਭਰਾਵਾਂ ਲਈ ਵੈਸ਼ਨੂੰ ਅਤੇ ਗੈਰ ਵੈਸ਼ਨੂੰ ਖਾਣੇ ਅਤੇ ਹਰ ਸਹੂਲਤ ਦਾ ਖਾਸ ਪ੍ਰਬੰਧ ਹੈ।

ਇੰਡੀਆ ਕਾਲ ਕਰੋ
$100 125 ਘੰਟੇ

ਬਿਨਾ ਪਿਨ ਤੋਂ ਗੱਲ ਕਰੋ। ਵਧੀਆ ਸਾਫ ਆਵਾਜ਼
Great Rates for :- UK, Canada & other Countries
ਰੇਟ ਲੋਕਲ ਨੰਬਰ 'ਤੇ ਆਧਾਰਤ ਹਨ
ਹੋਰ ਜਾਣਕਾਰੀ ਲਈ ਕਾਲ ਕਰੋ।
1-800-914-1013
WWW.1EZPIN.COM

Dhillon Truck Stop
Dhillon Road Service
Interstate 40, exit 356, San Jon, NM
Gill Manj Gurdaspur Wale
ਡੀਜ਼ਲ ਅਤੇ ਰੋਡ ਸਰਵਿਸ
ਪੰਜਾਬੀ ਢਾਬਾ

New & Used Tires Oil Change
ਨਿਊ ਮੈਕਸੀਕੋ ਦੀ ਸਕੇਲ ਉਤੇ ਵੀ ਸਰਵਿਸ ਦਿੰਦੇ ਹਾਂ
Ph:575-576-4111, 317-918-6776

# ਸਿੱਖ ਫਾਰ ਜਸਟਿਸ ਵੱਲੋਂ 'ਸਿੱਖ ਨਸਲਕੁਸ਼ੀ' ਬਾਰੇ ਇਤਿਹਾਸਕ ਕਾਨਫਰੰਸ

**ਨਿਊ ਯਾਰਕ:** ਮਨੁੱਖੀ ਅਧਿਕਾਰ ਜਥੇਬੰਦੀ ਸਿੱਖਸ ਫਾਰ ਜਸਟਿਸ ਵੱਲੋਂ 29 ਅਗਸਤ ਨੂੰ ਇਥੇ ਰਾਇਲ ਪੈਲੇਸ ਵਿਚ ਨਵੰਬਰ 1984 ਦੀ ਸਿੱਖ ਨਸਲਕੁਸ਼ੀ ਬਾਰੇ ਕਰਵਾਈ ਗਈ ਇਤਿਹਾਸਕ ਕਾਨਫਰੰਸ 'ਚ ਕਾਨੂੰਨ ਮਾਹਿਰਾਂ, ਸਿਆਸਤਦਾਨਾਂ ਅਤੇ ਮਨੁੱਖੀ ਅਧਿਕਾਰ ਸੰਗਠਨਾਂ ਨੂੰ ਅਪੀਲ ਕੀਤੀ ਗਈ ਹੈ ਕਿ ਸੰਨ 1984 ਵਿਚ ਭਾਰਤ ਅੰਦਰ ਸਿੱਖਾਂ ਦੇ ਹੋਏ ਯੋਜਨਾਬੱਧ ਕਤਲੇਆਮ ਨੂੰ 'ਨਸਲਕੁਸ਼ੀ' ਕਰਾਰ ਦਿੱਤਾ ਜਾਵੇ। ਇਸ ਤੋਂ ਪਹਿਲਾਂ ਜਥੇਬੰਦੀ ਵਲੋਂ ਕੈਨੇਡਾ ਦੀ ਪਾਰਲੀਮੈਂਟ 'ਚ 'ਸਿੱਖ ਨਸਲਕੁਸ਼ੀ' ਦੇ ਦੁਖਾਂਤ ਬਾਰੇ ਪਟੀਸ਼ਨ ਪੇਸ਼ ਹੋਣ 'ਤੇ 15 ਅਗਸਤ ਨੂੰ ਦੇਸ਼ ਪੱਧਰੀ ਕਾਨਫਰੰਸ ਕੀਤੀ ਗਈ ਸੀ।



ਇਸ ਇਕੱਠ 'ਚ ਸ੍ਰੀ ਅਕਾਲ ਤਖ਼ਤ ਤੋਂ 'ਸਿੱਖ ਨਸਲਕੁਸ਼ੀ' ਬਾਰੇ ਜਾਰੀ ਆਦੇਸ਼ ਮੌਜੂਦਾ ਜਥੇਦਾਰ ਗਿਆਨੀ ਗੁਰਬਚਨ ਸਿੰਘ ਵੱਲੋਂ ਪੜ੍ਹਿਆ ਗਿਆ ਤੇ ਨਿਊ ਯਾਰਕ ਸਟੇਟ ਦੇ ਕਾਨੂੰਨਦਾਨਾਂ ਨੂੰ ਇਸ ਦੀ ਪੁਰਜ਼ੋਰ ਹਮਾਇਤ ਲਈ ਆਵਾਜ਼ ਉਠਾਉਣ ਦੀ ਮੰਗ ਕੀਤੀ ਗਈ। ਇਸ ਮੌਕੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਤਰਲੋਚਨ ਸਿੰਘ ਤੇ ਤਖ਼ਤ ਸ੍ਰੀ ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਇਕਬਾਲ ਸਿੰਘ ਵੀ ਕਾਨਫਰੰਸ 'ਚ ਹਾਜ਼ਰ ਸਨ।

ਜਥੇਦਾਰ ਗੁਰਬਚਨ ਸਿੰਘ ਨੇ ਨਵੰਬਰ 1984 ਸਿੱਖ ਨਸਲਕੁਸ਼ੀ ਦੇ ਪੀੜਤਾਂ ਨੂੰ ਇਨਸਾਫ ਦਿਵਾਉਣ ਲਈ ਸਿੱਖਸ ਫਾਰ ਜਸਟਿਸ ਵੱਲੋਂ ਪਿਛਲੇ ਕਈ ਸਾਲਾਂ ਤੋਂ ਕੀਤੀ ਜਾ ਰਹੀ ਜਦੋਜਹਿਦ ਦੀ ਜ਼ੋਰਦਾਰ ਸ਼ਲਾਘਾ ਕਰਦਿਆਂ ਸਮੁੱਚੇ ਸਿੱਖ ਭਾਈਚਾਰੇ ਨੂੰ ਇਕ ਵਾਰ ਫਿਰ ਅਪੀਲ ਕੀਤੀ ਕਿ ਉਹ ਨਵੰਬਰ '84 ਦੇ ਪੀੜਤਾਂ ਨੂੰ ਇਨਸਾਫ ਦਿਵਾਉਣ ਲਈ ਇਸ ਜਥੇਬੰਦੀ ਦਾ ਸਾਥ ਦੇਣ।

ਇਸ ਦੌਰਾਨ ਜਥੇਦਾਰ ਇਕਬਾਲ ਸਿੰਘ ਤੇ ਜਥੇਦਾਰ ਤਰਲੋਚਨ ਸਿੰਘ ਨੇ ਵੀ ਸਿੱਖਸ ਫਾਰ ਜਸਟਿਸ ਦੀ ਭਰਪੂਰ ਸ਼ਲਾਘਾ ਕੀਤੀ।

ਮਨੁੱਖੀ ਹੱਕਾਂ ਦੀ ਚੈਂਪੀਅਨ ਮੰਨੀ ਜਾਂਦੀ ਨਿਊ ਯਾਰਕ ਕੌਂਸਲਰ ਜੁਲੀਸਾ ਫੁਰੇਰਾਸ ਨੇ 'ਸਿੱਖ ਨਸਲਕੁਸ਼ੀ' ਦੀ ਪ੍ਰਮਾਣਿਕਤਾ ਲਈ ਹਮਾਇਤ ਕਰਦਿਆਂ ਕਿਹਾ ਕਿ ਉਹ ਇਸ ਮੁੱਦੇ 'ਤੇ ਆਵਾਜ਼ ਉਠਾਏਗੀ। ਉਨ੍ਹਾਂ ਕਾਨਫਰੰਸ 'ਚ ਸਿੱਖਸ ਫਾਰ ਜਸਟਿਸ ਅਤੇ ਜਥੇਦਾਰ ਸਾਹਿਬਾਨ ਨੂੰ ਨਿਊ ਯਾਰਕ ਕੌਂਸਲ ਦਾ ਮਾਣ-ਪੱਤਰ ਵੀ ਦਿੱਤਾ।

ਨਿਊ ਯਾਰਕ ਸਟੇਟ ਦੇ ਅਸੈਂਬਲੀ ਮੈਂਬਰ ਸ੍ਰੀ ਡੇਵਿਡ ਨੇ ਕਿਹਾ ਕਿ ਅਮਰੀਕਾ ਮਨੁੱਖੀ ਹੱਕਾਂ ਦੇ ਮਾਮਲੇ 'ਚ ਸਿੱਖਾਂ ਦੇ ਨਾਲ ਹੈ। ਸਿੱਖਸ ਫਾਰ ਜਸਟਿਸ ਦੇ ਕਾਨੂੰਨੀ ਸਲਾਹਕਾਰ ਸ੍ਰੀ ਗੁਰਪਤਵੰਤ ਸਿੰਘ ਪੰਨੂੰ ਨੇ ਅਮਰੀਕਾ ਦੀ ਇਲੀਨਾਏ ਸਟੇਟ ਵੱਲੋਂ ਬਣਾਏ ਨਸਲਕੁਸ਼ੀ ਕਮਿਸ਼ਨ ਦੀ ਤਰਜ਼ 'ਤੇ ਨਿਊ ਯਾਰਕ ਵਿਚ ਵੀ ਅਜਿਹਾ ਕਮਿਸ਼ਨ ਬਣਾਉਣ ਦੀ ਮੰਗ ਕਰਦਿਆਂ ਉਸ ਵਿਚ 'ਸਿੱਖ ਨਸਲਕੁਸ਼ੀ' ਨੂੰ ਸ਼ਾਮਿਲ ਕਰਨ ਦੀ ਜ਼ੋਰਦਾਰ ਅਪੀਲ ਕੀਤੀ।

ਵੈਨਕੂਵਰ ਤੋਂ ਪੁੱਜੇ ਪ੍ਰੋ. ਗੁਰਵਿੰਦਰ ਸਿੰਘ ਧਾਲੀਵਾਲ ਨੇ ਕਾਨਫਰੰਸ ਦਾ ਸੰਚਾਲਨ ਕਰਦਿਆਂ ਕੌਮਾਂਤਰੀ ਪੱਧਰ 'ਤੇ ਸਿੱਖ ਨਸਲਕੁਸ਼ੀ ਦੇ ਦੁਖਾਂਤ ਦੀ ਮਾਨਤਾ, ਇਸ ਲਈ ਜ਼ਿੰਮੇਵਾਰ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਅਤੇ ਭਾਰਤੀ ਸੰਵਿਧਾਨ ਦੀ ਧਾਰਾ 25 'ਚ ਸੋਧ ਲਈ ਸਮੂਹ ਜਥੇਬੰਦੀਆਂ ਨੂੰ ਇਕਮੁੱਠਤਾ ਦੇ ਪ੍ਰਗਟਾਵੇ ਲਈ ਸੱਦਾ ਦਿੱਤਾ।

ਨਿਊ ਯਾਰਕ ਕਾਨਫਰੰਸ 'ਚ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ (ਪੀਰ ਮੁਹੰਮਦ) ਨੇ ਸਿੱਖ ਨਸਲਕੁਸ਼ੀ ਦੇ ਪੀੜਤਾਂ ਬਾਰੇ ਤੱਥਾਂ 'ਤੇ ਆਧਾਰਿਤ ਡਾਕੂਮੈਂਟਰੀ ਪੇਸ਼ ਕੀਤੀ ਜਿਸ ਵਿਚ ਯੋਜਨਾਬੱਧ ਢੰਗ ਨਾਲ ਗੁਰੂ ਗ੍ਰੰਥ ਸਾਹਿਬ ਦੇ ਸਰੂਪਾਂ ਨੂੰ ਅਗਨਭੇਟ ਕਰਨ, ਹਜ਼ਾਰਾਂ ਸਿੱਖਾਂ ਦੇ ਸਮੂਹਿਕ ਕਤਲੇਆਮ ਤੇ ਸਰਕਾਰੀ ਦਹਿਸ਼ਤਗਰਦੀ ਦੇ ਨੰਗੇ ਨਾਚ ਦੇ ਰੌਂਗਟੇ ਖੜ੍ਹੇ ਕਰਨ ਵਾਲੇ ਪ੍ਰਗਟਾਵੇ ਕੀਤੇ ਗਏ।

ਸਿੱਖ ਨਸਲਕੁਸ਼ੀ ਦਾ ਸੰਤਾਪ ਹੰਢਾਉਣ ਵਾਲੇ ਦਿੱਲੀ ਦੇ ਜਸਬੀਰ ਸਿੰਘ ਅਤੇ ਕਾਨਪੁਰ ਦੇ ਦਵਿੰਦਰ ਸਿੰਘ ਭਾਟੀਆ ਤੇ ਉਸ ਦੀ ਮਾਂ ਵੱਲੋਂ ਆਪਣੇ ਪੁੱਤਰ ਤੇ ਪਤੀ ਦੀ ਵਹਿਸ਼ੀਆਨਾ ਹੱਤਿਆ ਦੀ ਦਾਸਤਾਨ ਲੋਕਾਂ ਨਾਲ ਸਾਂਝੀ ਕੀਤੀ ਗਈ।

ਸਿੱਖਸ ਫਾਰ ਜਸਟਿਸ ਦੇ ਕੋਆਰਡੀਨੇਟਰ ਸ. ਅਵਤਾਰ ਸਿੰਘ ਪੰਨੂੰ ਨੇ ਬੋਲਦਿਆਂ ਕਿਹਾ ਕਿ ਸਿੱਖਸ ਫਾਰ ਜਸਟਿਸ ਨੂੰ ਸ੍ਰੀ ਅਕਾਲ ਤਖ਼ਤ ਵੱਲੋਂ ਮਿਲੀ ਮਾਨਤਾ ਤੋਂ ਬਾਅਦ ਇਹ ਸਿੱਖ ਨਸਲਕੁਸ਼ੀ ਕਾਨਫਰੰਸਾਂ ਕਰਵਾਈਆਂ ਜਾ ਰਹੀਆਂ ਹਨ ਤਾਂ ਜੋ ਨਵੰਬਰ 1984 ਦੀ ਸਿੱਖ ਨਸਲਕੁਸ਼ੀ ਬਾਰੇ ਕੌਮਾਂਤਰੀ ਪੱਧਰ 'ਤੇ ਜਾਗਰੂਕਤਾ ਫੈਲਾਈ ਜਾ ਸਕੇ ਤੇ ਵੱਧ ਤੋਂ ਵੱਧ ਲੋਕਾਂ ਨੂੰ ਅਸਲ ਤੱਥਾਂ ਤੋਂ ਜਾਣੂ ਕਰਵਾਇਆ ਜਾ ਸਕੇ।

ਇਸੇ ਦੌਰਾਨ ਬਰਜਿੰਦਰ ਸਿੰਘ ਬਰਾੜ ਤੇ ਮਾਸਟਰ ਮਹਿੰਦਰ ਸਿੰਘ ਨੇ ਸਿੱਖਸ ਫਾਰ ਜਸਟਿਸ ਵੱਲੋਂ ਇਸ ਤਰ੍ਹਾਂ ਦੀਆਂ ਹੋਰ ਕਾਨਫਰੰਸਾਂ ਕਰਵਾਉਣ ਦਾ ਪੁਰਜੋਰ ਸਮਰਥਨ ਕਰਦਿਆਂ ਸਮੁੱਚੇ ਸਿੱਖ ਭਾਈਚਾਰੇ ਨੂੰ ਇਨ੍ਹਾਂ ਕਾਨਫਰੰਸਾਂ ਵਿਚ ਵੱਧ ਚੜ੍ਹ ਕੇ ਸ਼ਾਮਿਲ ਹੋਣ ਦੀ ਅਪੀਲ ਕੀਤੀ।

ਕੈਨੇਡਾ ਤੋਂ ਯੂਥ ਕੋਆਰਡੀਨੇਟਰ ਜਤਿੰਦਰ ਸਿੰਘ ਗਰੇਵਾਲ ਟੋਰਾਂਟੋ, ਅਮਰੀਕਨ ਜੰਮਪਲ ਬੀਬੀ ਤੇਜੀ ਕੌਰ ਬੈਂਸ, ਡਾ. ਬਖਸ਼ੀਸ਼ ਸਿੰਘ ਸੰਧੂ ਨਿਊ ਜਰਸੀ, ਬੀਬੀ ਬਲਬੀਰ ਕੌਰ ਅਤੇ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਨਿਊ ਯਾਰਕ ਦੇ ਬੱਚਿਆਂ ਵੱਲੋਂ ਵੀ ਹਾਜ਼ਰੀ ਲਵਾਈ ਗਈ।






# ਸੁਪਰੀਮ ਕੋਰਟ ਵਲੋਂ ਸ਼ਰਦ ਪਵਾਰ ਦੀ ਖਿਚਾਈ

**ਨਵੀਂ ਦਿੱਲੀ:** ਦੇਸ਼ ਭਰ ਦੇ ਗੋਦਾਮਾਂ ਵਿਚ ਸੜ ਰਹੀ ਲੱਖਾਂ ਟਨ ਕਣਕ ਦੇ ਮਾਮਲੇ ਵਿਚ ਇਕ ਵਾਰ ਫ਼ਿਰ ਸੁਪਰੀਮ ਕੋਰਟ ਨੇ ਸਖ਼ਤ ਰੁਖ਼ ਅਖ਼ਤਿਆਰ ਕਰਦਿਆਂ ਕੇਂਦਰੀ ਖੇਤੀਬਾੜੀ ਮੰਤਰੀ ਸ਼ਰਦ ਪਵਾਰ ਦੀ ਜੰਮ ਕੇ ਖਿਚਾਈ ਕੀਤੀ ਹੈ। ਸੜ ਰਹੀ ਕਣਕ ਆਮ ਜਨਤਾ 'ਚ ਵੰਡਣ ਵਿਰੁਧ ਮੀਡੀਆ ਵਿਚ ਆਏ ਉਨ੍ਹਾਂ ਦੇ ਬਿਆਨਾਂ ਨੂੰ ਗੰਭੀਰਤਾ ਨਾਲ ਲੈਂਦਿਆਂ ਅਦਾਲਤ ਨੇ ਕਿਹਾ ਕਿ ਅਸੀਂ ਕਣਕ ਵੰਡਣ ਦੀ ਸਲਾਹ ਨਹੀਂ, ਹੁਕਮ ਦਿੱਤਾ ਸੀ ਤੇ ਸਰਕਾਰੀ ਵਕੀਲ ਸਾਡਾ ਇਹ ਸੰਦੇਸ਼ ਪਵਾਰ ਤੱਕ ਜਲਦ ਪਹੁੰਚਾ ਦੇਵੇ। ਅਦਾਲਤ ਦੇ ਇਸ ਹੁਕਮ ਤੋਂ ਬਾਅਦ ਸ੍ਰੀ ਪਵਾਰ ਦੀ ਆਕੜ ਢਿੱਲੀ ਪੈ ਗਈ ਤੇ ਉਨ੍ਹਾਂ ਕਿਹਾ ਕਿ ਉਹ ਅਦਾਲਤ ਦਾ ਹਰ ਹੁਕਮ ਮੰਨਣ ਲਈ ਤਿਆਰ ਹਨ।

ਜ਼ਿਕਰਯੋਗ ਹੈ ਕਿ ਸੁਪਰੀਮ ਕੋਰਟ ਨੇ ਬੀਤੀ 12 ਅਗਸਤ ਨੂੰ ਆਪਣੇ ਹੁਕਮ ਵਿਚ ਕਿਹਾ ਸੀ ਕਿ ਲੱਖਾਂ ਟਨ ਕਣਕ ਸੜਾਉਣ ਦੀ ਬਜਾਇ ਲੋੜਵੰਦ ਲੋਕਾਂ ਵਿਚ ਵੰਡ ਦੇਣੀ ਚਾਹੀਦੀ ਹੈ। ਇਸ ਅਦਾਲਤੀ ਹੁਕਮ ਮਗਰੋਂ ਜਦੋਂ ਪੱਤਰਕਾਰਾਂ ਨੇ ਸ੍ਰੀ ਪਵਾਰ ਨਾਲ ਰਾਬਤਾ ਕੀਤਾ ਤਾਂ ਉਨ੍ਹਾਂ ਕਿਹਾ ਕਿ ਅਦਾਲਤ ਨੇ ਸਾਨੂੰ ਸਲਾਹ ਦਿੱਤੀ ਹੈ, ਹੁਕਮ ਨਹੀਂ ਤੇ ਜ਼ਰੂਰੀ ਨਹੀਂ ਕਿ ਹਰ ਸਲਾਹ ਨੂੰ ਮੰਨਿਆ ਜਾਵੇ। ਸ੍ਰੀ ਪਵਾਰ ਦੀ ਇਸ ਟਿੱਪਣੀ ਮਗਰੋਂ ਸੁਪਰੀਮ ਕੋਰਟ ਦੇ ਜਸਟਿਸ ਦਲਬੀਰ ਭੰਡਾਰੀ ਤੇ ਦੀਪਕ ਵਰਮਾ ਨੇ ਇਸ ਮਾਮਲੇ ਦੀ ਸੁਣਵਾਈ ਦੌਰਾਨ ਉਨ੍ਹਾਂ ਨੂੰ ਆੜੇ ਹੱਥੀਂ ਲਿਆ। ਬੈਂਚ ਨੇ ਜਿੱਥੇ ਆਪਣੇ ਫੈਸਲੇ ਨੂੰ ਹੁਕਮ ਦੱਸਿਆ, ਉਥੇ ਨਾਲ ਹੀ ਕਿਹਾ ਕਿ ਖੇਤੀਬਾੜੀ ਮੰਤਰੀ ਸੁਪਰੀਮ ਕੋਰਟ ਬਾਰੇ ਗਲਤ ਬਿਆਨਬਾਜ਼ੀ ਨਾ ਕਰਨ।

## ਪੰਜਾਬ ਕਾਂਗਰਸ ਪ੍ਰਧਾਨਗੀ ਚੋਣ 17 ਸਤੰਬਰ ਨੂੰ

**ਚੰਡੀਗੜ੍ਹ:** ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਡੈਲੀਗੇਟਾਂ ਦੀ ਚੋਣ ਨੂੰ ਕੇਂਦਰੀ ਚੋਣ ਕਮੇਟੀ ਦੇ ਮੁਖੀ ਆਸਕਰ ਫਰਨਾਂਡੇਜ਼ ਵਲੋਂ ਪ੍ਰਵਾਨਗੀ ਦੇਣ ਤੋਂ ਬਾਅਦ ਵੀ ਇਸ ਦੇ ਜਾਰੀ ਹੋਣ ਬਾਰੇ ਅਨਿਸਚਿਤਤਾ ਬਰਕਰਾਰ ਹੈ। ਪਾਰਟੀ ਹਲਕਿਆਂ ਮੁਤਾਬਕ ਆਖਰੀ ਘੜੀ 'ਤੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵਲੋਂ ਕਾਂਗਰਸ ਪ੍ਰਧਾਨ ਸ੍ਰੀਮਤੀ ਸੋਨੀਆ ਗਾਂਧੀ ਨਾਲ ਕੀਤੀਆਂ ਮੀਟਿੰਗਾਂ ਤੋਂ ਬਾਅਦ ਪਾਰਟੀ ਦੇ ਸਾਰੇ ਧੜੇ ਇਕ ਵਾਰੀ ਫਿਰ ਮੈਦਾਨ ਵਿਚ ਆ ਗਏ ਹਨ।

ਅਮਰਿੰਦਰ ਸਿੰਘ ਸਮੇਤ ਕਈਆਂ ਨੇ ਨਵੀਂ ਦਿੱਲੀ ਵਿਚ ਡੇਰੇ ਲਾਏ ਹੋਏ ਹਨ। ਇਸ ਸੂਚੀ ਦੀ ਪ੍ਰਵਾਨਗੀ ਤੋਂ ਬਾਅਦ ਪੰਜਾਬ ਕਾਂਗਰਸ ਦੀਆਂ ਜਥੇਬੰਦਕ ਚੋਣਾਂ ਦਾ ਅਹਿਮ ਪੜਾਅ ਖ਼ਤਮ ਹੋ ਗਿਆ ਮੰਨਿਆ ਜਾ ਰਿਹਾ ਸੀ ਪਰ ਆਗੂਆਂ ਦੀ ਖਹਿਬਾਜ਼ੀ ਕਾਰਨ ਬੀਤੀ 27 ਅਗਸਤ ਨੂੰ ਕੇਂਦਰੀ ਚੋਣ ਕਮੇਟੀ ਇਹ ਸੂਚੀ ਜਾਰੀ ਨਹੀਂ ਕਰ ਸਕੀ। ਪਾਰਟੀ ਦੇ ਚੋਣ ਪ੍ਰੋਗਰਾਮ ਮੁਤਾਬਕ ਕੁੱਲ ਹਿੰਦ ਕਾਂਗਰਸ ਪ੍ਰਧਾਨ ਦੀ ਚੋਣ 17 ਸਤੰਬਰ ਨੂੰ ਹੋਣੀ ਤੈਅ ਹੋਈ ਹੈ।




# ਭਾਰਤ-ਚੀਨ ਸਬੰਧ ਮੁੜ ਖਰਾਬ

*(ਸਫਾ ਇਕ ਦੀ ਬਾਕੀ)*

ਨਾਲ ਲੈਂਦਿਆਂ ਬੀਜਿੰਗ ਲਈ ਇਕ ਰੋਸ ਪੱਤਰ ਜਾਰੀ ਕਰ ਦਿੱਤਾ ਹੈ ਤੇ ਚੀਨ ਦੇ ਫ਼ੌਜੀ ਵਫ਼ਦ ਦੀ ਆਉਂਦੇ ਕੁਝ ਦਿਨਾਂ ਵਿਚ ਭਾਰਤ ਦੇ ਨੈਸ਼ਨਲ ਡੀਫੈਂਸ ਕਾਲਜ ਵਿਚ ਫੇਰੀ ਨੂੰ ਰੱਦ ਕਰ ਦਿੱਤਾ ਹੈ। ਇਥੇ ਇਹ ਜ਼ਿਕਰਯੋਗ ਹੈ ਕਿ ਚੀਨ ਨੇ ਪਹਿਲਾਂ ਹੀ ਭਾਰਤ ਨੂੰ ਆਖਿਆ ਸੀ ਕਿ ਜਨਰਲ ਜਸਵਾਲ ਨੂੰ ਚੀਨ ਆ ਰਹੇ ਵਫ਼ਦ ਵਿਚੋਂ ਕੱਢ ਦਿੱਤਾ ਜਾਵੇ ਪਰ ਭਾਰਤ ਨੇ ਇਸ ਨੂੰ ਅਸਵੀਕਾਰ ਕਰ ਦਿੱਤਾ ਸੀ। ਜਨਰਲ ਜਸਵਾਲ ਉਸ ਉਚ ਪੱਧਰੇ ਭਾਰਤੀ ਫ਼ੌਜੀ ਅਧਿਕਾਰੀਆਂ ਦੇ ਵਫ਼ਦ ਦਾ ਮੈਂਬਰ ਸੀ ਜਿਸ ਨੇ ਦੋਵਾਂ ਮੁਲਕਾਂ ਦੇ ਆਪਸੀ ਫ਼ੌਜੀ ਤਬਾਦਲੇ ਦੇ ਸਮਝੌਤੇ ਤਹਿਤ ਅਗਸਤ ਵਿਚ ਚੀਨ ਜਾਣਾ ਸੀ।

ਤਾਜ਼ਾ ਸਥਿਤੀ ਤੋਂ ਬਾਅਦ ਭਾਰਤੀ ਫ਼ੌਜ ਦੇ ਅਫ਼ਸਰਾਂ ਦੀ ਪ੍ਰਸਤਾਵਿਤ ਚੀਨ ਫੇਰੀ ਵੀ ਰੱਦ ਕਰ ਦਿੱਤੀ ਗਈ ਹੈ। ਭਾਰਤੀ ਵਿਦੇਸ਼ ਮੰਤਰਾਲੇ ਦੇ ਬੁਲਾਰੇ ਵਿਸ਼ਨੂੰ ਪ੍ਰਕਾਸ਼ ਨੇ ਕਿਹਾ ਹੈ ਕਿ ਭਾਰਤ ਗੁਆਂਢੀ ਮੁਲਕ ਨਾਲ ਫ਼ੌਜੀ ਅਫ਼ਸਰਾਂ ਦੇ ਆਪਸੀ ਤਬਾਦਲਿਆਂ ਨੂੰ ਬਹੁਤ ਮਹੱਤਵ ਦਿੰਦਾ ਹੈ ਪਰ ਚੀਨ ਨੂੰ ਸੰਵੇਦਨਸ਼ੀਲ ਪੱਖਾਂ ਨੂੰ ਵੀ ਧਿਆਨ ਵਿਚ ਰੱਖਣਾ ਚਾਹੀਦਾ ਹੈ। ਉਧਰ ਰੱਖਿਆ ਮੰਤਰੀ ਏ. ਕੇ. ਐਂਟਨੀ ਨੇ ਕਿਹਾ ਕਿ ਇਸ ਘਟਨਾ ਨਾਲ ਦੋਵਾਂ ਦੇਸ਼ਾਂ ਦੇ ਸੰਬੰਧ 'ਤੇ ਕੋਈ ਅਸਰ ਨਹੀਂ ਪਵੇਗਾ। ਚੀਨ ਨਾਲ ਰੱਖਿਆ ਸਬੰਧ ਤੋੜਨ ਤੋਂ ਇਨਕਾਰ ਕਰਦਿਆਂ ਰੱਖਿਆ ਮੰਤਰੀ ਏ.ਕੇ. ਐਂਟਨੀ ਨੇ ਕਿਹਾ ਕਿ ਸਾਡੇ ਚੀਨ ਨਾਲ ਨੇੜਲੇ ਸਬੰਧ ਹਨ ਭਾਵੇਂ ਕਦੇ-ਕਦੇ ਸਮੱਸਿਆ ਪੈਦਾ ਹੋ ਜਾਂਦੀ ਹੈ। ਉਨ੍ਹਾਂ ਕਿਹਾ ਕਿ ਥੋੜੇ ਸਮੇਂ ਦੀਆਂ ਸਮੱਸਿਆਵਾਂ ਦਾ ਭਾਰਤ ਦੀ ਚੀਨ ਪ੍ਰਤੀ ਸਮੁੱਚੀ ਪਹੁੰਚ 'ਤੇ ਅਸਰ ਨਹੀਂ ਪਵੇਗਾ। ਭਾਰਤ ਨੇ ਇਸ ਮਾਮਲੇ ਵਿਰੁੱਧ ਰੋਸ ਜ਼ਾਹਰ ਕਰਨ ਲਈ ਨਵੀਂ ਦਿੱਲੀ 'ਚ ਚੀਨ ਦੇ ਰਾਜਦੂਤ ਜ਼ਹਾਂਗ ਜ਼ਾਂਗ ਨੂੰ ਤਲਬ ਕੀਤਾ। ਜਾਇੰਟ ਸਕੱਤਰ ਗੌਤਮ ਭਾਂਬਾਵਲੇ ਨੇ ਮੀਟਿੰਗ ਦੌਰਾਨ ਇਹ ਮਾਮਲਾ ਉਠਾਇਆ ਹੈ।

ਉਧਰ ਸਿਆਸੀ ਪਾਰਟੀਆਂ ਨੇ ਇਸ ਨੂੰ ਗ਼ੈਰ ਦੋਸਤਾਨਾ ਕਾਰਵਾਈ ਤੇ ਭਾਰਤੀ ਦੀ ਬੇਇਜ਼ਤੀ ਕਰਾਰ ਦਿੱਤਾ ਹੈ। ਭਾਜਪਾ ਨੇਤਾਵਾਂ ਰਾਜਨਾਥ ਸਿੰਘ ਤੇ ਪ੍ਰਕਾਸ਼ ਜਾਵੇਦਕਰ ਨੇ ਕਿਹਾ ਕਿ ਚੀਨ ਦੀ ਕਾਰਵਾਈ ਨੂੰ ਢਿੱਲਾ ਨਹੀਂ ਪੈਣ ਦੇਣਾ ਚਾਹੀਦਾ ਤੇ ਭਾਰਤ ਨੂੰ ਜਵਾਬੀ ਕਾਰਵਾਈ ਕਰਨੀ ਚਾਹੀਦੀ ਹੈ। ਇਸ ਦੇ ਨਾਲ ਵਿਦੇਸ਼ ਰਾਜ ਮੰਤਰੀ ਸ੍ਰੀਮਤੀ ਪ੍ਰਨੀਤ ਕੌਰ ਨੇ ਕਿਹਾ ਹੈ ਕਿ ਚੀਨ ਤੇ ਭਾਰਤ ਦੇ ਬਹੁਪੱਖੀ ਤੇ ਗੁੰਝਲਦਾਰ ਸਬੰਧ ਹਨ।

ਇਸ ਮਾਮਲੇ 'ਤੇ ਚੀਨ ਦਾ ਰਵੱਈਆ ਕਈ ਸ਼ੰਕੇ ਖੜ੍ਹੇ ਕਰਦਾ ਹੈ ਕਿਉਂਕਿ ਅਗਸਤ 2009 ਵਿਚ ਲੈਫਟੀਨੈਂਟ ਜਨਰਲ ਵੀ.ਕੇ. ਸਿੰਘ ਜੋ ਹੁਣ ਭਾਰਤੀ ਸੈਨਾ ਦੇ ਮੁਖੀ ਹਨ, ਵੀ ਅਜਿਹੇ ਹੀ ਭਾਰਤੀ ਫ਼ੌਜੀ ਵਫ਼ਦ ਵਿਚ ਚੀਨ ਗਏ ਸਨ ਪਰ ਚੀਨ ਨੇ ਜਨਰਲ ਸਿੰਘ ਨੂੰ ਨਹੀਂ ਸੀ ਰੋਕਿਆ ਜਦੋਂਕਿ ਉਹ ਭਾਰਤੀ ਪੂਰਬੀ ਕਮਾਨ ਦੇ ਇੰਚਾਰਜ ਸਨ ਤੇ ਉਨ੍ਹਾਂ ਦੀ ਕਮਾਨ ਹੇਠ ਅਰੁਨਾਚਲ ਪ੍ਰਦੇਸ਼ ਦਾ ਖੇਤਰ ਵੀ ਆਉਂਦਾ ਹੈ ਜਿਸ ਉਤੇ ਚੀਨ ਆਪਣੇ ਹੱਕ ਦਾ ਦਾਅਵਾ ਕਰਦੇ ਹੈ। ਇਥੇ ਇਹ ਵੀ ਜ਼ਿਕਰਯੋਗ ਹੈ ਕਿ ਕੁਝ ਮਹੀਨੇ ਪਹਿਲਾਂ ਕੈਨੇਡਾ ਨੇ ਵੀ ਉਨ੍ਹਾਂ ਭਾਰਤੀ ਅਫ਼ਸਰਾਂ ਨੂੰ ਵੀਜ਼ਾ ਦੇਣ ਤੋਂ ਇਨਕਾਰ ਕਰ ਦਿੱਤਾ ਸੀ ਜਿਨ੍ਹਾਂ ਨੇ ਜੰਮੂ-ਕਸ਼ਮੀਰ ਵਿਚ ਨੌਕਰੀ ਕੀਤੀ ਜਾਂ ਕਰਦੇ ਸਨ। ਕੈਨੇਡਾ ਵੀ ਸਮਝਦਾ ਹੈ ਜੰਮੂ-ਕਸ਼ਮੀਰ ਵਿਚ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਹੋ ਰਹੀ ਹੈ।

### ਭਾਰਤ ਨਾਲ ਸਬੰਧ ਬਣੇ ਰਹਿਣਗੇ-ਚੀਨ

ਚੀਨ ਨੇ ਕਿਹਾ ਹੈ ਕਿ ਵੀਜ਼ਾ ਮੁੱਦੇ 'ਤੇ ਹੋਈ ਤਲਖੀ ਦੇ ਬਾਵਜੂਦ ਭਾਰਤ ਨਾਲ ਸੈਨਿਕ ਸਬੰਧ ਬਣੇ ਰਹਿਣਗੇ। ਚੀਨ ਦੇ ਰੱਖਿਆ ਮੰਤਰਾਲੇ ਦੇ ਬੁਲਾਰੇ ਨੇ ਕਿਹਾ ਹੈ ਕਿ ਚੀਨ ਨੇ ਭਾਰਤ ਨਾਲ ਫ਼ੌਜੀ ਵਟਾਂਦਰਾ ਮੁਅੱਤਲ ਨਹੀਂ ਕੀਤਾ ਤੇ ਨਾ ਹੀ ਉਸ ਨੂੰ ਭਾਰਤ ਵੱਲੋਂ ਇਸ ਤਰ੍ਹਾਂ ਦੀ ਮੁਅੱਤਲੀ ਬਾਰੇ ਕੋਈ ਨੋਟੀਫਿਕੇਸ਼ਨ ਮਿਲਿਆ ਹੈ। ਚੀਨ ਹੁਣ ਭਾਰਤ ਦਾ ਸਭ ਤੋਂ ਵੱਡਾ ਵਪਾਰਕ ਭਾਈਵਾਲ ਹੈ ਤੇ ਪਿਛਲੇ ਕੁਝ ਸਾਲਾਂ ਵਿਚ ਵਾਪਰੀਆਂ ਕਈ ਘਟਨਾਵਾਂ ਵਿਚੋਂ ਇਸ ਇਕ ਘਟਨਾ ਦਾ ਸਬੰਧਾਂ 'ਤੇ ਅਸਰ ਪੈਣ ਦੀ ਸੰਭਾਵਨਾ ਨਹੀਂ।

# ਬਾਬਾ ਬਲਜੀਤ ਸਿੰਘ ਦਾਦੂਵਾਲ ਵਿਰੁਧ ਕੇਸ ਦੀ ਨਿਖੇਧੀ

**ਨਿਊ ਯਾਰਕ:** ਅਮੈਰਿਕਨ ਸਿੱਖ ਆਰਗੇਨਾਈਜੇਸ਼ਨ (ਏ. ਐਸ. ਓ.) ਦੇ ਆਗੂਆਂ ਭਾਈ ਦਵਿੰਦਰ ਸਿੰਘ, ਭਾਈ ਸੁਰਿੰਦਰ ਸਿੰਘ ਸਰਪੰਚ, ਭਾਈ ਜਸਦੇਵ ਸਿੰਘ, ਭਾਈ ਦੀਦਾਰ ਸਿੰਘ, ਭਾਈ ਸੁਖਦੇਵ ਸਿੰਘ, ਭਾਈ ਤਰਜਿੰਦਰ ਸਿੰਘ, ਭਾਈ ਕੁਲਦੀਪ ਸਿੰਘ, ਭਾਈ ਲਾਲ ਸਿੰਘ, ਭਾਈ ਕਰਨੈਲ ਸਿੰਘ ਸਲੇਮਪੁਰ, ਸੁਖਵੀਰ ਸਿੰਘ ਅਤੇ ਚਰਨਜੀਤ ਸਿੰਘ ਸਮਰਾ ਨੇ ਬਾਦਲ ਸਰਕਾਰ ਵਲੋਂ ਬਾਬਾ ਬਲਜੀਤ ਸਿੰਘ ਦਾਦੂਵਾਲ ਵਿਰੁਧ ਧਾਰਾ 295-ਏ ਤਹਿਤ ਕੇਸ ਦਰਜ ਕਰਨ ਦੀ ਨਿਖੇਧੀ ਕਰਦਿਆਂ ਕਿਹਾ ਹੈ ਕਿ ਕੁਰਸੀ ਮੋਹ ਨੇ ਬਾਦਲ ਪਰਿਵਾਰ ਨੂੰ ਇਨਾ ਗਾਫਲ ਕਰ ਦਿਤਾ ਹੈ ਕਿ ਉਸਨੂੰ ਗੁਰੂ-ਸਿਧਾਂਤਾਂ 'ਤੇ ਪਹਿਰਾ ਦੇਣ ਵਾਲਾ ਜਾਂ ਸਮੇਂ ਦੇ ਸੱਚ ਨੂੰ ਜਨਤਕ ਕਰਨ ਵਾਲਾ ਹਰ ਸਿੱਖ ਦੁਸ਼ਮਣ ਲੱਗਦਾ ਹੈ।

ਜਾਰੀ ਕੀਤੇ ਇਕ ਸਾਂਝੇ ਬਿਆਨ ਵਿਚ ਇਨ੍ਹਾਂ ਸਿੱਖ ਆਗੂਆਂ ਨੇ ਕਿਹਾ ਹੈ ਕਿ ਜਦੋਂ ਦੀ ਬਾਦਲ ਸਰਕਾਰ ਆਈ ਹੈ ਇਸ ਨੇ ਸਭ ਪੰਥ ਵਿਰੋਧੀ ਕੰਮ ਹੀ ਕੀਤੇ ਹਨ ਅਤੇ ਸਿੱਖੀ ਦਾ ਭਗਵਾਂਕਰਨ ਕਰਨ ਵਾਲਿਆਂ ਦੀ ਹਮੇਸ਼ਾਂ ਹਮਾਇਤ ਕੀਤੀ ਹੈ। ਜਦੋਂ ਵੀ ਕੋਈ ਸਿੱਖ ਗੁਰੂ-ਡੰਮ ਦੇ ਖਿਲਾਫ ਬੋਲਦਾ ਹੈ ਤਾਂ ਉਸਨੂੰ ਬਾਦਲ ਸਰਕਾਰ ਦੀ ਕਰੋਪੀ ਦਾ ਸ਼ਿਕਾਰ ਹੋਣਾ ਪੈਂਦਾ ਹੈ।

ਜਦੋਂ ਪਿਛਲੇ ਸਾਲ 4-5 ਦਸੰਬਰ ਨੂੰ ਸਿੱਖ ਜਥੇਬੰਦੀਆਂ ਨੇ ਲੁਧਿਆਣਾ ਵਿਖੇ ਆਸ਼ੂਤੋਸ਼ ਨੂੰ ਵੰਗਾਰਿਆ ਤਾਂ ਇਸ ਨੇ ਪੰਥਕ ਗੁਰਸਿੱਖਾਂ ਨੂੰ ਗੋਲੀਆਂ ਮਾਰੀਆਂ ਅਤੇ ਆਸ਼ੂਤੋਸ਼ ਦੀ ਮਹਿਮਾਨਾਂ ਵਾਂਗ ਹਿਫਾਜ਼ਤ ਕੀਤੀ। ਇਥੋਂ ਤੱਕ ਕਿ 17 ਜੁਲਾਈ ਨੂੰ ਲੁਧਿਆਣਾ-ਕਾਂਡ ਵਿਚ ਗੋਲੀਆਂ ਦੇ ਸ਼ਿਕਾਰ ਹੋਏ ਸ਼੍ਰੋਮਣੀ ਤੱਤ ਖਾਲਸਾ ਦੇ 3 ਸਿੰਘਾਂ-ਭਾਈ ਜਸਵਿੰਦਰ ਸਿੰਘ, ਭਾਈ ਗੁਰਜੰਟ ਸਿੰਘ, ਭਾਈ ਮਨਜਿੰਦਰ ਸਿੰਘ ਉਤੇ ਬੰਬ ਕਾਂਡ ਦੇ ਝੂਠੇ ਕੇਸ ਪਾ ਕੇ ਜੇਲਾਂ ਵਿਚ ਡੱਕ ਦਿੱਤੇ। ਉਸ ਤੋਂ ਬਾਅਦ ਇਸ ਨੇ ਫਰਾਂਸੀਸੀ ਨਾਗਰਿਕ ਭਾਈ ਪਾਲ ਸਿੰਘ, ਜੋ ਫਰਾਂਸ ਤੋਂ ਗੁਰਮਤਿ ਪ੍ਰਚਾਰ ਕਰਨ ਆਇਆ ਸੀ, ਨੂੰ ਅਤੇ ਉਸਦੇ 4 ਸਾਥੀਆਂ ਤੇ ਅਨੇਂਵਾਰ ਤਸ਼ੱਦਦ ਕਰਕੇ ਜੇਲ ਵਿਚ ਡੱਕ ਦਿਤਾ। ਭਾਈ ਦਲਜੀਤ ਸਿੰਘ ਬਿੱਟੂ ਅਤੇ ਹੋਰ ਅਨੇਕਾਂ ਸਿੰਘ ਪਿਛਲੇ ਡੇਢ ਸਾਲ ਤੋਂ ਝੂਠੇ ਕੇਸ ਪਾ ਕੇ ਜੇਲ੍ਹੀਂ ਡੱਕ ਰੱਖੇ ਨੇ ਅਤੇ ਕਿਸੇ ਦੀ ਜ਼ਮਾਨਤ ਵੀ ਨਹੀਂ ਹੋਣ ਦਿੱਤੀ। ਹੁਣ ਇਸ ਸਰਕਾਰ ਨੇ ਬਾਬਾ ਬਲਜੀਤ ਸਿੰਘ ਦਾਦੂਵਾਲ ਵਿਰੁਧ ਵੀ ਕੇਸ ਬਣਾ ਦਿੱਤਾ ਹੈ ਜਿਸਨੇ ਅਕਾਲ ਤਖਤ ਸਾਹਿਬ ਤੋਂ ਜਾਰੀ ਕੀਤੇ ਹੁਕਮਨਾਮੇ ਦੀ ਪਾਲਣਾ ਕਰਦਿਆਂ ਸਿਰਸੇ ਵਾਲੇ ਕਥਿਤ ਪਾਖੰਡੀ ਵਿਰੁਧ ਇਕ ਲਹਿਰ ਖੜੀ ਕੀਤੀ ਹੈ। ਸਿੱਖ ਆਗੂਆਂ ਨੇ ਕਿਹਾ ਕਿ ਸਿੱਖ ਧਰਮ ਅੰਦਰ ਪਾਖੰਡੀ ਗੁਰੂ ਲਈ ਕੋਈ ਥਾਂ ਨਹੀਂ ਅਤੇ ਜੇਕਰ ਬਾਬਾ ਦਾਦੂਵਾਲ ਨੇ "ਪਾਖੰਡੀ ਗੁਰੂ" ਫਿਲਮ ਰਾਹੀਂ ਲੋਕਾਂ ਅੰਦਰ ਜਾਗਰੂਕਤਾ ਲਿਆਉਣ ਲਈ ਬਲਾਤਕਾਰੀ ਪਾਖੰਡੀਆਂ ਦਾ ਚਿਹਰਾ ਨੰਗਾ ਕੀਤਾ ਹੈ ਤਾਂ ਉਸ ਵਿਚ ਕੀ ਮਾੜਾ ਹੈ?

ਸਿੱਖ ਆਗੂਆਂ ਨੇ ਕਿਹਾ ਜਿਥੇ ਬਾਦਲ ਕੈਂਪ ਆ ਰਹੀਆਂ ਸ਼੍ਰੋਮਣੀ ਕਮੇਟੀ ਚੋਣਾਂ ਜਿੱਤਣ ਲਈ ਅਜਿਹੇ ਹੱਥਕੰਡੇ ਵਰਤ ਰਿਹਾ ਹੈ ਉਥੇ ਆਰ.ਐਸ.ਐਸ. ਨਾਲ ਹੋਏ ਸਮਝੌਤੇ ਅਨੁਸਾਰ ਸਿੱਖੀ ਦਾ ਬ੍ਰਹਮਣੀਕਰਨ ਕਰਨ ਲਈ ਪੰਥਕ ਗੁਰਸਿੱਖਾਂ ਵਿਰੁਧ ਝੂਠੇ ਕੇਸ ਪਾ ਕੇ ਹਿੰਦੂਤਵੀ ਏਜੰਡਾ ਲਾਗੂ ਕੀਤਾ ਜਾ ਰਿਹਾ ਹੈ।


**ਕੁੱਕ ਅਤੇ ਵੇਟਰ ਦੀ ਤੁਰੰਤ ਲੋੜ ਹੈ**

ਇਕ ਤਜ਼ਰਬੇਕਾਰ ਇੰਡੀਅਨ ਕੁੱਕ ਜੋ ਕਿ ਤੰਦੂਰ ਅਤੇ ਕਰੀਆਂ ਦਾ ਕੰਮ ਜਾਣਦਾ ਹੋਵੇ ਦੀ ਲੋੜ ਹੈ ।

ਸੰਪਰਕ ਕਰੋ

661-330-8643 / 661-364-0341

**ਢਿਲੋਂ ਟਰੱਕ ਸਟਾਪ** Interstate 40, exit 356, San Jon, NM

**ਡੀਜ਼ਲ ਮਕੈਨਿਕ ਦੀ ਲੋੜ ਹੈ**

ਵਧੀਆ ਤਨਖਾਹ (ਖਾਣੇ ਅਤੇ ਰਿਹਾਇਸ਼ ਸਮੇਤ)
ਮਕੈਨਿਕ ਜੇ ਕਮੀਸ਼ਨ ਉਤੇ ਕੰਮ ਕਰਨਾ ਚਾਹੇ ਤਾਂ ਉਸ ਉਤੇ ਵੀ ਵਿਚਾਰ ਹੋ ਸਕਦੀ ਹੈ

ਸੰਪਰਕ ਕਰੋ: ਕੁਲਵਿੰਦਰ ਸਿੰਘ ਢਿਲੋਂ
ਫੋਨ: 317-918-6776 ਜਾਂ 575-976-2444

**ਲੋੜ ਹੈ**

**ਰੈਸਟੋਰੈਂਟ ਸਟਾਫ ਅਤੇ ਕੈਸ਼ੀਅਰਾਂ ਦੀ**

ਇੰਡੀਆਨਾ ਵਿਚ ਹਾਈਵੇ 'ਤੇ ਇਕ ਵੱਡੇ ਟਰੱਕ ਸਟਾਪ ਵਿਚ ਚਲਦੇ ਰੈਸਟੋਰੈਂਟ ਲਈ ਕੁੱਕ, ਤੰਦੂਰੀਏ, ਹੈਲਪਰ ਸਟਾਫ ਅਤੇ ਵੇਟਰਾਂ ਦੀ ਲੋੜ ਹੈ।
ਟਰੱਕ ਸਟਾਪ 'ਤੇ ਕੰਮ ਕਰਨ ਲਈ ਕੈਸ਼ੀਅਰ ਵੀ ਚਾਹੀਦੇ ਹਨ

*ਸੰਪਰਕ ਕਰੋ- ਫੋਨ:317-750-1900*

**ਖੁਸ਼ਖਬਰੀ! ਖੁਸ਼ਖਬਰੀ!! ਖੁਸ਼ਖਬਰੀ!!!**

**ਕੀ ਪੰਜਾਬ 'ਚ ਤੁਹਾਡੀ ਕੋਈ ਜ਼ਮੀਨ ਜਾਇਦਾਦ ਹੈ? ਤੁਹਾਨੂੰ ਇਸ ਦੀ ਚਿੰਤਾ ਸਤਾਉਂਦੀ ਹੈ?**

ਮੇਰੇ ਪਿਆਰੇ ਵੀਰੋ ਤੇ ਭੈਣੋ,

ਜੋ ਮੇਰੇ ਵੀਰ, ਭੈਣ-ਭਰਾ ਅਤੇ ਬਜ਼ੁਰਗ ਲੰਮੇ ਸਮੇਂ ਤੋਂ ਵਿਦੇਸ਼ ਰਹਿੰਦੇ ਹਨ ਅਤੇ ਉਨ੍ਹਾਂ ਨੂੰ ਪਿਛੇ ਪੰਜਾਬ ਜਾਂ ਭਾਰਤ ਦੇ ਹੋਰਨਾਂ ਹਿੱਸਿਆਂ ਵਿਚ ਆਪਣੀ ਜ਼ਮੀਨ-ਜਾਇਦਾਦ ਦਾ ਫਿਕਰ ਹੈ। ਉਸ ਦੀ ਦੇਖ-ਭਾਲ ਨਹੀਂ ਕਰ ਸਕਦੇ, ਵੇਚ ਨਹੀਂ ਸਕਦੇ ਜਾਂ ਆਪਣੇ ਨਾਂ ਤਬਦੀਲ ਨਹੀਂ ਕਰਵਾ ਸਕਦੇ ਅਸੀਂ ਉਨ੍ਹਾਂ ਨੂੰ ਪਰਦੇਸ ਵਿਚ ਬੈਠਿਆਂ ਹੀ ਜ਼ਮੀਨ ਜਾਇਦਾਦ ਸਬੰਧੀ ਹਰ ਤਰ੍ਹਾਂ ਦੇ ਕਾਗਜ਼ਾਤ ਜਿਵੇਂ ਫਰਦਾਂ ਅਤੇ ਗਵਾਚੀਆਂ ਹੋਈਆਂ ਰਜਿਸਟਰੀਆਂ ਦੀਆਂ ਨਕਲਾਂ, ਇੰਤਕਾਲਾਂ ਆਦਿ ਦਾ ਪ੍ਰਬੰਧ ਕਰਕੇ ਪਹੁੰਚਾ ਸਕਦੇ ਹਾਂ। ਅਸੀਂ ਉਨ੍ਹਾਂ ਦੀ ਜ਼ਮੀਨ-ਜਾਇਦਾਦ ਅੱਗੋਂ ਵੇਚਣ ਵਿਚ ਵੀ ਮਦਦ ਕਰ ਸਕਦੇ ਹਾਂ।

ਪੰਜਾਬ, ਚੰਡੀਗੜ੍ਹ ਜਾਂ ਹਰਿਆਣਾ ਵਿਚ ਕਿਸੇ ਵੀ ਤਰ੍ਹਾਂ ਦੀ ਜ਼ਮੀਨ ਜਾਇਦਾਦ ਜਿਵੇਂ ਮਕਾਨ, ਦੁਕਾਨ, ਕੋਠੀ, ਪਲਾਟ, ਫਲੈਟ ਜਾਂ ਵਾਹੀਯੋਗ ਜ਼ਮੀਨ ਖਰੀਦਣੀ ਹੋਵੇ ਜਾਂ ਵੇਚਣੀ, ਸਾਨੂੰ ਸੇਵਾ ਦਾ ਮੌਕਾ ਦਿਓ। ਅਸੀਂ ਪੂਰੀ ਇਮਾਨਦਾਰੀ ਨਾਲ ਕਾਨੂੰਨੀ ਤੌਰ 'ਤੇ ਕਾਗਜ਼ਾਤ ਤਿਆਰ ਕਰਕੇ ਸੌਦੇ ਕਰਵਾਉਂਦੇ ਹਾਂ। ਕਿਸੇ ਵੀ ਦਲਾਲ ਨੂੰ ਵਿਚ ਨਹੀਂ ਪਾਉਂਦੇ ਅਤੇ ਪਾਰਟੀ ਨਾਲ ਸਿੱਧੀ ਗੱਲ ਕਰਾਉਂਦੇ ਹਾਂ। ਸਾਡਾ ਦਫਤਰ ਪੰਜਾਬ ਵਿਚ ਅਤੇ ਇੰਗਲੈਂਡ ਵਿਚ ਦੋਹੀਂ ਥਾਂਈਂ ਹੈ। ਤੁਸੀਂ ਸਾਡੇ ਨਾਲ ਫੋਨ 'ਤੇ ਸੰਪਰਕ ਕਰ ਸਕਦੇ ਹੋ ਜਾਂ ਸਾਡੇ ਫੋਨ 'ਤੇ ਆਪਣਾ ਨਾਂ, ਪਤਾ, ਫੋਨ ਅਤੇ ਸੁਨੇਹਾ ਛੱਡ ਸਕਦੇ ਹੋ। ਅਸੀਂ ਖੁਦ ਤੁਹਾਡੇ ਨਾਲ ਸੰਪਰਕ ਕਰਾਂਗੇ। ਅਸੀਂ ਹਰ ਕੰਮ ਪੂਰੀ ਇਮਾਨਦਾਰੀ ਨਾਲ ਕਰਦੇ ਹਾਂ। ਇਕ ਵਾਰ ਜ਼ਰੂਰ ਸੇਵਾ ਦਾ ਮੌਕਾ ਦਿਓ।

**ਇਮਾਨਦਾਰੀ ਪ੍ਰਾਪਰਟੀ ਐਡਵਾਈਜ਼ਰ**

Address: Imandari, P.O.Box 695, Hayes, Middlesex UB3 9PD, UK
Tel/Fax:0044-2087970259, Mobile:0044-7403071308
Tarsem: 91-94643-31245, Fax:91-182-4220156
*e-mail: imandari@hotmail.co.uk*

**PANNUN** THE LAW FIRM
ATTORNEYS & COUNSELLORS
**ਗੁਰਪਤਵੰਤ ਸਿੰਘ ਪੰਨੂੰ**
ਅਟਾਰਨੀ ਐਟ ਲਾਅ

ਤੁਹਾਡਾ ਇੰਮੀਗ੍ਰੇਸ਼ਨ ਕੇਸ ਬੰਦ ਹੈ ਜਾਂ ਤੁਸੀ ਡੀਪੋਰਟ ਹੋ ਰਹੇ ਹੋ?
ਤੁਹਾਡੀ ਸੇਵਾ ਵਿੱਚ ਹਾਜ਼ਰ



**ਇੰਮੀਗ੍ਰੇਸ਼ਨ ਲਾਅ**
- ਸਿਟੀਜ਼ਨਸ਼ਿਪ ਅਪੀਲਜ਼
- ਰੀਲੀਜਿਅਸ ਵਰਕਰਜ਼
- ਬੋਨਾਫਾਇਡ ਅਸਾਇਲਮ ਪਟੀਸ਼ਨਜ਼

**ਡੀਪੋਰਟੇਸ਼ਨ ਕੇਸਿਜ਼**
- ਬੋਰਡ ਆਫ ਇੰਮੀਗ੍ਰੇਸ਼ਨ ਅਪੀਲਜ
- 9th & 2nd ਸਰਕਟ ਅਪੀਲਜ਼
- ਕੈਨਸੇਲੇਸ਼ਨ ਆਫ ਡੀਪੋਰਟੇਸ਼ਨ

NEW YORK
T 718.672.8000
JACKSON HEIGHTS, NY 11370

CALIFORNIA
T 510.796.9000
39300 CIVIC CENTER DR, SUITE 170 FREMONT, CA 94538
FREMONT, CA 94538

# ਹਾਕੀ ਇੰਡੀਆ ਨੇ ਸੀਨੀਅਰ ਖਿਡਾਰੀ ਨੁਕਰੇ ਲਾਏ

**ਬਟਾਲਾ :** ਭਾਰਤੀ ਹਾਕੀ ਟੀਮ ਦੇ ਫਾਰਵਰਡ ਪ੍ਰਭਜੋਤ ਸਿੰਘ ਨੇ ਉਨ੍ਹਾਂ ਨੂੰ ਹਾਕੀ ਇੰਡੀਆ ਵਲੋਂ 3 ਅਕਤੂਬਰ ਤੋਂ ਦਿੱਲੀ ਵਿਚ ਹੋ ਰਹੀਆਂ ਕਾਮਨਵੈਲਥ ਖੇਡਾਂ ਦੇ ਟ੍ਰੇਨਿੰਗ ਕੈਂਪ 'ਚ ਸ਼ਾਮਲ ਨਾ ਕੀਤੇ ਜਾਣ 'ਤੇ ਹਾਕੀ ਇੰਡੀਆ ਦੇ ਜਨਰਲ ਸਕੱਤਰ ਸ੍ਰੀ ਬੱਤਰਾ 'ਤੇ ਸੌੜੀ ਤੇ ਤੰਗਦਿਲੀ ਵਾਲੀ ਸਿਆਸਤ ਕਰਨ ਦਾ ਦੋਸ਼ ਲਾਇਆ ਹੈ। ਉਨ੍ਹਾਂ ਹਾਕੀ ਟੀਮ ਦੇ ਕੋਚ ਜੋਸ਼ ਬਰਾਸਾ ਵਲੋਂ ਉਨ੍ਹਾਂ (ਪ੍ਰਭਜੋਤ) ਨੂੰ ਟੀਮ ਵਿਚ ਸ਼ਾਮਲ ਕਰਨ ਲਈ ਕੀਤੇ ਯਤਨਾਂ ਨੂੰ ਹਾਕੀ ਇੰਡੀਆ ਵਲੋਂ ਨਕਾਰ ਦੇਣ 'ਤੇ ਖੇਡ ਮੰਤਰੀ ਡਾ. ਮਨੋਹਰ ਸਿੰਘ ਗਿੱਲ ਨੂੰ ਮਿਲ ਕੇ ਆਪਣਾ ਰੋਸ ਪ੍ਰਗਟ ਕਰਨ ਅਤੇ ਸੀਨੀਅਰ ਖਿਡਾਰੀਆਂ ਨੂੰ ਨਜ਼ਰ ਅੰਦਾਜ਼ ਕਰ ਕੇ ਹਾਕੀ ਨੂੰ ਗਿਰਾਵਟ ਵਲ ਲਿਜਾਣ ਬਾਰੇ ਵੀ ਦੱਸਣ ਦਾ ਫੈਸਲਾ ਕੀਤਾ ਹੈ। ਹਾਕੀ ਫਾਰਵਰਡ ਖਿਡਾਰੀ ਪ੍ਰਭਜੋਤ ਸਿੰਘ ਨੇ 2010 ਦੇ ਵਰਲਡ ਕਪ ਤੋਂ ਪਹਿਲਾਂ ਹਾਕੀ ਖਿਡਾਰੀਆਂ ਦੇ ਹੱਕ ਵਿਚ ਆਵਾਜ਼ ਉਠਾਉਂਦਿਆਂ ਹਾਕੀ ਇੰਡੀਆ 'ਤੇ ਖਿਡਾਰੀਆਂ ਨੂੰ ਯੋਗ ਖਾਣਾ ਨਾ ਦੇਣ, ਖੇਡ ਲਈ ਪੂਰੀਆਂ ਸਹੂਲਤਾਂ ਨਾ ਦੇਣ ਤੋਂ ਇਲਾਵਾ ਕੋਈ ਵੀ ਸਹੂਲਤ ਨਾ ਮੁਹੱਈਆ ਕਰਨ ਦੇ ਦੋਸ਼ ਲਾਏ ਸਨ। ਉਸ ਦਾ ਕਹਿਣਾ ਹੈ ਕਿ ਇਸੇ ਕਾਰਨ ਹਾਕੀ ਇੰਡੀਆ ਵਲੋਂ ਪ੍ਰਭਜੋਤ ਅਤੇ ਉਸ ਦੇ ਸਾਥੀ ਖਿਡਾਰੀਆਂ ਨਾਲ ਕਿੜ ਕੱਢੀ ਜਾ ਰਹੀ ਹੈ।

ਪ੍ਰਭਜੋਤ ਨੂੰ ਪਹਿਲਾ ਝਟਕਾ ਉਦੋਂ ਲੱਗਾ ਸੀ, ਜਦ ਭਾਰਤੀ ਹਾਕੀ ਟੀਮ ਦੇ ਕੋਚ ਜੋਸ਼ ਬਰਾਸਾ ਵਲੋਂ ਪ੍ਰਭਜੋਤ ਨੂੰ ਵਰਲਡ ਹਾਕੀ ਕੱਪ ਲਈ ਭਾਰਤੀ ਟੀਮ ਦਾ ਕਪਤਾਨ ਐਲਾਨੇ ਜਾਣ ਤੋਂ ਬਾਅਦ ਹਾਕੀ ਇੰਡੀਆ ਵਲੋਂ ਕੋਚ ਦੇ ਇਸ ਫੈਸਲੇ ਨੂੰ ਬਦਲ ਕੇ ਰਾਜਪਾਲ ਸਿੰਘ ਨੂੰ ਕਪਤਾਨ ਬਣਾ ਦਿੱਤਾ ਗਿਆ ਸੀ। ਵਰਲਡ ਕੱਪ 'ਚ ਆਪਸੀ ਖਿੱਚੋਤਾਣ ਕਾਰਨ ਟੀਮ ਨੂੰ ਅੱਠਵੇਂ ਨਮੋਸ਼ੀਜਨਕ ਸਥਾਨ 'ਤੇ ਰਹਿਣਾ ਪਿਆ ਸੀ। ਇਸ ਤੋਂ ਬਾਅਦ ਪ੍ਰਭਜੋਤ ਨੂੰ ਹਾਕੀ ਇੰਡੀਆ ਵਲੋਂ ਬਾਹਰ ਦਾ ਰਸਤਾ ਵਿਖਾਉਣਾ ਸ਼ੁਰੂ ਕਰ ਦਿੱਤਾ ਗਿਆ ਹੈ ਕਿਉਂਕਿ ਹਾਕੀ ਟ੍ਰੇਨਿੰਗ ਕੈਂਪ ਜਿਸ ਵਿਚ 40 ਖਿਡਾਰੀ ਸ਼ਾਮਲ ਹਨ, ਉਸ ਵਿਚੋਂ ਪ੍ਰਭਜੋਤ ਅਤੇ ਦੀਪਕ ਠਾਕੁਰ ਜਿਨ੍ਹਾਂ ਨੇ ਹਾਕੀ ਇੰਡੀਆ ਦੇ ਖਿਲਾਫ ਆਵਾਜ਼ ਉਠਾਈ ਸੀ, ਨੂੰ ਬਾਹਰ ਕਰ ਦਿੱਤਾ ਗਿਆ ਹੈ।

ਬਟਾਲਾ 'ਚ ਆਪਣੇ ਨਿਵਾਸ ਸਥਾਨ 'ਤੇ ਪ੍ਰਭਜੋਤ ਨੇ ਭਰੇ ਮਨ ਨਾਲ ਦੱਸਿਆ ਕਿ ਉਹ ਬੇਹੱਦ ਨਿਰਾਸ਼ਾ ਦੇ ਆਲਮ 'ਚੋਂ ਗੁਜ਼ਰ ਰਹੇ ਹਨ ਕਿਉਂਕਿ ਸੌੜੀ ਰਾਜਨੀਤੀ ਕਾਰਨ ਸੀਨੀਅਰ ਖਿਡਾਰੀਆਂ ਨੂੰ ਨੁਕਰੇ ਲਾਉਣ ਦੀਆਂ ਤਿਆਰੀਆਂ ਆਰੰਭੀਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਭਾਰਤ ਵਿਚ ਕਾਮਨਵੈਲਥ ਖੇਡਾਂ ਹੋ ਰਹੀਆਂ ਹਨ, ਜੇ ਮੇਜ਼ਬਾਨ ਟੀਮ ਦਾ ਪ੍ਰਦਰਸ਼ਨ ਸਹੀ ਨਹੀਂ ਹੁੰਦਾ ਤਾਂ ਇਸ ਨਾਲ ਸਮੁੱਚੇ ਹਾਕੀ ਪ੍ਰੇਮੀਆਂ ਅਤੇ ਦੇਸ਼ ਵਾਸੀਆਂ ਨੂੰ ਨਿਰਾਸ਼ਾ ਹੋਵੇਗੀ। ਉਨ੍ਹਾਂ ਕਿਹਾ, ''2010 ਦੇ ਵਰਲਡ ਕੱਪ 'ਚ ਤਾਂ ਮੈਨੂੰ ਕਪਤਾਨ ਚੁਣਿਆ ਜਾ ਰਿਹਾ ਸੀ, ਇਸ ਤੋਂ ਪਹਿਲਾਂ 2009 ਵਰਲਡ ਦੇ ਟਾਪ ਦੇ 16 ਖਿਡਾਰੀਆਂ ਵਿਚ ਵੀ ਮੇਰਾ ਨਾਂ ਸੀ ਪਰ ਹੁਣ ਮੈਨੂੰ 40 ਖਿਡਾਰੀਆਂ ਵਿਚ ਵੀ ਸ਼ਾਮਲ ਕਰਨ ਤੋਂ ਹਾਕੀ ਇੰਡੀਆ ਕੰਨੀਂ ਕਤਰਾ ਰਿਹਾ ਹੈ।'' ਪ੍ਰਭਜੋਤ ਨੇ ਦੱਸਿਆ, ''ਭਾਰਤੀ ਹਾਕੀ ਟੀਮ ਦੇ ਕੋਚ ਜੋਸ਼ ਬਰਾਸਾ ਨੇ ਹਾਕੀ ਇੰਡੀਆ ਨੂੰ ਈ-ਮੇਲ ਕੀਤੀ ਕਿ ਪ੍ਰਭਜੋਤ ਨੂੰ ਜਲਦੀ ਤੋਂ ਜਲਦੀ ਟੀਮ ਵਿਚ ਸ਼ਾਮਲ ਕੀਤਾ ਜਾਵੇ ਪਰ ਬੜੇ ਅਫਸੋਸ ਦੀ ਗੱਲ ਹੈ ਕਿ ਹਾਕੀ ਇੰਡੀਆ ਵਲੋਂ ਕੋਚ ਨੂੰ ਵੀ ਨਜ਼ਰ ਅੰਦਾਜ਼ ਕਰ ਦਿੱਤਾ ਗਿਆ।''

ਪ੍ਰਭਜੋਤ ਨੇ ਦੇਸ਼ ਲਈ 250 ਤੋਂ ਵੱਧ ਮੈਚ ਖੇਡੇ ਅਤੇ 130 ਤੋਂ ਵੱਧ ਗੋਲ ਕੀਤੇ ਹਨ। ਕਈ ਅਹਿਮ ਮੈਚਾਂ ਵਿਚ ਭਾਰਤ ਨੂੰ ਜਿਤਾਉਣ ਵਿਚ ਉਹ ਅਹਿਮ ਰੋਲ ਨਿਭਾ ਚੁੱਕਾ ਹੈ। ਅਜਿਹੇ ਨਾਮਵਰ ਖਿਡਾਰੀ ਨੂੰ ਟੀਮ ਵਿਚ ਸ਼ਾਮਲ ਨਾ ਕਰਨ ਕਾਰਨ ਪ੍ਰਭਜੋਤ ਅਤੇ ਉਸ ਦੇ ਸਾਥੀ ਦੀਪਕ ਠਾਕੁਰ ਹਾਕੀ ਇੰਡੀਆ ਤੋਂ ਕਾਫੀ ਨਿਰਾਸ਼ ਹਨ। ਪ੍ਰਭਜੋਤ ਨੇ ਕਿਹਾ, ''ਅਸੀਂ ਚੁੱਪ ਨਹੀਂ ਬੈਠਾਂਗੇ ਬਲਕਿ ਆਉਣ ਵਾਲੇ ਦਿਨਾਂ 'ਚ ਖੇਡ ਮੰਤਰੀ ਕੋਲ ਇਹ ਮੁੱਦਾ ਉਠਾਵਾਂਗੇ ਕਿਉਂਕਿ ਅਸੀਂ ਜੋ ਆਪਣੇ ਹੱਕਾਂ ਦੀ ਆਵਾਜ਼ ਉਠਾਈ ਸੀ, ਉਹ ਹਾਕੀ ਦੀ ਬਿਹਤਰੀ ਲਈ ਸੀ ਨਾ ਕਿ ਨਿੱਜੀ ਮੁਫਾਦਾਂ ਲਈ।'' ਗੌਰਤਲਬ ਹੈ ਕਿ ਸੀਨੀਅਰ ਖਿਡਾਰੀਆਂ ਨੂੰ ਇੰਜ ਕਾਮਨਵੈਲਥ ਖੇਡਾਂ ਵਿਚ ਨਜ਼ਰ ਅੰਦਾਜ਼ ਕਰਨ ਦਾ ਅਸਰ 20 ਦਿਨ ਬਾਅਦ ਚੀਨ 'ਚ ਹੋਣ ਵਾਲੀਆਂ ਏਸ਼ਿਆਈ ਖੇਡਾਂ 'ਤੇ ਵੀ ਪੈ ਸਕਦਾ ਹੈ। ਵਰਲਡ ਕੱਪ 2014 ਲਈ ਵੀ ਏਸ਼ਿਆਈ ਖੇਡਾਂ ਦੀ ਜੇਤੂ ਟੀਮ ਹੀ ਸਿੱਧੀ ਕੁਆਲੀਫਾਈ ਹੋਵੇਗੀ ਤੇ ਬਾਕੀ ਟੀਮਾਂ ਨੂੰ ਵਰਲਡ ਕੱਪ ਵਿਚ ਸ਼ਾਮਲ ਹੋਣ ਲਈ ਭਾਰੀ ਜੱਦੋਜਹਿਦ ਕਰਨੀ ਪਵੇਗੀ। ਇਸ ਤੋਂ ਇਲਾਵਾ 2011 ਵਿਚ ਵੀ ਚੈਂਪੀਅਨਜ਼ ਟਰਾਫੀ ਭਾਰਤ ਵਿਚ ਹੋਣ ਜਾ ਰਹੀ ਹੈ।

## ਵਿਵਾਦਾਂ ਦਾ ਪ੍ਰਦਰਸ਼ਨ 'ਤੇ ਕੋਈ ਅਸਰ ਨਹੀਂ - ਸੰਦੀਪ



**ਨਵੀਂ ਦਿੱਲੀ :** ਅਰਜੁਨ ਐਵਾਰਡ ਜੇਤੂ ਭਾਰਤੀ ਹਾਕੀ ਟੀਮ ਦੇ ਅਨੁਭਵੀ ਡ੍ਰੈਗ ਫਲਿੱਕਰ ਸੰਦੀਪ ਸਿੰਘ ਦਾ ਮੰਨਣਾ ਹੈ ਕਿ ਖੇਡਾਂ ਨਾਲ ਜੁੜੇ ਵਿਵਾਦਾਂ ਦਾ ਅਸਰ ਟੀਮ ਦੇ ਪ੍ਰਦਰਸ਼ਨ 'ਤੇ ਨਹੀਂ ਪਵੇਗਾ ਅਤੇ ਭਾਰਤੀ ਟੀਮ ਰਾਸ਼ਟਰਮੰਡਲ ਖੇਡਾਂ 'ਚ ਤਮਗਾ ਜ਼ਰੂਰ ਜਿੱਤੇਗੀ। ਸੰਦੀਪ ਨੇ ਕਿਹਾ ਕਿ ਅਸੀਂ ਦੇਸ਼ ਲਈ ਚੰਗਾ ਪ੍ਰਦਰਸ਼ਨ ਕਰਨ ਬਾਰੇ ਹੀ ਸੋਚਦੇ ਹਾਂ। ਮੈਦਾਨ ਤੋਂ ਬਾਹਰ ਦੇ ਵਿਵਾਦਾਂ ਨਾਲ ਨਜਿੱਠਣਾ ਅਧਿਕਾਰੀਆਂ ਦੀ ਜ਼ਿੰਮੇਵਾਰੀ ਹੈ ਅਤੇ ਮੈਨੂੰ ਨਹੀਂ ਲਗਦਾ ਕਿ ਟੀਮ ਦੇ ਪ੍ਰਦਰਸ਼ਨ 'ਤੇ ਇਸਦਾ ਅਸਰ ਪਵੇਗਾ। ਅਰਜੁਨ ਐਵਾਰਡ ਲੈਣ ਲਈ ਬੀਤੀ 29 ਅਗਸਤ ਨੂੰ ਇਥੇ ਆਏ ਸੰਦੀਪ ਨੇ ਇਸ ਵਿਵਾਦ ਬਾਰੇ ਕੁਝ ਵੀ ਕਹਿਣ ਤੋਂ ਇਨਕਾਰ ਕਰਦਿਆਂ ਬਰਾਸਾ ਨੂੰ ਚੰਗਾ ਕੋਚ ਦੱਸਿਆ।

# ਰਾਜਪਾਲ ਕਰੇਗਾ ਹਾਕੀ ਟੀਮ ਦੀ ਅਗਵਾਈ

## ਮਹਿਲਾ ਟੀਮ ਦੀ ਕਮਾਨ ਸੁਰਿੰਦਰ ਕੌਰ ਨੂੰ ਸੌਂਪੀ





**ਨਵੀਂ ਦਿੱਲੀ:** ਦਿੱਲੀ 'ਚ ਹੋਣ ਜਾ ਰਹੀਆਂ 19ਵੀਆਂ ਰਾਸ਼ਟਰਮੰਡਲ ਖੇਡਾਂ ਲਈ ਭਾਰਤੀ ਪੁਰਸ਼ ਤੇ ਮਹਿਲਾ ਹਾਕੀ ਟੀਮਾਂ ਦਾ ਲੰਘੀ30 ਅਗਸਤ ਨੂੰ ਅਧਿਕਾਰਤ ਤੌਰ 'ਤੇ ਐਲਾਨ ਕਰ ਦਿੱਤਾ ਗਿਆ। ਦੋਵੇਂ ਭਾਰਤੀ ਟੀਮਾਂ ਦੀ ਅਗਵਾਈ ਫਾਰਵਰਡ ਖਿਡਾਰੀਆਂ ਨੂੰ ਸੌਂਪੀ ਗਈ ਹੈ। ਪੁਰਸ਼ ਟੀਮ ਦੀ ਕਮਾਨ ਰਾਜਪਾਲ ਸਿੰਘ ਤੇ ਮਹਿਲਾ ਟੀਮ ਦੀ ਕਪਤਾਨੀ ਸੁਰਿੰਦਰ ਕੌਰ ਸੰਭਾਲੇਗੀ। 'ਹਾਕੀ ਇੰਡੀਆ' ਨੇ ਇਹ ਐਲਾਨ ਕਰਦਿਆਂ ਦੱਸਿਆ ਕਿ ਟੀਮ 'ਚ ਇਕ ਗੋਲਕੀਪਰ ਭਰਤ ਸ਼ੇਤਰੀ ਤੇ ਅਰਜੁਨ ਪੁਰਸਕਾਰ ਜੇਤੂ ਸੰਦੀਪ ਸਿੰਘ ਸਮੇਤ ਪੰਜ 'ਰੱਖਿਅਕ' ਹਨ। ਟੀਮ 'ਚ 6 ਮਿਡਫੀਲਡਰ ਚੁਣੇ ਗਏ ਹਨ ਤੇ ਰਾਜਪਾਲ ਫਾਰਵਰਡ ਕਤਾਰ 'ਚ ਸ਼ਿਵੇਂਦਰ ਸਿੰਘ, ਤੁਸ਼ਾਰ ਖਾਂਡੇਕਰ ਤੇ ਧਰਮਵੀਰ ਸਿੰਘ ਦੀ ਅਗਵਾਈ ਕਰਨਗੇ।

ਹਾਕੀ ਇੰਡੀਆ ਵਲੋਂ ਜਾਰੀ ਬਿਆਨ 'ਚ ਕਿਹਾ ਗਿਆ ਹੈ ਕਿ ਪੁਣੇ ਦੇ ਬਾਲੇਵਾਲੀ 'ਚ ਹੋਏ ਟਰਾਇਲ ਤੋਂ ਬਾਅਦ ਟੀਮ ਦੀ ਚੋਣ ਕੀਤੀ ਗਈ ਹੈ। ਇਹ ਚੋਣ ਹਾਕੀ ਇੰਡੀਆ ਦੇ ਚੋਣਕਰਤਾ ਕਰਨਲ ਬਲਬੀਰ ਸਿੰਘ, ਬੀ.ਪੀ. ਗੋਵਿੰਦਾ ਤੇ ਸਰਕਾਰ ਵਲੋਂ ਨਿਯੁਕਤ ਅਜੀਤਪਾਲ ਸਿੰਘ ਤੇ ਜਫਰ ਇਕਬਾਲ ਤੋਂ ਇਲਾਵਾ ਵਿਦੇਸ਼ੀ ਤੇ ਕੌਮੀ ਕੋਚ ਵਲੋਂ ਕੀਤੀ ਗਈ। ਇਥੇ ਜ਼ਿਕਰਯੋਗ ਹੈ ਕਿ ਇਹ ਉਹੀ ਟੀਮ ਹੈ ਜਿਸ ਬਾਰੇ ਬੀਤੇ ਦਿਨੀਂ ਜਾਣਕਾਰੀ ਲੀਕ ਹੋਈ ਸੀ।

ਟੀਮ ਇਸ ਤਰ੍ਹਾਂ ਹੈ:- ਗੋਲਕੀਪਰ ਭਰਤ ਸ਼ੇਤਰੀ,ਡਿਫੈਂਡਰ ਸਰਦਾਰ ਸਿੰਘ, ਸੰਦੀਪ ਸਿੰਘ, ਧਨੰਜੋ ਮਹਾਡਿਕ, ਗੁਰਬਾਜ ਸਿੰਘ ਤੇ ਪ੍ਰਬੋਧ ਟਿਰਕੀ, ਮਿਡਫੀਲਡਰ ਅਰਜੁਨ ਹਲੱਪਾ, ਵਿਕਰਮ ਪਿਲੈ, ਰਵੀਪਾਲ, ਭਰਤ ਚਿਕਾਰਾ, ਦਾਨਿਸ਼ ਮੁਜਤਬਾ ਤੇ ਸਰਵਨਜੀਤ ਸਿੰਘ। ਫਾਰਵਰਡ ਰਾਜਪਾਲ ਸਿੰਘ, ਤੁਸ਼ਾਰ ਖਾਂਡੇਕਰ, ਸ਼ਿਵੇਂਦਰ ਸਿੰਘ ਤੇ ਧਰਮਵੀਰ ਸਿੰਘ।

ਇਸੇ ਤਰ੍ਹਾਂ ਹਾਕੀ ਇੰਡੀਆ ਨੇ ਰਾਸ਼ਟਰਮੰਡਲ ਖੇਡਾਂ ਲਈ 16 ਮੈਂਬਰੀ ਮਹਿਲਾ ਹਾਕੀ ਟੀਮ ਦਾ ਐਲਾਨ ਕੀਤਾ ਹੈ। ਮਹਿਲਾ ਟੀਮ 'ਚ ਦੋ ਗੋਲਕੀਪਰਾਂ ਨੂੰ ਸ਼ਾਮਲ ਕੀਤਾ ਗਿਆ ਹੈ।

ਮਹਿਲਾ ਟੀਮ ਇਸ ਤਰ੍ਹਾਂ ਹੈ:- ਗੋਲਕੀਪਰ ਦੀਪਕਾ ਮੂਰਤੀ ਤੇ ਇਤਾਮਾਰਪੂ ਰਜਨੀ, ਡਿਫੈਂਡਰ ਵਿਨੀਤਾ ਟੋਪੋ, ਸੁਭੱਦਰਾ ਪ੍ਰਧਾਨ ਤੇ ਜੈਦੀਪ ਕੌਰ। ਮਿਡਫੀਲਡਰ ਅਸੁੰਤਾ ਲਾਕੜਾ, ਕਿਰਨਦੀਪ ਕੌਰ, ਮੁਕਤਾ ਪ੍ਰਭਾ ਬਾਰਲਾ, ਦੀਪਕਾ ਠਾਕੁਰ ਤੇ ਰਿਤੂ ਰਾਣੀ। ਫਾਰਵਰਡ ਸੁਰਿੰਦਰ ਕੌਰ, ਸਬਾ ਅੰਜੁਮ, ਰਾਣੀ, ਜਸਜੀਤ ਕੌਰ ਹਾਂਡਾ, ਸ਼ੋਕਮ ਚੰਚਨ ਦੇਵੀ ਤੇ ਪੂਨਮ ਰਾਣੀ।

# ਪ੍ਰਵਾਸੀ ਭਾਰਤੀ ਤੇ 6 ਹੋਰਨਾਂ ਵਿਰੁਧ ਕੇਸ ਦਰਜ

**ਫਤਹਿਗੜ੍ਹ ਸਾਹਿਬ :** ਮੂਲੇਪੁਰ ਪੁਲਸ ਨੇ ਇਕ ਪ੍ਰਵਾਸੀ ਭਾਰਤੀ ਅਤੇ ਛੇ ਹੋਰਨਾਂ ਵਿਅਕਤੀਆਂ ਵਿਰੁਧ ਕੇਸ ਦਰਜ ਕੀਤਾ ਹੈ। ਇਹ ਕੇਸ ਪਿੰਡ ਚਨਾਰਥਲ ਕਲਾਂ ਦੇ ਮਹਿੰਦਰ ਸਿੰਘ ਦੀ ਸ਼ਿਕਾਇਤ 'ਤੇ ਦਰਜ ਕੀਤਾ ਗਿਆ ਹੈ। ਮਹਿੰਦਰ ਸਿੰਘ ਨੇ ਪੁਲਸ ਕੋਲ ਦਰਜ ਕਰਵਾਈ ਐਫ.ਆਈ.ਆਰ. ਵਿਚ ਕਿਹਾ ਕਿ ਉਸ ਦੇ ਐਨ.ਆਰ.ਆਈ. ਭਰਾ ਹਰਜਿੰਦਰ ਸਿੰਘ ਨੇ ਉਸ ਨੂੰ ਮਾਰਨ ਦੀ ਸੁਪਾਰੀ ਕੁਝ ਲੋਕਾਂ ਨੂੰ ਦਿੱਤੀ ਕਿਉਂਕਿ ਉਹ ਉਸ ਦੀ ਭਾਰਤ ਅਤੇ ਅਮਰੀਕਾ ਵਿਚ ਪਈ ਜਾਇਦਾਦ ਨੂੰ ਹੜੱਪਣਾ ਚਾਹੁੰਦਾ ਸੀ।

ਪੁਲਸ ਨੇ ਹਰਜਿੰਦਰ ਸਿੰਘ, ਤਰਨਜੀਤ, ਗੁਰਪ੍ਰੀਤ ਨਿਵਾਸੀ ਰਾਇਪੁਰ ਮੰਡਲਾਂ ਵਾਲਾ, ਗੁਰਸੇਵਕ, ਹਰਮੇਸ਼ ਨਿਵਾਸੀ ਪਟਿਆਲਾ, ਰੋਸ਼ਨ ਕੰਬੋਜ ਨਿਵਾਸੀ ਬਟੇਤੀ, ਮਨੂ ਤਿਆਗੀ ਨਿਵਾਸੀ ਮੁਜ਼ਫਰਨਗਰ, ਉਤਰ ਪ੍ਰਦੇਸ਼ ਵਿਰੁਧ ਕੇਸ ਦਰਜ ਕੀਤਾ ਹੈ। ਮਹਿੰਦਰ ਸਿੰਘ ਨੇ ਦੱਸਿਆ ਕਿ ਜਲੰਧਰ ਜ਼ਿਲ੍ਹੇ ਦੀ ਕਰਤਾਰਪੁਰ ਪੁਲਸ ਨੇ ਚੈਕਿੰਗ ਦੌਰਾਨ ਇਕ ਗੈਂਗ ਨੂੰ ਫੜਿਆ, ਜਿਸ ਨੇ ਪੁੱਛਗਿੱਛ ਦੌਰਾਨ ਦੱਸਿਆ ਕਿ ਉਨ੍ਹਾਂ ਨੂੰ ਜ਼ਿਲ੍ਹਾ ਫਤਹਿਗੜ੍ਹ ਸਾਹਿਬ ਦੇ ਚਨਾਰਥਲ ਕਲਾਂ ਪਿੰਡ ਨਾਲ ਸੰਬੰਧ ਰੱਖਦੇ ਇਕ ਐਨ.ਆਰ.ਆਈ. ਹਰਜਿੰਦਰ ਸਿੰਘ ਨੇ ਆਪਣੇ ਕੁਝ ਸਮਾਂ ਪਹਿਲਾਂ ਅਮਰੀਕਾ ਦੇ ਕੈਲੇਫੋਰਨੀਆ ਸ਼ਹਿਰ ਤੋਂ ਡੀਪੋਰਟ ਹੋ ਕੇ ਪੰਜਾਬ ਆਏ ਭਰਾ ਮਹਿੰਦਰ ਸਿੰਘ ਨੂੰ ਮਾਰਨ ਲਈ ਸੁਪਾਰੀ ਦਿੱਤੀ ਸੀ। ਮਹਿੰਦਰ ਸਿੰਘ ਨੇ ਦੱਸਿਆ ਕਿ ਵਿਦੇਸ਼ ਵਿਚੋਂ ਡੀਪੋਰਟ ਹੋਣ ਤੋਂ ਬਾਅਦ ਮੈਂ ਆਪਣੇ ਪਿੰਡ ਚਨਾਰਥਲ ਆਇਆ। ਇਸ ਤੋਂ ਬਾਅਦ ਆਪਣੇ ਸਹੁਰੇ ਪਿੰਡ ਹਸਨਪੁਰ ਪਟਿਆਲਾ ਚਲਾ ਗਿਆ। ਮਹਿੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਆਪਣੇ ਭਰਾ ਖਿਲਾਫ ਪਹਿਲਾਂ ਹੀ ਫਤਿਹਗੜ੍ਹ ਸਾਹਿਬ ਦੇ ਐਸ ਐਸ ਪੀ ਨੂੰ ਸ਼ਿਕਾਇਤ ਦਿੱਤੀ ਹੈ, ਜਿਸ ਵਿਚ ਉਨ੍ਹਾਂ ਖਦਸ਼ਾ ਪ੍ਰਗਟ ਕੀਤਾ ਕਿ ਉਸ ਦਾ ਭਰਾ ਉਸ ਨੂੰ ਮਾਰਨਾ ਚਾਹੁੰਦਾ ਹੈ।

# ਖੁਦਕੁਸ਼ੀ ਕਰਨ ਵਾਲਿਆਂ ਦੀ ਗਿਣਤੀ ਵਧੀ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ :** ਪੰਜਾਬ ਅੰਦਰ ਪੰਜ ਸਾਲਾਂ ਤੋਂ ਜ਼ਿੰਦਗੀ ਅੱਗੇ ਹੱਥ ਖੜ੍ਹੇ ਕਰਨ ਵਾਲਿਆਂ ਦੀ ਗਿਣਤੀ 'ਚ ਨਿਰੰਤਰ ਵਾਧਾ ਹੁੰਦਾ ਰਿਹਾ ਹੈ। ਆਤਮ ਹੱਤਿਆ ਕਰਨ ਵਾਲਿਆਂ 'ਚ ਪੜ੍ਹੇ ਲਿਖੇ ਨੌਕਰੀ ਪੇਸ਼ਾ, ਵਪਾਰੀ, ਘਰੇਲੂ ਔਰਤਾਂ 'ਤੇ ਮਰਦ, ਕੰਮ-ਕਾਜੀ ਔਰਤਾਂ ਤੇ ਮਰਦ, ਵਿਦਿਆਰਥੀ, ਕਿਸਾਨ ਤੇ ਸੇਵਾ ਮੁਕਤ ਵਰਗ ਨਾਲ ਸੰਬੰਧਿਤ ਹਨ। ਜਾਣਕਾਰੀ ਅਨੁਸਾਰ ਸਾਲ 2009 'ਚ ਸੂਬੇ ਅੰਦਰ 847 ਲੋਕਾਂ ਨੇ ਖੁਦਕੁਸ਼ੀ ਕੀਤੀ ਜਿਨ੍ਹਾਂ ਵਿਚ ਸਭ ਤੋਂ ਜ਼ਿਆਦਾ 52 ਮਾਮਲੇ ਜ਼ਿਲ੍ਹਾ ਹੁਸ਼ਿਆਰਪੁਰ, 51 ਲੁਧਿਆਣਾ ਅਤੇ 46 ਬਠਿੰਡਾ ਵਿਚ ਵਾਪਰੇ ਹਨ। ਸਭ ਤੋਂ ਘੱਟ ਨਵਾਂਸ਼ਹਿਰ ਵਿਚ 3, ਬਟਾਲਾ ਵਿਚ 4, ਤਰਨ ਤਾਰਨ ਵਿਚ 5 ਅਤੇ ਕਪੂਰਥਲਾ ਵਿਖੇ 7 ਮਾਮਲੇ ਸਾਹਮਣੇ ਆਏ ਹਨ। ਆਤਮ-ਹੱਤਿਆ ਕਰਨ ਵਿਚ ਸੂਬੇ ਦੀਆਂ ਔਰਤਾਂ ਦੇ 212 ਮਾਮਲਿਆਂ ਦੇ ਮੁਕਾਬਲੇ ਮਰਦਾਂ ਦੀ ਗਿਣਤੀ 637 ਹੈ ਅਤੇ ਇਨ੍ਹਾਂ ਵਿਚੋਂ 377 ਔਰਤਾਂ ਅਤੇ ਮਰਦਾਂ ਨੇ ਰੇਲ ਗੱਡੀ ਹੇਠ ਆ ਕੇ ਆਤਮ ਹੱਤਿਆ ਕੀਤੀ ਹੈ। ਇਸ ਤੋਂ ਇਲਾਵਾ 188 ਔਰਤਾਂ ਅਤੇ ਮਰਦਾਂ ਨੇ ਫਾਹਾ ਲੈ ਕੇ ਆਤਮ ਹੱਤਿਆ ਕੀਤੀ ਹੈ। ਆਤਮ-ਹੱਤਿਆ ਕਰਨ ਵਾਲਿਆਂ ਵਿਚ ਸਭ ਤੋਂ ਜ਼ਿਆਦਾ 130 ਘਰੇਲੂ ਔਰਤਾਂ, 97 ਕਿਸਾਨ, 61 ਨਿੱਜੀ ਖੇਤਰ ਵਿਚ ਨੌਕਰੀ ਪੇਸ਼ਾ ਅਤੇ 55 ਵਿਦਿਆਰਥੀ ਸ਼ਾਮਿਲ ਹਨ। ਪੰਜਾਬ ਪੁਲਿਸ ਨੇ ਮੰਨਿਆ ਹੈ ਕਿ ਸਾਲ 2006 ਵਿਚ 772 ਲੋਕਾਂ, 2007 ਵਿਚ 847 ਅਤੇ ਸਾਲ 2008 ਵਿਚ 869 ਲੋਕਾਂ ਨੇ ਆਤਮ-ਹੱਤਿਆ ਕੀਤੀ ਹੈ। ਪੁਲਿਸ ਰਿਕਾਰਡ ਦੇ ਅਨੁਸਾਰ ਬਿਮਾਰੀ ਦੇ ਚਲਦੇ 36.6 ਫੀਸਦੀ ਅਤੇ ਘਰੇਲੂ ਸਮੱਸਿਆਵਾਂ ਤੋਂ ਪ੍ਰੇਸ਼ਾਨ 21.6 ਫੀਸਦੀ ਲੋਕਾਂ ਨੇ ਆਤਮ ਹੱਤਿਆ ਕੀਤੀ ਹੈ। ਜਦਕਿ ਨਸ਼ੇ ਦੀ ਹਾਲਤ ਵਿਚ 6.3, ਜ਼ਮੀਨੀ ਝਗੜੇ ਤੋਂ ਪ੍ਰੇਸ਼ਾਨ 6.1 ਅਤੇ ਦਹੇਜ਼ ਤੋਂ ਤੰਗ ਆ ਕੇ 2 ਫੀਸਦੀ ਔਰਤਾਂ ਨੇ ਆਪਣੀ ਜੀਵਨ ਲੀਲ੍ਹਾ ਸਮਾਪਤ ਕੀਤੀ ਹੈ।

ਆਤਮ-ਹੱਤਿਆ ਕਰਨ ਵਾਲਿਆਂ ਵਿਚ 63.5 ਫੀਸਦੀ ਭਾਵ 538 ਵਿਆਹੇ ਅਤੇ 32.2 ਫੀਸਦੀ ਭਾਵ 273 ਕੁਆਰੇ ਸਨ।

# ਅਫ਼ਗਾਨੀ ਚੋਣਾਂ 'ਚ ਦੋ ਸਿੱਖ ਉਮੀਦਵਾਰ ਵੀ ਨਿੱਤਰੇ

**ਕਾਬਲ :** ਕਾਬਲ ਵਿਚ ਥਾਂ-ਥਾਂ ਚੋਣ ਮੁਹਿੰਮ ਲਈ ਪੋਸਟਰ ਨਜ਼ਰ ਆ ਰਹੇ ਹਨ ਤੇ ਇਨ੍ਹਾਂ 'ਚੋਂ ਇਕ ਚਿਹਰਾ ਵੱਖਰਾ ਹੀ ਨਜ਼ਰ ਆਉਂਦਾ ਹੈ, ਇਹ ਇੱਥੋਂ ਦਾ ਸਿੱਖ ਉਮੀਦਵਾਰ ਪ੍ਰਿਤਪਾਲ ਸਿੰਘ ਪਾਲ ਹੈ। ਉਂਜ, ਉਹ ਇਕੱਲਾ ਸਿੱਖ ਨਹੀਂ ਹੈ, ਇਕ ਸਿੱਖ ਔਰਤ ਵੀ ਚੋਣ ਪਿੜ 'ਚ ਨਿੱਤਰੀ ਹੋਈ ਹੈ। ਪ੍ਰਿਤਪਾਲ ਸਿੰਘ ਪਾਲ ਤੇ ਅਨਾਰਕਲੀ ਕੌਰ ਹੁਨਰਯਾਰ ਅਫਗਾਨਿਸਤਾਨ ਦੀ ਵੋਲੇਸੀ ਜਿਰਗਾ 'ਚ ਥਾਂ ਹਾਸਲ ਕਰਨ ਲਈ ਚੋਣ ਲੜ ਰਹੇ ਹਨ। ਇਹ ਪਾਰਲੀਮੈਂਟ ਦਾ 250 ਮੈਂਬਰੀ ਹੇਠਲਾ ਸਦਨ ਹੈ, ਜਿਸ ਲਈ 18 ਸਤੰਬਰ ਨੂੰ ਵੋਟਾਂ ਪੈਣੀਆਂ ਹਨ। ਜੇਕਰ ਇਹ ਦੋਵੇਂ ਜਿੱਤ ਜਾਂਦੇ ਹਨ ਤਾਂ ਉਹ ਦੇਸ਼ ਦੀ ਪਾਰਲੀਮੈਂਟ ਲਈ ਜਮਹੂਰੀ ਢੰਗ ਨਾਲ ਚੁਣੇ ਗਏ ਪਹਿਲੇ ਗੈਰ-ਮੁਸਲਮਾਨ ਮੈਂਬਰ ਹੋਣਗੇ। ਇਸ ਤੋਂ ਪਹਿਲਾਂ ਅਫਗਾਨ ਹਿੰਦੂ ਤੇ ਸਿੱਖ, ਨਾਮਜ਼ਦਗੀਆਂ ਰਾਹੀਂ ਪਾਰਲੀਮਾਨੀ ਅਹੁਦਿਆਂ 'ਤੇ ਆਉਂਦੇ ਰਹੇ ਹਨ।

ਦੋਵੇਂ ਆਜ਼ਾਦ ਉਮੀਦਵਾਰਾਂ ਵਜੋਂ ਕਾਬਲ ਸੂਬੇ ਤੋਂ ਚੋਣ ਲੜ ਰਹੇ ਹਨ ਤੇ ਮੁਹੰਮਦ ਮੋਹਕਿਕ ਤੇ ਅਬਦੁਲ ਰਸੂਲ ਸਾਇਫ ਖਿਲਾਫ਼ ਡਟੇ ਹੋਏ ਹਨ, ਜੋ ਕਦੇ ਮੁਜਾਹਿਦੀਨ ਕਮਾਂਡਰ ਰਹੇ ਹਨ ਤੇ ਹੁਣ ਸਥਾਪਤ ਸਿਆਸਤਦਾਨ ਹਨ।

44 ਸਾਲਾ ਪਾਲ ਦਾ ਕਹਿਣਾ ਹੈ ਕਿ ਜੇਕਰ ਉਹ ਜਿੱਤ ਜਾਂਦਾ ਹੈ ਤਾਂ ਉਹ ਧਰਮ ਦੀਆਂ ਹੱਦਾਂ ਤਿਆਗ ਕੇ ਲੋਕਾਂ ਦੀ ਸੇਵਾ ਕਰੇਗਾ। ਉਹ ਪਸ਼ਤੂਨ ਬਹੁਲ ਸੂਬੇ ਪਕਤੀਆ ਤੋਂ ਹੈ। ਉਹ ਆਪਣੇ ਪਿਤਾ ਵਲੋਂ ਖੜ੍ਹੀ ਕੀਤੀ ਗਈ ਆਯੁਰਵੈਦਿਕ ਦਵਾਈਆਂ ਦੀ ਦੁਕਾਨ ਚਲਾਉਂਦਾ ਹੈ। ਉਹਦਾ ਪਿਤਾ ਪਕਤੀਆ ਤੋਂ ਕਾਬਲ ਆ ਵੱਸਿਆ ਸੀ। ਵਰਤਮਾਨ ਅਫਗਾਨਿਸਤਾਨ ਸਰਕਾਰ ਤੋਂ ਦੁਖੀ ਹੋਇਆ ਪਾਲ ਆਖਦਾ ਹੈ ਕਿ ਉਹ ਸਾਰੇ ਦੇਸ਼ ਵਾਸੀਆਂ ਦੀ ਸੇਵਾ ਲਈ ਇਹ ਚੋਣ ਲੜ ਰਿਹਾ ਹੈ।

ਇੱਥੇ ਰਹਿੰਦੇ 3000 ਦੇ ਕਰੀਬ ਹਿੰਦੂ-ਸਿੱਖ ਆਪਣੇ ਆਪ ਨੂੰ ਅਫਗਾਨਿਸਤਾਨੀ ਹੀ ਮੰਨਦੇ ਹਨ ਅਤੇ ਉਹ ਪੀੜ੍ਹੀਆਂ ਤੋਂ ਇੱਥੋਂ ਦੇ ਬਸ਼ਿੰਦੇ ਹਨ।

ਪਾਲ ਦੱਸਦਾ ਹੈ ਕਿ ਆਮ ਭਰਮ ਇਹ ਹੈ ਕਿ ਸਾਰੇ ਅਫਗਾਨ ਸਿੱਖ ਤੇ ਹਿੰਦੂ ਪੰਜਾਬੀ ਹਨ, ਜੋ ਸਾਲਾਂ ਪਹਿਲਾਂ ਅਫਗਾਨਿਸਤਾਨ 'ਚ ਆ ਵਸੇ ਸਨ। ਉਹ ਦੱਸਦਾ ਹੈ ਕਿ ਅਸਲ 'ਚ ਇਸ ਭਾਈਚਾਰੇ ਦੇ ਕੁਝ ਮੈਂਬਰ ਆਪਣੇ ਆਪ ਨੂੰ ਅਸਲ ਅਫਗਾਨੀ ਸਮਝਦੇ ਹਨ, ਜਿਨ੍ਹਾਂ ਨੇ ਕਦੇ ਵੀ ਇਸਲਾਮ ਧਾਰਨ ਨਹੀਂ ਕੀਤਾ ਸੀ। ਏਹੀ ਜੜ੍ਹਾਂ ਦਾ ਦਾਅਵਾ ਉਹਦੀ ਚੋਣ ਮੁਹਿੰਮ ਦੀ ਸ਼ਕਤੀ ਹੈ।

26 ਸਾਲਾ ਅਨਾਰਕਲੀ ਕੌਰ ਕਾਬਲ 'ਚ ਜਨਮੀ ਸੀ। ਉਹਦਾ ਪਿਤਾ ਕਿਸ਼ਨ ਸਿੰਘ ਇੰਜੀਨੀਅਰ ਹੈ ਜੋ ਖੋਸਤ ਸੂਬੇ ਤੋਂ ਕਾਬਲ ਆ ਟਿਕੇ ਸਨ। ਉਹਦੀ ਮਾਂ ਵੀ ਮੂਲ ਅਫਗਾਨਿਸਤਾਨੀ ਹੈ ਤੇ ਪਕਤੀਆ ਦੀ ਜੰਮਪਲ ਹੈ। ਉਹ ਦੱਸਦੀ ਹੈ ਕਿ ਉਹ ਭਾਰਤ ਸਮੇਤ ਕਈ ਦੇਸ਼ ਘੁੰਮੀ ਫਿਰੀ ਹੋਈ ਹੈ। ਉਹ ਦੱਸਦੀ ਹੈ ਕਿ ਉਹ ਆਪਣੇ ਦੇਸ਼ ਨੂੰ ਪਿਆਰ ਕਰਦੀ ਹੈ ਤੇ ਇੱਥੇ ਹੀ ਕੰਮ ਕਰਨਾ ਚਾਹੁੰਦੀ ਹੈ।

ਹੁਨਰਯਾਰ ਕਿੱਤੇ ਵਜੋਂ ਦੰਦਾਂ ਦੀ ਡਾਕਟਰ ਹੈ, ਪਰ 19 ਸਾਲ ਦੀ ਉਮਰੇ ਉਹ ਸਿਆਸੀ ਤੌਰ 'ਤੇ ਸਰਗਰਮ ਹੋ ਗਈ ਸੀ, ਜਦੋਂ ਉਹਨੇ ਲੋਇਆ ਜਿਰਗਾ (ਜਨਤਕ ਅਸੰਬਲੀ) 'ਚ ਭਾਗ ਲੈਂਦਿਆਂ ਦੱਸਿਆ ਸੀ ਕਿ ਦੇਸ਼ ਦੇ ਲੋਕ ਕਿੰਨੀਆਂ ਔਕੜਾਂ ਨਾਲ ਜੂਝ ਰਹੇ ਹਨ। ਫਿਰ ਉਹ ਅਫਗਾਨ ਇੰਡੀਪੈਂਡੈਂਟ ਹਿਊਮਨ ਰਾਈਟਸ ਕਮਿਸ਼ਨ 'ਚ ਸ਼ਾਮਲ ਹੋ ਗਈ। ਦੋਵੇਂ ਆਗੂ ਆਪਣੇ ਆਪ ਨੂੰ ਸੱਚੇ ਅਫਗਾਨੀ ਮੰਨਦੇ ਹਨ ਤੇ ਆਪਣੇ ਘੱਟ ਗਿਣਤੀ ਹੋਣ ਤੋਂ ਵੀ ਵਾਕਫ ਹਨ, ਜਿਸ ਕਾਰਨ ਸਿੱਖਾਂ ਨੂੰ ਸਿੱਖਿਆ 'ਤੇ ਲੈ ਕੇ ਹਰ ਪੱਧਰ 'ਤੇ ਵਿਤਕਰਾ ਝੱਲਣਾ ਪੈਂਦਾ ਹੈ। ਪਾਲ ਦੀ ਪਤਨੀ ਤੇ ਤਿੰਨ ਬੱਚੇ ਨਵੀਂ ਦਿੱਲੀ ਰਹਿੰਦੇ ਹਨ।

# ਨਿਊ ਯਾਰਕ ਦੇ ਪੰਜਾਬੀ ਮੇਲੇ 'ਚ ਸੁਰਿੰਦਰ ਛਿੰਦੇ ਅਤੇ ਸਰਬਜੀਤ ਚੀਮੇ ਦਾ ਸਨਮਾਨ ਹੋਏਗਾ





**ਨਿਊ ਯਾਰਕ:** ਇਥੇ ਪੰਜਾਬੀਆਂ ਦੀ ਸੰਘਣੀ ਵਸੋਂ ਵਾਲੇ ਇਲਾਕੇ ਰਿਚਮੰਡ ਹਿਲ ਦੇ ਸਮੋਕੀ ਪਾਰਕ ਵਿਚ 12 ਸਤੰਬਰ ਨੂੰ ਹੋ ਰਹੇ ਪੰਜਾਬੀ ਮੇਲੇ ਵਿਚ ਲੋਕ ਗਾਇਕ ਸੁਰਿੰਦਰ ਛਿੰਦਾ ਅਤੇ ਸਰਬਜੀਤ ਚੀਮਾ ਦਾ ਹੋਰ ਅਹਿਮ ਹਸਤੀਆਂ ਦੇ ਨਾਲ ਸਨਮਾਨ ਕੀਤਾ ਜਾਏਗਾ।

ਇਹ ਜਾਣਕਾਰੀ ਦਿੰਦਿਆਂ ਇਹ ਮੇਲਾ ਕਰਵਾ ਰਹੀ ਸੰਸਥਾ ਸੁਪਰ ਐਂਟਰਟੇਨਮੈਂਟ ਦੇ ਕਰਤਾ-ਧਰਤਾ ਸ੍ਰੀ ਬਲਵਿੰਦਰ ਬਾਜਵਾ ਨੇ ਦੱਸਿਆ ਕਿ ਇਸ ਮੇਲੇ ਵਿਚ ਪੰਜਾਬੀ ਫਿਲਮ ਕਲਾਕਾਰ ਅਤੇ ਭੰਗੜੇ ਦਾ ਬਾਦਸ਼ਾਹ ਕਰਕੇ ਜਾਣੇ ਜਾਂਦੇ ਸਰਬਜੀਤ ਚੀਮਾ ਅਤੇ ਬੁਲੰਦ ਆਵਾਜ਼ ਦੇ ਮਾਲਕ ਹੰਢੇ ਹੋਏ ਲੋਕ ਗਾਇਕ ਸੁਰਿੰਦਰ ਛਿੰਦਾ ਵਲੋਂ ਸਰੋਤਿਆਂ ਦਾ ਮਨੋਰੰਜਨ ਕੀਤਾ ਜਾਏਗਾ। ਸ੍ਰੀ ਸੁਰਿੰਦਰ ਛਿੰਦਾ ਪਿਛਲੇ 33 ਸਾਲ ਤੋਂ ਪੰਜਾਬੀ ਗਾਇਕੀ ਦੀ ਸੇਵਾ ਕਰ ਰਿਹਾ ਹੈ ਅਤੇ ਹੁਣ ਤੱਕ ਸੈਂਕੜੇ ਗੀਤ ਗਾ ਚੁਕਾ ਹੈ। ਮੇਲਾ ਦੁਪਹਿਰ 1 ਵਜੇ ਸ਼ੁਰੂ ਹੋਵੇਗਾ ਅਤੇ ਸ਼ਾਮ 7 ਵਜੇ ਤੱਕ ਚੱਲੇਗਾ। ਸਕਿਊਰਿਟੀ ਦਾ ਖਾਸ ਪ੍ਰਬੰਧ ਕੀਤਾ ਗਿਆ ਹੈ। ਨਿਊ ਯਾਰਕ ਪੁਲਿਸ ਵਿਭਾਗ ਦੇ ਮੁਲਾਜ਼ਮ ਵੀ ਪਹੁੰਚੇ ਹੋਣਗੇ।

ਸ੍ਰੀ ਬਾਜਵਾ ਅਨੁਸਾਰ ਇਸ ਮੇਲੇ ਵਿਚ ਖਾਣ-ਪੀਣ ਦੇ ਸਟਾਲ ਵੀ ਹੋਣਗੇ ਅਤੇ ਮੇਲੇ ਦੀ ਕਵਰੇਜ ਸਥਾਨਕ ਇਲੈਕਟ੍ਰਾਨਿਕ ਮੀਡੀਏ ਤੋਂ ਇਲਾਵਾ ਪੰਜਾਬੀ ਟੀ ਵੀ ਚੈਨਲ ਵੀ ਰਿਕਾਰਡ ਕਰਨਗੇ। ਮੇਲੇ ਲਈ ਕੋਈ ਟਿਕਟ ਨਹੀਂ ਰੱਖੀ ਗਈ। ਮੇਲੇ ਬਾਰੇ ਹੋਰ ਜਾਣਕਾਰੀ ਲੈਣ ਲਈ ਬਲਵਿੰਦਰ ਬਾਜਵਾ ਨਾਲ ਫੋਨ 516-852-2222 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਅਕਾਲੀ ਆਗੂ ਅਤੇ ਕੇਂਦਰ ਸਰਕਾਰ ਬਰਾਬਰ ਦੋਸ਼ੀ

**ਬਠਿੰਡਾ :** ਸੰਤ ਹਰਚੰਦ ਸਿੰਘ ਲੌਂਗੋਵਾਲ ਆਪਣੇ ਜੀਵਨ ਦੇ ਅੰਤਿਮ ਸਮੇਂ ਤੱਕ ਉਹ ਰਾਜੀਵ-ਲੌਂਗੋਵਾਲ ਸਮਝੌਤੇ 'ਤੇ ਚਟਾਨ ਦੀ ਤਰ੍ਹਾਂ ਦ੍ਰਿੜ ਹੀ ਨਹੀਂ ਰਹੇ, ਸਗੋਂ ਇਸ ਦਸਤਾਵੇਜ਼ ਨੂੰ ਸਹੀਬੰਦ ਕਰਨ ਤੋਂ ਬਿਨਾਂ ਉਨ੍ਹਾਂ ਦੀ ਮੌਤ ਤੋਂ ਸਮੇਂ ਦੀ ਅਕਾਲੀ ਲੀਡਰਸ਼ਿਪ ਦੀ ਮੌਕਾਪ੍ਰਸਤ ਪਹੁੰਚ ਤੇ ਉਨ੍ਹਾਂ ਦੀ ਸੁਰੱਖਿਆ ਪ੍ਰਤੀ ਕੇਂਦਰ ਸਰਕਾਰ ਦੇ ਗੈਰ ਜ਼ਿੰਮੇਵਾਰ ਅਵੇਸਲੇਪਣ ਦੀ ਵਜ੍ਹਾ ਕਾਰਨ ਦੋਵਾਂ ਨੂੰ ਹੀ ਦੋਸ਼ ਮੁਕਤ ਨਹੀਂ ਕੀਤਾ ਜਾ ਸਕਦਾ। ਇਹ ਵਿਚਾਰ ਇੱਕੋ ਇੱਕ ਜ਼ਿੰਦਾ ਬਚੇ ਉਸ ਸ਼ਖ਼ਸ ਦੇ ਹਨ, ਜੋ ਧਰਮਯੁੱਧ ਮੋਰਚਾ ਸ਼ੁਰੂ ਹੋਣ ਤੋਂ ਲੈ ਕੇ ਸੰਤ ਹਰਚੰਦ ਸਿੰਘ ਲੌਂਗੋਵਾਲ ਦੇ ਕਤਲ ਤੱਕ ਉਨ੍ਹਾਂ ਨਾਲ ਪ੍ਰਛਾਵੇਂ ਦੀ ਤਰ੍ਹਾਂ ਵਿਚਰਦਾ ਰਿਹਾ ਹੈ।

ਮੁੱਖ ਮੰਤਰੀ ਸ੍ਰ. ਪ੍ਰਕਾਸ਼ ਸਿੰਘ ਬਾਦਲ ਵਲੋਂ ਅੰਗਰੇਜ਼ੀ ਦੇ ਇਕ ਅਖ਼ਬਾਰ ਰਾਹੀਂ ਪ੍ਰਗਟ ਕੀਤੇ ਗਏ ਵਿਚਾਰਾਂ ਕਿ ਰਾਜੀਵ ਲੌਂਗੋਵਾਲ ਸਮਝੌਤੇ ਦੀ ਕਾਤਲ ਉਸ ਸਮੇਂ ਦੀ ਰਾਜੀਵ ਗਾਂਧੀ ਦੀ ਸਰਕਾਰ ਹੀ ਸੀ, ਦੇ ਸੰਦਰਭ ਵਿਚ ਕੈਪਟਨ ਅਮਰਿੰਦਰ ਸਿੰਘ, ਬੀਬੀ ਸੁਰਜੀਤ ਕੌਰ ਬਰਨਾਲਾ ਅਤੇ ਸਾਬਕਾ ਸਪੀਕਰ ਰਵੀਇੰਦਰ ਸਿੰਘ ਤੇ ਦਿੱਲੀ ਦੇ ਅਕਾਲੀ ਆਗੂ ਪਰਮਜੀਤ ਸਿੰਘ ਸਰਨਾ ਵਲੋਂ ਵੱਖੋ-ਵੱਖਰੇ ਪ੍ਰਤੀਕਰਮ ਜ਼ਾਹਰ ਕੀਤੇ ਗਏ ਹਨ। ਇਸ ਮਾਮਲੇ ਬਾਰੇ ਪਾਠਕਾਂ ਨੂੰ ਹਕੀਕਤ ਤੋਂ ਜਾਣੂ ਹੋਣ ਲਈ ਸੰਤ ਹਰਚੰਦ ਸਿੰਘ ਲੌਂਗੋਵਾਲ ਦੇ ਗੁੰਮਨਾਮੀ ਵਿਚ ਰਹਿ ਰਹੇ ਤਾਏ ਦੇ ਪੁੱਤਰ ਜਥੇਦਾਰ ਸ਼ੇਰ ਸਿੰਘ ਗਿਦੜਿਆਣੀ ਨਾਲ ਸੰਗਰੂਰ ਦੇ ਨਜ਼ਦੀਕ ਉਸਦੀ ਰਿਹਾਇਸ਼ ਵਿਖੇ ਜਾ ਕੇ ਗੱਲਬਾਤ ਕੀਤੀ ਗਈ। ਜਥੇਦਾਰ ਸ਼ੇਰ ਸਿੰਘ ਧਰਮ ਯੁੱਧ ਮੋਰਚੇ ਦੇ ਸ਼ੁਰੂ ਹੋਣ ਤੋਂ ਲੈ ਕੇ ਸੰਤ ਹਰਚੰਦ ਸਿੰਘ ਲੌਂਗੋਵਾਲ ਦੇ ਕਤਲ ਤੱਕ ਨਾ ਸਿਰਫ ਵਿਅਕਤੀਗਤ ਅੰਗ ਰੱਖਿਅਕ ਤੇ ਸਲਾਹਕਾਰ ਵਜੋਂ ਵਿਚਰਦੇ ਰਹੇ, ਬਲਕਿ ਸੰਤ ਦੇ ਇੱਕ ਕਾਤਲ ਨੂੰ ਗੋਲੀ ਮਾਰ ਕੇ ਪਾਰ ਬੁਲਾਉਣ ਤੋਂ ਇਲਾਵਾ ਉਕਤ ਕੇਸ ਵਿਚ ਇਕ ਚਸ਼ਮਦੀਦ ਗਵਾਹ ਵੀ ਸਨ। ਅਕਾਲੀ ਦਲ ਦੀਆਂ ਮੰਗਾਂ ਸਬੰਧੀ ਉਸ ਵੇਲੇ ਦੇ ਪ੍ਰਧਾਨ ਮੰਤਰੀ ਨਾਲ ਹੋਏ ਸਮਝੌਤੇ ਦੀ ਪਿੱਠ ਭੂਮੀ ਬਾਰੇ ਚਾਨਣਾ ਪਾਉਂਦਿਆਂ ਜਥੇਦਾਰ ਸ਼ੇਰ ਸਿੰਘ ਨੇ ਦੱਸਿਆ ਕਿ ਅਸਲ ਵਿਚ ਇਸਦਾ ਮੁੱਢ ਅਰਜਨ ਸਿੰਘ ਦੇ



**ਸੰਤ ਲੌਂਗੋਵਾਲ ਦੇ ਨਿੱਜੀ ਅੰਗ ਰੱਖਿਅਕ ਵਲੋਂ ਸਮਝੌਤੇ ਸਬੰਧੀ ਕੁਝ ਲੁਕਵੇਂ ਤੱਥ ਜਾਹਿਰ**

ਗਵਰਨਰ ਬਣਨ ਤੋਂ ਪਹਿਲਾਂ ਹੀ ਉਸ ਗੁਪਤ ਮੀਟਿੰਗ ਰਾਹੀਂ ਬੱਝ ਚੁੱਕਾ ਸੀ। ਜੋ ਕੇਂਦਰ ਦੇ ਏਲਚੀ ਵਜੋਂ ਉਸ ਵੇਲੇ ਦੇ ਸੀਨੀਅਰ ਕਾਂਗਰਸੀ ਆਗੂ ਤੇ ਮਰਹੂਮ ਮੁੱਖ ਮੰਤਰੀ ਸ੍ਰ. ਬੇਅੰਤ ਸਿੰਘ ਨੇ ਖ਼ੁਦ ਉਨ੍ਹਾਂ ਨਾਲ ਬਣਾਏ ਸੰਪਰਕ ਜ਼ਰੀਏ ਸੰਤ ਹਰਚੰਦ ਸਿੰਘ ਲੌਂਗੋਵਾਲ ਨਾਲ ਉਦੋਂ ਕੀਤੀ ਸੀ, ਜਦ ਉਹ ਉਦੈਪੁਰ ਵਿਖੇ ਨਜ਼ਰਬੰਦ ਸਨ।

ਜ. ਸ਼ੇਰ ਸਿੰਘ ਅਨੁਸਾਰ ਉਸ ਵੇਲੇ ਪੰਜਾਬ ਵਿਚ ਹੋ ਰਹੀ ਭਿਆਨਕ ਮਾਰਧਾੜ ਤੇ ਹਿੰਸਕ ਘਟਨਾਵਾਂ ਤੋਂ ਸੰਤ ਲੌਂਗੋਵਾਲ ਬਹੁਤ ਹੀ ਚਿੰਤਤ ਸਨ, ਜਿਸ ਤੋਂ ਉਦੋਂ ਦੀ ਸਮੁੱਚੀ ਅਕਾਲੀ ਲੀਡਰਸ਼ਿਪ ਪੂਰੀ ਤਰ੍ਹਾਂ ਵਾਕਫ਼ ਸੀ। ਇਹ ਉਸ ਵੇਲੇ ਦੇ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਦੀ ਵਿਸ਼ੇਸ਼ ਰਣਨੀਤੀ ਦਾ ਇਕ ਹਿੱਸਾ ਹੀ ਸੀ ਕਿ ਅਰਜਨ ਸਿੰਘ ਨੂੰ ਪੰਜਾਬ ਦਾ ਰਾਜਪਾਲ ਬਣਾ ਦਿੱਤਾ। ਸ੍ਰੀ ਸਿੰਘ ਵਲੋਂ ਉਨ੍ਹਾਂ ਤੱਕ ਕੀਤੀ ਪਹੁੰਚ ਦੇ ਸਿੱਟੇ ਵਜੋਂ ਸਮਝੌਤੇ ਲਈ ਕੇਂਦਰ ਵਲੋਂ ਪੇਸ਼ ਕੀਤੀ ਤਜਵੀਜ਼ ਨੂੰ ਸੰਤ ਲੌਂਗੋਵਾਲ ਨੇ ਜਥੇਦਾਰ ਗੁਰਚਰਨ ਸਿੰਘ ਟੌਹੜਾ, ਪ੍ਰਕਾਸ਼ ਸਿੰਘ ਬਾਦਲ, ਸੁਰਜੀਤ ਸਿੰਘ ਬਰਨਾਲਾ ਅਤੇ ਬਲਵੰਤ ਸਿੰਘ ਨਾਲ ਵੱਖੋ-ਵੱਖਰੇ ਅਤੇ ਸਮੂਹਿਕ ਤੌਰ 'ਤੇ ਬਹੁਤ ਹੀ ਬਾਰੀਕੀ ਨਾਲ ਵਿਚਾਰਿਆ।

ਸੰਤ ਲੌਂਗੋਵਾਲ ਨਾਲ ਦਿਨ ਪ੍ਰਤੀ ਦਿਨ ਹੋਈ ਚਰਚਾ ਨੂੰ ਯਾਦ ਕਰਦਿਆਂ ਜ. ਸ਼ੇਰ ਸਿੰਘ ਨੇ ਦੱਸਿਆ ਕਿ ਬੇਸ਼ੱਕ ਵਿਅਕਤੀਗਤ ਅਤੇ ਸਮੂਹਿਕ ਮੀਟਿੰਗਾਂ ਵਿਚ ਸਾਰੇ ਹੀ ਸੀਨੀਅਰ ਅਕਾਲੀ ਆਗੂ ਭਾਈਚਾਰਕ ਏਕਤਾ ਤੇ ਰਾਜ ਵਿਚ ਅਮਨ ਸ਼ਾਂਤੀ ਸਥਾਪਤ ਕਰਨ ਦੀ ਹਾਮੀ ਭਰਿਆ ਕਰਦੇ ਸਨ, ਪਰ ਹਕੀਕਤ ਇਹ ਹੈ ਕਿ ਕੁਰਸੀ ਦੇ ਮੋਹ ਨੇ ਉਸ ਵੇਲੇ ਦੀ ਅਕਾਲੀ ਲੀਡਰਸ਼ਿਪ ਨੂੰ ਦੋ ਧੜਿਆਂ ਵਿਚ ਵੰਡ ਦਿੱਤਾ ਸੀ। ਸੰਤ ਲੌਂਗੋਵਾਲ ਕਿਉਂਕਿ ਹਕੀਕਤ ਵਿਚ ਹੀ ਸੰਤ ਸੁਭਾਅ ਦੇ ਮਾਲਕ ਸਨ, ਇਸ ਲਈ ਬਾਦਲ-ਟੌਹੜਾ ਤੇ ਬਰਨਾਲਾ-ਬਲਵੰਤ ਧੜੇ ਉਨ੍ਹਾਂ ਨੂੰ ਆਪੋ-ਆਪਣੇ ਹੱਕ ਵਿਚ ਇਸਤੇਮਾਲ ਕਰਨ ਲਈ ਸਤਰੰਜੀ ਚਾਲਾਂ ਚੱਲਣ ਲੱਗ ਪਏ ਸਨ। ਸ੍ਰੀ ਗੁਰੂ ਗ੍ਰੰਥ ਸਾਹਿਬ 'ਚੋਂ ਲਏ ਵਾਕ ਅਨੁਸਾਰ ਪ੍ਰਾਪਤ ਹੁਕਮਨਾਮੇ ਤੋਂ ਪ੍ਰੇਰਿਤ ਹੋ ਕੇ ਸੰਤ ਲੌਂਗੋਵਾਲ ਨੇ ਉਸ ਸਮਝੌਤੇ ਨੂੰ ਸਹੀਬੰਦ ਕਰਨ ਲਈ ਸਹਿਮਤੀ ਭਰ ਦਿੱਤੀ। ਅੰਦਰਖਾਤੇ ਜਿਸ ਉਪਰ ਕੇਂਦਰ ਨਾਲ ਪਹਿਲਾਂ ਹੀ ਡੂੰਘਾ ਵਿਚਾਰ-ਵਟਾਂਦਰਾ ਹੋ ਚੁੱਕਾ ਸੀ। ਉਨ੍ਹਾਂ ਦੱਸਿਆ ਕਿ ਇਸ ਸਬੰਧੀ ਦਿੱਲੀ ਜਾਣ ਤੋਂ ਪਹਿਲਾਂ ਸੰਤ ਲੌਂਗੋਵਾਲ ਨੇ ਟੌਹੜਾ ਅਤੇ ਬਾਦਲ ਸਾਹਿਬ ਨੂੰ ਵੀ ਸੂਚਿਤ ਕਰਕੇ ਉਨ੍ਹਾਂ ਦੀ ਸਹਿਮਤੀ ਲੈ ਲਈ ਸੀ। ਜ. ਸ਼ੇਰ ਸਿੰਘ ਨੇ ਦੱਸਿਆ ਕਿ ਸਮਝੌਤੇ ਦੇ ਸਹੀਬੰਦ ਹੁੰਦਿਆਂ ਹੀ ਬਾਦਲ-ਟੌਹੜਾ ਵਲੋਂ ਕੀਤੀ ਜਨਤਕ ਵਿਰੋਧਤਾ ਦੀ ਵਜ੍ਹਾ ਕਾਰਨ ਸੰਤ ਲੌਂਗੋਵਾਲ ਬੇਹੱਦ ਦੁਖੀ ਹੋਏ, ਇੱਥੇ ਹੀ ਬੱਸ ਨਹੀਂ ਵਿਧਾਨ ਸਭਾ ਲਈ ਟਿਕਟਾਂ ਦੀ ਵੰਡ ਨੂੰ ਲੈ ਕੇ ਬਲਵੰਤ ਸਿੰਘ ਵਲੋਂ ਕੀਤੀ ਬੇਲੋੜੀ ਦਖ਼ਲ ਅੰਦਾਜ਼ੀ ਤੋਂ ਤੰਗ ਆ ਕੇ ਉਨ੍ਹਾਂ ਇਕ ਵਾਰ ਸਮਝੌਤੇ ਤੋਂ ਲਾਂਭੇ ਹੋ ਜਾਣ ਦੀ ਧਮਕੀ ਵੀ ਦੇ ਦਿੱਤੀ ਸੀ।

ਬਾਦਲ ਸਾਹਿਬ ਵਲੋਂ ਕੀਤੇ ਇਸ ਦਾਅਵੇ ਕਿ ਚੰਡੀਗੜ੍ਹ ਦੇ ਸੈਕਟਰ 9 ਵਿਖੇ ਸਥਿਤ ਉਨ੍ਹਾਂ ਦੀ ਕੋਠੀ 'ਤੇ ਹੋਈ ਇਕ ਮੀਟਿੰਗ ਦੌਰਾਨ ਸੰਤ ਲੌਂਗੋਵਾਲ ਨੇ ਸਮਝੌਤੇ ਦੇ ਸੰਦਰਭ ਵਿਚ ਇਹ ਕਿਹਾ ਸੀ ਕਿ ਉਨ੍ਹਾਂ ਨਾਲ ਧੋਖਾ ਹੋਇਐ, ਕੁਝ ਦਿੱਲੀ ਵਾਲਿਆਂ ਨੇ ਕੀਤਾ ਹੈ ਅਤੇ ਕੁਝ ਆਪਣਿਆਂ ਨੇ, ਬਾਰੇ ਪੁੱਛਣ 'ਤੇ ਅਜਿਹੀ ਮੀਟਿੰਗ ਦੀ ਪੁਸ਼ਟੀ ਕਰਦਿਆਂ ਜ. ਸ਼ੇਰ ਸਿੰਘ ਨੇ ਦੱਸਿਆ ਕਿ ਉਕਤ ਦਾਅਵਾ ਉਕਾ ਹੀ ਬੇਆਧਾਰ ਹੈ, ਕਿਉਂਕਿ ਆਪਣੇ ਅੰਤਿਮ ਸਮੇਂ ਤੱਕ ਰਾਜੀਵ-ਲੌਂਗੋਵਾਲ ਸਮਝੌਤੇ ਨੂੰ ਉਹ ਪੰਜਾਬ ਦੀ ਸ਼ਾਂਤੀ ਦਾ ਜਾਮਨ ਮੰਨਦੇ ਰਹੇ ਸਨ। ਉਨ੍ਹਾਂ ਕਿਹਾ ਕਿ 25 ਜੁਲਾਈ ਨੂੰ ਹੋਏ ਇਸ ਸਮਝੌਤੇ ਤੋਂ ਬਾਅਦ 20 ਅਗਸਤ 1985 ਨੂੰ ਸ਼ੇਰਪੁਰ ਜ਼ਿਲ੍ਹਾ ਸੰਗਰੂਰ ਵਿਖੇ ਦਹਿਸ਼ਤਗਰਦਾਂ ਨੇ ਸੰਤ ਲੌਂਗੋਵਾਲ ਨੂੰ ਕਤਲ ਕਰ ਦਿੱਤਾ ਸੀ। ਇਸ ਲਈ ਇਹ ਸੰਭਵ ਹੀ ਨਹੀਂ ਕਿ ਇਨ੍ਹਾਂ 25 ਦਿਨਾਂ ਦੌਰਾਨ ਇਸ ਸਮਝੌਤੇ ਉਤੇ ਅਮਲ ਹੋ ਜਾਂਦਾ।

ਸੰਤ ਹਰਚੰਦ ਸਿੰਘ ਲੌਂਗੋਵਾਲ ਦੀ ਮੌਤ ਦੇ ਕਾਰਨਾਂ ਦਾ ਜਿਕਰ ਕਰਦਿਆਂ ਜ. ਸ਼ੇਰ ਸਿੰਘ ਨੇ ਕਿਹਾ ਕਿ ਇਸ ਲਈ ਉਸ ਵੇਲੇ ਦੀ ਅਕਾਲੀ ਦਲ ਦੀ ਲੀਡਰਸ਼ਿਪ ਦੇ ਇਕ ਹਿੱਸੇ ਅਤੇ ਕੇਂਦਰ ਨੂੰ ਵੀ ਦੋਸ਼ ਮੁਕਤ ਨਹੀਂ ਕੀਤਾ ਜਾ ਸਕਦਾ। ਉਹਨਾਂ ਦੇ ਵਿਚਾਰ ਅਨੁਸਾਰ ਸਮਝੌਤੇ ਲਈ ਜੋ ਅਕਾਲੀਆਂ ਦੇ ਇਕ ਹਿੱਸੇ ਨੇ ਸੰਤ ਨੂੰ ਖਲਨਾਇਕ ਕਰਾਰ ਦਿੰਦਿਆਂ ਦਹਿਸ਼ਤਗਰਦਾਂ ਦੇ ਹੌਸਲੇ ਬੁਲੰਦ ਕਰਨ ਤੋਂ ਗੁਰੇਜ਼ ਨਹੀਂ ਸੀ ਕੀਤਾ ਤਾਂ ਸਰਕਾਰ ਨੇ ਵੀ ਸੁਰੱਖਿਆ ਵਿਚ ਅਜਿਹੇ ਅਫ਼ਸਰਾਂ ਨੂੰ ਤਾਇਨਾਤ ਕਰ ਦਿੱਤਾ ਜਿਨ੍ਹਾਂ 'ਚੋਂ ਇਕ ਸਿਰੇ ਦਾ ਨਾਅਹਿਲ ਤੇ ਦੂਜਾ ਸਿਰੇ ਦਾ ਸ਼ਰਾਬੀ ਸੀ। ਇੱਥੋਂ ਤੱਕ ਕਿ ਉਨ੍ਹਾਂ ਨਾਲ ਅੰਗ ਰੱਖਿਅਕ ਦੀ ਡਿਊਟੀ ਨਿਭਾਉਣ ਵਾਲੇ ਇਕ ਪ੍ਰਾਈਵੇਟ ਸ਼ਖ਼ਸ ਨੇ ਪੰਚਕੂਲੇ ਤੋਂ ਸ਼ੇਰਪੁਰ ਨੂੰ ਚੱਲਣ ਤੋਂ ਪਹਿਲਾਂ ਹੀ ਨਾਲ ਜਾਣ ਤੋਂ ਇਨਕਾਰ ਕਰ ਦਿੱਤਾ ਸੀ, ਸ਼ਾਇਦ ਉਹ ਅਸਲ ਸਾਜ਼ਿਸ਼ ਤੋਂ ਜਾਣੂ ਸੀ।

ਭਰੇ ਮਨ ਨਾਲ ਬੀਤੇ ਨੂੰ ਯਾਦ ਕਰਦਿਆਂ ਜ. ਸ਼ੇਰ ਸਿੰਘ ਨੇ ਦੱਸਿਆ ਕਿ ਜਿਹੜੇ ਆਗੂ ਹੁਣ ਲੌਂਗੋਵਾਲ ਵਿਖੇ ਸਰਕਾਰੀ ਤੌਰ ਤੇ ਸੰਤ ਲੌਂਗੋਵਾਲ ਦੀਆਂ ਬਰਸੀਆਂ ਮਨਾ ਰਹੇ ਹਨ, ਇਕ ਦਹਾਕੇ ਤੋਂ ਵੀ ਵਧ ਸਮੇਂ ਲਈ ਉਹ ਸ਼ੇਰਪੁਰ ਵਿਖੇ ਉਨ੍ਹਾਂ ਦੀਆਂ ਬਰਸੀਆਂ 'ਤੇ ਹਾਜ਼ਰੀਆਂ ਭਰਦੇ ਰਹੇ ਸਨ, ਜਿਨ੍ਹਾਂ ਨੇ ਸੰਤ ਲੌਂਗੋਵਾਲ ਨੂੰ ਕਤਲ ਕੀਤਾ ਸੀ।

ਜਥੇਦਾਰ ਸ਼ੇਰ ਸਿੰਘ, ਸੰਤ ਹਰਚੰਦ ਸਿੰਘ ਲੌਂਗੋਵਾਲ ਦੇ ਤਾਏ ਦੇ ਪੁੱਤ ਹੋਣ ਤੋਂ ਇਲਾਵਾ ਧਰਮ ਯੁੱਧ ਮੋਰਚੇ ਦੇ ਸ਼ੁਰੂ ਹੋਣ ਤੋਂ ਲੈ ਕੇ ਉਨ੍ਹਾਂ ਦੇ ਕਤਲ ਤੱਕ ਦੇ ਸਮੇਂ ਦੌਰਾਨ ਉਨ੍ਹਾਂ ਦੇ ਭਰੋਸੇਮੰਦ ਸਲਾਹਕਾਰ ਤੇ ਨਿੱਜੀ ਅੰਗ ਰੱਖਿਅਕ ਵਜੋਂ ਵਿਚਰਦੇ ਰਹੇ ਹਨ। ਸੰਤ ਲੌਂਗੋਵਾਲ ਦੀ ਮੌਤ ਤੋਂ ਬਾਅਦ ਉਨ੍ਹਾਂ ਨੂੰ ਅਕਾਲੀ ਦਲ ਦੇ ਪਾਰਲੀਮੈਂਟਰੀ ਬੋਰਡ ਦਾ ਮੈਂਬਰ ਵੀ ਬਣਾ ਦਿੱਤਾ ਸੀ, ਇਹ ਜ. ਸ਼ੇਰ ਸਿੰਘ ਦੀ ਦੂਰਅੰਦੇਸ਼ੀ ਪਹੁੰਚ ਦਾ ਹੀ ਸਿੱਟਾ ਸੀ ਕਿ ਆਪਣੇ ਹਿੱਸੇ ਆਈ ਲਹਿਰਾਗਾਗਾ ਵਿਧਾਨ ਸਭਾ ਦੀ ਸੀਟ 1985 ਦੀ ਚੋਣ ਸਮੇਂ ਉਨ੍ਹਾਂ ਕੈਪਟਨ ਅਮਰਿੰਦਰ ਸਿੰਘ ਦੇ ਮਾਮਾ ਇੰਦਰਜੀਤ ਸਿੰਘ ਜੇਜੀ ਨੂੰ ਛੱਡ ਦਿੱਤੀ ਸੀ। ਉਹ ਮਰਹੂਮ ਬੇਅੰਤ ਸਿੰਘ ਤੇ ਸਾਬਕਾ ਮੰਤਰੀ ਮਰਹੂਮ ਜ. ਹਰਨੇਕ ਸਿੰਘ ਮਾਂਗੇਵਾਲ ਦੇ ਵੀ ਅਤੀ ਕਰੀਬੀ ਰਹੇ ਹਨ। ਉਹ ਉਸ ਸਮੇਂ ਦੀ ਅਕਾਲੀ ਸਿਆਸਤ ਦੀ ਰਗ-ਰਗ ਤੋਂ ਵਾਕਫ ਹਨ।

## ਅਰਬ ਦੀਆਂ ਜੇਲ੍ਹਾਂ 'ਚ 1300 ਤੋਂ ਵੱਧ ਭਾਰਤੀ

**ਨਵੀਂ ਦਿੱਲੀ :** ਭਾਰਤੀ ਵਿਦੇਸ਼ ਮੰਤਰਾਲੇ ਵਲੋਂ ਇਕੱਠੀ ਕੀਤੀ ਜਾਣਕਾਰੀ ਅਨੁਸਾਰ ਇਸ ਸਮੇਂ ਅਰਬ ਦੇਸ਼ਾਂ ਦੀਆਂ ਵੱਖ-ਵੱਖ ਜੇਲ੍ਹਾਂ ਵਿਚ 1300 ਤੋਂ ਵੱਧ ਅਜਿਹੇ ਭਾਰਤੀ ਬੰਦ ਹਨ ਜੋ ਵੱਖ-ਵੱਖ ਦੋਸ਼ਾਂ ਹੇਠਾਂ ਸਜ਼ਾਵਾਂ ਭੁਗਤ ਰਹੇ ਹਨ।

ਮੁੱਖ ਰੂਪ 'ਚ ਇਨ੍ਹਾਂ ਵਿਚ ਅਜਿਹੇ ਭਾਰਤੀ ਸ਼ਾਮਿਲ ਹਨ, ਜਿਨ੍ਹਾਂ ਨੂੰ ਗ਼ੈਰ-ਕਾਨੂੰਨੀ ਤਰੀਕੇ ਨਾਲ ਵਿਦੇਸ਼ੀ ਧਰਤੀ 'ਤੇ ਪੈਰ ਰੱਖਣ ਜਾਂ ਗੈਰ-ਕਾਨੂੰਨੀ ਤਰੀਕੇ ਨਾਲ ਵਿਦੇਸ਼ੀ ਧਰਤੀ 'ਤੇ ਰਹਿਣ ਦੇ ਦੋਸ਼ ਹੇਠ ਹਿਰਾਸਤ ਵਿਚ ਲਿਆ ਗਿਆ ਹੈ। ਇਨ੍ਹਾਂ ਵਿਚ ਉਹ ਲੋਕ ਵੀ ਸ਼ਾਮਿਲ ਹਨ, ਜਿਨ੍ਹਾਂ ਨੂੰ ਅਰਬ ਦੇਸ਼ਾਂ ਦੇ ਸਖ਼ਤ ਅਤੇ ਕੱਟੜ ਇਸਲਾਮੀ ਕਾਨੂੰਨਾਂ ਦੀ ਉਲੰਘਣਾ ਕਰਨ ਦੇ ਦੋਸ਼ਾਂ ਅਧੀਨ ਜੇਲ੍ਹਾਂ ਵਿਚ ਡੱਕਿਆ ਗਿਆ ਹੈ। ਹਾਲ ਹੀ ਵਿਚ ਜਿਨ੍ਹਾਂ 17 ਪੰਜਾਬੀ ਨੌਜਵਾਨਾਂ ਨੂੰ ਸੰਯੁਕਤ ਅਰਬ ਅਮੀਰਾਤ ਵਿਚ ਫਾਂਸੀ ਦੀ ਸਜ਼ਾ ਸੁਣਾਈ ਗਈ ਹੈ, ਉਹ ਵੀ ਇਨ੍ਹਾਂ ਵਿਚ ਸ਼ਾਮਿਲ ਹਨ।

ਅਜਿਹੇ ਨੌਜਵਾਨਾਂ ਬਾਰੇ ਪਤਾ ਉਦੋਂ ਲੱਗਿਆ ਜਦੋਂ ਫਾਂਸੀ ਦੀ ਉਡੀਕ ਕਰ ਰਹੇ ਉਕਤ 17 ਨੌਜਵਾਨਾਂ ਵਿਚੋਂ ਇਕ ਨੌਜਵਾਨ ਭਾਰਤ ਵਿਚ ਰਹਿੰਦੇ ਆਪਣੇ ਪਰਿਵਾਰ ਨੂੰ ਚੋਰੀ-ਛਿਪੇ ਚਿੱਠੀ ਭੇਜਣ ਵਿਚ ਕਾਮਯਾਬ ਹੋਇਆ। ਇਹ ਮਾਮਲਾ ਕਿਉਂਕਿ ਪੰਜਾਬ ਨਾਲ ਸੰਬੰਧਿਤ ਸੀ, ਇਸ ਲਈ ਸਭ ਤੋਂ ਪਹਿਲਾਂ ਇਸ ਮਾਮਲੇ 'ਤੇ ਕਾਰਵਾਈ ਜਾਂ ਉਕਤ ਸਜ਼ਾ ਭੋਗ ਰਹੇ ਨੌਜਵਾਨਾਂ ਨੂੰ ਬਚਾਉਣ ਦੀਆਂ ਕੋਸ਼ਿਸ਼ਾਂ ਵੀ ਪੰਜਾਬ ਵਿਚ ਹੀ ਸ਼ੁਰੂ ਹੋਈਆਂ। ਅਜਿਹੀਆਂ ਕੋਸ਼ਿਸ਼ਾਂ ਨੇ ਜਦੋਂ ਸਰਗਰਮੀ ਫੜੀ ਤਾਂ ਪਤਾ ਲੱਗਾ ਕਿ ਅਰਬ ਦੇਸ਼ਾਂ ਦੀਆਂ ਜੇਲ੍ਹਾਂ ਵਿਚ ਸਿਰਫ ਡੇਢ-ਦੋ ਦਰਜਨ ਭਾਰਤੀ ਹੀ ਨਜ਼ਰਬੰਦ ਨਹੀਂ ਹਨ, ਸਗੋਂ 1300 ਤੋਂ ਜ਼ਿਆਦਾ ਭਾਰਤੀ ਨਜ਼ਰਬੰਦ ਹਨ। ਅਜਿਹੇ 1361 ਦੇ ਕਰੀਬ ਨਜ਼ਰਬੰਦ ਭਾਰਤੀਆਂ ਵਿਚੋਂ ਸਭ ਤੋਂ ਜ਼ਿਆਦਾ 766 ਭਾਰਤੀ ਦੁਬਈ ਦੀਆਂ ਜੇਲ੍ਹਾਂ ਵਿਚ ਬੰਦ ਹਨ। 359 ਭਾਰਤੀ ਸ਼ਾਰਜਾਹ ਦੀਆਂ ਜੇਲ੍ਹਾਂ ਵਿਚ ਬੰਦ ਹਨ। ਅਜ਼ਮਾਨ ਦੀਆਂ ਜੇਲ੍ਹਾਂ ਵਿਚ 109, ਉਮ-ਅਲ-ਕਵੈਨ ਦੀ ਜੇਲ੍ਹ ਵਿਚ 19, ਰਾਸ-ਅਲ-ਖੈਮਾ ਦੀਆਂ ਜੇਲ੍ਹਾਂ ਵਿਚ 63 ਅਤੇ ਫੁਜੈਰਾਹੇ ਦੀ ਜੇਲ੍ਹ ਵਿਚ 18 ਭਾਰਤੀ ਤਰਸਯੋਗ ਜ਼ਿੰਦਗੀ ਜੀਅ ਰਹੇ ਹਨ।

ਭਾਸ਼ਾ ਦੀ ਸਮੱਸਿਆ, ਕਾਨੂੰਨਾਂ ਦੀਆਂ ਪੇਚੀਦਗੀਆਂ, ਪੈਸੇ ਦੀ ਕਮੀ, ਵਿਦੇਸ਼ੀ ਧਰਤੀ ਅਤੇ ਭਾਰਤੀ ਸਫਾਰਤਖਾਨਿਆਂ ਦੇ ਗੈਰ-ਜ਼ਿੰਮੇਵਾਰਾਨਾ ਰਵੱਈਏ ਕਾਰਨ ਇਨ੍ਹਾਂ ਲੋਕਾਂ ਨੂੰ ਦੁਸ਼ਵਾਰੀਆਂ ਸਹਿਣ ਕਰਨੀਆਂ ਪੈ ਰਹੀਆਂ ਹਨ।

### ਮਾਂ ਤੇ ਦੋ ਧੀਆਂ ਵਲੋਂ ਖੁਦਕੁਸ਼ੀ

**ਬਠਿੰਡਾ:** ਇਕ ਮਾਂ ਵਲੋਂ ਆਪਣੀਆਂ ਦੋ ਧੀਆਂ ਸਣੇ ਨਹਿਰ ਵਿਚ ਡੁੱਬ ਕੇ ਖੁਦਕੁਸ਼ੀ ਕਰਨ ਦੀ ਖ਼ਬਰ ਹੈ। ਮੌਕੇ 'ਤੇ ਹਾਜ਼ਰ ਲੋਕ ਇਹ ਦੇਖ ਕੇ ਸੁੰਨ ਰਹਿ ਗਏ ਕਿ ਮਾਂ ਵਲੋਂ ਨਹਿਰ ਵਿਚ ਛਾਲ ਮਾਰਨ ਤੋਂ ਪਹਿਲਾਂ ਆਪਣੀਆਂ ਦੋਵੇਂ ਧੀਆਂ ਨੂੰ ਲੱਕ ਨਾਲ ਬੰਨ ਲਿਆ ਗਿਆ ਸੀ ਜਦੋਂ ਕਿ ਉਹ ਆਪਣੇ 9 ਸਾਲਾ ਇਕਲੌਤੇ ਪੁੱਤਰ ਨੂੰ ਘਰ ਵਿਚ ਸੁੱਤਾ ਛੱਡ ਆਈ ਸੀ। ਮ੍ਰਿਤਕਾਂ ਦੀ ਪਹਿਚਾਣ ਨਥਾਣਾ ਨੇੜਲੇ ਪਿੰਡ ਭੈਣੀ ਦੇ ਕਾਕਾ ਸਿੰਘ ਦੀ ਪਤਨੀ ਸਰਬਜੀਤ ਕੌਰ ਅਤੇ ਧੀਆਂ ਸੁਖਪਾਲ (11) ਤੇ ਰਾਜਵੀਰ (6) ਵਜੋਂ ਹੋਈ ਹੈ।

## ਨਿਊ ਯਾਰਕ ਵਿਚ ਜਥੇਦਾਰ ਗੁਰਬਚਨ ਸਿੰਘ ਦਾ ਵਿਰੋਧ

**ਨਿਊ ਯਾਰਕ:** ਨਿਊ ਯਾਰਕ ਵਿਖੇ ਪਹੁੰਚੇ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੂੰ ਸੰਗਤਾਂ ਦੇ ਵਿਰੋਧ ਦਾ ਸਾਹਮਣਾ ਕਰਨਾ ਪਿਆ। ਇਥੋਂ ਤੱਕ ਕਿ ਸੰਗਤਾਂ ਨੇ ਉਨ੍ਹਾਂ ਨੂੰ ਬੋਲਣ ਹੀ ਨਾ ਦਿਤਾ। ਪਿਛਲੇ ਦੋ ਤਿੰਨ ਹਫਤਿਆਂ ਤੋਂ ਨਿਊਯਾਰਕ ਦੇ ਪੰਜਾਬੀ ਅਖ਼ਬਾਰਾਂ ਵਿਚ ਪੰਜ ਤਖ਼ਤਾਂ ਦੇ ਜਥੇਦਾਰਾਂ ਦੀਆਂ ਫੋਟੋਆਂ ਵਾਲੇ ਇਸ਼ਤਿਹਾਰ ਛਪਦੇ ਰਹੇ ਹਨ ਕਿ ਉਹ 'ਸਿੱਖਜ਼ ਫਾਰ ਜਸਟਿਸ' ਦੇ ਸੱਦੇ 'ਤੇ ਇਥੇ ਪਹੁੰਚ ਰਹੇ



ਹਨ ਪਰ ਇਥੇ ਸਿਰਫ ਗਿਆਨੀ ਗੁਰਬਚਨ ਸਿੰਘ ਅਤੇ ਗਿਆਨੀ ਇਕਬਾਲ ਸਿੰਘ ਹੀ ਪੁੱਜੇ।

ਸਿੱਖ ਜਥੇਬੰਦੀਆਂ ਜਿਨ੍ਹਾਂ 'ਚ ਬਾਬਾ ਬੰਦਾ ਸਿੰਘ ਬਹਾਦਰ ਸੇਵਾ ਸੁਸਾਇਟੀ, ਇੰਟਰਨੈਸ਼ਨਲ ਅਖੰਡ ਕੀਰਤਨੀ ਜਥਾ, ਪੈਨਸਲਵੇਨੀਆ, ਨਿਊਜਰਸੀ ਅਤੇ ਕਨੈਕਟੀਕਟ ਦੀਆਂ ਸਿੱਖ ਜਥੇਬੰਦੀਆਂ ਸ਼ਾਮਲ ਸਨ, ਨੇ ਜਥੇਦਾਰਾਂ ਦੇ ਸਿੱਖ ਕਲਚਰਲ ਸੁਸਾਇਟੀ ਰਿਚਮੰਡ ਹਿੱਲ ਗੁਰੂ ਘਰ ਵਿਚ ਪਹੁੰਚਣ 'ਤੇ ਮੀਟਿੰਗ ਕਰਨੀ ਚਾਹੀ ਸੀ। ਕੁਝ ਜਥੇਬੰਦੀਆਂ ਨੇ ਪ੍ਰਬੰਧਕਾਂ ਨੂੰ ਇਹ ਵੀ ਕਿਹਾ ਸੀ ਕਿ ਜੇਕਰ ਸਿੱਖ ਜਥੇਬੰਦੀਆਂ ਦੀ ਜਥੇਦਾਰਾਂ ਨਾਲ ਪਹਿਲਾਂ ਗੱਲਬਾਤ ਨਾ ਕਰਵਾਈ ਤਾਂ ਪੰਡਾਲ ਵਿਚ ਪਹੁੰਚਣ 'ਤੇ ਸੰਗਤ ਵਿਚ ਖੜੇ ਹੋ ਕੇ ਜਥੇਦਾਰ ਨੂੰ ਕੁਝ ਸਵਾਲ ਪੁੱਛੇ ਜਾਣਗੇ।

ਅੱਠ ਕੁ ਵਜੇ ਗਿਆਨੀ ਗੁਰਬਚਨ ਸਿੰਘ ਅਤੇ ਗਿਆਨੀ ਇਕਬਾਲ ਸਿੰਘ ਗੁਰਦਵਾਰੇ 'ਚ ਪਹੁੰਚੇ, ਜਿਥੇ ਉਸ ਸਮੇਂ ਕੀਰਤਨ ਚਲ ਰਿਹਾ ਸੀ। ਉਨ੍ਹਾਂ ਨੇ ਕੁਝ ਦੇਰ ਬੈਠ ਕੇ ਕੀਰਤਨ ਸੁਣਿਆ। ਫਿਰ ਸੈਕਟਰੀ ਕੁਲਦੀਪ ਸਿੰਘ, ਪ੍ਰਧਾਨ ਬੇਪਾਰਾਏ ਅਤੇ ਹਰਬੰਸ ਸਿੰਘ ਢਿੱਲੋਂ ਨੇ ਗਿਆਨੀ ਗੁਰਬਚਨ ਸਿੰਘ ਨੂੰ ਸੰਗਤਾਂ ਨੂੰ ਸੰਬੋਧਨ ਕਰਨ ਲਈ ਕਿਹਾ। ਜਿਉਂ ਹੀ ਗਿਆਨੀ ਗੁਰਬਚਨ ਸਿੰਘ ਮਾਈਕ ਦੇ ਨੇੜੇ ਪਹੁੰਚੇ, ਸੰਗਤਾਂ ਨੇ ਬੈਠਿਆਂ ਹੀ ਅਤੇ ਕੁਝ ਨੇ ਖੜੇ ਹੋ ਕੇ ਉੱਚੀ ਉੱਚੀ ਸਿਮਰਨ ਕਰਨਾ ਸ਼ੁਰੂ ਕਰ ਦਿਤਾ। ਗਿਆਨੀ ਗੁਰਬਚਨ ਸਿੰਘ ਸੰਗਤਾਂ ਨੂੰ ਅਪੀਲ ਕਰਨ ਅਤੇ ਸਿੱਖ ਜਥੇਬੰਦੀਆਂ ਨਾਲ ਗੱਲ ਕਰਨ ਦੀ ਕੋਸ਼ਿਸ਼ ਕਰਦੇ ਰਹੇ ਪਰ ਉਥੇ ਵਿਰੋਧੀ ਜ਼ਿਆਦਾ ਗਿਣਤੀ ਵਿਚ ਸਨ। ਬਾਹਰ ਪੁਲਿਸ ਮੌਜੂਦ ਸੀ। ਜਿਵੇਂ ਹੀ ਬਾਹਰ ਰੌਲਾ ਸੁਣਿਆ, ਪੁਲਿਸ ਅਫ਼ਸਰ ਅੰਦਰ ਆ ਗਏ ਤੇ ਹਾਲਾਤ ਨੂੰ ਦੇਖਦਿਆਂ ਹੋਰ ਪੁਲਿਸ ਫੋਰਸ ਮੰਗਵਾ ਲਈ। ਪ੍ਰਬੰਧਕਾਂ ਨੇ ਸੰਗਤਾਂ ਨੂੰ ਵਾਰ ਵਾਰ ਬਿਠਾਉਣ ਦੀ ਕੋਸ਼ਿਸ਼ ਕੀਤੀ ਪਰ ਸੰਗਤਾਂ ਦੇ ਜੋਸ਼ ਅੱਗੇ ਉਨ੍ਹਾਂ ਦੀ ਕੋਈ ਪੇਸ਼ ਨਾ ਗਈ।

ਉਧਰ ਅੰਮ੍ਰਿਤਸਰ ਵਿਖੇ ਸ਼੍ਰੋਮਣੀ ਕਮੇਟੀ ਪ੍ਰਧਾਨ ਅਵਤਾਰ ਸਿੰਘ ਮੱਕੜ ਨੇ ਇਸ ਨੂੰ ਮੰਦਭਾਗੀ ਘਟਨਾ ਕਰਾਰ ਦਿੱਤਾ। ਉਨ੍ਹਾਂ ਕਿਹਾ ਕਿ ਇਹ ਘਟਨਾ ਬਹੁਤ ਹੀ ਦੁਖਦਾਈ ਹੈ। ਲੋਕਾਂ ਨੂੰ ਘੱਟੋ ਘੱਟ ਇਹ ਜ਼ਰੂਰ ਵਿਚਾਰ ਕਰਨਾ ਚਾਹੀਦਾ ਸੀ ਕਿ 'ਸਿੰਘ ਸਹਿਬਾਨ' ਪ੍ਰਤੀ ਕੀ ਵਤੀਰਾ ਅਪਨਾਉਣਾ ਹੈ?

ਇਸ ਘਟਨਾ ਨੇ ਸਾਬਤ ਕਰ ਦਿਤਾ ਹੈ ਕਿ ਉਨ੍ਹਾਂ ਲੋਕਾਂ ਦੇ ਮਨਾਂ ਵਿਚ ਗੁਰੂ ਘਰ ਦੇ ਵਜ਼ੀਰਾਂ ਪ੍ਰਤੀ ਕੋਈ ਸਤਿਕਾਰ ਨਹੀਂ। ਮੁੱਠੀ ਭਰ ਲੋਕਾਂ ਨੇ ਜਿਵੇਂ ਅਕਾਲ ਤਖ਼ਤ ਦੇ 'ਜਥੇਦਾਰ' ਦੇ ਸਨਮਾਨ ਨੂੰ ਠੇਸ ਲਾਈ ਹੈ, ਉਹ ਬਹੁਤ ਹੀ ਮੰਦਭਾਗਾ ਹੈ। ਅਜਿਹਾ ਕਰਨ ਵਾਲਿਆਂ ਧਿਰਾਂ ਨੂੰ ਸੋਚਣਾ ਚਾਹੀਦਾ ਹੈ ਕਿ ਜੇ ਇਕ ਗੁਰਦਵਾਰੇ 'ਤੇ ਉਨ੍ਹਾਂ ਦਾ ਕਬਜ਼ਾ ਹੈ ਤਾਂ ਬਾਕੀ ਗੁਰਦਵਾਰੇ ਪੰਥ ਦੇ ਕਬਜ਼ੇ ਹੇਠ ਹਨ।

## ਅਜੀਤ ਸਿੰਘ ਸੰਧੂ ਦੇ ਜਿਊਂਦੇ ਹੋਣ ਦੇ ਸ਼ੁੰਕੇ ਫਿਰ ਹਵਾ 'ਚ

**ਅੰਮ੍ਰਿਤਸਰ:** ਮਾਝਾ ਐਕਸ ਸਰਵਿਸਮੈਨ ਹਿਊਮਨ ਰਾਈਟਸ ਫਰੰਟ ਨੇ ਦਾਅਵਾ ਕੀਤਾ ਹੈ ਕਿ ਖੁਦਕੁਸ਼ੀ ਕਰ ਗਏ ਸਮਝੇ ਜਾਂਦੇ ਸਾਬਕਾ ਐਸ.ਐਸ.ਪੀ. ਅਜੀਤ ਸਿੰਘ ਸੰਧੂ ਜ਼ਿੰਦਾ ਹਨ ਅਤੇ ਇਸ ਵੇਲੇ ਅਮਰੀਕਾ ਵਿਚ ਰੂਪੋਸ਼ ਹੋ ਕੇ ਜੀਵਨ ਬਤੀਤ ਕਰ ਰਹੇ ਹਨ। ਇਸਦੇ ਨਾਲ ਹੀ ਇਕ ਸਾਬਕਾ ਪੁਲਿਸ ਕਰਮਚਾਰੀ ਨੇ ਖੁਲਾਸਾ ਕੀਤਾ ਹੈ ਕਿ ਕਿਵੇਂ ਉਸ ਉਪਰ ਨਿਰਦੋਸ਼ ਨੌਜਵਾਨਾਂ ਨੂੰ ਮਾਰਨ ਵਾਸਤੇ ਝੂਠੇ ਪੁਲਿਸ ਮੁਕਾਬਲੇ ਬਣਾਉਣ ਲਈ ਦਬਾਅ ਪਾਇਆ ਗਿਆ ਸੀ।

ਫਰੰਟ ਦੇ ਚੇਅਰਮੈਨ ਕਰਨਲ ਜੀ.ਐਸ. ਸੰਧੂ (ਸੇਵਾਮੁਕਤ) ਨੇ ਬੀਤੀ 26 ਅਗਸਤ ਨੂੰ ਇਥੇ ਸਾਬਕਾ ਫੌਜੀ ਅਧਿਕਾਰੀ ਕੈਪਟਨ ਦਾਰਾ ਸਿੰਘ ਨੂੰ ਮੀਡੀਆ ਦੇ ਰੂਬਰੂ ਕਰਦਿਆਂ ਦੋਸ਼ ਲਾਇਆ ਕਿ 1991 ਵਿਚ ਫ਼ੌਜ ਦੀ ਨੌਕਰੀ ਤੋਂ ਸੇਵਾ ਮੁਕਤ ਹੋ ਕੇ ਆਏ ਕੈਪਟਨ ਦਾਰਾ ਸਿੰਘ ਨੂੰ 1992 ਵਿਚ ਪੰਜਾਬ ਪੁਲੀਸ ਵਿਚ ਬਤੌਰ ਏ.ਐਸ.ਆਈ. ਭਰਤੀ ਕੀਤਾ ਗਿਆ ਸੀ ਅਤੇ ਉਸ ਉਪਰ ਦਬਾਅ ਪਾਇਆ ਗਿਆ ਕਿ ਉਹ ਹਰ ਹਫਤੇ 6 ਤੋਂ 7 ਨੌਜਵਾਨਾਂ ਨੂੰ ਪੁਲੀਸ ਮੁਕਾਬਲੇ ਦਿਖਾ ਕੇ ਮਾਰੇ ਪਰ ਉਸ ਦੇ ਇਨਕਾਰ ਕੀਤੇ ਜਾਣ 'ਤੇ ਉਸਨੂੰ ਮਾਰਨ ਦੀ ਧਮਕੀ ਵੀ ਦਿੱਤੀ ਗਈ, ਜਿਸਦੇ ਸਿੱਟੇ ਵਜੋਂ ਉਸ ਨੇ ਨੌਕਰੀ ਛੱਡ ਦਿੱਤੀ ਅਤੇ ਲੰਮਾ ਸਮਾਂ ਰੂਪੋਸ਼ ਰਿਹਾ।

ਦੱਸਣਯੋਗ ਹੈ ਕਿ ਇਸ ਤੋਂ ਪਹਿਲਾਂ ਕਰਨਲ ਸੰਧੂ ਵਲੋਂ ਖਾੜਕੂਆਂ ਦੇ ਨਾਂ 'ਤੇ ਸਿੱਧੇ-ਸਾਦੇ ਨੌਜਵਾਨਾਂ ਨੂੰ ਝੂਠੇ ਪੁਲੀਸ ਮੁਕਾਬਲਿਆਂ ਵਿਚ ਮਾਰਨ ਦੇ ਦੋ ਕੇਸ ਜੱਗ ਜ਼ਾਹਿਰ ਕੀਤੇ ਗਏ ਸਨ। ਇਨ੍ਹਾਂ ਮਾਰਿਆ ਦਿਖਾਇਆ ਗਿਆ ਸੀ ਉਹ ਦੋਵੇਂ ਹੀ ਜਿੰਦਾ ਹਨ ਪਰ ਉਨ੍ਹਾਂ ਦੇ ਨਾਂ 'ਤੇ ਦੋ ਮਾਸੂਮ ਨੌਜਵਾਨ ਮਾਰ ਦਿੱਤੇ ਗਏ ਅਤੇ ਖਾੜਕੂਆਂ ਦੇ ਸਿਰ 'ਤੇ ਰੱਖੇ ਗਏ ਇਨਾਮ ਦੀ ਰਾਸ਼ੀ ਪੁਲਿਸ ਅਧਿਕਾਰੀ ਲੈ ਗਏ, ਜਦੋਂਕਿ ਇਹ ਪੀੜਤ ਪਰਿਵਾਰ ਅੱਜ ਵੀ ਦਰ-ਦਰ ਦੀਆਂ ਠੋਕਰਾਂ ਖਾਣ ਲਈ ਮਜਬੂਰ ਹਨ। ਪਿੰਡ ਪੰਜਵੜ ਦੇ ਵਾਸੀ ਕੈਪਟਨ ਦਾਰਾ ਸਿੰਘ ਨੇ ਦੱਸਿਆ ਕਿ 1991 ਵਿਚ ਸੇਵਾਮੁਕਤ ਹੋਣ ਤੋਂ ਬਾਅਦ ਉਹ ਆਪਣੇ ਘਰ ਆ ਗਿਆ ਸੀ ਅਤੇ ਉਸ ਵੇਲੇ ਖਾੜਕੂਆਂ ਨੇ ਉਨ੍ਹਾਂ ਦੇ ਪਰਿਵਾਰ ਦੇ 6 ਜੀਅ ਮਾਰ ਦਿੱਤੇ। ਉਸ ਵੇਲੇ ਖਾੜਕੂਆਂ ਵਲੋਂ ਪੁਲਿਸ ਵਿਚ ਨੌਕਰੀ ਕਰਦੇ ਉਸਦੇ ਭਰਾ ਦੇ ਮੁੰਡੇ ਰਸ਼ਬੀਰ ਸਿੰਘ ਕਾਲਾ ਪੰਜਵੜ ਨੂੰ ਅਗਵਾ ਕਰਕੇ ਪੁਲਿਸ ਅਸਲਾ ਦੇਣ ਦੀ ਮੰਗ ਕੀਤੀ ਸੀ। ਜੋ ਨਾ ਦਿੱਤੇ ਜਾਣ ਕਾਰਨ ਪਰਿਵਾਰ ਦੇ ਛੇ ਜੀਅ ਮਾਰ ਦਿੱਤੇ ਗਏ। ਉਸ ਵੇਲੇ ਅਕਤੂਬਰ 1992 ਵਿਚ ਦਾਰਾ ਸਿੰਘ ਨੂੰ ਪੁਲੀਸ ਵਿਚ ਬਤੌਰ ਏ.ਐਸ.ਆਈ. ਭਰਤੀ ਕਰਕੇ ਪਿੰਡ ਪੰਜਵੜ ਸਥਿਤ ਉਘੇ ਖਾੜਕੂ ਪਰਮਜੀਤ ਸਿੰਘ ਪੰਜਵੜ ਦੇ ਘਰ ਵਿਚ ਪੁਲਿਸ ਚੌਕੀ ਸਥਾਪਿਤ ਕੀਤੀ ਗਈ। ਸ੍ਰੀ ਦਾਰਾ ਸਿੰਘ ਨੇ ਦੱਸਿਆ ਕਿ ਉਸ ਉਪਰ ਦਬਾਅ ਪਾਇਆ ਗਿਆ ਸੀ ਕਿ ਉਹ ਨੌਜਵਾਨਾਂ ਨੂੰ ਪੁਲਿਸ ਮੁਕਾਬਲੇ ਬਣਾ ਕੇ ਮਾਰੇ। ਪਰ ਉਸ ਵਲੋਂ ਅਜਿਹਾ ਨਾ ਕੀਤੇ ਜਾਣ ਕਾਰਨ ਇਕ ਵਾਰ ਉਸ ਉਪਰ ਉਸ ਵੇਲੇ ਦੇ ਜ਼ਿਲ੍ਹਾ ਪੁਲਿਸ ਮੁਖੀ ਨੇ ਰਿਵਾਲਵਰ ਤਾਣ ਕੇ ਜਾਨੋਂ ਮਾਰਨ ਦੀ ਧਮਕੀ ਵੀ ਦਿੱਤੀ। ਇਸ ਉਪਰੰਤ ਉਹ ਰੂਪੋਸ਼ ਹੋ ਗਿਆ ਅਤੇ 1993 ਵਿਚ ਗ਼ੈਰਹਾਜ਼ਰ ਰਹਿਣ ਦੇ ਦੋਸ਼ ਹੇਠ ਨੌਕਰੀ ਤੋਂ ਫਾਰਗ ਕਰ ਦਿੱਤਾ ਗਿਆ।

ਇਸ ਦੌਰਾਨ ਕਰਨਲ ਸੰਧੂ ਨੇ ਦਾਅਵਾ ਕੀਤਾ ਕਿ ਤਰਨਤਾਰਨ ਪੁਲਿਸ ਜ਼ਿਲ੍ਹੇ ਦੇ ਸਾਬਕਾ ਪੁਲਿਸ ਮੁਖੀ ਅਜੀਤ ਸਿੰਘ ਸੰਧੂ, ਜਿਸ ਨੇ ਕਥਿਤ ਖੁਦਕੁਸ਼ੀ ਕਰ ਲਈ ਸੀ, ਇਸ ਵੇਲੇ ਜ਼ਿੰਦਾ ਹੈ। ਉਨ੍ਹਾਂ ਕਿਹਾ ਕਿ ਉਸ ਵੇਲੇ ਸ੍ਰੀ ਸੰਧੂ ਦਾ ਕੋਈ ਡੀ.ਐਨ.ਏ. ਨਹੀਂ ਕਰਵਾਇਆ ਗਿਆ ਸੀ। ਮ੍ਰਿਤਕ ਦੇਹ ਦੀ ਸ਼ਨਾਖਤ ਸਿਰਫ਼ ਕੁਝ ਪੁਲਿਸ ਵਾਲਿਆਂ ਵਲੋਂ ਹੀ ਕੀਤੀ ਗਈ ਸੀ। ਉਨ੍ਹਾਂ ਦੋਸ਼ ਲਾਇਆ ਕਿ ਇਕ ਸਾਜਸ਼ ਅਧੀਨ ਸ੍ਰੀ ਸੰਧੂ ਨੂੰ ਵਿਦੇਸ਼ ਭੇਜ ਦਿੱਤਾ ਗਿਆ। ਉਨ੍ਹਾਂ ਦਾਅਵਾ ਕੀਤਾ ਕਿ ਸ੍ਰੀ ਸੰਧੂ ਦੇ ਹੁਲੀਏ ਵਰਗੇ ਬੰਦੇ ਨੂੰ ਪਹਿਲਾਂ ਕੈਨੇਡਾ ਦੇ ਸੂਬੇ ਨੋਵਾਸਕਾਉਟੀਆ ਦੇ ਸ਼ਹਿਰ ਹੈਲੀਫੈਕਸ ਵਿਖੇ ਦੇਖਿਆ ਗਿਆ ਸੀ। ਇਸ ਸ਼ਹਿਰ ਵਿਚ ਪੰਜਾਬੀਆਂ ਦੇ 20-25 ਪਰਿਵਾਰ ਹਨ ਅਤੇ ਵਧੇਰੇ ਗੈਰ ਕੇਸਧਾਰੀ ਹਨ। ਉਨ੍ਹਾਂ ਦੱਸਿਆ ਕਿ ਹੁਣ ਇਸ ਵਿਅਕਤੀ ਨੂੰ ਯੂ.ਐਸ.ਏ. ਦੇ ਮਿਜ਼ੋਰੀ ਸੂਬੇ ਵਿਚ ਦੇਖਿਆ ਗਿਆ ਹੈ।

**Punjab Times**
**Established in 2000**
**11th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**

**Editor:**
Amolak Singh Jammu
**Astt. Editor:**
Jaspreet Kaur
Kuljeet Singh

**Graphics:**
Mandeep Singh

**Our Columnists**
Ashok Bhaura
Tarlochan Singh Dupalpur
Baljit Basi
Prof. Kulwant S. Romana

**California Bureau:**
Mandeep Mann
661-889-1927
Shiara Dhindsa
Photographer
661-703-6664

**New York**
Iqbal S. Jabowalia
917-375-6395
**Circulation**
Harbhajan Singh
917-856-5229

**Jalandhar Bureau:**
Jasvir Singh Sheeri
181-325-1889
181-279-1422

**Distributed in:**
California, Illinois, Indiana, Michigan, Wisconsin, Ohio, Iowa, Missisipi, Arkansas, Texas, Nevada, Virginia, Oregon, Arizona, Georgia, Florida, Massachusettes, Washington, Kansas, Minnesota, New York

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 80 ਡਾਲਰ,**
**ਪੰਜ ਸਾਲ ਲਈ: 375 ਡਾਲਰ**

ਨੋਟ: ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ।

**Disclaimer**
The views expressed in the articles published in the columns of Punjab Times are that of their writers, and it is not implied that Punjab Times endorses them.
Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਮੀਰਵਾਇਜ਼ ਵਲੋਂ ਸਿੱਖ-ਮੁਸਲਿਮ ਤਾਲਮੇਲ ਕਮੇਟੀ ਦਾ ਐਲਾਨ

**ਕੰਵਰਜੀਤ ਸਿੰਘ**

**ਅੰਮ੍ਰਿਤਸਰ:** ਕਸ਼ਮੀਰੀ ਸਿੱਖਾਂ ਨੂੰ ਕਸ਼ਮੀਰ ਛੱਡਣ ਜਾਂ ਇਸਲਾਮ ਕਬੂਲਣ ਦੀਆਂ ਮਿਲ ਰਹੀਆਂ ਧਮਕੀਆਂ ਦਾ ਵਿਆਪਕ ਪ੍ਰਤੀਕਰਮ ਆਉਣ ਤੋਂ ਬਾਅਦ ਇਹ ਮਾਮਲਾ ਇਕ ਵਾਰ ਠੰਡਾ ਪੈ ਗਿਆ ਹੈ। ਇਸ ਮਾਮਲੇ ਸਬੰਧੀ ਜਿਥੇ ਕਸ਼ਮੀਰ ਦੀਆਂ ਗਰਮ ਖਿਆਲੀ ਧਿਰਾਂ ਦੀ ਪੂਰੇ ਵਿਸ਼ਵ ਵਿਚ ਸਖਤ ਆਲੋਚਨਾ ਹੋਈ, ਉਥੇ ਕੁਝ ਸਿੱਖ ਧਿਰਾਂ ਜਿਵੇਂ ਅਕਾਲੀ ਦਲ ਮਾਨ, ਦਲ ਖਾਲਸਾ ਆਦਿ ਨੇ ਇਸ ਮੁਦੇ ਵਿਚ ਸ਼ੱਕ ਦੀ ਸੂਈ ਸਰਕਾਰੀ ਏਜੰਸੀਆਂ ਵੱਲ ਵੀ ਘੁਮਾਈ ਸੀ। ਇਸ ਦੌਰਾਨ ਪਿਛਲੇ ਦਿਨੀਂ ਕਸ਼ਮੀਰ ਵਾਦੀ ਵਿਚ ਸਿੱਖਾਂ ਨੂੰ ਮਿਲੀਆਂ ਧਮਕੀਆਂ ਕਾਰਨ ਪੈਦਾ ਹੋਈ ਸਥਿਤੀ ਨਾਲ ਨਜਿਠਣ ਲਈ ਨਰਮ ਖਿਆਲੀ ਹੁਰੀਅਤ ਕਾਨਫਰੰਸ ਦੇ ਨੇਤਾ ਤੇ ਧਾਰਮਿਕ ਮੁਖੀ ਮੀਰਵਾਇਜ਼ ਉਮਰ ਫਾਰੂਕ ਨੇ ਸਿੱਖ ਅਤੇ ਮੁਸਲਿਮ ਭਾਈਚਾਰੇ ਦੀਆਂ ਆਪਸੀ ਤਾਲਮੇਲ ਕਮੇਟੀਆਂ ਬਣਾਉਣ ਦਾ ਐਲਾਨ ਕੀਤਾ ਹੈ। ਇਹ ਐਲਾਨ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਦੇ ਇਸ ਮਾਮਲੇ ਵਿਚ ਕਸ਼ਮੀਰ ਵਾਦੀ ਦਾ ਦੌਰਾ ਕਰਕੇ ਪਰਤਣ ਤੋਂ ਬਾਅਦ ਹੋਇਆ ਹੈ। ਜਥੇਦਾਰ ਮੱਕੜ ਨੇ ਉਥੇ ਸੂਬੇ ਦੇ ਮੁੱਖ ਮੰਤਰੀ ਸਮੇਤ ਮੀਰਵਾਇਜ਼ ਉਮਰ ਫਾਰੂਕ, ਸੱਯਦ ਅਲੀ ਸ਼ਾਹ ਗਿਲਾਨੀ ਤੇ ਹੋਰਨਾਂ ਨਾਲ ਮੁਲਾਕਾਤ ਕਰਕੇ ਇਸ ਮਸਲੇ ਨੂੰ ਉਠਾਇਆ ਸੀ। ਇਸ ਤੋਂ ਇਲਾਵਾ ਸ਼੍ਰੋਮਣੀ ਅਕਾਲੀ ਦਲ-

## ਕਸ਼ਮੀਰੀ ਸਿੱਖਾਂ ਨੂੰ ਧਮਕੀਆਂ ਦਾ ਮਾਮਲਾ

ਭਾਰਤੀ ਜਨਤਾ ਪਾਰਟੀ ਦੇ ਪੰਜਾਬ ਤੋਂ ਸੰਸਦ ਮੈਂਬਰਾਂ ਦੇ ਇਕ ਵਫ਼ਦ ਨੇ ਰਾਸ਼ਟਰਪਤੀ ਪ੍ਰਤਿਭਾ ਪਾਟਿਲ ਨਾਲ ਮੁਲਾਕਾਤ ਕਰਕੇ ਉਥੇ ਰਹਿੰਦੇ ਸਿੱਖ ਭਾਈਚਾਰੇ ਦੇ ਲੋਕਾਂ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਉਨ੍ਹਾਂ ਨੂੰ ਨਿੱਜੀ ਤੌਰ 'ਤੇ ਦਖ਼ਲ ਦੇਣ ਦੀ ਅਪੀਲ ਵੀ ਕੀਤੀ ਸੀ।

ਜਥੇਦਾਰ ਮੱਕੜ ਨੇ ਬੀਤੀ 28 ਅਗਸਤ ਨੂੰ ਦੱਸਿਆ ਕਿ ਸ੍ਰੀਨਗਰ ਵਿਚ ਜੁੰਮੇ ਦੀ ਨਮਾਜ਼ ਮਗਰੋਂ ਸਿੱਖ ਭਾਈਚਾਰੇ ਨੂੰ ਮਿਲ ਰਹੀਆਂ ਧਮਕੀਆਂ ਸਬੰਧੀ ਨਿੰਦਾ ਦਾ ਮਤਾ ਪਾਸ ਕੀਤਾ ਗਿਆ। ਮੀਰਵਾਇਜ਼ ਨੇ ਕਸ਼ਮੀਰ ਦੇ ਸਮੂਹ ਮੌਲਵੀਆਂ ਨੂੰ ਆਦੇਸ਼ ਦਿੱਤੇ ਹਨ ਕਿ ਕਸ਼ਮੀਰ 'ਚ ਪੈਦਾ ਹੋਏ ਚਿੰਤਾਜਨਕ ਹਾਲਾਤ ਦੇ ਮੱਦੇਨਜ਼ਰ ਸਿੱਖ ਭਾਈਚਾਰੇ ਨਾਲ ਆਪਸੀ ਸਦਭਾਵਨਾ ਬਣਾ ਕੇ ਰੱਖੀ ਜਾਵੇ। ਇਹ ਕਮੇਟੀਆਂ ਜ਼ਿਲ੍ਹਾ ਪੱਧਰ 'ਤੇ ਬਣਾਈਆਂ ਜਾਣਗੀਆਂ, ਜਿਸ ਵਿਚ ਦੋਵਾਂ ਭਾਈਚਾਰਿਆਂ ਦੇ ਨੁਮਾਇੰਦੇ ਸ਼ਾਮਲ ਹੋਣਗੇ। ਦੱਸਣਯੋਗ ਹੈ ਕਿ ਜਥੇਦਾਰ ਮੱਕੜ ਨੇ ਕਸ਼ਮੀਰ ਦੌਰੇ ਦੌਰਾਨ ਮੀਰਵਾਇਜ਼ ਉਮਰ ਫਾਰੂਕ ਨਾਲ ਗੱਲਬਾਤ ਕਰਕੇ ਸੁਝਾਅ ਦਿੱਤਾ ਸੀ ਕਿ ਸਿੱਖ ਭਾਈਚਾਰੇ 'ਚ ਵਿਸ਼ਵਾਸ ਬਹਾਲ ਕਰਨ ਲਈ ਉਥੇ ਸਾਂਝੀਆਂ ਤਾਲਮੇਲ ਕਮੇਟੀਆਂ ਬਣਾਈਆਂ ਜਾਣ।

ਸਿਖ ਭਾਈਚਾਰੇ ਨੂੰ ਧਮਕੀਆਂ ਦੇ ਮੱਦੇਨਜ਼ਰ ਸ਼੍ਰੋਮਣੀ ਅਕਾਲੀ ਦਲ-ਭਾਰਤੀ ਜਨਤਾ ਪਾਰਟੀ ਦੇ ਪੰਜਾਬ ਤੋਂ ਸੰਸਦ ਮੈਂਬਰਾਂ ਦੇ ਇਕ ਵਫ਼ਦ ਨੇ ਰਾਸ਼ਟਰਪਤੀ ਪ੍ਰਤਿਭਾ ਪਾਟਿਲ ਨਾਲ ਮੁਲਾਕਾਤ ਕਰਕੇ ਉਥੇ ਰਹਿੰਦੇ ਸਿੱਖ ਭਾਈਚਾਰੇ ਦੇ ਲੋਕਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਉਨ੍ਹਾਂ ਨੂੰ ਨਿੱਜੀ ਤੌਰ 'ਤੇ ਦਖ਼ਲ ਦੇਣ ਦੀ ਅਪੀਲ ਕੀਤੀ। ਵਫ਼ਦ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਤੋਂ ਇਲਾਵਾ ਸੁਖਦੇਵ ਸਿੰਘ ਢੀਂਡਸਾ, ਰਤਨ ਸਿੰਘ ਅਜਨਾਲਾ, ਪਰਮਜੀਤ ਕੌਰ ਗੁਲਸ਼ਨ, ਹਰਸਿਮਰਤ ਕੌਰ ਬਾਦਲ, ਸ਼ੇਰ ਸਿੰਘ ਘੁਬਾਇਆ, ਨਵਜੋਤ ਸਿੰਘ ਸਿੱਧੂ, ਅਵਿਨਾਸ਼ ਰਾਏ ਖੰਨਾ ਤੇ ਨਰੇਸ਼ ਗੁਜਰਾਲ ਸ਼ਾਮਿਲ ਸਨ।

ਰਾਸ਼ਟਰਪਤੀ ਨਾਲ ਮੁਲਾਕਾਤ ਮਗਰੋਂ ਸ. ਬਾਦਲ ਨੇ ਕਿਹਾ ਕਿ ਵਫ਼ਦ ਨੇ ਰਾਸ਼ਟਰਪਤੀ ਨੂੰ ਇਕ ਯਾਦ ਪੱਤਰ ਦੇ ਕੇ ਜੰਮੂ ਅਤੇ ਕਸ਼ਮੀਰ ਵਿਚ ਕੁਝ ਜਥੇਬੰਦੀਆਂ ਵਲੋਂ ਦਿੱਤੀਆਂ ਜਾ ਰਹੀਆਂ ਧਮਕੀਆਂ ਕਾਰਨ ਬਹਾਦਰ ਅਤੇ ਦੇਸ਼ ਭਗਤ ਸਿੱਖ ਭਾਈਚਾਰੇ ਦੇ ਮੈਂਬਰਾਂ ਵਿਚ ਪੈਦਾ ਹੋਏ ਗੁੱਸੇ ਤੇ ਚਿੰਤਾ ਦੀ ਭਾਵਨਾ ਵਲ ਉਨ੍ਹਾਂ ਦਾ ਧਿਆਨ ਦਿਵਾਇਆ। ਉਨ੍ਹਾਂ ਦੱਸਿਆ ਕਿ ਵਫ਼ਦ ਨੇ ਜੰਮੂ ਅਤੇ ਕਸ਼ਮੀਰ ਵਿਚ ਸਿੱਖਾਂ ਨੂੰ ਇਸਲਾਮ ਧਾਰਨ ਕਰਨ ਜਾਂ ਫਿਰ ਰਾਜ ਛੱਡਣ ਦੀਆਂ ਦਿੱਤੀਆਂ ਜਾ ਰਹੀਆਂ ਧਮਕੀਆਂ ਦਾ ਵੀ ਰਾਸ਼ਟਰਪਤੀ ਕੋਲ ਜ਼ਿਕਰ ਕੀਤਾ ਹੈ।

# ਅਕਾਲੀ ਦਲ-ਪੰਜਾਬ ਭਾਜਪਾ ਖਿੱਚੋਤਾਣ ਜਾਰੀ

ਗਠਜੋੜ ਦਾ ਧਰਮ ਨਿਭਾਉਣ ਦੇ ਨਾਂ ਉਤੇ ਪਾਰਟੀ ਨੇਤਾਵਾਂ ਨੂੰ ਚੁੱਪ ਕਰਵਾ ਕੇ ਭਾਈਵਾਲੀ ਨੂੰ ਕਾਇਮ ਰੱਖਿਆ ਹੈ। ਜ਼ਿਕਰਯੋਗ ਹੈ ਕਿ ਪੰਜਾਬ ਵਿਚ ਉਪ ਮੁੱਖ ਮੰਤਰੀ ਬਣਾਉਣ, ਸਥਾਨਕ ਸੰਸਥਾਵਾਂ ਦੀਆਂ ਚੋਣਾਂ ਅਤੇ ਇਕ ਅਕਾਲੀ ਵਿਧਾਇਕ ਵਲੋਂ ਭਾਜਪਾ ਮੰਤਰੀ ਨਾਲ ਬਦਸਲੂਕੀ ਵਰਗੇ ਮਾਮਲਿਆਂ 'ਤੇ ਪੰਜਾਬ ਦੇ ਨੇਤਾਵਾਂ ਨੂੰ ਪਾਰਟੀ ਹਾਈ ਕਮਾਨ ਨੇ ਮੂਕ ਦਰਸ਼ਕ ਬਣੇ ਰਹਿਣ ਦੀ ਗੋਲੀ ਦੇ ਕੇ ਥੰਮੀ ਰੱਖਿਆ। ਹੁਣ ਇਕ ਵਾਰ ਫੇਰ ਭਾਜਪਾ ਲੀਡਰਸ਼ਿਪ ਨੂੰ ਸ਼ਹਿਰੀ ਹਲਕਿਆਂ ਲਈ ਫੰਡਾਂ ਦੇ ਵਿਤਕਰੇ ਅਤੇ ਸਰਕਾਰ ਵਲੋਂ ਹੱਥ ਘੁੱਟਣ ਦੇ ਮੁੱਦੇ ਨੇ ਗੁੱਸੇ ਕਰ ਦਿੱਤਾ ਹੈ। ਉਹ ਬਗਾਵਤੀ ਸੁਰ ਅਪਨਾਉਂਦੇ ਨਜ਼ਰ ਆ ਰਹੇ ਹਨ। ਯਸ਼ਵੰਤ ਸਿਨਹਾ ਵਲੋਂ ਗਠਜੋੜ 'ਚ ਅਜਿਹੇ ਮੁੱਦਿਆਂ ਦੇ ਉਭਰਨ ਨੂੰ ਆਮ ਗੱਲ ਆਖਣਾ ਭਾਵੇਂ ਕੇਂਦਰੀ ਲੀਡਰਸ਼ਿਪ ਦੀ ਮਜਬੂਰੀ ਹੋ ਸਕਦੀ ਹੈ ਪਰ ਪੰਜਾਬ ਦੇ ਨੇਤਾਵਾਂ ਲਈ ਇਹ ਵੱਕਾਰ ਦਾ ਸਵਾਲ ਹੈ।

ਪਿਛਲੇ ਕਈ ਦਿਨਾਂ ਤੋਂ ਸੱਤਾਧਾਰੀ ਧਿਰ ਵਿਚ ਇਹ ਮਾਮਲਾ ਭਖਿਆ ਹੈ ਕਿ ਸ਼ਹਿਰਾਂ ਦੇ ਵਿਕਾਸ ਲਈ ਦਿੱਤਾ ਜਾਣ ਵਾਲਾ ਪੈਸਾ ਭਾਜਪਾ ਦੀ ਅਗਵਾਈ ਵਾਲੇ ਹਲਕਿਆਂ ਨੂੰ ਨਹੀਂ ਦਿੱਤਾ ਗਿਆ। ਇਸ ਦੇ ਚਲਦਿਆਂ ਸਰਕਾਰ ਦੀ ਭਾਈਵਾਲ ਭਾਜਪਾ ਦੇ ਦੋ ਸੀਨੀਅਰ ਮੰਤਰੀਆਂ ਨੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਕਾਰਜ ਸ਼ੈਲੀ ਨੂੰ ਵਿਤਕਰੇਪੂਰਨ ਦੱਸਦਿਆਂ ਸਰਕਾਰ ਦੇ ਫੈਸਲਿਆਂ 'ਤੇ ਨਾਖੁਸ਼ੀ ਪ੍ਰਗਟਾਈ। ਭਾਜਪਾ ਧੜੇ ਦੇ ਸਥਾਨਕ ਸਰਕਾਰਾਂ ਬਾਰੇ ਮੰਤਰੀ ਮਨੋਰੰਜਨ ਕਾਲੀਆ ਨੇ ਕਿਹਾ ਕਿ ਸ਼ਹਿਰੀ ਵਿਕਾਸ ਲਈ ਫੰਡ ਦੇਣ ਦੇ ਮਾਮਲੇ 'ਚ ਭਾਜਪਾ ਨਾਲ ਵਿਤਕਰਾ ਹੋ ਰਿਹਾ ਹੈ। ਉਨ੍ਹਾਂ ਦਾ ਮੰਨਣਾ ਹੈ ਕਿ ਪੰਜਾਬ ਬੁਨਿਆਦੀ ਢਾਂਚਾ ਵਿਕਾਸ ਬੋਰਡ (ਪੀ.ਆਈ.ਡੀ.ਬੀ.) ਰਾਹੀਂ ਸਿਰਫ ਉਨ੍ਹਾਂ ਸ਼ਹਿਰਾਂ ਵਿਚ ਪੈਸਾ ਲਾਇਆ ਜਾ ਰਿਹਾ ਹੈ ਜਿਥੇ ਭਾਜਪਾ ਦਾ ਘੱਟ ਅਤੇ ਅਕਾਲੀ ਦਲ ਦਾ ਵੱਧ ਵੋਟ ਬੈਂਕ ਹੈ। ਇਸ ਤੋਂ ਇਲਾਵਾ ਵੈਟ 'ਤੇ ਦਸ ਫੀਸਦੀ ਸਰਚਾਰਜ ਲਾ ਕੇ ਇਹ ਰਾਸ਼ੀ ਸਥਾਨਕ ਸਰਕਾਰ ਵਿਭਾਗ ਨੂੰ ਦੇਣ ਦੀ ਬਜਾਏ ਇਸ ਦੀ ਵਰਤੋਂ ਹੋਰ ਥਾਵਾਂ 'ਤੇ ਸਿੱਧੇ ਤੌਰ ਤੇ ਕੀਤੀ ਜਾ ਰਹੀ ਹੈ। ਜ਼ਿਕਰਯੋਗ ਹੈ ਕਿ ਸ੍ਰੀ ਕਾਲੀਆ ਨੂੰ ਬਠਿੰਡਾ ਅਤੇ ਲੁਧਿਆਣਾ 'ਚ 733 ਕਰੋੜ ਰੁਪਏ ਖਰਚ ਕਰਨ 'ਤੇ ਇਤਰਾਜ਼ ਹੈ ਕਿਉਂਕਿ ਇਹ ਪੈਸਾ ਉਨ੍ਹਾਂ ਦੇ ਵਿਭਾਗ ਰਾਹੀਂ ਨਾ ਹੋ ਕੇ ਸਿੱਧਾ ਖਰਚ ਕੀਤਾ ਜਾ ਰਿਹਾ ਹੈ। ਇਸ ਤੋਂ ਇਲਾਵਾ ਸਿਹਤ ਮੰਤਰੀ ਲਕਸ਼ਮੀ ਕਾਂਤਾ ਚਾਵਲਾ ਵੀ ਖਾਲਿਸਤਾਨ ਪੱਖੀ ਆਗੂ ਸ. ਗੁਰਦੀਪ ਸਿੰਘ ਨੂੰ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦਾ ਉਪ ਚੇਅਰਮੈਨ ਬਣਾਏ ਜਾਣ ਤੋਂ ਨਾਖੁਸ਼ ਦੱਸੀ ਜਾ ਰਹੀ ਹੈ।

ਜ਼ਿਕਰਯੋਗ ਹੈ ਕਿ ਸ਼੍ਰੋਮਣੀ ਅਕਾਲੀ ਦਲ ਦੁਆਰਾ ਫੰਡਾਂ ਵਿਚ ਕੀਤੀ ਜਾਂਦੀ ਕਾਣੀ ਵੰਡ ਦੇ ਖਿਲਾਫ ਭਾਜਪਾ ਨੇ ਲੰਘੇ ਜੂਨ ਮਹੀਨੇ ਜਲੰਧਰ ਸੂਬਾ ਪੱਧਰੀ ਸੰਮੇਲਨ ਵਿਚ ਵੀ ਜ਼ੋਰਦਾਰ ਢੰਗ ਨਾਲ ਆਵਾਜ਼ ਉਠਾਈ ਸੀ। ਇਥੋਂ ਤੱਕ ਕਿ ਫੰਡਾਂ ਦਾ ਇਹ ਵਿਤਕਰਾ ਨਾ ਰੁਕਣ ਦੀ ਸੂਰਤ ਵਿਚ ਭਾਜਪਾ ਦੇ ਕਈ ਵਿਧਾਇਕਾਂ ਨੇ ਅਸਤੀਫੇ ਦੇਣ ਦੀ ਚਿਤਾਵਨੀ ਦਿੱਤੀ ਸੀ। ਉਦੋਂ ਪਾਰਟੀ ਦੇ ਆਗੂਆਂ ਦੇ ਸਖਤ ਰੁਖ ਨੂੰ ਦੇਖਦੇ ਹੋਏ ਪਾਰਟੀ ਵਲੋਂ ਉਚ ਪੱਧਰੀ ਕਮੇਟੀ ਬਣਾ ਕੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਕੋਲ ਇਹ ਮਾਮਲਾ ਉਠਾਇਆ ਵੀ ਗਿਆ ਸੀ।

ਭਾਜਪਾ ਦੇ ਸਾਬਕਾ ਸੂਬਾ ਪ੍ਰਧਾਨ ਤੇ ਪੰਜਾਬ ਯੋਜਨਾ ਬੋਰਡ ਦੇ ਉਪ-ਚੇਅਰਮੈਨ ਰਾਜਿੰਦਰ ਭੰਡਾਰੀ ਨੇ ਵੀ ਸੱਤਾਧਾਰੀ ਸ਼੍ਰੋਮਣੀ ਅਕਾਲੀ ਦਲ ਵਲੋਂ ਭਾਈਵਾਲ ਭਾਜਪਾ ਦੇ ਨੁਮਾਇੰਦਗੀ ਵਾਲੇ ਹਲਕਿਆਂ ਨੂੰ ਵਿਕਾਸ ਫੰਡ ਦੇਣ ਵਿਚ ਹੱਥ ਘੁਟਣ ਵਿਰੁਧ ਆਵਾਜ਼ ਉਠਾਈ ਹੈ। ਉਨ੍ਹਾਂ ਕਿਹਾ ਕਿ ਅਕਾਲੀ ਦਲ ਵਲੋਂ ਅਜਿਹਾ ਕਰਨਾ ਸਰਕਾਰ ਚਲਾਏ ਜਾਣ ਦੀ ਪਿਰਤ ਦੇ ਵੀ ਖਿਲਾਫ ਹੈ। ਉਨ੍ਹਾਂ ਕਿਹਾ ਕਿ ਜੇਕਰ ਅਜਿਹਾ ਹੋ ਰਿਹਾ ਹੈ ਤਾਂ ਇਸ ਨਾਲ ਭਾਜਪਾ ਦੇ ਨਾਲ-ਨਾਲ ਅਕਾਲੀ ਦਲ ਦੀ ਸ਼ਾਖ ਵੀ ਡਿੱਗੇਗੀ ਕਿਉਂਕਿ ਇਹ ਸਰਕਾਰ ਦੋਵਾਂ ਪਾਰਟੀਆਂ ਦੀ ਸਾਂਝੀ ਹੈ। ਉਨ੍ਹਾਂ ਅਕਾਲੀ ਦਲ ਦੇ ਇਸ ਵਿਤਕਰੇ ਨੂੰ 'ਗਵਰਨੈਂਸ ਕਲਚਰ' ਅਤੇ ਵਿਕਾਸ ਕਲਚਰ ਦੇ ਵੀ ਖਿਲਾਫ ਦੱਸਿਆ। ਸ੍ਰੀ ਭੰਡਾਰੀ ਨੇ ਕਿਹਾ ਇਹ ਮਸਲਾ ਰਾਜਨੀਤਕ ਨਹੀਂ ਸਗੋਂ ਆਮ ਲੋਕਾਂ ਨਾਲ ਜੁੜਿਆ ਹੋਇਆ ਹੈ।

ਉਧਰ ਪੰਜਾਬ ਵਿਧਾਨ ਸਭਾ 'ਚ ਵਿਰੋਧੀ ਧਿਰ ਦੀ ਨੇਤਾ ਬੀਬੀ ਰਾਜਿੰਦਰ ਕੌਰ ਭੱਠਲ ਨੇ ਭਾਜਪਾ ਮੰਤਰੀਆਂ ਅਤੇ ਨੇਤਾਵਾਂ ਦੀ ਬੇਵਸੀ 'ਤੇ ਟਿੱਪਣੀ ਕਰਦਿਆਂ ਉਨ੍ਹਾਂ ਨੂੰ ਮੂਕ ਦਰਸ਼ਕ ਬਣਨ ਦੀ ਥਾਂ ਬਾਦਲ ਦਾ ਸਾਥ ਛੱਡ ਕੇ ਸਰਕਾਰ 'ਚੋਂ ਬਾਹਰ ਆਉਣ ਦੀ ਹਿੰਮਤ ਕਰਨ ਲਈ ਲਲਕਾਰਿਆ ਹੈ। ਉਨ੍ਹਾਂ ਸਵਾਲ ਕੀਤਾ ਕਿ ਜੇ ਭਾਜਪਾ ਮੰਤਰੀ ਦਾ ਇਹ ਦੋਸ਼ ਹੈ ਕਿ ਉਨ੍ਹਾਂ ਦੀ ਪਾਰਟੀ ਦੇ ਵਿਧਾਇਕਾਂ ਦੇ ਹਲਕਿਆਂ ਦੇ ਵਿਕਾਸ ਲਈ ਫੰਡਾਂ 'ਚ ਕਾਣੀ ਵੰਡ ਕੀਤੀ ਜਾ ਰਹੀ ਹੈ ਤਾਂ ਕਾਂਗਰਸ ਵਿਧਾਇਕਾਂ ਦੇ ਹਲਕਿਆਂ ਨਾਲ ਕਿੰਨਾ ਵਿਤਕਰਾ ਹੋ ਰਿਹਾ ਹੋਵੇਗਾ। ਉਨ੍ਹਾਂ ਕਿਹਾ ਕਿ ਮੌਜੂਦਾ ਸਰਕਾਰ ਵਿਤਕਰੇ 'ਤੇ ਉਤਰ ਆਈ ਹੈ ਤਾਂ ਭਾਜਪਾ ਦੇ ਮੰਤਰੀਆਂ ਤੇ ਵਿਧਾਇਕਾਂ ਨੂੰ ਉਸਦਾ ਸਾਥ ਛੱਡ ਕੇ ਸੱਤਾ ਵਿਚੋਂ ਬਾਹਰ ਆ ਜਾਣਾ ਚਾਹੀਦਾ ਹੈ।

ਅਕਾਲੀ ਦਲ ਅਤੇ ਭਾਜਪਾ ਦੀ ਇਸ ਖਿੱਚੋਤਾਣ ਦੇ ਚਲਦਿਆਂ ਅਕਾਲੀ ਦਲ ਦੇ ਬਸਪਾ ਨਾਲ ਅੰਦਰਖਾਤੇ ਹੋਏ ਸਮਝੌਤੇ ਦੀਆਂ ਖ਼ਬਰਾਂ ਨੂੰ ਪੰਜਾਬ ਬਸਪਾ ਦੇ ਪ੍ਰਧਾਨ ਅਵਤਾਰ ਸਿੰਘ ਕਰੀਮਪੁਰੀ ਨੇ ਰੱਦ ਕਰ ਦਿੱਤਾ ਹੈ। ਪਰ ਰਾਜਸੀ ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਇਨ੍ਹਾਂ ਅਫਵਾਹਾਂ ਨੇ ਭਾਜਪਾ ਹਾਈਕਮਾਨ ਨੂੰ ਬਾਦਲ ਦੇ ਗੋਡੇ ਘੁੱਟਣ ਲਈ ਮਜਬੂਰ ਕਰ ਦਿੱਤਾ ਹੈ। ਕਰੀਮਪੁਰੀ ਨੇ ਕਿਹਾ ਕਿ ਅਕਾਲੀ ਦਲ, ਬਸਪਾ ਨਾਲ ਸਮਝੌਤੇ ਦੀਆਂ ਅਫਵਾਹਾਂ ਫੈਲਾ ਕੇ ਭਾਜਪਾ ਨੂੰ ਸਰਕਾਰ ਵਿਚ ਹੋਰ ਅਹੁਦੇਦਾਰੀਆਂ ਅਤੇ ਅਗਾਮੀ ਵਿਧਾਨ ਸਭਾ ਚੋਣਾਂ 'ਚ 23 ਤੋਂ ਵੱਧ ਸੀਟਾਂ ਦੀ ਮੰਗ ਨਾ ਕਰਨ ਲਈ ਡਰਾਉਂਦਾ ਹੈ।

ਦੂਜੇ ਪਾਸੇ ਮੁੱਖ ਮੰਤਰੀ ਸ. ਬਾਦਲ ਨੇ ਭਾਜਪਾ ਆਗੂਆਂ ਅਤੇ ਉਨ੍ਹਾਂ ਦੇ ਖੇਤਰਾਂ ਨਾਲ ਕਿਸੇ ਕਿਸਮ ਦੀ ਵਿਤਕਰੇਬਾਜ਼ੀ ਅਤੇ ਅਣਦੇਖੀ ਤੋਂ ਇਨਕਾਰ ਕੀਤਾ ਹੈ। ਉਨ੍ਹਾਂ ਦਾ ਮੰਨਣਾ ਹੈ ਕਿ ਅਕਾਲੀ ਦਲ ਅਤੇ ਭਾਜਪਾ ਦੀ ਸਾਂਝ ਪੁਰਾਣੀ ਹੈ ਤੇ ਸਰਕਾਰ ਵੀ ਸਾਂਝੀ ਹੈ। ਉਨ੍ਹਾਂ ਅਕਾਲੀ-ਭਾਜਪਾ ਗਠਜੋੜ 'ਚ ਕਿਸੇ ਕਿਸਮ ਦੇ ਤਕਰਾਰ ਤੋਂ ਵੀ ਇਨਕਾਰ ਕੀਤਾ। ਪਰ ਰਾਜਸੀ ਹਲਕਿਆਂ ਦਾ ਮੰਨਣਾ ਹੈ ਕਿ ਅਕਾਲੀ ਦਲ ਅਤੇ ਭਾਜਪਾ ਦੋਵੇਂ ਪਾਰਟੀਆਂ ਆਪਣੇ-ਆਪਣੇ ਢੰਗ ਨਾਲ ਖੁਦ ਨੂੰ ਮਜ਼ਬੂਤ ਕਰਨ 'ਤੇ ਲੱਗੀਆਂ ਹੋਈਆਂ ਹਨ। ਅਕਾਲੀ ਦਲ ਵਲੋਂ ਜਿੱਥੇ ਭਾਈ ਜਸਵੀਰ ਸਿੰਘ ਰੋਡੇ ਪਰਿਵਾਰ ਨਾਲ ਹੱਥ ਮਿਲਾਏ ਜਾ ਰਹੇ ਨੇ, ਉਥੇ ਬਸਪਾ ਨਾਲ ਅੰਦਰਖਾਤੇ ਗਠਜੋੜ ਦੀਆਂ ਖਬਰਾਂ ਅਤੇ ਭਾਜਪਾ ਵਲੋਂ ਡੇਰਾ ਸੱਚਾ ਸਦਾ ਨਾਲ ਵਧਾਈ ਜਾ ਰਹੀ ਨੇੜਤਾ ਨੂੰ ਇਸੇ ਕੜੀ ਦਾ ਹਿੱਸਾ ਸਮਝਿਆ ਜਾ ਰਿਹਾ ਹੈ।

ਦੋਹਾਂ ਪਾਰਟੀਆਂ ਦੀ ਅੰਦਰੂਨੀ ਰਣਨੀਤੀ ਕੋਈ ਵੀ ਹੋਵੇ ਪਰ ਪੰਜਾਬ ਭਾਜਪਾ ਦੇ ਨੇਤਾਵਾਂ ਨੂੰ ਪਾਰਟੀ ਮਾਮਲਿਆਂ ਦੇ ਇੰਚਾਰਜ ਯਸ਼ਵੰਤ ਸਿਨਹਾ ਦੇ ਪੰਜਾਬ ਦੌਰੇ ਤੋਂ ਜੋ ਉਮੀਦਾਂ ਸਨ, ਉਹ ਟੁੱਟ ਗਈਆਂ ਹਨ। ਉਨ੍ਹਾਂ ਨੂੰ ਇਕ ਵਾਰ ਫਿਰ ਚੁੱਪ ਕਰਵਾ ਕੇ ਬਿਠਾ ਦਿੱਤਾ ਗਿਆ ਹੈ। ਭਾਜਪਾ ਨੇਤਾਵਾਂ ਨੂੰ ਉਮੀਦ ਸੀ ਕਿ ਅਕਾਲੀ-ਭਾਜਪਾ ਵਿਵਾਦ 'ਤੇ ਯਸ਼ਵੰਤ ਸਿਨਹਾ ਸਖਤ ਰੁਖ ਅਪਨਾਉਣਗੇ ਪਰ ਉਨ੍ਹਾਂ ਵਲੋਂ ਅਜਿਹੇ ਮੁੱਦਿਆਂ ਨੂੰ ਗਠਜੋੜ ਸਰਕਾਰਾਂ ਦੀ ਦੇਣ ਐਲਾਨ ਕੇ ਪਾਰਟੀ ਨੇਤਾਵਾਂ ਦੇ ਰੋਹ ਦੀ ਫੂਕ ਕੱਢ ਦਿੱਤੀ ਗਈ ਹੈ।

# ਪੀ.ਟੀ.ਸੀ. ਪੰਜਾਬੀ ਡਿਸ਼ ਨੈਟਵਰਕ 'ਤੇ

**ਇੰਗਲਵੁੱਡ (ਪੰਜਾਬ ਟਾਈਮਜ਼ ਬਿਊਰੋ):** ਹੁਣ ਭਾਰਤ ਤੋਂ ਚੱਲਦਾ ਲੋਕਪ੍ਰਿਅ ਚੈਨਲ ਪੀ.ਟੀ.ਸੀ. ਪੰਜਾਬੀ ਡਿਸ਼ ਨੈਟਵਰਕ ਰਾਹੀਂ ਅਮਰੀਕਾ ਵਿਚ ਵੀ ਵੇਖਿਆ ਜਾ ਸਕੇਗਾ। ਇਹ ਚੈਨਲ ਅਮਰੀਕਾ ਵਿਚ ਡਿਸ਼ ਨੈਟਵਰਕ ਦੇ ਗਾਹਕਾਂ ਲਈ ਖਾਸ ਤੌਰ 'ਤੇ ਮੁਹੱਈਆ ਹੋਵੇਗਾ ਤਾਂ ਜੋ ਪੰਜਾਬੀ ਭਾਈਚਾਰਾ ਆਪਣੇ ਵਤਨ ਨਾਲ ਜੁੜਿਆ ਰਹੇ। ਇਸ 24 ਘੰਟਿਆਂ ਦੇ ਪ੍ਰਸਾਰਨ ਵਾਲੇ ਐਂਟਰਟੇਨਮੈਂਟ ਚੈਨਲ ਨੂੰ ਡਿਸ਼ ਨੈਟਵਰਕ 'ਤੇ ਚੈਨਲ 604 'ਤੇ ਵੇਖਿਆ ਜਾ ਸਕਦਾ ਹੈ ਜਿਸ ਤੋਂ ਗੀਤ-ਸੰਗੀਤ ਤੋਂ ਇਲਾਵਾ ਖ਼ਬਰਾਂ ਤੇ ਧਾਰਮਿਕ ਪ੍ਰੋਗਰਾਮਾਂ ਦਾ ਲਗਾਤਾਰ ਪ੍ਰਵਾਹ ਜਾਰੀ ਰਹਿੰਦਾ ਹੈ। ਇਸ ਤੋਂ ਪਹਿਲਾਂ ਇਹ ਚੈਨਲ ਅਮਰੀਕਾ ਵਿਚ ਕੇਬਲ ਨੈਟਵਰਕ 'ਤੇ ਆਉਂਦਾ ਸੀ।

ਇਸ ਚੈਨਲ ਰਾਹੀਂ 'ਤਖ਼ਤ ਸ੍ਰੀ ਹਜ਼ੂਰ ਸਾਹਿਬ' ਤੋਂ ਗੁਰਬਾਣੀ, ਹਰਮਨ ਪਿਆਰੇ ਸ਼ੋਅ 'ਪ੍ਰੀਤੋ ਟਾਪ 10', 'ਵਾਇਸ ਆਫ਼ ਪੰਜਾਬ', 'ਘਰ ਘਰ ਵਿਚ ਘੁੱਗੀ' ਤੇ 'ਮਿਸ ਪੀ.ਟੀ.ਸੀ. ਪੰਜਾਬੀ 2010' ਦਾ ਪ੍ਰਸਾਰਨ ਹੁੰਦਾ ਹੈ। ਚੈਨਲ ਤੋਂ ਖ਼ਬਰਾਂ ਅਤੇ ਚਲੰਤ ਰਾਜਸੀ ਮਾਮਲਿਆਂ ਬਾਰੇ ਵਿਚਾਰ-ਚਰਚਾ ਵੀ ਪੇਸ਼ ਕੀਤੀ ਜਾਂਦੀ ਹੈ। ਇਸ ਬਾਰੇ ਡਿਸ਼ ਨੈਟਵਰਕ ਲਈ ਕੌਮਾਂਤਰੀ ਪ੍ਰੋਗਰਾਮਿੰਗ ਦੇ ਵਾਈਸ ਪ੍ਰੈਜ਼ੀਡੈਂਟ ਨੇ ਕਿਹਾ ਕਿ ਪੀ.ਟੀ.ਸੀ ਪੰਜਾਬੀ ਚੈਨਲ ਦੇ ਵਾਧੇ ਨਾਲ ਅਸੀਂ ਆਪਣੇ ਗਾਹਕਾਂ ਨੂੰ ਵਧੀਆ ਸਹੂਲਤਾਂ ਮੁਹੱਈਆ ਕਰਦੇ ਰਹਾਂਗੇ। ਡਾਇਰੈਕਟਰ ਰਾਜੀ ਸ਼ਿੰਦੇ ਨੇ ਕਿਹਾ ਕਿ ਅਮਰੀਕਾ ਵਿਚ ਵੱਸਦੇ ਪੰਜਾਬੀਆਂ ਲਈ ਪੀ.ਟੀ.ਸੀ ਪੰਜਾਬੀ ਚੈਨਲ ਦੀ ਬੇਹੱਦ ਲੋੜ ਸੀ ਜਿਸ ਨੂੰ ਅਸੀਂ ਪੂਰਾ ਕਰ ਦਿੱਤਾ ਹੈ।

ਪੀ.ਟੀ.ਸੀ ਪੰਜਾਬੀ ਡਿਸ਼ ਨੈਟਵਰਕ ਦੇ ਗਾਹਕਾਂ ਲਈ ਪੰਜਾਬੀ ਪੈਕ ਦੇ ਨਾਲ ਪ੍ਰਤੀ ਮਹੀਨਾ 19.19 ਡਾਲਰ ਦੇ ਭੁਗਤਾਨ ਨਾਲ ਮੁਹੱਈਆ ਹੋਵੇਗਾ ਜਿਸ ਵਿਚ ਜੀ-ਪੰਜਾਬ, ਨਿਊਜ਼ ਟਾਈਮ, ਅਲਫਾ ਈ.ਟੀ.ਸੀ. ਪੰਜਾਬੀ, ਜਸ ਪੰਜਾਬੀ ਟੀ.ਵੀ., ਜਸ ਵਨ ਤੇ ਐਮ.ਐਚ ਵਨ ਚੈਨਲ ਸ਼ਾਮਲ ਹਨ। ਹੋਰ ਜਾਣਕਾਰੀ ਲਈ ਫੋਨ: (888) 242-2276 'ਤੇ ਸੰਪਰਕ ਕੀਤਾ ਜਾ ਸਕਦਾ ਹੈ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

ਬੀਬੀ ਨਵਦੀਪ ਕੌਰ (ਡਾ.)
ਸ੍ਰੀ ਸੰਨੀ ਧੂਤ (ਮਿਸ਼ੀਗਨ)
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸ. ਸਵਰਨਜੀਤ ਸਿੰਘ ਢਿਲੋਂ
ਸ. ਅਮੋਲਕ ਸਿੰਘ ਗਾਖਲ
ਸ. ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਸ. ਬਲਵਿੰਦਰ ਸਿੰਘ ਸੰਧੂ
ਸ. ਹਰਜੀਤ ਸਿੰਘ ਸਾਹੀ
ਸ. ਜੈਦੇਵ ਸਿੰਘ ਭੱਠਲ
ਸ. ਸ਼ਮਸ਼ੇਰ ਸਿੰਘ ਬੋਪਾਰਾਏ
ਸ. ਜਗਦੀਸ਼ਰ ਸਿੰਘ ਕਲੇਰ (ਮਿਲਵਾਕੀ)
ਸ. ਦਰਸ਼ਨ ਸਿੰਘ ਦਰੜ
ਸ. ਰਾਜਿੰਦਰ ਸਿੰਘ ਬੈਂਸ
ਸ. ਮਨਦੀਪ ਸਿੰਘ ਭੂਰਾ
ਸ੍ਰੀ ਗੁਰਿੰਦਰ ਸਿੰਘ ਗਿੱਲ
ਸ. ਗੁਰਮੀਤ ਸਿੰਘ ਖਾਲਸਾ (ਕੈਲੇਫੋਰਨੀਆ)

## ਤਿਰਛੀ ਨਜ਼ਰ

ਜਸਵੰਤ ਸਿੰਘ ਸ਼ਾਦ, ਸਟਾਕਟਨ
ਫੋਨ:209-992-7185

***ਹਰੀਜਨ ਸ਼ਬਦ ਦੀ ਵਰਤੋਂ ਨਾ ਕੀਤੀ ਜਾਵੇ- ਸੁਪਰੀਮ ਕੋਰਟ।**

-ਵਿਤਕਰਾ ਭਾਵੇਂ ਕਰੀ ਜਾਓ।

***ਪਾਕਿਸਤਾਨ ਨੇ ਬਰਤਾਨੀਆ ਨੂੰ ਜ਼ਰਦਾਰੀ 'ਤੇ ਜੁੱਤੀ ਸੁੱਟਣ ਵਾਲੇ ਨੂੰ ਸੌਂਪਣ ਦੀ ਬੇਨਤੀ ਕੀਤੀ**

-ਨਵਾਂ ਜੋੜਾ ਲੈ ਕੇ ਦੇਣਾ?

***ਲੋਕ ਨਸ਼ੇ ਵੇਚਣ ਵਾਲੇ ਕੈਮਿਸਟਾਂ ਦਾ ਬਾਈਕਾਟ ਕਰਨ-ਰਵਨੀਤ ਬਿੱਟੂ**

-ਜੋ ਕਰਨ ਲੋਕ ਈ ਕਰਨ, ਲੀਡਰ ਨਾ ਕਰਨ।

***ਸੰਸਦ ਦੀਆਂ ਛੱਤਾਂ ਵੀ ਚੋਣ ਲੱਗ ਪਈਆਂ**

-ਛੱਲੀਆਂ-ਛੱਲੀਆਂ ਖਾ ਗਏ ਤੋਤੇ, ਖੜ੍ਹਾ ਰਹਿ ਗਿਆ ਟਾਂਡਾ।

***ਹੁਣ ਕੀ ਅਹਿਮੀਅਤ ਹੈ ਰਾਜੀਵ ਲੌਂਗੋਵਾਲ ਸਮਝੌਤੇ ਦੀ-ਇਕ ਲੇਖ**

-ਖੇਹ ਤੇ ਸਵਾਹ।

***ਰਾਜੀਵ ਤੋਂ ਜਿਆਦਾ ਪ੍ਰਭਾਵਸ਼ਾਲੀ ਹੈ ਰਾਹੁਲ-ਖੁਸ਼ਵੰਤ ਸਿੰਘ**

-ਇਹਨੂੰ ਕਹਿੰਦੇ ਆ ਉਮਰ ਭਰ ਦੀ ਵਫ਼ਾਦਾਰੀ।

***ਅਨਾਜ ਭਾਵੇਂ ਸੜ ਜਾਵੇ ਪਰ ਵੰਡਣਾ ਸੰਭਵ ਨਹੀਂ-ਸ਼ਰਦ ਪਵਾਰ**

-ਇੱਦਾਂ ਕਰਨ ਨਾਲ ਬਲੈਕ ਮਾਰਕੀਟੀਆਂ ਨੂੰ ਘਾਟਾ ਪੈ ਸਕਦੈ।

***ਬਾਦਲ ਦੇ ਕਾਫਲੇ ਦੀ ਗੱਡੀ ਨਾਲ ਟਕਰਾ ਕੇ ਦੋ ਮੋਟਰਸਾਈਕਲ ਸਵਾਰ ਜ਼ਖਮੀ**

-ਸ਼ੁਕਰ ਕਰੋ ਕਿਤੇ ਅਤਿਵਾਦੀ ਹਮਲੇ ਦਾ ਕੇਸ ਨੀ ਪਾਤਾ।

# ਪਾਕਿਸਤਾਨੀ ਕ੍ਰਿਕਟ ਖਿਡਾਰੀਆਂ 'ਤੇ ਮੈਚ ਫਿਕਸਿੰਗ ਦੇ ਦੋਸ਼

## 7 ਖਿਡਾਰੀ ਆਏ ਜਾਂਚ ਦੇ ਘੇਰੇ ਵਿਚ

**ਪੰਜਾਬ ਟਾਈਮਜ਼ ਬਿਊਰੋ**

**ਕਰਾਚੀ:** ਕੁਝ ਸਮਾਂ ਪਹਿਲਾਂ 'ਮੈਚ ਫਿਕਸਿੰਗ' ਦੇ ਦੋਸ਼ਾਂ 'ਚ ਕਈ ਅਹਿਮ ਪਾਕਿਸਤਾਨੀ ਕ੍ਰਿਕਟ ਖਿਡਾਰੀਆਂ ਨੂੰ ਮੋਟੇ ਜੁਰਮਾਨੇ ਹੋਣ ਤੇ ਪਾਬੰਦੀਆਂ ਲਾਏ ਜਾਣ ਦੇ ਬਾਵਜੂਦ ਇੰਗਲੈਂਡ 'ਚ ਖੇਡੇ ਜਾ ਰਹੇ ਮੈਚਾਂ 'ਚ ਇਕ ਵਾਰ ਫਿਰ ਪਾਕਿ ਖਿਡਾਰੀਆਂ 'ਤੇ ਮੈਚ ਫਿਕਸਿੰਗ ਦੇ ਦੋਸ਼ ਲੱਗੇ ਹਨ।

ਮੈਚ ਫਿਕਸਿੰਗ ਦੇ ਦੋਸ਼ਾਂ ਦੀ ਪੁਸ਼ਟੀ ਕਰਦੇ ਹੋਏ ਟੀਮ ਦੇ ਪ੍ਰਬੰਧਕ ਜਾਵੇਦ ਸਈਅਦ ਨੇ ਦੱਸਿਆ ਕਿ ਟੀਮ ਦੇ ਕਪਤਾਨ ਸਣੇ ਕਈ ਖਿਡਾਰੀਆਂ ਤੋਂ ਇਸ ਬਾਰੇ ਸਕਾਟਲੈਂਡ ਯਾਰਡ ਵਲੋਂ ਪੁੱਛਗਿੱਛ ਕੀਤੀ ਗਈ ਹੈ। ਦੂਜੇ ਪਾਸੇ ਇਕ ਸਥਾਨਕ ਅਖ਼ਬਾਰ ਨੇ 'ਸਟਿੰਗ ਅਪਰੇਸ਼ਨ' ਕਰਕੇ ਦਾਅਵਾ ਕੀਤਾ ਹੈ ਕਿ ਬੀਤੇ ਹਫਤੇ ਵੀਰਵਾਰ ਤੇ ਸ਼ੁੱਕਰਵਾਰ ਨੂੰ ਪਾਕਿ ਗੇਂਦਬਾਜ਼ਾਂ, ਮੁਹੰਮਦ ਆਮਿਰ ਤੇ ਮੁਹੰਮਦ ਆਸਿਫ਼ ਨੇ ਜਾਣਬੁੱਝ ਕੇ ਕਈ ਨੋ ਬਾਲਾਂ ਸੁੱਟੀਆਂ ਸਨ। ਇਸ ਮਾਮਲੇ 'ਚ ਪੁਲੀਸ ਨੇ ਮਜ਼ਹਰ ਮਜੀਦ ਨਾਮੀਂ ਵਿਅਕਤੀ ਨੂੰ ਕਾਬੂ ਵੀ ਕੀਤਾ ਹੈ। ਸੂਤਰਾਂ ਅਨੁਸਾਰ ਪੁਲੀਸ ਨੇ ਹੋਟਲ 'ਚ ਜਾ ਕੇ ਬੱਟ, ਆਮਿਰ, ਆਸਿਫ ਤੇ ਵਿਕਟ ਕੀਪਰ ਅਕਮਲ ਦੇ ਬਿਆਨ ਵੀ ਲਏ ਤੇ ਇਨ੍ਹਾਂ ਤੋਂ ਕਾਫੀ ਸਮਾਂ ਪੁੱਛਗਿੱਛ ਕੀਤੀ।

ਜ਼ਿਕਰਯੋਗ ਹੈ ਕਿ ਲੰਡਨ ਦੇ 'ਨਿਊਜ਼ ਆਫ਼ ਦਾ ਵਰਲਡ' ਅਖ਼ਬਾਰ ਨੇ ਪਾਕਿਸਤਾਨ ਦੇ 7 ਖਿਡਾਰੀਆਂ ਦੇ ਨਾਂ ਨਸ਼ਰ ਕਰਦਿਆਂ ਦਾਅਵਾ ਕੀਤਾ ਹੈ ਕਿ ਇਹ ਖ਼ਿਡਾਰੀ 'ਸਪਾਟ ਫਿਕਸਿੰਗ' ਰੈਕਿਟ 'ਚ ਸ਼ਾਮਲ ਹਨ। ਇਸ ਅਖ਼ਬਾਰ ਨੇ ਲਿਖਿਆ ਹੈ ਕਿ ਪਾਕਿਸਤਾਨ ਦੇ ਇਕ ਵਿਅਕਤੀ ਮਜਹਰ ਮਜੀਦ ਨੇ ਉਪਰੋਕਤ ਖ਼ਿਡਾਰੀਆਂ ਨੂੰ ਲੜੀ ਤੇ ਲਾਰਡਜ਼ ਟੈਸਟ 'ਚ ਨੋ ਬਾਲ ਤੇ ਵਾਈਡ ਬਾਲ ਸੁੱਟਣ ਲਈ ਮੋਟੀ ਰਿਸ਼ਵਤ ਦਿੱਤੀ ਸੀ। ਅਖ਼ਬਾਰ ਨੇ ਆਪਣੇ ਕੋਲ ਇਸ ਦੇ ਸਬੂਤਾਂ ਵਜੋਂ ਵੀਡੀਓ ਟੇਪ ਹੋਣ ਦਾ ਦਾਅਵਾ ਕੀਤਾ ਹੈ ਜਿਸ ਤੋਂ ਬਾਅਦ ਪੁਲੀਸ ਨੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ।

ਭਾਵੇਂ ਪਾਕਿ ਅਧਿਕਾਰੀ ਨੇ ਇਸ ਗੱਲ ਤੋਂ ਇਨਕਾਰ ਕੀਤਾ ਹੈ ਪਰ ਸੂਤਰਾਂ ਦਾ ਕਹਿਣਾ ਹੈ ਕਿ ਪੁਲੀਸ ਨੂੰ ਹੋਟਲ 'ਚ ਮਾਰੇ ਗਏ ਛਾਪੇ ਦੌਰਾਨ ਕਈ ਅਹਿਮ ਦਸਤਾਵੇਜ਼ ਤੇ ਪੈਸੇ ਮਿਲੇ ਹਨ। ਇਸ ਦੇ ਨਾਲ ਹੀ ਪਾਕਿ ਟੀ.ਵੀ. ਚੈਨਲਾਂ ਦੀ ਰਿਪੋਰਟ ਅਨੁਸਾਰ ਸਕਾਟਲੈਂਡ ਯਾਰਡ ਵਾਲੇ ਖਿਡਾਰੀਆਂ ਦੇ ਡਰੈਸਿੰਗ ਰੂਮ 'ਚ ਵੀ ਪਹੁੰਚੇ। 'ਸਪਾਟ ਫਿਕਸਿੰਗ' ਦੇ ਦੋਸ਼ 'ਚ ਗ੍ਰਿਫਤਾਰ ਸੱਟੇਬਾਜ਼ ਨੇ ਦਾਅਵਾ ਕੀਤਾ ਹੈ ਕਿ ਪਾਕਿ ਖਿਡਾਰੀਆਂ ਨੂੰ ਖੇਡ ਨਾਲ ਕੋਈ ਮੋਹ ਨਹੀਂ, ਸਗੋਂ ਉਨ੍ਹਾਂ ਨੂੰ ਤਾਂ ਪੈਸਾ, ਕਬਾਬ ਤੇ ਸ਼ਬਾਬ ਚਾਹੀਦਾ ਹੈ।

ਪਾਕਿਸਤਾਨ ਦੇ ਰਾਸ਼ਟਰਪਤੀ ਆਸਿਫ ਜ਼ਰਦਾਰੀ ਨੇ ਪਾਕਿ ਕ੍ਰਿਕਟ ਬੋਰਡ ਦੇ ਪ੍ਰਧਾਨ ਏਜਾਜ਼ ਬੱਟ ਤੋਂ ਤੁਰੰਤ ਰਿਪੋਰਟ ਮੰਗ ਲਈ ਹੈ। ਲਾਰਡਜ਼ ਟੈਸਟ ਮੈਚ ਵਿਖੇ ਮੈਚ ਫਿਕਸਿੰਗ ਦੇ ਦੋਸ਼ਾਂ ਹੇਠ ਟੈਸਟ ਮੈਚ ਹਾਰਨ ਵਾਲੀ ਪਾਕਿਸਤਾਨੀ ਕ੍ਰਿਕਟ ਟੀਮ ਦੇ ਖਿਡਾਰੀ ਬੁਰੇ ਫਸਦੇ ਨਜ਼ਰ ਆ ਰਹੇ ਹਨ। ਮੀਡੀਆ ਰਿਪੋਰਟਾਂ ਅਨੁਸਾਰ ਸਕਾਟਲੈਂਡ ਯਾਰਡ ਪੁਲਿਸ ਨੇ ਖਿਡਾਰੀਆਂ ਦੇ ਹੋਟਲ ਕਮਰਿਆਂ 'ਤੇ ਛਾਪੇ ਮਾਰੇ ਅਤੇ ਪੁਲਿਸ ਨੂੰ ਖਿਡਾਰੀਆਂ ਦੇ ਰੋਜ਼ਾਨਾ ਭੱਤਿਆਂ ਤੋਂ ਵਧ ਦੀ ਨਕਦੀ ਮਿਲੀ ਹੈ।

ਇਸ ਸਬੰਧੀ ਟੀਮ ਦੇ ਮੈਨੇਜਰ ਯਾਵਰ ਸਈਅਦ ਨੂੰ ਫੋਨ 'ਤੇ ਸੂਚਨਾ ਮਿਲੀ ਕਿ ਦੋ ਪੁਲਿਸ ਅਧਿਕਾਰੀ ਉਨ੍ਹਾਂ ਨੂੰ ਮਿਲਣਾ ਚਾਹੁੰਦੇ ਹਨ। ਇਸ ਤੋਂ ਬਾਅਦ ਹੀ ਕਮਰਿਆਂ ਦੀ ਤਲਾਸ਼ੀ ਦਾ ਸਿਲਸਿਲਾ ਸ਼ੁਰੂ ਹੋ ਗਿਆ। ਜ਼ਿਕਰਯੋਗ ਹੈ ਕਿ ਇਹ ਮਾਮਲਾ ਹੁਣ ਹੋਰ ਵੀ ਗੁੰਝਲਦਾਰ ਹੋ ਗਿਆ ਹੈ। ਤੇਜ਼ ਗੇਂਦਬਾਜ਼ ਮੁਹੰਮਦ ਆਸਿਫ ਦੀ ਦੋਸਤ ਅਭਿਨੇਤਰੀ ਵੀਨਾ ਮਲਿਕ ਨੇ ਇਹ ਦਾਅਵਾ ਕੀਤਾ ਹੈ ਕਿ ਉਸ ਕੋਲ ਸਬੂਤ ਹਨ ਕਿ ਮੁਹੰਮਦ ਆਸਿਫ ਦੇ ਬੀਤੇ ਸਮੇਂ ਦੌਰਾਨ ਵੀ ਸੱਟੇਬਾਜ਼ਾਂ ਨਾਲ ਸਬੰਧ ਸਨ। ਵੀਨਾ ਨੇ ਕਿਹਾ ਕਿ ਆਸਿਫ਼ ਇਕ ਭਾਰਤੀ ਸੱਟੇਬਾਜ਼ ਜਿਸ ਦਾ ਨਾਂ ਦੀਕਸ਼ਤ ਹੈ, ਦੇ ਸੰਪਰਕ ਵਿਚ ਰਹੇ ਹਨ। ਵੀਨਾ ਅਨੁਸਾਰ ਆਸਿਫ਼ ਇਸ ਭਾਰਤੀ ਸੱਟੇਬਾਜ਼ ਅਤੇ ਹੋਰ ਸੱਟੇਬਾਜ਼ਾਂ ਨੂੰ ਫੋਨ ਕਰਦੇ ਸਨ।

ਇਕ ਤਾਜ਼ਾ ਘਟਨਾਕ੍ਰਮ ਵਿਚ ਸੱਟੇਬਾਜ਼ ਮਜ਼ਹਰ ਮਜੀਦ ਨੂੰ ਜ਼ਮਾਨਤ 'ਤੇ ਰਿਹਾਅ ਕਰ ਦਿੱਤਾ ਗਿਆ ਹੈ। ਉਧਰ ਆਈ ਸੀ ਸੀ ਦੇ ਮੁਖੀ ਸ੍ਰੀ ਸ਼ਰਦ ਪਵਾਰ ਨੇ ਕਿਹਾ ਹੈ ਕਿ ਇਸ ਵਿਵਾਦ ਦੇ ਬਾਵਜੂਦ ਪਾਕਿਸਤਾਨ ਅਤੇ ਇੰਗਲੈਂਡ ਦਰਮਿਆਨ ਖੇਡੀ ਜਾ ਰਹੀ ਟੈਸਟ ਲੜੀ ਜਾਰੀ ਰਹੇਗੀ। ਪਾਕਿਸਤਾਨ ਦੇ ਸਾਬਕਾ ਕ੍ਰਿਕਟ ਕਪਤਾਨ ਰਮੀਜ਼ ਰਾਜਾ ਨੇ ਕਿਹਾ ਹੈ ਕਿ ਪਾਕਿ ਕ੍ਰਿਕਟ ਦੇ ਮੱਥੇ 'ਤੇ ਅਜਿਹਾ ਕਲੰਕ ਲੱਗਿਆ ਹੈ, ਜਿਸ ਨੂੰ ਧੋਣ ਵਿਚ ਬਹੁਤ ਜ਼ਿਆਦਾ ਸਮਾਂ ਲੱਗੇਗਾ। ਉਧਰ ਇਮਰਾਨ ਖਾਨ ਦਾ ਕਹਿਣਾ ਹੈ ਕਿ ਇਸ ਮਾਮਲੇ ਦੀ ਪੂਰੀ ਗਹਿਰਾਈ ਨਾਲ ਜਾਂਚ ਕਰਵਾਈ ਜਾਵੇ ਅਤੇ ਜੇਕਰ ਕੋਈ ਵੀ ਦੋਸ਼ੀ ਪਾਇਆ ਜਾਂਦਾ ਹੈ ਤਾਂ ਉਸ ਖ਼ਿਲਾਫ਼ ਸਖ਼ਤ ਤੋਂ ਸਖ਼ਤ ਕਾਰਵਾਈ ਹੋਣੀ ਚਾਹੀਦੀ ਹੈ। ਰਾਸ਼ਟਰਪਤੀ ਜ਼ਰਦਾਰੀ ਅਨੁਸਾਰ ਸਾਰੇ ਮੁਲਕ ਦਾ ਸਿਰ ਸ਼ਰਮ ਨਾਲ ਝੁਕ ਗਿਆ ਹੈ। ਦੱਸਣਯੋਗ ਹੈ ਕਿ ਇਸ ਮੈਚ ਫਿਕਸਿੰਗ ਵਿਵਾਦ ਵਿਚ ਪਾਕਿ ਕਪਤਾਨ ਸਲਮਾਨ ਬੱਟ, ਮੁਹੰਮਦ ਆਸਿਫ਼, ਮੁਹੰਮਦ ਆਮਿਰ, ਵਿਕਟਕੀਪਰ ਕਾਮਰਾਨ ਅਕਮਲ ਅਤੇ ਹੋਰਨਾਂ ਦਾ ਨਾਂ ਆਉਣ ਤੋਂ ਬਾਅਦ ਉਨ੍ਹਾਂ ਦੇ ਪਾਸਪੋਰਟ ਅਤੇ ਮੋਬਾਇਲ ਸਕਾਟਲੈਂਡ ਯਾਰਡ ਪੁਲਿਸ ਨੇ ਜ਼ਬਤ ਕਰ ਲਏ ਹਨ।

### ਕੀ ਹੁੰਦੀ ਹੈ ਸਪਾਟ ਫਿਕਸਿੰਗ ?

**ਨਵੀਂ ਦਿਲੀ:** ਸਪਾਟ ਫਿਕਸਿੰਗ ਜਾਂ ਫੈਂਸੀ ਫਿਕਸਿੰਗ ਕੋਈ ਨਵਾਂ ਸ਼ਬਦ ਨਹੀਂ ਹੈ ਪਰ ਪਾਕਿਸਤਾਨੀ ਕ੍ਰਿਕਟਰਾਂ ਦੇ ਇਸ ਵਿਚ ਸ਼ਾਮਲ ਹੋਣ ਤੋਂ ਬਾਅਦ ਇਹ ਇਕ ਵਾਰ ਫਿਰ ਚਰਚਾ 'ਚ ਆ ਗਈ ਹੈ। ਆਖਿਰ ਸਪਾਟ ਫਿਕਸਿੰਗ ਕੀ ਹੈ, ਜਦਕਿ ਸੱਟੇਬਾਜ਼ ਇਸ ਨੂੰ ਫੈਂਸੀ ਫਿਕਸਿੰਗ ਦਾ ਨਾਂ ਦਿੰਦੇ ਹਨ।

ਸਪਾਟ ਫਿਕਸਿੰਗ 'ਚ ਮੈਚ ਦੇ ਪੂਰੇ ਨਤੀਜੇ ਦੀ ਬਜਾਏ ਮੈਚ ਦੇ ਅੰਦਰ ਦੇ ਵੱਖ-ਵੱਖ ਪਹਿਲੂਆਂ ਨੂੰ ਲੈ ਕੇ ਫਿਕਸਿੰਗ ਕੀਤੀ ਜਾਂਦੀ ਹੈ, ਜਿਸ ਵਿਚ ਖਿਡਾਰੀ ਤੱਕ ਸ਼ਾਮਿਲ ਹੁੰਦੇ ਹਨ। ਪਾਕਿਸਤਾਨੀ ਖਿਡਾਰੀਆਂ 'ਤੇ ਇਸ ਤਰ੍ਹਾਂ ਦੀ ਫਿਕਸਿੰਗ ਕਰਨ ਦਾ ਦੋਸ਼ ਲੱਗਾ ਹੈ। ਇਸ ਤਰ੍ਹਾਂ ਦੀ ਫਿਕਸਿੰਗ 'ਚ ਹਰ ਤਰ੍ਹਾਂ ਦਾ ਸੱਟਾ ਲਗਾਇਆ ਜਾਂਦਾ ਹੈ ਪਰ ਲੋਕਪ੍ਰਿਯ ਸੱਟਾ ਸੈਸ਼ਨ ਨੂੰ ਲੈ ਕੇ ਹੁੰਦਾ ਹੈ ਜਿਥੇ 50 ਓਵਰਾਂ ਦੇ ਇਕ ਦਿਨਾ ਮੈਚ 'ਚ ਇਹ ਸੱਟਾ ਲਗਾਇਆ ਜਾਂਦਾ ਹੈ ਕਿ 15 ਓਵਰਾਂ ਦੌਰਾਨ ਕਿੰਨੀਆਂ ਦੌੜਾਂ ਬਣਨਗੀਆਂ ਜਾਂ ਕਿੰਨੀਆਂ ਵਿਕਟਾਂ ਡਿਗਣਗੀਆਂ। ਇਸ ਜੋੜ-ਤੋੜ 'ਚ ਖਿਡਾਰੀਆਂ ਨੂੰ ਵੀ ਸ਼ਾਮਿਲ ਕੀਤਾ ਜਾਂਦਾ ਹੈ।

## ਜੈਕਸਨ ਦੀ ਬਾਦਸ਼ਾਹਤ ਬਰਕਰਾਰ

**ਵਾਸ਼ਿੰਗਟਨ:** ਪਿਛਲੇ 50 ਸਾਲਾਂ ਵਿਚ ਸਮੁੱਚੇ ਵਿਸ਼ਵ ਵਿਚ ਛਾ ਜਾਣ ਵਾਲੇ ਮਿਊਜ਼ਿਕ ਆਈਕਨਜ਼ ਦੀ ਸੀ. ਐਨ. ਐਨ. ਸੂਚੀ 'ਚ ਮਾਈਕਲ ਜੈਕਸਨ ਨੇ ਆਪਣੀ ਬਾਦਸ਼ਾਹਤ ਬਰਕਰਾਰ ਰੱਖੀ ਹੈ। ਨਿਊਜ਼ ਮੈਗਜ਼ੀਨ ਅਨੁਸਾਰ ਉਸ ਦੇ ਇਕ ਲੱਖ ਪਾਠਕਾਂ ਨੇ ਵੋਟ ਦੇ ਕੇ ਕਿਹਾ ਕਿ ਅਸੀਂ ਜੈਕਸਨ ਨੂੰ ਦੂਜਿਆਂ ਨਾਲੋਂ ਜ਼ਿਆਦਾ ਰੇਟਿੰਗ ਦਿੰਦੇ ਹਾਂ। ਸੂਚੀ ਵਿਚ ਕੋਈ ਵੀ ਗਾਇਕਾ ਜਗ੍ਹਾ ਨਹੀਂ ਬਣਾ ਸਕੀ ਹਾਲਾਂਕਿ 20 ਦੀ ਸੂਚੀ ਵਿਚ ਭਾਰਤੀ ਗਾਇਕਾ ਆਸ਼ਾ ਭੌਂਸਲੇ ਸ਼ਾਮਲ ਸੀ। ਬ੍ਰਿਟਿਸ਼ ਪੌਪ ਗਰੁੱਪ ਬੀਟਲਜ਼, ਰਾਕ ਐਂਡ ਰਾਲਰ, ਐਲੀਵਿਸ ਪ੍ਰੀਸਲੇ ਨੂੰ ਪਛਾੜ ਕੇ ਮਾਈਕਲ ਅੱਵਲ ਦਰਜੇ 'ਤੇ ਰਿਹਾ।

# ਚੌਧਰੀ ਓਮ ਪ੍ਰਕਾਸ਼ ਚੌਟਾਲਾ ਦਾ ਸਾਊਥ ਕੈਰੋਲਾਈਨਾ ਵਿਚ ਭਰਵਾਂ ਸਵਾਗਤ

**ਕੋਲੰਬੀਆ, ਸਾਊਥ ਕੈਰੋਲਾਈਨਾ:** ਹਰਿਆਣਾ ਦੇ ਸਾਬਕਾ ਮੁੱਖ ਮੰਤਰੀ ਚੌਧਰੀ ਓਮ ਪ੍ਰਕਾਸ਼ ਚੌਟਾਲਾ ਆਪਣੇ ਅਮਰੀਕਾ ਦੌਰੇ ਦੌਰਾਨ ਜਦੋਂ ਕੈਰੋਲਾਈਨਾ ਪਹੁੰਚੇ ਤਾਂ ਉਨ੍ਹਾਂ ਦਾ ਇਥੇ ਪੰਜਾਬੀ ਢਾਬਾ ਨਾਂ ਦੇ ਰੈਸਟੋਰੈਂਟ ਵਿਚ ਸਥਾਨਕ ਪੰਜਾਬੀਆਂ ਅਤੇ ਹੋਰ ਭਾਰਤੀਆਂ ਵਲੋਂ ਭਰਵਾਂ ਸਵਾਗਤ ਕੀਤਾ ਗਿਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਗੁਰਦੁਆਰਾ ਕੋਲੰਬੀਆ ਦੇ ਨਵੇਂ ਚੁਣੇ ਗਏ ਪ੍ਰਧਾਨ ਅਮਰਜੀਤ ਸਿੰਘ ਚੀਮਾ, ਉਨ੍ਹਾਂ ਦੇ ਭਰਾ ਸੁਖਵਿੰਦਰ ਸਿੰਘ ਚੀਮਾ ਅਤੇ ਚੀਮਾ ਪਰਿਵਾਰ ਦੇ ਹੋਰ ਮੈਂਬਰਾਂ ਮਿਨੀ ਚੀਮਾ, ਲਾਡੀ ਚੀਮਾ (ਰੋਡਵੇ ਇੰਨ ਹੋਟਲ, ਸ਼ਾਰਲਟ), ਪਰਮਪਾਲ, ਟੈਕਸੀ ਯੂਨੀਅਨ ਦੇ ਮੀਤ ਪ੍ਰਧਾਨ ਹਰਪ੍ਰੀਤ ਸਿੰਘ ਗਿੱਲ, ਲਵਲੀ ਗਿੱਲ, ਕਰਤਾਰ ਸਿੰਘ, ਸੁਰਜੀਤ ਸਿੰਘ ਰੰਧਾਵਾ, ਅਜੀਤ ਸਿੰਘ ਅਹਿਲਾਵਤ ਅਤੇ ਡਾ. ਅਸ਼ੋਕ ਅਹਿਲਾਵਤ, ਬਲਵੀਰ ਸਿੰਘ (ਪੰਜਾਬੀ ਢਾਬਾ) ਅਤੇ ਬਲਹਾਰ ਸਿੰਘ ਹਾਜ਼ਰ ਸਨ।

ਸ੍ਰੀ ਚੌਟਾਲਾ ਦਾ ਸਵਾਗਤ "ਆਪ ਆਏ ਹਮਾਰੀ ਮਹਿਫਲ ਮੇ ਤੋ ਮਹਿਫਲ ਗੁਲੇ ਗੁਲਜ਼ਾਰ ਹੁਈ, ਗੁਜਰਤੀ ਥੀ ਜੋ ਹਵਾ ਹਮਾਰੇ ਆਂਗਨ ਸੇ ਵੋ ਹਵਾ ਭੀ ਖੁਸ਼ਬੂਦਾਰ ਹੁਈ" ਸ਼ੇਅਰ ਨਾਲ ਕਰਦਿਆਂ ਸ. ਇਕਬਾਲ ਸਿੰਘ ਚੀਮਾ ਨੇ ਆਪਣੇ ਮੂਲ ਕਸਬੇ ਪੁੰਡਰੀ (ਜ਼ਿਲਾ ਕਰਨਾਲ) ਦੀਆਂ ਸਮੱਸਿਆਵਾਂ ਦਾ ਜ਼ਿਕਰ ਕਰਦਿਆਂ ਸ੍ਰੀ ਚੌਟਾਲਾ ਨੂੰ ਇਨ੍ਹਾਂ ਦੇ ਹੱਲ ਵੱਲ ਧਿਆਨ ਦੇਣ ਦੀ ਬੇਨਤੀ ਕੀਤੀ।

ਚੌਧਰੀ ਚੌਟਾਲਾ ਨੇ ਇਸ ਮੌਕੇ ਬੋਲਦਿਆਂ ਹਾਜ਼ਰ ਸੱਜਣਾਂ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਅਗਲੀਆਂ ਚੋਣਾਂ ਵਿਚ ਹਰਿਆਣਾ ਵਿਚ ਉਨ੍ਹਾਂ ਦੀ ਹੀ ਪਾਰਟੀ ਇਨੈਲੋ ਜਿਤੇਗੀ ਅਤੇ ਸਮੱਸਿਆਵਾਂ ਦਾ ਹੱਲ ਤਰਜ਼ੀਹ ਨਾਲ ਕੀਤਾ ਜਾਏਗਾ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਪਾਰਟੀ ਧਾਰਮਕ ਮਾਮਲਿਆਂ ਵਿਚ ਦਖਲ ਨਹੀਂ ਦਿੰਦੀ ਇਸ ਕਰਕੇ ਹਰਿਆਣਾ ਵਿਚ ਵੱਖਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮਾਮਲੇ ਉਤੇ ਉਹ ਕੁਝ ਵੀ ਨਹੀਂ ਕਹਿਣਗੇ। ਉਨ੍ਹਾਂ ਕਿਹਾ ਕਿ ਪੰਜਾਬ ਤੇ ਹਰਿਆਣਾ ਭਰਾ ਭਰਾ ਹੀ ਹਨ। ਪੰਜਾਬੀ ਜੱਟ ਹਨ ਅਤੇ ਹਰਿਆਣਵੀ ਜਾਟ। ਗੱਲ ਨੂੰ ਹਾਸੇ ਵਿਚ ਪਾਉਂਦਿਆਂ ਉਨ੍ਹਾਂ ਕਿਹਾ ਕਿ ਗੱਲ ਸਿਰਫ ਡੰਡੇ ਦੀ ਹੈ ਅਤੇ ਸਾਡਾ ਡੰਡਾ ਤੇ ਝੰਡਾ ਹਮੇਸ਼ਾ ਕਾਇਮ ਰਹੇਗਾ। ਉਨ੍ਹਾਂ ਆਖਿਆ ਕਿ ਹਰਿਆਣਾ ਵਿਚ ਵੱਸਦੇ ਪੰਜਾਬੀਆਂ ਨੇ ਸੂਬੇ ਦੀ ਤਰੱਕੀ ਵਿਚ ਬਹੁਤ ਵੱਡਾ ਯੋਗਦਾਨ ਪਾਇਆ ਹੈ।

ਆਪਣੀ ਅਮਰੀਕਾ ਯਾਤਰਾ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ ਉਹ ਜਿਥੇ ਵੀ ਗਏ ਹਨ ਉਨ੍ਹਾਂ ਨੂੰ ਆਪਣੇ ਸੂਬੇ ਦੇ ਲੋਕਾਂ ਤੋਂ ਭਰਵਾਂ ਹੁੰਗਾਰਾ ਮਿਲਿਆ ਹੈ। ਇਸ ਯਾਤਰਾ ਦੌਰਾਨ ਉਨ੍ਹਾਂ ਬਹੁਤ ਕੁਝ ਸਿਖਿਆ ਹੈ ਅਤੇ ਉਨ੍ਹਾਂ ਨੂੰ ਪਰਵਾਸੀਆਂ ਦੀਆਂ ਸਮੱਸਿਆਵਾਂ ਦਾ ਵੀ ਪਤਾ ਲੱਗਾ ਹੈ। ਉਨ੍ਹਾਂ ਦੀ ਸਰਕਾਰ ਆਉਣ 'ਤੇ ਉਹ ਇਨ੍ਹਾਂ ਦਾ ਹੱਲ ਕਰਨ ਲਈ ਪੂਰਾ ਯਤਨ ਕਰਨਗੇ।

# ਕੈਰੋਲਾਈਨਾ ਗਵਰਨਰ ਲਈ ਉਮੀਦਵਾਰ ਨਿੱਕੀ ਹੇਲੀ ਵਾਸਤੇ ਫੰਡਰੇਜ਼ਰ

**ਸ਼ਾਰਲਟ (ਜੁਗਰਾਜ ਗਿੱਲ):** ਕੈਰੋਲਾਈਨਾ ਸਟੇਟ ਦੇ ਗਵਰਨਰ ਲਈ ਆਉਂਦੀ 2 ਨਵੰਬਰ ਨੂੰ ਹੋ ਰਹੀ ਚੋਣ ਵਾਸਤੇ ਰਿਪਬਲਿਕਨ ਪਾਰਟੀ ਦੀ ਉਮੀਦਵਾਰ ਨਿੱਕੀ ਰੰਧਾਵਾ ਉਰਫ ਨਿੱਕੀ ਹੇਲੀ ਉਰਫ ਨਿਮਰਤਾ ਕੌਰ ਦੀ ਮਦਦ ਲਈ ਉਸ ਦੇ ਸਮਰਥਕਾਂ ਵਲੋਂ ਇਥੇ ਹੋਟਲ ਲੌਰਿਲ ਕਰੀਕ ਵਿਚ ਇਕ ਫੰਡਰੇਜ਼ਰ ਸਮਾਗਮ ਕੀਤਾ ਗਿਆ ਜਿਸ ਵਿਚ 600 ਤੋਂ ਵੱਧ ਸਮਰਥਕਾਂ ਨੇ ਹਿੱਸਾ ਲਿਆ। ਇਨ੍ਹਾਂ ਵਿਚ ਹੋਟਲ ਮਾਲਕ ਕਰਤਾਰ ਸਿੰਘ, ਸੁਖਵਿੰਦਰ ਸਿੰਘ ਚੀਮਾ ਅਤੇ ਸੁਰਜੀਤ ਸਿੰਘ ਰੰਧਾਵਾ ਵੀ ਸ਼ਾਮਲ ਸਨ। ਇਸ ਫੰਡਰੇਜ਼ਰ ਲਈ ਦਾਖਲਾ ਫੀਸ 250 ਡਾਲਰ ਰੱਖੀ ਗਈ ਸੀ ਅਤੇ ਸਮਰਥਕਾਂ ਨੇ 34 ਹਜ਼ਾਰ ਡਾਲਰ ਇਕੱਠਾ ਕਰਕੇ ਨਿੱਕੀ ਹੇਲੀ ਨੂੰ ਉਸ ਦੇ ਚੋਣ ਫੰਡ ਲਈ ਦਿੱਤਾ।

ਇਸ ਮੌਕੇ ਬੋਲਦਿਆਂ ਨਿੱਕੀ ਹੇਲੀ ਨੇ ਵਾਅਦਾ ਕੀਤਾ ਕਿ ਚੁਣੇ ਜਾਣ ਪਿਛੋਂ ਉਹ ਛੋਟੇ ਵਪਾਰੀਆਂ ਦੀ ਮਦਦ ਕਰਨਗੇ ਅਤੇ ਕਾਰਪੋਰੇਟ ਇਨਕਮ ਟੈਕਸ ਮਾਫ ਕਰ ਦਿੱਤਾ ਜਾਏਗਾ ਤਾਂ ਜੋ ਅਰਥਚਾਰੇ ਨੂੰ ਹੁਲਾਰਾ ਮਿਲ ਸਕੇ। ਉਨ੍ਹਾਂ ਕਿਹਾ ਕਿ ਭਵਿੱਖ ਵਿਚ ਨਾਰਥ ਕੈਰੋਲਾਈਨਾ ਨੂੰ ਵਾਸ਼ਿੰਗਟਨ ਡੀ ਸੀ ਵੱਲ ਨਹੀਂ ਵੇਖਣਾ ਪਵੇਗਾ ਅਤੇ ਅਸੀਂ ਆਪਣੇ ਅਰਥਚਾਰੇ ਨੂੰ ਹੁਲਾਰਾ ਦੇ ਕੇ ਸਵੈ ਨਿਰਭਰ ਹੋਵਾਂਗੇ। ਲੋਕਾਂ ਦੀਆਂ ਮੁਸ਼ਕਲਾਂ ਅਸੀਂ ਆਪ ਹੱਲ ਕਰਾਂਗੇ। ਉਨ੍ਹਾਂ ਕਿਹਾ ਕਿ ਪਿਛਲੇ ਅੱਠ ਸਾਲਾਂ ਵਿਚ ਰਾਜ ਵਿਚ ਬੇਰੁਜ਼ਗਾਰੀ ਲਗਾਤਾਰ ਵਧੀ ਹੈ ਅਤੇ ਅਸੀਂ ਪਹਿਲਾ ਕੰਮ ਇਸ ਬੇਰੁਜ਼ਗਾਰੀ ਨੂੰ ਖਤਮ ਕਰਨ ਦਾ ਕਰਾਂਗੇ।




ਗੈਸ ਸਟੇਸ਼ਨ ਵਿਕਾਊ ਹੈ

ਗਰੈਂਡ ਰੈਪਿਡਜ਼, ਮਿਸ਼ੀਗਨ ਵਿਚ ਵਧੀਆ ਚਲਦਾ ਗੈਸ ਸਟੇਸ਼ਨ ਵਿਕਾਊ ਹੈ। ਅੰਦਰ ਦੀ ਸੇਲ 70,000 ਡਾਲਰ, ਗੈਸ 70,000 ਗੈਲਨ

ਹੋਰ ਜਾਣਕਾਰੀ ਲਈ ਕਾਲ ਕਰੋ:
ਫੋਨ: 414-803-7420

## ਅਖੰਡ ਕੀਰਤਨੀ ਜਥੇ ਵਲੋਂ ਗਿਆਨੀ ਇਕਬਾਲ ਸਿੰਘ ਦੇ ਹੁਕਮਨਾਮੇ ਨੂੰ ਰੱਦ ਕਰਨ ਦੀ ਮੰਗ

**ਅੰਮ੍ਰਿਤਸਰ:** ਅਖੰਡ ਕੀਰਤਨੀ ਜਥਾ ਇੰਟਰਨੈਸ਼ਨਲ ਨੇ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੂੰ ਮਿਲ ਕੇ ਮੰਗ ਕੀਤੀ ਹੈ ਕਿ ਤਖ਼ਤ ਸ੍ਰੀ ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਇਕਬਾਲ ਸਿੰਘ ਵਲੋਂ ਰਾਗਮਾਲਾ ਸਬੰਧੀ ਜਾਰੀ ਕੀਤਾ ਗਿਆ ਹੁਕਮਨਾਮਾ ਤੁਰੰਤ ਰੱਦ ਕਰਕੇ ਉਨ੍ਹਾਂ ਨੂੰ ਸ੍ਰੀ ਅਕਾਲ ਤਖ਼ਤ 'ਤੇ ਤਲਬ ਕੀਤਾ ਜਾਵੇ।

ਅਕਾਲ ਤਖ਼ਤ ਦੇ ਜਥੇਦਾਰ ਨੂੰ ਦਿੱਤੇ ਮੰਗ ਪੱਤਰ ਦੀ ਨਕਲ ਪੱਤਰਕਾਰਾਂ ਨੂੰ ਦਿੰਦਿਆਂ ਅਖੰਡ ਕੀਰਤਨੀ ਜਥੇ ਦੇ ਮੁੱਖ ਸੇਵਾਦਾਰ ਭਾਈ ਬਖਸ਼ੀਸ਼ ਸਿੰਘ ਅਤੇ ਜਥੇ ਦੇ ਬੁਲਾਰੇ ਭਾਈ ਰਾਜਿੰਦਰ ਪਾਲ ਸਿੰਘ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਤਖ਼ਤ ਸ੍ਰੀ ਪਟਨਾ ਸਾਹਿਬ ਤੋਂ ਜਾਰੀ ਹੁਕਮਨਾਮੇ ਨਾਲ ਸਿੱਖ ਪੰਥ ਵਿਚ ਇਕ ਬੇਲੋੜਾ ਵਿਵਾਦ ਛਿੜ ਗਿਆ ਹੈ। ਉਨ੍ਹਾਂ ਦੱਸਿਆ ਕਿ ਅਕਾਲ ਤਖ਼ਤ ਦੇ ਜਥੇਦਾਰ ਨੇ ਭਰੋਸਾ ਦਿਵਾਇਆ ਹੈ ਕਿ ਪੰਜ ਸਿੰਘ ਸਾਹਿਬਾਨ ਦੀ ਮੀਟਿੰਗ ਵਿਚ ਉਨ੍ਹਾਂ ਦੀ ਮੰਗ 'ਤੇ ਵਿਚਾਰ ਕੀਤੀ ਜਾਏਗੀ ਅਤੇ ਇਸ ਸਬੰਧੀ ਯੋਗ ਕਾਰਵਾਈ ਕੀਤੀ ਜਾਏਗੀ। ਮੰਗ ਪੱਤਰ ਦੇਣ ਵਾਲੇ ਵਫਦ ਵਿਚ ਭਾਈ ਅਵਤਾਰ ਸਿੰਘ, ਭਾਈ ਆਰ.ਪੀ. ਸਿੰਘ, ਭਾਈ ਨਿਰਮਲਬੀਰ ਸਿੰਘ, ਭਾਈ ਨਰਿੰਦਰਜੀਤ ਸਿੰਘ ਗਾਮਾ, ਭਾਈ ਐਚ.ਪੀ. ਸਿੰਘ, ਭਾਈ ਸਤਨਾਮ ਸਿੰਘ, ਭਾਈ ਰਾਮ ਸਿੰਘ ਰੋਪੜ, ਭਾਈ ਹਰਮਿੰਦਰ ਸਿੰਘ, ਭਾਈ ਜਸਵੰਤ ਸਿੰਘ, ਭਾਈ ਗੁਲਜ਼ਾਰ ਸਿੰਘ ਜੋੜਾ ਫਾਟਕ, ਭਾਈ ਸੁਖਰਾਜ ਸਿੰਘ, ਭਾਈ ਅਮਨਦੀਪ ਸਿੰਘ ਅਤੇ ਭਾਈ ਮਨਜੀਤ ਸਿੰਘ ਠੇਕੇਦਾਰ ਸ਼ਾਮਲ ਸਨ।

## ਹਰਸਿਮਰਤ ਹੈ ਸਭ ਤੋਂ ਵੱਧ ਦੌਲਤਮੰਦ

**ਬਠਿੰਡਾ :** ਮਹਿਲਾ ਸੰਸਦ ਮੈਂਬਰਾਂ 'ਚੋਂ ਦੌਲਤਮੰਦਾਂ ਦੀ ਸੂਚੀ 'ਚ ਬਠਿੰਡਾ ਦੀ ਸੰਸਦ ਮੈਂਬਰ ਹਰਸਿਮਰਤ ਕੌਰ ਬਾਦਲ ਦਾ ਨਾਂ ਦੇਸ਼ ਭਰ 'ਚੋਂ ਦੂਜੇ ਸਥਾਨ 'ਤੇ ਆਉਂਦਾ ਹੈ।

ਬੀਬੀ ਹਰਸਿਮਰਤ ਕੌਰ ਬਾਦਲ ਦਾ ਉਤਰੀ ਭਾਰਤ 'ਚੋਂ ਦੌਲਤਮੰਦ ਹੋਣ 'ਚ



ਪਹਿਲਾ ਨੰਬਰ ਹੈ। ਨੈਸ਼ਨਲ ਇਲੈਕਸ਼ਨ ਵਾਚ (ਏ.ਡੀ.ਆਰ.) ਵਲੋਂ ਕੀਤੇ ਗਏ ਸੰਸਦ ਮੈਂਬਰਾਂ ਦੀ ਸੰਪਤੀ ਦੇ ਮੁਲਾਂਕਣ ਅਨੁਸਾਰ ਲੋਕ ਸਭਾ ਦੇ 543 ਸੰਸਦ ਮੈਂਬਰਾਂ 'ਚ 59 ਔਰਤਾਂ ਹਨ। ਦੌਲਤ 'ਚ ਪਹਿਲੇ ਨੰਬਰ 'ਤੇ ਉੱਤਰ ਪ੍ਰਦੇਸ਼ ਦੇ ਪ੍ਰਤਾਪਗੜ੍ਹ ਹਲਕੇ ਤੋਂ ਮਹਿਲਾ ਸੰਸਦ ਮੈਂਬਰ ਰਾਜ ਕੁਮਾਰੀ ਰਤਨਾ ਸਿੰਘ ਹੈ ਜੋ ਕਾਂਗਰਸ ਦੀ ਟਿਕਟ 'ਤੇ ਚੋਣ ਜਿੱਤੀ ਹੈ। ਰਾਜ ਕੁਮਾਰੀ ਰਤਨਾ ਸਿੰਘ ਕੋਲ 67.82 ਕਰੋੜ ਰੁਪਏ ਦੀ ਚੱਲ-ਅਚੱਲ ਸੰਪਤੀ ਹੈ ਜਦੋਂ ਕਿ ਬੀਬੀ ਹਰਸਿਮਰਤ ਕੌਰ ਬਾਦਲ ਕੋਲ 60.31 ਕਰੋੜ ਰੁਪਏ ਦੀ ਸੰਪਤੀ ਹੈ। ਬੀਬੀ ਬਾਦਲ ਕੋਲ 24.11 ਕਰੋੜ ਰੁਪਏ ਚੱਲ ਅਤੇ 36.19 ਕਰੋੜ ਰੁਪਏ ਅਚੱਲ ਜਾਇਦਾਦ ਹੈ। ਅਚੱਲ ਜਾਇਦਾਦ ਦੇ ਮਾਮਲੇ 'ਚ ਬੀਬੀ ਬਾਦਲ ਮਹਿਲਾ ਸੰਸਦਾਂ 'ਚੋਂ ਪਹਿਲੇ ਨੰਬਰ 'ਤੇ ਹੈ। ਰਾਜ ਕੁਮਾਰੀ ਰਤਨਾ ਸਿੰਘ ਕੋਲ ਅਚੱਲ ਜਾਇਦਾਦ ਕੇਵਲ 5.54 ਕਰੋੜ ਹੈ ਜਦੋਂ ਕਿ ਬੀਬੀ ਬਾਦਲ ਕੋਲ ਅਚੱਲ ਜਾਇਦਾਦ 36.19 ਕਰੋੜ ਰੁਪਏ ਹੈ। ਪਰਨੀਤ ਕੌਰ ਦੇਸ਼ ਭਰ ਦੀਆਂ ਮਹਿਲਾ ਸੰਸਦ ਮੈਂਬਰਾਂ 'ਚੋਂ ਚੌਥੇ ਨੰਬਰ 'ਤੇ ਹੈ। ਪਰਨੀਤ ਕੌਰ ਕੋਲ 42.30 ਕਰੋੜ ਰੁਪਏ ਦੀ ਜਾਇਦਾਦ ਹੈ। ਸੰਪਤੀ 'ਚ ਸੰਸਦ ਮੈਂਬਰ ਸੰਤੋਸ਼ ਚੌਧਰੀ ਦਾ 24ਵਾਂ ਨੰਬਰ ਹੈ ਜਦੋਂ ਕਿ ਫਰੀਦਕੋਟ ਤੋਂ ਮੈਂਬਰ ਪਾਰਲੀਮੈਂਟ ਸੰਪਤੀ 'ਚ ਕਾਫੀ ਪਿੱਛੇ ਹੈ ਜਿਨ੍ਹਾਂ ਦਾ 59 ਮਹਿਲਾ ਸੰਸਦ ਮੈਂਬਰਾਂ 'ਚੋਂ 32ਵਾਂ ਨੰਬਰ ਹੈ।

# ਬਾਗ਼ੀ ਗਰੁੱਪਾਂ ਨਾਲ ਗੱਲਬਾਤ ਨੂੰ ਸਫਲਤਾ ਮਿਲਣ ਲੱਗੀ



**ਨਵੀਂ ਦਿੱਲੀ :** ਗ੍ਰਹਿ ਮੰਤਰੀ ਪੀ. ਚਿਦੰਬਰਮ ਨੇ ਆਖਿਆ ਕਿ ਉਤਰ-ਪੂਰਬ ਵਿਚ ਹਿੰਸਾ ਦੀਆਂ ਵਾਰਦਾਤਾਂ ਵਿਚ ਚੋਖੀ ਕਮੀ ਆਈ ਹੈ ਅਤੇ ਇਹ ਸਰਕਾਰ ਵਲੋਂ ਵੱਖ-ਵੱਖ ਗਰੁੱਪਾਂ ਨਾਲ ਸ਼ੁਰੂ ਕੀਤੀ ਵਾਰਤਾ ਸਦਕਾ ਸੰਭਵ ਹੋਇਆ ਹੈ।

ਇਥੇ ਬੀਤੀ 25 ਅਗਸਤ ਨੂੰ ਸੂਬਿਆਂ ਦੇ ਪੁਲੀਸ ਮੁਖੀਆਂ ਅਤੇ ਆਈ.ਜੀ.ਪੀਜ਼ ਦੀ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਸ੍ਰੀ ਚਿਦੰਬਰਮ ਨੇ ਕਿਹਾ, "ਉੱਤਰ ਪੂਰਬ ਵਿਚ ਭਰਵੀਂ ਪੇਸ਼ਕਦਮੀ ਹੋਈ ਹੈ ਅਤੇ ਪਿਛਲੇ 21 ਮਹੀਨਿਆਂ ਤੋਂ ਇਹ ਅੱਤਵਾਦ ਤੋਂ ਮੁਕਤ ਰਿਹਾ ਹੈ। ਇਸ ਗੱਲ ਤੋਂ ਕੋਈ ਇਨਕਾਰ ਨਹੀਂ ਕਰ ਸਕਦਾ ਕਿ ਬਹੁਤ ਸਾਰੇ ਗਰੁੱਪਾਂ ਨੂੰ ਗੱਲਬਾਤ ਦੀ ਮੇਜ਼ 'ਤੇ ਲਿਆਉਣ ਦੀ ਸਫਲਤਾ ਸਦਕਾ ਉੱਤਰ-ਪੂਰਬੀ ਸੂਬਿਆਂ ਵਿਚ ਹਿੰਸਾ ਵਿਚ ਕਮੀ ਲਿਆਉਣ ਵਿਚ ਮਦਦ ਮਿਲੀ ਹੈ।" ਉਨ੍ਹਾਂ ਇਹ ਉਮੀਦ ਵੀ ਜ਼ਾਹਰ ਕੀਤੀ ਕਿ ਯੂਨਾਈਟਿਡ ਲਿਬਰੇਸ਼ਨ ਫਰੰਟ ਆਫ ਅਸਾਮ (ਉਲਫਾ) ਕੇਂਦਰ ਅਤੇ ਰਾਜ ਸਰਕਾਰ ਨਾਲ ਬਾਕਾਇਦਾ ਗੱਲਬਾਤ ਕਰਨ ਲਈ ਅੱਗੇ ਆਵੇਗਾ। ਸ੍ਰੀ ਚਿਦੰਬਰਮ ਨੇ ਕਿਹਾ, "ਮੈਂ ਗਰੁੱਪਾਂ ਜਾਂ ਵੱਖ-ਵੱਖ ਧੜਿਆਂ ਦੇ ਗਰੁੱਪਾਂ, ਜੋ ਗੱਲਬਾਤ ਤੋਂ ਪਾਸੇ ਰਹੇ ਹਨ, ਨੂੰ ਹਿੰਸਾ ਛੱਡ ਕੇ ਸਰਕਾਰ ਨਾਲ ਗੱਲਬਾਤ ਦੀ ਪੇਸ਼ਕਸ਼ ਸਵੀਕਾਰ ਕਰਨ, ਗੋਲੀਬੰਦੀ ਜਾਂ ਅਪਰੇਸ਼ਨਾਂ ਨੂੰ ਰੋਕਣ ਦੇ ਸਮਝੌਤੇ ਕਰਨ ਅਤੇ ਸਰਕਾਰ ਦੇ ਨੁਮਾਇੰਦਿਆਂ ਨਾਲ ਗੱਲਬਾਤ ਕਰਨ ਦੀ ਅਪੀਲ ਕਰਦਾ ਹਾਂ।" ਉਨ੍ਹਾਂ ਕਿਹਾ ਕਿ ਮੈਨੂੰ ਯਕੀਨ ਹੈ ਕਿ ਵੱਖ-ਵੱਖ ਗਰੁੱਪਾਂ ਵਲੋਂ ਉਨ੍ਹਾਂ ਦੀ ਪਛਾਣ, ਇਤਿਹਾਸ, ਸੱਭਿਆਚਾਰ ਅਤੇ ਸਵੈ-ਸ਼ਾਸਨ ਦੀ ਇੱਛਾ ਦੀਆਂ ਕੀਤੀਆਂ ਜਾ ਰਹੀਆਂ ਮੰਗਾਂ ਦੇ ਭਾਰਤੀ ਸੰਵਿਧਾਨ ਤਹਿਤ ਹੱਲ ਲੱਭੇ ਜਾ ਸਕਦੇ ਹਨ। ਉਨ੍ਹਾਂ ਕਿਹਾ ਕਿ ਇਹ ਵੱਡੀ ਤਸੱਲੀ ਦੀ ਗੱਲ ਹੈ ਕਿ ਬਹੁਤ ਸਾਰੇ ਗਰੁੱਪ ਭਾਰਤ ਸਰਕਾਰ ਨਾਲ ਗੱਲਬਾਤ ਕਰ ਰਹੇ ਹਨ। ਇਨ੍ਹਾਂ ਵਿਚ ਐਨ.ਐਸ.ਸੀ.ਐਨ. (ਆਈ.ਐਮ.), ਐਨ.ਡੀ.ਐਫ.ਬੀ. (ਪੀ.ਟੀ.), ਯੂ.ਪੀ.ਡੀ.ਐਸ., ਡੀ.ਐਚ.ਡੀ. (ਨੂਨੀਸਾ), ਡੀ.ਐਚ.ਡੀ. (ਜੇ), ਏ.ਐਨ.ਵੀ.ਸੀ., ਕੇ.ਐਲ.ਐਨ.ਐਲ.ਐਫ., ਕੇ.ਐਨ.ਓ. ਅਤੇ ਯੂ.ਪੀ.ਐਫ. ਸ਼ਾਮਲ ਹਨ। ਗ੍ਰਹਿ ਮੰਤਰੀ ਨੇ ਕਿਹਾ, "ਅਸੀਂ ਐਨ.ਐਸ.ਸੀ.ਐਨ. (ਆਈ. ਐਮ.) ਨਾਲ ਗੱਲਬਾਤ ਕਰਨ ਲਈ ਆਰ.ਐਸ. ਪਾਂਡੇ ਅਤੇ ਉਲਫਾ ਨੂੰ ਛੱਡ ਕੇ ਬਾਕੀ ਗਰੁੱਪਾਂ ਨਾਲ ਗੱਲਬਾਤ ਲਈ ਪੀ.ਸੀ ਹਲਦਰ ਨੂੰ ਵਾਰਤਾਕਾਰ ਨਿਯੁਕਤ ਕੀਤਾ ਹੋਇਆ ਹੈ।" ਉਨ੍ਹਾਂ ਇਸ ਗੱਲ 'ਤੇ ਨਾਖੁਸ਼ੀ ਜ਼ਾਹਰ ਕੀਤੀ ਕਿ ਛੋਟੇ-ਮੋਟੇ ਝਗੜਿਆਂ ਤੋਂ ਵੱਖ-ਵੱਖ ਫਿਰਕਿਆਂ ਅਤੇ ਗਰੁੱਪਾਂ ਦਰਮਿਆਨ ਟਕਰਾਅ ਪੈਦਾ ਹੋ ਜਾਂਦੇ ਹਨ ਅਤੇ ਫਿਰਕੂ ਜਾਂ ਜਾਤੀ ਹਿੰਸਾ ਭੜਕਣ ਦੇ ਸ਼ੁਰੂਆਤੀ ਸੰਕੇਤ ਆਉਣ ਸਮੇਂ ਹੀ ਸਥਿਤੀ ਨੂੰ ਸਖਤੀ ਨਾਲ ਸਿੱਝਣ ਲਈ ਪੁਲੀਸ ਅਫਸਰਾਂ ਨੂੰ ਚੌਕਸ ਰਹਿਣ ਦੀ ਲੋੜ ਹੈ।

ਸ੍ਰੀ ਚਿਦੰਬਰਮ ਨੇ ਕਿਹਾ ਕਿ ਉਹ ਕਸ਼ਮੀਰ ਵਾਦੀ ਵਿਚ ਮੁਜ਼ਾਹਰਾਕਾਰੀਆਂ ਤੱਕ ਪਹੁੰਚ ਕਰਨ ਅਤੇ ਮਸਲੇ ਦੇ ਹੱਲ ਲਈ ਗੱਲਬਾਤ ਮੁੜ ਸ਼ੁਰੂ ਕਰਨ ਦੇ ਸ਼ੁਰੂਆਤੀ ਪੜਾਅ ਦੀ ਤਲਾਸ਼ ਕਰਨ ਪ੍ਰਤੀ ਆਸਵੰਦ ਹਨ। ਉਨ੍ਹਾਂ ਕਿਹਾ, "ਕੇਂਦਰ ਸਰਕਾਰ ਨੇ ਜੰਮੂ-ਕਸ਼ਮੀਰ ਦੇ ਸਾਰੇ ਵਰਗਾਂ ਦੇ ਲੋਕਾਂ ਅਤੇ ਸਾਰੀਆਂ ਸਿਆਸੀ ਪਾਰਟੀਆਂ ਅਤੇ ਗਰੁੱਪਾਂ ਨਾਲ ਗੱਲਬਾਤ ਦੀ ਪੇਸ਼ਕਸ਼ ਕੀਤੀ ਹੈ।" ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਇਸ ਗੱਲੋਂ ਚਿੰਤਾਤੁਰ ਹੈ ਕਿ ਰਾਜ ਸਰਕਾਰ ਪੱਥਰਬਾਜ਼ੀ, ਲਾਠੀਚਾਰਜ, ਅੱਥਰੂ ਗੈਸ ਅਤੇ ਫਾਇਰਿੰਗ ਦਾ ਕੁਚੱਕਰ ਤੋੜਨ ਦੇ ਸਮਰੱਥ ਨਹੀਂ ਹੋ ਸਕੀ। ਸੁਰੱਖਿਆ ਦਸਤਿਆਂ ਨੂੰ ਬਹੁਤ ਸੰਜਮ ਤੋਂ ਕੰਮ ਲੈਣ ਦੀਆਂ ਹਦਾਇਤਾਂ ਦਿੱਤੀਆਂ ਗਈਆਂ ਹਨ ਪਰ ਸਥਿਤੀ ਅਜੇ ਤਾਈਂ ਆਮ ਵਰਗੀ ਨਹੀਂ ਹੋ ਸਕੀ। ਗ੍ਰਹਿ ਮੰਤਰੀ ਪੀ. ਚਿਦੰਬਰਮ ਵਲੋਂ ਬੰਬ ਧਮਾਕਿਆਂ ਦੀਆਂ ਕਈ ਵਾਰਦਾਤਾਂ ਪਿੱਛੇ 'ਭਗਵੀਂ ਦਹਿਸ਼ਤਗਰਦੀ' ਦਾ ਹੱਥ ਹੋਣ ਦੇ ਨਵੇਂ ਵਰਤਾਰੇ ਦਾ ਜ਼ਿਕਰ ਕਰਨ ਤੋਂ ਭਾਰਤੀ ਜਨਤਾ ਪਾਰਟੀ ਕਾਫੀ ਖਫ਼ਾ ਹੈ ਅਤੇ ਇਸ ਨੇ ਦੋਸ਼ ਲਾਇਆ ਕਿ ਸਰਕਾਰ ਆਪਣੀਆਂ ਨਾਕਾਮੀਆਂ ਤੋਂ ਧਿਆਨ ਹਟਾਉਣ ਦੇ ਯਤਨ ਕਰ ਰਹੀ ਹੈ। ਉਨ੍ਹਾਂ ਬਹੁਗਿਣਤੀ ਕੱਟੜਪੰਥੀ ਜਥੇਬੰਦੀਆਂ ਦਾ ਹਵਾਲਾ ਦਿੰਦਿਆਂ ਕਿਹਾ, "ਭਾਰਤ ਵਿਚ ਨੌਜਵਾਨਾਂ ਨੂੰ ਕੱਟੜਵਾਦ ਦੇ ਰਾਹ 'ਤੇ ਲਿਜਾਣ ਦੀਆਂ ਕੋਸ਼ਿਸ਼ਾਂ ਵਿਚ ਕੋਈ ਕਮੀ ਨਹੀਂ ਹੋ ਰਹੀ। ਇਸ ਤੋਂ ਇਲਾਵਾ ਹਾਲ ਹੀ ਵਿਚ ਭਗਵੇਂ ਦਹਿਸ਼ਤਗਰਦ ਦਾ ਵਰਤਾਰਾ ਵੀ ਸਾਹਮਣੇ ਆਇਆ ਹੈ ਜੋ ਕਈ ਬੰਬ ਧਮਾਕਿਆਂ ਵਿਚ ਸ਼ਾਮਲ ਸੀ।" ਗ੍ਰਹਿ ਮੰਤਰੀ ਦੇ ਇਸ ਬਿਆਨ 'ਤੇ ਪ੍ਰਤੀਕਿਰਿਆ ਕਰਦਿਆਂ ਭਾਜਪਾ ਦੇ ਬੁਲਾਰੇ ਰਾਜੀਵ ਪ੍ਰਤਾਪ ਰੂਡੀ ਨੇ ਕਿਹਾ, "ਦੇਸ਼ ਵਿਚ ਬਹੁਤ ਅਫਰਾਤਫਰੀ ਚੱਲ ਰਹੀ ਹੈ। ਚਿਦੰਬਰਮ ਨੂੰ ਲੋਕਾਂ ਦਾ ਧਿਆਨ ਲਾਂਭੇ ਕਰਨ ਲਈ ਕਿਸੇ ਬਹਾਨੇ ਦੀ ਲੋੜ ਹੈ।"

ਕਾਂਗਰਸ ਪਾਰਟੀ ਨੇ ਵੀ ਉਨ੍ਹਾਂ ਦੇ ਇਸ ਬਿਆਨ ਤੋਂ ਕਿਨਾਰਾ ਕਰ ਲਿਆ। ਰਾਜ ਸਭਾ ਵਿਚ ਸ਼ਿਵ ਸੈਨਾ ਤੇ ਭਾਜਪਾ ਦੇ ਸੰਸਦ ਮੈਂਬਰਾਂ ਨੇ ਇਸ ਬਿਆਨ ਨੂੰ ਲੈ ਕੇ ਜ਼ੋਰਦਾਰ ਹੰਗਾਮਾ ਕੀਤਾ। ਪੁਲਿਸ ਮੁਖੀਆਂ ਦੇ ਸਮਾਗਮ ਵਿਚ ਕੇਂਦਰੀ ਮੰਤਰੀ ਵਲੋਂ ਭਗਵੇਂ ਦਹਿਸ਼ਤਵਾਦ ਦੇ ਵਾਧੇ ਬਾਰੇ ਦਿੱਤੇ ਬਿਆਨ 'ਤੇ ਪਾਰਟੀ ਦਾ ਪੱਖ ਸਪਸ਼ਟ ਕਰਦਿਆਂ ਸੀਨੀਅਰ ਕਾਂਗਰਸੀ ਆਗੂ ਜਨਾਰਦਨ ਦਿਵੇਦੀ ਨੇ ਕਿਹਾ ਕਿ ਦਹਿਸ਼ਤਵਾਦ ਨੂੰ ਕਿਸੇ ਰੰਗ ਨਾਲ ਜੋੜਨ ਦੀ ਬਜਾਏ ਇਸ ਦੇ ਖ਼ਾਤਮੇ ਨੂੰ ਵਧੇਰੇ ਤਵੱਜੋਂ ਦਿੱਤੀ ਜਾਣੀ ਚਾਹੀਦੀ ਹੈ। ਸ੍ਰੀ ਦਿਵੇਦੀ ਨੇ ਕਿਹਾ ਕਿ ਦਹਿਸ਼ਤਵਾਦ ਦਾ ਕੋਈ ਰੰਗ ਨਹੀਂ ਹੁੰਦਾ, ਇਹ ਸਿਰਫ਼ ਕਾਲਾ ਹੁੰਦਾ ਹੈ। ਉਨ੍ਹਾਂ ਕਿਹਾ ਕਿ ਭਗਵਾਂ, ਹਰਾ, ਸਫੈਦ ਜਾਂ ਲਾਲ ਹਰ ਤਰ੍ਹਾਂ ਦਾ ਦਹਿਸ਼ਤਵਾਦ ਸਿਰਫ਼ ਦਹਿਸ਼ਤਵਾਦ ਹੈ ਤੇ ਇਸ ਨੂੰ ਹੋਰ ਕੋਈ ਨਾਂ ਨਾ ਦਿੱਤਾ ਜਾਵੇ। ਸ੍ਰੀ ਚਿਦੰਬਰਮ ਨੂੰ ਸਿੱਧੇ ਤੌਰ 'ਤੇ ਨਿਸ਼ਾਨਾ ਬਣਾਉਂਦਿਆਂ ਉਨ੍ਹਾਂ ਕਿਹਾ ਕਿ ਸਿਆਸਤ ਅਤੇ ਮੀਡੀਆ 'ਚ ਅਜਿਹੇ ਸ਼ਬਦਾਂ ਦੀ ਵਰਤੋਂ ਕਰਨ ਵੇਲੇ ਸਾਵਧਾਨੀ ਵਰਤਣੀ ਚਾਹੀਦੀ ਹੈ।

ਦੂਜੇ ਪਾਸੇ ਇਸ ਮਾਮਲੇ ਨੂੰ ਲੈ ਕੇ ਰਾਜ ਸਭਾ ਵਿਚ ਸ਼ਿਵ ਸੈਨਾ ਤੇ ਭਾਜਪਾ ਦੇ ਸੰਸਦ ਮੈਂਬਰਾਂ ਵਲੋਂ ਜ਼ੋਰਦਾਰ ਹੰਗਾਮਾ ਕੀਤਾ ਗਿਆ। ਦੋਹਾਂ ਪਾਰਟੀਆਂ ਵਲੋਂ ਕੀਤੇ ਗਏ ਹੰਗਾਮੇ ਕਾਰਨ ਸਦਨ ਦੀ ਕਾਰਵਾਈ ਕਈ ਵਾਰ ਮੁਲਤਵੀ ਕਰਨੀ ਪਈ।

ਸੱਤਾਧਾਰੀ ਧਿਰ ਤੇ ਲੋਕ ਜਨ ਸ਼ਕਤੀ ਪਾਰਟੀ ਦੇ ਮੁਖੀ ਰਾਮ ਬਿਲਾਸ ਪਾਸਵਾਨ ਸਮੇਤ ਕਈ ਆਗੂਆਂ ਨੇ ਇਨ੍ਹਾਂ ਦਲੀਲਾਂ ਦਾ ਵਿਰੋਧ ਕੀਤਾ।

# ਪ੍ਰਧਾਨ ਮੰਤਰੀ ਵਲੋਂ ਰਾਸ਼ਟਰਮੰਡਲ ਖੇਡਾਂ ਦਾ ਜਾਇਜ਼ਾ

### ਖੇਡਾਂ ਦੀ ਤਿਆਰੀ ਦੇ ਰਹਿੰਦੇ ਪ੍ਰਬੰਧ ਛੇਤੀ ਕਰਨ ਦੇ ਦਿੱਤੇ ਨਿਰਦੇਸ਼

**ਨਵੀਂ ਦਿੱਲੀ :** ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਬੀਤੀ 29 ਅਗਸਤ ਨੂੰ ਜਵਾਹਰ ਲਾਲ ਨਹਿਰੂ ਖੇਡ ਕੰਪਲੈਕਸ ਦਾ ਦੌਰਾ ਕੀਤਾ ਤੇ ਸਬੰਧਤ ਪ੍ਰਸ਼ਾਸਨ ਨੂੰ ਰਹਿੰਦਾ ਕੰਮ ਛੇਤੀ ਮੁਕਾਉਣ ਲਈ ਆਪਣੇ ਉਪਰਾਲੇ ਦੁੱਗਣੇ ਕਰਨ ਲਈ ਕਿਹਾ। ਉਨ੍ਹਾਂ ਨੇ ਖੇਡ ਕੰਪਲੈਕਸ ਨੂੰ 'ਸੋਹਣਾ' ਕਰਾਰ ਦਿੰਦਿਆਂ ਸਬੰਧਤ ਪ੍ਰਸ਼ਾਸਨ ਨੂੰ ਜਿਹੜਾ ਵੀ ਕੰਮ ਰਹਿੰਦਾ ਹੈ, ਉਸ ਨੂੰ ਛੇਤੀ ਤੋਂ ਛੇਤੀ ਨਿਬੇੜਨ ਲਈ ਦੁੱਗਣੇ ਉਪਰਾਲੇ ਕਰਨ ਲਈ ਕਿਹਾ। ਉਨ੍ਹਾਂ ਕਿਹਾ ਕਿ ਲੋਕ ਰਾਸ਼ਟਰਮੰਡਲ ਖੇਡਾਂ ਦੇ ਸ਼ਾਨਦਾਰ ਤੇ ਨਿਰਵਿਘਨ ਆਗਾਜ਼ ਲਈ ਆਸਵੰਦ ਹਨ। ਪ੍ਰਧਾਨ ਮੰਤਰੀ ਸਵੇਰੇ ਸਵੇਰੇ ਇਹ ਖੇਡਾਂ ਸ਼ੁਰੂ ਤੇ ਸਮਾਪਤ ਹੋਣ ਵਾਲੀ ਥਾਂ ਪੁੱਜੇ।

ਪ੍ਰਧਾਨ ਮੰਤਰੀ ਦੇ ਦਫਤਰ ਦੇ ਅਧਿਕਾਰੀਆਂ ਅਨੁਸਾਰ ਪ੍ਰਧਾਨ ਮੰਤਰੀ ਦੇ ਦੌਰੇ ਦਾ ਮਨਸ਼ਾ 3-4 ਅਕਤੂਬਰ ਨੂੰ ਹੋ ਰਹੀਆਂ ਖੇਡਾਂ ਲਈ ਸਭ ਤਿਆਰੀਆਂ ਮੁਕੰਮਲ ਕਰਾਉਣ ਲਈ ਕੰਮ 'ਚ ਤੇਜ਼ੀ ਲਿਆਉਣ ਤੇ ਇਹਨੂੰ ਲੀਹੇ ਪਾਉਣਾ ਹੈ ਕਿਉਂਕਿ ਹਾਲ ਹੀ 'ਚ ਇਸ ਦਿਸ਼ਾ 'ਚ ਅਜਿਹੇ ਕਦਮ ਪੁੱਟੇ ਗਏ ਸਨ। ਜ਼ਿਕਰਯੋਗ ਹੈ ਕਿ ਖੇਡਾਂ ਦੀਆਂ ਤਿਆਰੀਆਂ ਦੇ ਪ੍ਰਬੰਧਾਂ 'ਚ ਭ੍ਰਿਸ਼ਟਾਚਾਰ ਦੇ ਦੋਸ਼ ਵੀ ਲਗਦੇ ਰਹੇ ਹਨ। ਪ੍ਰਧਾਨ ਮੰਤਰੀ ਨਾਲ ਖੇਡ ਮੰਤਰੀ ਮਨੋਹਰ ਸਿੰਘ ਗਿੱਲ ਤੇ ਕਮੇਟੀ ਦੇ ਚੇਅਰਮੈਨ ਸੁਰੇਸ਼ ਕਲਮਾਡੀ ਵੀ ਸਨ। ਉਨ੍ਹਾਂ ਨੇ ਪ੍ਰਧਾਨ ਮੰਤਰੀ ਨੂੰ ਸਾਰਾ ਸਟੇਡੀਅਮ ਤੇ ਉਥੇ ਦਿੱਤੀਆਂ ਜਾਣ ਵਾਲੀਆਂ ਵੱਖ-ਵੱਖ ਸਹੂਲਤਾਂ ਤੋਂ ਇਲਾਵਾ ਚੱਲ ਰਹੇ ਕੰਮਾਂ ਦਾ ਵੀ ਦੌਰਾ ਕਰਾਇਆ। ਪ੍ਰਧਾਨ ਮੰਤਰੀ 20 ਮਿੰਟ ਖੇਡ ਕੰਪਲੈਕਸ 'ਚ ਰਹੇ। ਦੇਰੀ ਅਤੇ ਭ੍ਰਿਸ਼ਟਾਚਾਰ ਦੇ ਦੋਸ਼ਾਂ ਤੋਂ ਫਿਕਰਮੰਦ ਹੋ ਕੇ ਡਾ. ਮਨਮੋਹਨ ਸਿੰਘ ਨੇ 14 ਅਗਸਤ ਨੂੰ ਖੇਡਾਂ ਦੀਆਂ ਤਿਆਰੀਆਂ ਸਬੰਧੀ ਉੱਚ ਪੱਧਰੀ ਜਾਇਜ਼ਾ ਮੀਟਿੰਗ ਸੱਦੀ ਸੀ। ਜਿਸ ਦੌਰਾਨ ਅਗਲੀ ਰਣਨੀਤੀ ਤੈਅ ਕਰਨ ਦੇ ਨਾਲ-ਨਾਲ ਪ੍ਰਧਾਨ ਮੰਤਰੀ ਨੇ ਕੰਮਾਂ 'ਚ ਬੇਨਿਯਮੀਆਂ ਦੀ ਜਾਂਚ ਦੇ ਆਦੇਸ਼ ਵੀ ਦਿੱਤੇ ਸਨ।

# ਨਕਲ ਮਾਰਦੇ ਫੜੇ ਪੰਜ ਭਾਰਤੀ ਜੱਜ ਮੁਅੱਤਲ

**ਵਾਰੰਗਲ :** ਨਿਆਂਪਾਲਿਕਾ 'ਚ ਭ੍ਰਿਸ਼ਟਾਚਾਰ ਦੀਆਂ ਖ਼ਬਰਾਂ ਆਮ ਹੋ ਜਾਣ ਦੇ ਚੱਲਦਿਆਂ ਹੁਣ ਆਂਧਰਾ ਪ੍ਰਦੇਸ਼ ਦੇ ਪੰਜ ਜੱਜ ਨਕਲ ਮਾਰਦੇ ਰੰਗੇ ਹੱਥੀਂ ਫੜੇ ਗਏ। ਇਹ ਜੱਜ ਕਾਕਾਟਿਆ ਯੂਨੀਵਰਸਿਟੀ, ਵਾਰੰਗਲ ਤੋਂ ਐਲ ਐਲ ਐਮ (ਪਹਿਲਾ ਸਾਲ) ਦੀ ਪ੍ਰੀਖਿਆ ਦੇ ਰਹੇ ਸਨ। ਇਨ੍ਹਾਂ ਜੱਜਾਂ ਕੋਲੋਂ ਨੋਟਿਸ ਬਰਾਮਦ ਹੋਏ ਹਨ। ਨਕਲ ਮਾਰਦਿਆਂ ਫੜੇ ਜਾਣ ਤੋਂ ਬਾਅਦ ਆਂਧਰਾ ਪ੍ਰਦੇਸ਼ ਹਾਈ ਕੋਰਟ ਨੇ ਇਨ੍ਹਾਂ ਜੱਜਾਂ ਨੂੰ ਮੁਅੱਤਲ ਕਰਦਿਆਂ ਮਾਮਲੇ ਦੀ ਰਿਪੋਰਟ ਮੰਗ ਲਈ ਹੈ। ਪ੍ਰਸ਼ਾਸਨ ਤੇ ਯੂਨੀਵਰਸਿਟੀ ਨੇ ਵੀ ਇਸ ਮਾਮਲੇ ਦੀ ਪੂਰੀ ਜਾਣਕਾਰੀ ਮੰਗੀ ਹੈ। ਰੰਗਾਰੇਡੀ, ਗੁੰਟੂਰ, ਬਾਪਟਲਾ ਅਤੇ ਅਨੰਤਪੁਰ ਜ਼ਿਲ੍ਹਿਆਂ 'ਚ ਤੈਨਾਤ ਇਨ੍ਹਾਂ ਜੱਜਾਂ ਦੇ ਨਾਂ ਅਜੀਤ ਸਿਮਹਾਰਾਓ, ਐਮ ਕਿਸ਼ਤੱਪਾ, ਪੀ ਵਿਜੇਂਦਰ ਰੈਡੀ, ਐਮ ਸ੍ਰੀਨਿਵਾਸ ਚਾਰੀ ਅਤੇ ਹਨੂਮੰਤ ਰਾਓ ਹਨ। ਇਨ੍ਹਾਂ ਕੋਲੋਂ ਪ੍ਰੀਖਿਆ ਦੌਰਾਨ ਨੋਟਿਸ ਤੇ ਕਿਤਾਬਾਂ ਬਰਾਮਦ ਹੋਈਆਂ ਹਨ, ਹਾਲਾਂਕਿ ਇਨ੍ਹਾਂ ਦਾ ਕਹਿਣਾ ਹੈ ਕਿ ਉਹ ਨਕਲ ਨਹੀਂ ਮਾਰ ਰਹੇ ਸਨ ਤੇ ਕਿਤਾਬਾਂ ਬਹੁਤ ਦੂਰ ਪਈਆਂ ਸਨ। ਦੂਜੇ ਪਾਸੇ ਟੀਵੀ ਚੈਨਲਾਂ 'ਤੇ ਇਨ੍ਹਾਂ ਨੂੰ ਨਕਲ ਕਰਦਿਆਂ ਵਿਖਾਇਆ ਗਿਆ ਹੈ। ਇਨ੍ਹਾਂ ਜੱਜਾਂ ਨੂੰ ਅੰਦਰੂਨੀ ਪ੍ਰੀਖਿਆ ਕੰਟਰੋਲਰ ਤੇ ਇਕ ਵਿਸ਼ੇਸ਼ ਟੀਮ ਨੇ ਫੜਿਆ ਹੈ।

ਉਧਰ ਬੇਟੀ ਦੀ ਮੈਡੀਕਲ ਦਾਖਲਾ ਪ੍ਰੀਖਿਆ ਕਿਸੇ ਹੋਰ ਤੋਂ ਦੁਆਉਣ ਦੇ ਵਿਵਾਦ 'ਚ ਫਸੇ ਜੰਮੂ-ਕਸ਼ਮੀਰ ਦੇ ਪੀ ਡਬਲਯੂ ਡੀ ਮੰਤਰੀ ਜੀ ਐਮ. ਸਰੂਰੀ ਨੂੰ ਬਰਖਾਸਤ ਕਰ ਦਿੱਤਾ ਗਿਆ ਹੈ। ਕਾਂਗਰਸ ਨਾਲ ਸੰਬੰਧਿਤ ਸਰੂਰੀ ਨੇ ਹਾਈ ਕਮਾਂਡ ਦੇ ਕਹਿਣ 'ਤੇ ਅਸਤੀਫਾ ਨਾ ਦਿੱਤਾ ਤੇ ਵਿਦੇਸ਼ ਮੰਤਰਾਲੇ ਤੋਂ ਪ੍ਰਵਾਨਗੀ ਹੇਠ ਹੋਈ ਕੈਬਨਿਟ ਮੀਟਿੰਗ 'ਚ ਉਨ੍ਹਾਂ ਨੂੰ ਬਰਖਾਸਤ ਕਰਨ ਦਾ ਫੈਸਲਾ ਲਿਆ ਗਿਆ। ਮੰਤਰੀ ਨੇ ਖੁਦ ਨੂੰ ਸਿਆਸੀ ਪੀੜਤ ਦੱਸਿਆ, ਪਰ ਉਨ੍ਹਾਂ ਨੇ ਪਾਰਟੀ ਹਾਈ ਕਮਾਂਡ ਦੀ ਅਸਤੀਫੇ ਦੀ ਹਦਾਇਤ ਨਹੀਂ ਮੰਨੀ ਅਤੇ ਵਿਦੇਸ਼ ਰਵਾਨਾ ਹੋ ਗਿਆ।


## Matrimonials

### ਕੰਨਿਆ ਦੀ ਲੋੜ

Parents seek well educated USA settled family girl for Sikh cleanshaved son, 28, 5'-10", M.S from USA, Settled in Michigan-USA, permanent job , Call: 214-677-6465 or e-mail to: jit.simer@gmail.com.

ਜੱਟ ਸਿੱਖ ਵਿਰਕ, 26, ਨਿਊ ਯਾਰਕ ਵਿਚ ਆਪਣਾ ਬਿਜਨਸ ਕਰਦੇ, ਪਿਛੋਂ ਜ਼ਿਲਾ ਕਰਨਾਲ ਦੇ ਲੜਕੇ ਲਈ ਗਰੀਨ ਕਾਰਡ ਹੋਲਡਰ ਜਾਂ ਵਿਜ਼ਟਰ ਵੀਜ਼ੇ 'ਤੇ ਆਈ ਲੜਕੀ ਦੀ ਲੋੜ ਹੈ। ਜਾਤ ਦਾ ਕੋਈ ਬੰਧਨ ਨਹੀਂ। ਸੰਪਰਕ ਕਰੋ:718-600-2325, 917-519-9453, sonu_virk48@yahoo.com

### Companionship Sought

60 years old widower Punjabi Sikh healthy, handsome, retired Subedar Major seeks companionship with a widow/ divorcee lady around 60, living in New York. Even paying guest accommodation is welcome. Call Bajaj at 917-428-0778

### ਵਰ ਦੀ ਲੋੜ

Professional Jatt Sikh match, for beautiful Jatt Sikh girl 28, 5'3" Canadian immigrant, registered Nurse in USA.Call 248-974-1131.Send Bio-data with photo to karamjittsandhu@yahoo.com

Wanted suitable boy US Citizen/Green Card/HIB Holder for jatt sikh girl 5'7", 27.5, M Tech. Comp. sci, pursuing Masters in Analytics, contact 704-930-1734 sandhu3200@gmail.com

Handsome & educated Jatt Sikh match, preferably from California for Jatt Sikh beautiful girl, 24, 5'4", MBA. Call at 408-794-5382. Send Bio-data with pictures to Jatt_Sikh2010@yahoo.com


# ਪੰਦਰਾਂ ਖਿਡਾਰੀਆਂ ਨੂੰ ਮਿਲੇ ਅਰਜਨ ਐਵਾਰਡ

**ਨਵੀਂ ਦਿੱਲੀ :** ਰਾਸ਼ਟਰਪਤੀ ਪ੍ਰਤਿਭਾ ਪਾਟਿਲ ਨੇ ਬੀਤੀ 29 ਅਗਸਤ ਨੂੰ ਖੇਡ ਦਿਵਸ ਮੌਕੇ ਸ਼ਾਮ ਵੇਲੇ ਰਾਸ਼ਟਰਪਤੀ ਭਵਨ 'ਚ ਦੇਸ਼ ਦਾ ਸਰਬਉਚ ਖੇਡ ਪੁਰਸਕਾਰ ਰਾਜੀਵ ਗਾਂਧੀ ਖੇਡ ਰਤਨ ਤੇ ਅਰਜਨ ਪੁਰਸਕਾਰ ਦਿੱਤੇ ਪਰ ਬੈਡਮਿੰਟਨ ਖਿਡਾਰਨ ਸਾਇਨਾ ਨੇਹਵਾਲ ਖੇਡ ਰਤਨ ਪੁਰਸਕਾਰ ਹਾਸਲ ਕਰਨ ਲਈ ਰਾਸ਼ਟਰਪਤੀ ਭਵਨ ਨਹੀਂ ਆ ਸਕੀ।

ਸਾਇਨਾ ਦੀ ਥਾਂ ਕਿਸੇ ਨੇ ਵੀ ਇਹ ਪੁਰਸਕਾਰ ਹਾਸਲ ਨਹੀਂ ਕੀਤਾ। ਸਾਇਨਾ ਤੋਂ ਇਲਾਵਾ ਮਹਿਲਾ ਹਾਕੀ ਖਿਡਾਰੀ ਜਸਜੀਤ ਕੌਰ ਹਾਂਡਾ ਵੀ ਸਮਾਗਮ 'ਚ ਸ਼ਾਮਲ ਨਹੀਂ ਹੋ ਸਕੀ। ਉਸ ਦੀ ਥਾਂ ਕਿਸੇ ਨੇ ਵੀ ਪੁਰਸਕਾਰ ਪ੍ਰਾਪਤ ਨਹੀਂ ਕੀਤਾ। ਰਾਸ਼ਟਰਪਤੀ ਨੇ 15 ਖਿਡਾਰੀਆਂ ਨੂੰ ਅਰਜਨ ਪੁਰਸਕਾਰ ਦਿੱਤੇ ਜਿਨ੍ਹਾਂ 'ਚ ਓਲੰਪੀਅਨ ਕ੍ਰਿਸ਼ਨਾ ਪੂਨੀਆ (ਅਥਲੈਟਿਕਸ), ਸੰਦੀਪ ਸਿੰਘ (ਹਾਕੀ), ਦਿਨੇਸ਼ ਕੁਮਾਰ (ਮੁੱਕੇਬਾਜ਼ੀ), ਦਿਨੇਸ਼ ਕੁਮਾਰ (ਕਬੱਡੀ), ਰਾਜੀਵ ਤੋਮਰ (ਕੁਸ਼ਤੀ), ਪਰਿਰਾਜਨ ਨੇਗੀ (ਸ਼ਤਰੰਜ), ਝੂਲਨ ਗੋਸਵਾਮੀ (ਮਹਿਲਾ ਕ੍ਰਿਕਟ) ਤੇ ਸੰਜੀਵ ਰਾਜਪੂਤ (ਨਿਸ਼ਾਨੇਬਾਜ਼ੀ), ਜਗਸੀਰ ਸਿੰਘ ਸ਼ਾਮਲ ਹਨ। ਕੁਸ਼ਤੀ ਗੁਰੂ ਕੈਪਟਨ ਚਾਂਦਰੂਪ ਵੀਲ੍ਹਚੇਅਰ 'ਤੇ ਬਹਿ ਕੇ ਦਰੋਣਾਚਾਰੀਆ ਐਵਾਰਡ ਲੈਣ ਪਹੁੰਚਿਆ। ਇਸ ਤੋਂ ਇਲਾਵਾ ਸਾਲ 2008-09 ਲਈ ਮੌਲਾਨਾ ਆਜ਼ਾਦ ਕਲਾਮ ਟਰਾਫੀ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੇ 2009-10 ਲਈ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਨੂੰ ਦਿੱਤੀ ਗਈ। ਧਿਆਨ ਚੰਦ ਪੁਰਸਕਾਰ ਸਤੀਸ਼ ਪਿੱਲੈ ਨੂੰ ਅਥਲੈਟਿਕਸ 'ਚ, ਕੁਲਦੀਪ ਸਿੰਘ ਨੂੰ ਕੁਸ਼ਤੀ 'ਚ ਤੇ ਐਲ. ਅਨੀਤਾ ਚਾਨੂੰ ਨੂੰ ਵੇਟਲਿਫਟਿੰਗ ਲਈ ਦਿੱਤਾ ਗਿਆ।

# ਜੱਟਾਂ ਨੇ ਵੀ ਰਾਖਵੇਂਕਰਨ ਲਈ ਵਿੱਢੀ ਮੁਹਿੰਮ

**ਅੰਮ੍ਰਿਤਸਰ :** ਸਰਬ ਹਿੰਦ ਜੱਟ ਰਾਖਵਾਂਕਰਨ ਸੰਘਰਸ਼ ਕਮੇਟੀ ਨੇ ਜੱਟਾਂ/ਜਾਟਾਂ ਲਈ ਰਾਖਵੇਂਕਰਨ ਦੀ ਮੁਹਿੰਮ ਸ਼ੁਰੂ ਕਰਦਿਆਂ ਸ੍ਰੀ ਅਕਾਲ ਤਖ਼ਤ 'ਤੇ ਅਰਦਾਸ ਕਰਨ ਉਪਰੰਤ ਇਕ ਰੱਥ ਯਾਤਰਾ ਸ਼ੁਰੂ ਕੀਤੀ, ਜੋ ਪੰਜਾਬ, ਹਰਿਆਣਾ ਤੇ ਜੰਮੂ-ਕਸ਼ਮੀਰ ਦੇ ਕਈ ਸ਼ਹਿਰਾਂ ਤੋਂ ਹੁੰਦੀ ਹੋਈ 13 ਸਤੰਬਰ ਨੂੰ ਹਰਿਆਣਾ ਦੇ ਸ਼ਹਿਰ ਸੋਨੀਪਤ ਵਿਖੇ ਪੁੱਜੇਗੀ।

ਇਥੇ ਰਾਖਵੇਂਕਰਨ ਦੇ ਹੱਕ 'ਚ ਇਕ ਵਿਸ਼ਾਲ ਰੈਲੀ ਕੀਤੀ ਜਾਵੇਗੀ। ਕਮੇਟੀ ਦੇ ਕੌਮੀ ਪ੍ਰਧਾਨ ਸ੍ਰੀ ਜਸਪਾਲ ਮਲਿਕ, ਕੌਮੀ ਮੀਤ ਪ੍ਰਧਾਨ ਧਰਮਪਾਲ ਸਿੰਘ ਧਾਲੀਵਾਲ ਤੇ ਪੰਜਾਬ ਪ੍ਰਧਾਨ ਕਰਨੈਲ ਸਿੰਘ ਨੇ ਲਗਭਗ 100 ਸਾਥੀਆਂ ਨਾਲ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਅਰਦਾਸ ਕੀਤੀ। ਸ੍ਰੀ ਜਸਪਾਲ ਮਲਿਕ ਨੇ ਕਿਹਾ ਕਿ ਜੱਟ/ਜਾਟ ਨਾਲ ਸਰਕਾਰ ਸਾਰਿਆਂ ਪਾਸਿਆਂ ਤੋਂ ਧੱਕਾ ਕਰਦੀ ਆ ਰਹੀ ਹੈ।

ੴ ਵਾਹਿਗੁਰੂ ਜੀ ਕੀ ਫ਼ਤਿਹ॥

# Akhand Kirtani Jatha USA (Regd.)

## ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਜੀ ਦੀ ਸੇਵਾ ਵਿਚ

# ਖੁੱਲ੍ਹਾ ਬੇਨਤੀ ਪੱਤਰ

ਮਿਤੀ: 25 ਅਗਸਤ 2010
ਸਤਿਕਾਰਯੋਗ ਜਥੇਦਾਰ ਜੀ,
ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਿਹ॥

ਸਨਿਮਰ ਬੇਨਤੀ ਹੈ ਕਿ ਅਖਬਾਰਾਂ ਰਾਹੀਂ ਇਹ ਖ਼ਬਰ ਬੜੇ ਹੀ ਅਫ਼ਸੋਸ ਨਾਲ ਪੜ੍ਹੀ ਅਤੇ ਸੁਣੀ ਜਾ ਰਹੀ ਹੈ ਕਿ ਗਿਆਨੀ

ਇਕਬਾਲ ਸਿੰਘ ਜਥੇਦਾਰ ਤਖਤ ਸ੍ਰੀ ਪਟਨਾ ਸਾਹਿਬ ਨੇ ਇਕ ਹੁਕਮਨਾਮਾ ਜਾਰੀ ਕਰਕੇ 'ਰਾਗਮਾਲਾ' ਬਾਰੇ ਵਾਦ-ਵਿਵਾਦ ਖੜ੍ਹਾ ਕੀਤਾ ਹੈ ਅਤੇ 'ਰਾਗਮਾਲਾ' ਨਾ ਪੜ੍ਹਨ ਵਾਲਿਆਂ ਪ੍ਰਤੀ ਬਹੁਤ ਹੀ ਗਲਤ ਅਤੇ ਅਪਮਾਨਜਨਕ ਸ਼ਬਦਾਵਲੀ ਵਰਤੀ ਹੈ। ਜਥੇਦਾਰ ਗਿਆਨੀ ਇਕਬਾਲ ਸਿੰਘ ਦਾ ਇਹ ਕੋਝਾ ਯਤਨ ਭਵਿੱਖ ਵਿਚ ਸਿੱਖ ਪੰਥ ਲਈ ਬੜਾ ਹੀ ਹਾਨੀਕਾਰਕ ਹੋ ਸਕਦਾ ਹੈ। ਇਸ ਚਿੰਤਾਜਨਕ ਹਾਲਤ ਨੂੰ ਦੇਖ ਕੇ ਕੁਝ ਬੇਨਤੀਆਂ ਆਪ ਜੀ ਦੇ ਵਿਚਾਰ ਅਧੀਨ ਭੇਜੀਆਂ ਜਾ ਰਹੀਆਂ ਹਨ:

(1) ਗੁਰਦੁਆਰਾ ਐਕਟ ਦੇ ਹੋਂਦ ਵਿਚ ਆਉਣ ਮਗਰੋਂ ਸੰਨ 1936 ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਜਦੋਂ ਪਹਿਲੀ ਵਾਰ ਰਹਿਤ ਮਰਿਯਾਦਾ ਪ੍ਰਕਾਸ਼ਤ ਕਰਕੇ ਜਾਰੀ ਕੀਤੀ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਠ ਦੇ 'ਭੋਗ' ਸਿਰਲੇਖ ਹੇਠ ਇਸ ਪ੍ਰਕਾਰ ਲਿਖਿਆ ਸੀ. "ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਸਾਧਾਰਨ ਜਾਂ ਅਖੰਡ ਪਾਠ ਦਾ ਭੋਗ ਮੁੰਦਾਵਣੀ ਉਤੇ ਪਾਇਆ ਜਾਵੇ। ਇਸ ਬਾਬਤ ਪੰਥ ਵਿਚ ਅਜੇ ਤਕ ਮਤਭੇਦ ਹਨ, ਇਸ ਲਈ ਰਾਗਮਾਲਾ ਤੋਂ ਬਿਨਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਲਿਖਣ ਜਾਂ ਛਾਪਣ ਦਾ ਹੀਆ ਨਾ ਕਰੇ।" ਇਥੋਂ ਇਹ ਸਪਸ਼ਟ ਹੁੰਦਾ ਹੈ ਕਿ ਪੰਥ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਉਦੋਂ ਰਾਗਮਾਲਾ ਨੂੰ ਗੁਰਬਾਣੀ ਨਹੀਂ ਮੰਨਿਆ ਅਤੇ ਇਸ ਲਈ ਇਸ ਨੂੰ ਪੜ੍ਹਨ 'ਤੇ ਵੀ ਰੋਕ ਲਾ ਦਿੱਤੀ।

(2) ਸੰਨ 1945 ਵਿਚ ਕਿਸੇ ਸਿਆਸੀ ਦਬਾਅ ਜਾਂ ਪ੍ਰਭਾਵ ਥੱਲੇ, ਹੇਠ ਲਿਖੇ ਅਨੁਸਾਰ ਇਸ ਵਿਚ ਤਰਮੀਮ ਕੀਤੀ ਗਈ. "ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਸਾਧਾਰਨ ਜਾਂ ਅਖੰਡ ਪਾਠ ਦਾ ਭੋਗ ਮੁੰਦਾਵਣੀ ਉਤੇ ਜਾਂ ਰਾਗਮਾਲਾ ਪੜ੍ਹ ਕੇ ਸਥਾਨਿਕ ਰੀਤੀ ਅਨੁਸਾਰ ਪਾਇਆ ਜਾਵੇ।..." ਇਥੋਂ ਇਹ ਸਪਸ਼ਟ ਹੈ ਕਿ ਤਰਮੀਮ ਕਰਨ ਸਮੇਂ ਵੀ ਪੰਥ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਰਾਗਮਾਲਾ ਨੂੰ ਗੁਰਬਾਣੀ ਨਹੀਂ ਮੰਨਿਆ ਕਿਉਂਕਿ ਜੇ ਰਾਗਮਾਲਾ ਨੂੰ ਗੁਰਬਾਣੀ ਮੰਨਿਆ ਜਾਂਦਾ ਤਾਂ ਫਿਰ ਰਾਗਮਾਲਾ ਪੜ੍ਹਨ ਜਾਂ ਨਾ ਪੜ੍ਹਨ ਦੀ ਛੋਟ ਨਾ ਲਿਖੀ ਜਾਂਦੀ।

(3) ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਰੰਭ ਤੋਂ ਹੀ ਸ੍ਰੀ ਅਕਾਲ ਤਖ਼ਤ ਸਾਹਿਬ ਉਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਠ ਦਾ ਭੋਗ ਮੁੰਦਾਵਣੀ 'ਤੇ ਹੀ ਪਾਇਆ ਜਾਂਦਾ ਰਿਹਾ ਹੈ ਅਤੇ ਰਾਗਮਾਲਾ ਨਹੀਂ ਪੜ੍ਹੀ ਜਾਂਦੀ ਰਹੀ। ਪਰ ਸੰਨ 1984 ਦੇ ਘੱਲੂਘਾਰੇ ਉਪਰੰਤ ਹੁੜਮੱਤ ਅਤੇ ਜੋਰ-ਜਬਰੀ ਨਾਲ ਪੰਥਕ ਫੈਸਲੇ ਦੀ ਪਰਵਾਹ ਨਾ ਕਰਦਿਆਂ ਸ੍ਰੀ ਅਕਾਲ ਤਖ਼ਤ ਸਾਹਿਬ ਉਤੇ ਰਾਗਮਾਲਾ ਪੜ੍ਹਨੀ ਸ਼ੁਰੂ ਕਰ ਦਿੱਤੀ ਗਈ। ਇਸ ਨਾਲ ਪੰਥਕ ਰਹਿਤ ਮਰਿਯਾਦਾ ਵਿਚ ਕੀਤੀ ਹਦਾਇਤ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਾਧਾਰਨ ਜਾਂ ਅਖੰਡ ਪਾਠ ਦਾ ਭੋਗ ਮੁੰਦਾਵਣੀ ਜਾਂ ਰਾਗਮਾਲਾ ਪੜ੍ਹ ਕੇ ਸਥਾਨਕ ਰੀਤੀ ਅਨੁਸਾਰ ਪਾਇਆ ਜਾਵੇ) ਦੀ ਘੋਰ ਉਲੰਘਣਾ ਹੋਈ ਹੈ, ਕਿਉਂਕਿ ਸ੍ਰੀ ਅਕਾਲ ਤਖ਼ਤ ਸਾਹਿਬ ਉਤੇ ਅਰੰਭ ਕਾਲ ਤੋਂ ਹੀ ਰਾਗਮਾਲਾ ਨਾ ਪੜ੍ਹਨ ਦੀ ਚੱਲੀ ਆ ਰਹੀ ਗੁਰਮਤਿ ਰੀਤੀ ਨੂੰ ਜ਼ਬਰਦਸਤੀ ਭੰਗ ਕੀਤਾ ਗਿਆ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਪਹਿਰੇਦਾਰ ਅਤੇ ਵਾਰਸ ਅਖਵਾਉਣ ਵਾਲੇ ਖਾਮੋਸ਼ ਅਤੇ ਚੁੱਪ ਸਾਧੀ ਬੈਠੇ ਹਨ।

(4) ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪਤ੍ਰਿਕਾ ਨੰ. 37221/901 ਮਿਤੀ 4-9-1970 ਵਿਚ ਸਪੱਸ਼ਟ ਲਿਖਿਆ ਗਿਆ ਹੈ ਕਿ. (ੳ) "ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਅੰਮ੍ਰਿਤਸਰ ਵਿਖੇ ਰਾਗਮਾਲਾ ਨਹੀਂ ਪੜ੍ਹੀ ਜਾਂਦੀ ਅਤੇ ਰਾਗਮਾਲਾ ਤੇ ਕੋਈ ਮਹਲਾ ਆਦਿ ਹੈਡ ਲੇਖ ਵਜੋਂ ਨਹੀਂ ਹੈ ਜਿਸ ਤੋਂ ਇਹ ਨਿਰਨਾ ਹੋ ਸਕੇ ਕਿ ਰਾਗਮਾਲਾ ਗੁਰੂ ਕ੍ਰਿਤ ਹੈ। (ਅ) ਜੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਉਪਰੰਤ ਰਾਗਮਾਲਾ ਨਾ ਪੜ੍ਹੀ ਜਾਵੇ ਤਾਂ ਗ੍ਰੰਥੀ ਸਿੰਘ ਤਨਖਾਹੀਆ ਨਹੀਂ।" ਬੜੀ ਹੈਰਾਨੀ ਦੀ ਗੱਲ ਹੈ ਕਿ ਇੰਨਾ ਕੁਝ ਸਪੱਸ਼ਟ ਹੋਣ ਦੇ ਬਾਵਜੂਦ ਜਥੇਦਾਰ ਗਿਆਨੀ ਇਕਬਾਲ ਸਿੰਘ ਇੱਕ ਜਿੰਮੇਵਾਰ ਪਦਵੀ 'ਤੇ ਹੁੰਦਿਆਂ ਹੋਇਆਂ ਪੰਥਕ ਫੈਸਲਿਆਂ ਅਤੇ ਸਿੱਖ ਰਹਿਤ ਮਰਿਯਾਦਾ ਦੀ ਉਲੰਘਣਾ ਕਰਕੇ ਪੰਥ ਵਿਚ ਫੁੱਟ ਪਾਉਣ 'ਤੇ ਤੁਲੇ ਹੋਏ ਹਨ। ਇਹੋ ਜਿਹੀਆਂ ਗਲਤੀਆਂ ਉਨ੍ਹਾਂ ਪਹਿਲਾਂ ਵੀ ਕੀਤੀਆਂ ਹਨ ਜਿਸ ਤੋਂ ਦੇਸ-ਪਰਦੇਸ ਵਿਚ ਬੈਠੇ ਪੰਥ ਦਰਦੀ ਗੁਰਸਿੱਖ ਦੁਖੀ ਹਨ।

(5) ਅਖੰਡ ਕੀਰਤਨੀ ਜਥਾ, ਅਮਰੀਕਾ, ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਜੀ ਦੇ ਇਸ ਬਿਆਨ ਕਿ ਰਾਗਮਾਲਾ ਗੁਰਬਾਣੀ ਦਾ ਹੀ ਹਿੱਸਾ ਹੈ, ਦੀ ਬੜੀ ਹੀ ਸਖਤੀ ਨਾਲ ਆਲੋਚਨਾ ਕਰਦਾ ਹੈ, ਕਿਉਂਕਿ ਜਿਸ ਪਦਵੀ ਤੇ ਉਹ ਸ਼ੁਸ਼ੋਭਿਤ ਹਨ, ਉਸ 'ਤੇ ਇਸ ਨਾਲ ਇੱਕ ਪ੍ਰਸ਼ਨ-ਚਿੰਨ੍ਹ ਲਗਦਾ ਹੈ। ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਪੰਥਕ ਫੈਸਲਿਆਂ ਅਤੇ ਸਿੱਖ ਰਹਿਤ ਮਰਿਯਾਦਾ ਨਾਲ ਸਹਿਮਤ ਨਾ ਹੋਣਾ ਸਿੱਖ-ਕੌਮ ਦੀ ਬਦਕਿਸਮਤੀ ਹੋਵੇਗੀ। ਇਥੇ, ਪੰਥ ਦੀਆਂ ਕੁਝ ਕੁ ਸਿਰਮੌਰ ਹਸਤੀਆਂ, ਵਿਦਵਾਨਾਂ ਅਤੇ ਸ਼ਹੀਦਾਂ ਦਾ ਜ਼ਿਕਰ ਕਰਨਾ ਅਤੀ ਜ਼ਰੂਰੀ ਹੋਵੇਗਾ ਜਿਨ੍ਹਾਂ ਨੇ ਰਾਗਮਾਲਾ ਨੂੰ ਗੁਰਬਾਣੀ ਨਹੀਂ ਮੰਨਿਆ ਜਿਵੇ:

1. ਮਹਾਂ ਕਵੀ ਭਾਈ ਸੰਤੋਖ ਸਿੰਘ-ਕਰਤਾ ਸੂਰਜ ਪ੍ਰਤਾਪ ਗ੍ਰੰਥ, 2. ਭਾਈ ਸਾਹਿਬ ਕਾਨ੍ਹ ਸਿੰਘ ਨਾਭਾ-ਕਰਤਾ ਮਹਾਨ ਕੋਸ਼, 3. ਗਿਆਨੀ ਦਿੱਤ ਸਿੰਘ- ਮੋਢੀ ਸਿੰਘ ਸਭਾ ਲਹਿਰ, 4. ਪ੍ਰੋ. ਗੁਰਮੁਖ ਸਿੰਘ- ਮੋਢੀ ਸਿੰਘ ਸਭਾ ਲਹਿਰ, 5. ਗਿਆਨੀ ਗਿਆਨ ਸਿੰਘ-ਕਰਤਾ ਪੰਥ ਪ੍ਰਕਾਸ਼, 6. ਪੰਡਤ ਤਾਰਾ ਸਿੰਘ ਨਰੋਤਮ, 7. ਪ੍ਰੋ. ਸਾਹਿਬ ਸਿੰਘ ਡੀ ਲਿਟ-ਕਰਤਾ ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ, 8. ਗਿਆਨੀ ਸ਼ੇਰ ਸਿੰਘ, 9. ਪ੍ਰਿੰਸੀਪਲ ਗੰਗਾ ਸਿੰਘ, 10. ਪ੍ਰੋ. ਤੇਜਾ ਸਿੰਘ, 11. ਪ੍ਰੋ. ਗੰਡਾ ਸਿੰਘ, 12. ਕਨਿੰਘਮ ਮੈਕਾਲਿਫ਼ ਹਿਸਟੋਰੀਅਨ, 13. ਪੰਡਤ ਕਰਤਾਰ ਸਿੰਘ ਦਾਖਾ, 14. ਪ੍ਰੋ. ਗੁਰਬਚਨ ਸਿੰਘ ਦਾਖਾ, 15. ਮਾਸਟਰ ਤਾਰਾ ਸਿੰਘ, 16. ਡਾ. ਤ੍ਰਿਲੋਚਨ ਸਿੰਘ, 17. ਭਾਈ ਸ਼ਮਸ਼ੇਰ ਸਿੰਘ ਅਸ਼ੋਕ-ਸ੍ਰੋ. ਗੁ. ਪ੍ਰ. ਕਮੇਟੀ ਦੇ ਰੀਸਰਚ ਸਕਾਲਰ, 18. ਗਿਆਨੀ ਹੀਰਾ ਸਿੰਘ, 19. ਭਾਈ ਸਾਹਿਬ ਭਾਈ ਰਣਧੀਰ ਸਿੰਘ ਨਾਰੰਗਵਾਲ, 20. ਭਾਈ ਰਣਧੀਰ ਸਿੰਘ-ਰੀਸਰਚ ਸਕਾਲਰ, 21. ਪ੍ਰੋ. ਪਿਆਰਾ ਸਿੰਘ ਪਦਮ, 22. ਭਾਈ ਸਾਹਿਬ ਜੋਗਿੰਦਰ ਸਿੰਘ ਤਲਵਾੜਾ-ਗੁਰਬਾਣੀ ਵਿਆਕਰਣ ਦੇ ਖੋਜ ਕਰਤਾ, 23. ਗਿਆਨੀ ਗੁਰਦਿੱਤ ਸਿੰਘ-ਕਰਤਾ ਪੁਸਤਕ 'ਮੁੰਦਾਵਣੀ' ਅਤੇ 'ਭਗਤ-ਬਾਣੀ', 24. ਸੰਤ ਕ੍ਰਿਪਾਲ ਸਿੰਘ ਬੱਬਰ ਅਕਾਲੀ, 25. ਗਿਆਨੀ ਅਰਜਨ ਸਿੰਘ ਵੈਦ ਕਵੀ ਰਾਜ, 26. ਗਿਆਨੀ ਰਤਨ ਸਿੰਘ ਬੀ. ਏ. ਬੀ. ਟੀ (ਯੂ ਕੇ), 27. ਬਾਵਾ ਹਰਕਿਸ਼ਨ ਸਿੰਘ, 28. ਪੰਡਤ ਹਜ਼ਾਰਾ ਸਿੰਘ, 29. ਗਿਆਨੀ ਨਾਹਰ ਸਿੰਘ, 30. ਪ੍ਰਿੰਸੀਪਲ ਨਿਰੰਜਨ ਸਿੰਘ, 31. ਡਾ. ਬਲਬੀਰ ਸਿੰਘ, 32. ਸ਼ਹੀਦ ਭਾਈ ਫੌਜਾ ਸਿੰਘ

(6) ਬਹੁਤਾ ਕੁਝ ਨਾ ਲਿਖਦਿਆਂ ਹੋਇਆਂ ਆਪ ਜੀ ਪ੍ਰਤੀ ਬੇਨਤੀ ਹੈ ਕਿ ਜਥੇਦਾਰ ਗਿਆਨੀ ਇਕਬਾਲ ਸਿੰਘ ਨੂੰ ਫੌਰਨ ਸ੍ਰੀ ਅਕਾਲ ਤਖ਼ਤ ਸਾਹਿਬ ਉਤੇ ਤਲਬ ਕੀਤਾ ਜਾਵੇ ਅਤੇ ਉਨ੍ਹਾਂ ਵਿਰੁਧ ਯੋਗ ਕਾਰਵਾਈ ਕਰਕੇ ਤਨਖਾਹੀਆ ਕਰਾਰ ਦਿੱਤਾ ਜਾਵੇ।

(7) ਗਿਆਨੀ ਇਕਬਾਲ ਸਿੰਘ ਨੇ ਪੰਥਕ ਰਹਿਤ ਮਰਿਯਾਦਾ ਦੀ ਉਲੰਘਣਾ ਕਰਕੇ ਘੋਰ ਅਪਮਾਨ ਕੀਤਾ ਹੈ ਇਸ ਲਈ ਅਗਾਂਹ ਤੋਂ ਉਨ੍ਹਾਂ ਦੇ ਕਿਸੇ ਵੀ ਪੰਥਕ ਫ਼ੈਸਲੇ ਸੰਬੰਧੀ ਪੰਜ-ਸਿੰਘ ਸਾਹਿਬਾਨ ਦੀ ਮੀਟਿੰਗ ਵਿਚ ਸ਼ਾਮਲ ਹੋਣ ਉਤੇ ਪੂਰਨ ਤੌਰ 'ਤੇ ਪਾਬੰਦੀ ਲਾਈ ਜਾਵੇ, ਕਿਉਂਕਿ ਉਹ ਇਸ ਦੇ ਬਿਲਕੁਲ ਯੋਗ ਨਹੀਂ ਹਨ।

ਭੁੱਲ ਚੁੱਕ ਦੀ ਖਿਮਾ।



ਅਖੰਡ ਕੀਰਤਨੀ ਜਥਾ ਇੰਟਰਨੈਸ਼ਨਲ ਦੇ ਮੁੱਖ ਸੇਵਾਦਾਰ ਭਾਈ ਬਖਸ਼ੀਸ਼ ਸਿੰਘ, ਮੁੱਖ ਬੁਲਾਰਾ ਭਾਈ ਆਰ. ਪੀ. ਸਿੰਘ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਕੱਤਰੇਤ ਵਿਖੇ ਸਿੰਘ ਸਾਹਿਬ ਨੂੰ ਮੰਗ ਪੱਤਰ ਦੇ ਕੇ ਹੋਰ ਸਿੰਘਾਂ ਨਾਲ ਬਾਹਰ ਆਉਂਦੇ ਹੋਏ

**ਗੁਰੂ ਪੰਥ ਦੇ ਦਾਸਰੇ**
**ਅਖੰਡ ਕੀਰਤਨੀ ਜਥਾ, ਅਮਰੀਕਾ**

E-mail: akhandkeertanijatha@gmail.com

# ਸੰਸਦ ਵਲੋਂ ਪ੍ਰਮਾਣੂ ਜਵਾਬਦੇਹੀ ਬਿਲ ਸਮੇਤ ਕਈ ਅਹਿਮ ਬਿਲ ਪਾਸ

**ਨਵੀਂ ਦਿੱਲੀ :** ਸੰਸਦ 'ਚ ਬੀਤੀ 30 ਅਗਸਤ ਨੂੰ ਪ੍ਰਮਾਣੂ ਜਵਾਬਦੇਹੀ ਬਿਲ ਪਾਸ ਕਰ ਦਿੱਤਾ ਗਿਆ, ਜਿਸ ਨਾਲ ਦੇਸ਼ ਦੇ ਵਿਸ਼ਵ ਨਾਲ ਪ੍ਰਮਾਣੂ ਵਣਜ ਦਾ ਰਾਹ ਖੁੱਲ੍ਹ ਜਾਵੇਗਾ। ਇਸ ਦੇ ਨਾਲ ਹੀ ਸਰਕਾਰ ਨੇ ਜ਼ੋਰ ਦੇ ਕੇ ਦੱਸਿਆ ਕਿ ਹਾਦਸਾ ਹੋਣ ਦੀ ਸੂਰਤ 'ਚ ਪੀੜਤਾਂ ਨੂੰ ਦਿੱਤਾ ਜਾਣ ਵਾਲਾ ਮੁਆਵਜ਼ਾ ਪੈਕੇਜ ਅਮਰੀਕਾ ਜਿੰਨਾ ਹੈ ਤੇ ਇਸ ਸਬੰਧੀ ਹਾਲੇ ਹੋਰ ਸੁਝਾਅ ਸ਼ਾਮਲ ਕੀਤੇ ਜਾ ਸਕਦੇ ਹਨ। ਭਾਜਪਾ ਦੇ ਸਹਿਯੋਗ ਨਾਲ ਪ੍ਰਮਾਣੂ ਨੁਕਸਾਨਾਂ ਸਬੰਧੀ ਸਿਵਲ ਜ਼ਿੰਮੇਵਾਰੀ ਬਿੱਲ 2010 ਰਾਜ ਸਭਾ 'ਚ ਮੂੰਹ ਜ਼ੁਬਾਨੀ ਵੋਟਾਂ ਨਾਲ ਪਾਸ ਕਰ ਦਿੱਤਾ ਗਿਆ ਤੇ ਖੱਬੀਆਂ ਪਾਰਟੀਆਂ ਵਲੋਂ ਪੇਸ਼ ਸੋਧਾਂ ਖਾਰਜ ਕਰ ਦਿੱਤੀਆਂ ਗਈਆਂ। ਲੋਕ ਸਭਾ 'ਚ ਇਹ ਬਿੱਲ ਬੀਤੀ 25 ਅਗਸਤ ਨੂੰ ਪਾਸ ਹੋ ਗਿਆ ਸੀ। ਪ੍ਰਸਤਾਵਿਤ ਕਾਨੂੰਨ ਸਬੰਧੀ ਬਹਿਸ ਨੂੰ ਸਮੇਟਦਿਆ ਰਾਜ ਮੰਤਰੀ ਪ੍ਰਿਥਵੀ ਰਾਜ ਚਵਾਨ ਨੇ ਕਿਹਾ ਕਿ ਇਹ ਅੰਤਿਮ ਰੂਪ ਨਹੀਂ ਹੈ। ਅਸੀਂ ਆਉਣ ਵਾਲੇ ਹਰੇਕ ਸੁਝਾਅ 'ਤੇ ਧਿਆਨ ਦੇਵਾਂਗੇ। ਉਨ੍ਹਾਂ ਕਿਹਾ ਕਿ ਲੋੜ ਪੈਣ 'ਤੇ ਬਿੱਲ ਨੂੰ ਹੋਰ ਬਿਹਤਰ ਬਣਾਉਣ ਲਈ ਇਸ 'ਚ ਤਬਦੀਲੀਆਂ ਕੀਤੀਆਂ ਜਾਣਗੀਆਂ। ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੀ ਹਾਜ਼ਰੀ 'ਚ ਬਿੱਲ 'ਤੇ ਪੰਜ ਘੰਟੇ ਬਹਿਸ ਚੱਲੀ। ਪ੍ਰਮਾਣੂ ਜਵਾਬਦੇਹੀ ਬਿੱਲ ਨੂੰ ਹਮਾਇਤ ਦਿੰਦਿਆਂ ਭਾਜਪਾ ਨੇ ਸਰਕਾਰ ਨੂੰ ਕਿਹਾ ਕਿ ਇਹ ਉਸ 'ਜਾਅਲੀ ਮੁਹਿੰਮ' ਦਾ ਅਸਰ ਨਾ ਕਬੂਲੇ ਜਿਸ ਤਹਿਤ ਕਿਹਾ ਜਾ ਰਿਹਾ ਹੈ ਕਿ ਪ੍ਰਸਤਾਵਿਤ ਕਾਨੂੰਨ ਕਾਰਨ ਕੋਈ ਵੀ ਪ੍ਰਮਾਣੂ ਸਪਲਾਇਰ ਭਾਰਤ 'ਚ ਨਹੀਂ ਆਉਣਗੇ, ਕਿਉਂਕਿ ਪ੍ਰਮਾਣੂ ਹਾਦਸਾ ਹੋਣ ਦੀ ਸੂਰਤ 'ਚ ਉਨ੍ਹਾਂ ਦੀ ਜ਼ਿੰਮੇਵਾਰੀ ਬਹੁਤੀ ਵੱਡੀ ਤੈਅ ਕੀਤੀ ਜਾ ਰਹੀ ਹੈ।

ਉਂਜ ਵਿਰੋਧੀ ਧਿਰ ਦੇ ਆਗੂਆਂ ਨੇ ਸਰਕਾਰ ਵਲੋਂ ਅਮਰੀਕਾ ਨੂੰ ਖੁਸ਼ ਕਰਨ ਲਈ ਕੀਤੀ ਜਾ ਰਹੀ ਕਾਹਲੀ 'ਤੇ ਇਤਰਾਜ਼ ਪ੍ਰਗਟਾਇਆ। ਸੀ.ਪੀ.ਐਮ. ਦੇ ਆਗੂ ਸੀਤਾ ਰਾਮ ਯੇਚੂਰੀ ਨੇ ਬਿੱਲ 'ਤੇ ਬਹਿਸ ਦੌਰਾਨ ਕਿਹਾ ਕਿ ਦੇਸ਼ 'ਚ ਪਣ ਬਿਜਲੀ ਦੀਆਂ ਅਸੀਮ ਸੰਭਾਵਨਾਵਾਂ ਹਨ ਤੇ ਪ੍ਰਮਾਣੂ ਊਰਜਾ ਨਾਲ ਇਹਦੇ ਲਾਗਤ ਖਰਚੇ ਦਾ ਫਰਕ ਵੀ 1:3 ਦਾ ਹੈ। ਉਨ੍ਹਾਂ ਕਿਹਾ ਕਿ ਦੋ ਭਾਰਤ ਹਨ- ਇਕ ਚਮਕ ਰਿਹਾ ਭਾਰਤ ਤੇ ਦੂਜਾ ਦੁੱਖ ਸਹਿ ਰਿਹਾ ਭਾਰਤ ਤੇ ਸਾਨੂੰ ਦੁਖੀ ਭਾਰਤ ਦੀ ਧਿਰ ਬਣਨਾ ਚਾਹੀਦਾ ਹੈ।

ਇਸ ਤੋਂ ਪਹਿਲਾਂ ਸੱਤਾ ਅਤੇ ਵਿਰੋਧੀ ਧਿਰਾਂ ਵਿਚਕਾਰ ਚੱਲ ਰਹੀ ਖਹਿਬਾਜ਼ੀ ਉਦੋਂ ਖ਼ਤਮ ਹੋ ਗਈ ਸੀ ਜਦੋਂ ਸਰਕਾਰ ਨੇ ਪ੍ਰਮਾਣੂ ਹਾਦਸੇ ਦੀ ਸੂਰਤ ਵਿਚ ਬਿੱਲ ਦੀ ਇਕ ਮੱਦ ਵਿਚੋਂ ਸ਼ਬਦ 'ਮਨੋਰਥ' ਹਟਾਉਣ ਬਾਰੇ ਭਾਜਪਾ ਦੀ ਸੋਧ ਪ੍ਰਵਾਨ ਕਰ ਲਈ। ਲੋਕ ਸਭਾ ਨੇ ਪ੍ਰਮਾਣੂ ਹਾਦਸਿਆਂ ਲਈ ਸਿਵਲ ਹਾਨੀਪੂਰਤੀ ਬਿੱਲ 2010 ਜ਼ੁਬਾਨੀ ਵੋਟਾਂ ਰਾਹੀਂ ਪਾਸ ਕਰ ਦਿੱਤਾ ਸੀ ਅਤੇ ਸੀ.ਪੀ.ਐਮ. ਵਲੋਂ ਪੇਸ਼ ਕੀਤੀ ਸੋਧ ਰੱਦ ਕਰ ਦਿੱਤੀ ਜਿਸ ਵਿਚ ਹਾਦਸੇ ਦੀ ਸੂਰਤ ਵਿਚ ਪ੍ਰਸਤਾਵਤ 1500 ਕਰੋੜ ਰੁਪਏ ਦੇ ਮੁਆਵਜ਼ੇ ਦੀ ਉਪਰਲੀ ਹੱਦ ਦੀ ਬਜਾਏ ਸਪਲਾਇਰ 'ਤੇ 10,000 ਕਰੋੜ ਰੁਪਏ ਦੇ ਮੁਆਵਜ਼ੇ ਦੀ ਹੱਦ ਮਿਥਣ ਦੀ ਤਜਵੀਜ਼ ਦਿੱਤੀ ਗਈ ਸੀ। ਚਾਰ ਘੰਟੇ ਦੀ ਬਹਿਸ ਤੋਂ ਬਾਅਦ ਸਦਨ ਨੇ ਬਿੱਲ ਦੇ ਹੱਕ ਵਿਚ ਹਾਮੀ ਭਰੀ ਸੀ।

ਪਹਿਲਾਂ ਲੋਕ ਸਭਾ ਵਿਚ ਪ੍ਰਮਾਣੂ ਹਾਦਸਿਆਂ ਲਈ ਨਾਗਰਿਕ ਹਾਨੀ ਪੂਰਤੀ ਬਿੱਲ 2010 ਉਤੇ ਬਹਿਸ ਸ਼ੁਰੂ ਕਰਦਿਆਂ ਭਾਰਤੀ ਜਨਤਾ ਪਾਰਟੀ ਦੇ ਆਗੂ ਜਸਵੰਤ ਸਿੰਘ ਨੇ ਸਰਕਾਰ ਨੂੰ ਅਮਰੀਕੀ ਮੰਡੀ ਦੇ ਛੋਟੇ ਸਰੋਕਾਰਾਂ ਦੀ ਬਜਾਏ ਭਾਰਤੀਆਂ ਦੇ ਵਡੇਰੇ ਹਿੱਤਾਂ ਵਲ ਜ਼ਿਆਦਾ ਧਿਆਨ ਦੇਣ ਦੀ ਅਪੀਲ ਕੀਤੀ। ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਦੀ ਭਾਰਤ ਫੇਰੀ ਦਾ ਜ਼ਿਕਰ ਕਰਦਿਆਂ ਜਸਵੰਤ ਸਿੰਘ ਨੇ ਕਿਹਾ, "ਤੁਸੀਂ ਸਭ ਨਾਲੋਂ ਕਾਹਲੇ ਕਿਉਂ ਪਏ ਹੋ। ਇਹ ਬਹੁਤ ਹੀ ਮਹੱਤਵਪੂਰਨ ਮੁੱਦਾ ਹੈ। ਭਾਰਤ, ਦੱਖਣੀ ਕੋਰੀਆ ਨਹੀਂ ਹੈ। ਸਾਨੂੰ ਉਨ੍ਹਾਂ ਦੀ ਮਿਸਾਲ 'ਤੇ ਚੱਲਣ ਦੀ ਲੋੜ ਨਹੀਂ ਹੈ।" ਜਸਵੰਤ ਸਿੰਘ ਨੇ ਕਿਹਾ ਕਿ ਜੇ ਸਰਕਾਰ ਉਸ ਵਲੋਂ ਪੇਸ਼ ਕੀਤੀਆਂ ਸੋਧਾਂ ਨੂੰ ਮੰਨੇ ਤਾਂ ਪਾਰਟੀ ਬਿੱਲ ਦੀ ਹਮਾਇਤ ਕਰੇਗੀ।

ਕਾਂਗਰਸ ਮੈਂਬਰ ਮੁਨੀਸ਼ ਤਿਵਾੜੀ ਨੇ ਕਿਹਾ ਕਿ ਪ੍ਰਮਾਣੂ ਅਲਹਿਦਗੀ ਨੂੰ ਖ਼ਤਮ ਕਰਨ ਦੀ ਪਹਿਲੀ ਵਾਰ ਪੇਸ਼ਕਦਮੀ ਜਸਵੰਤ ਸਿੰਘ ਨੇ ਕੀਤੀ ਸੀ ਜਦੋਂ ਉਨ੍ਹਾਂ ਸਟਰੋਬ ਟੈਲਬਟ ਨਾਲ ਵਾਰਤਾ ਕੀਤੀ ਸੀ। ਉਨ੍ਹਾਂ ਕਿਹਾ, "ਜਦੋਂ ਮਨਮੋਹਨ ਸਿੰਘ ਪ੍ਰਧਾਨ ਮੰਤਰੀ ਬਣੇ ਤਾਂ ਉਨ੍ਹਾਂ ਮਹਿਜ਼ ਗੱਲ ਨੂੰ ਅੱਗੇ ਵਧਾਇਆ।" ਕਾਂਗਰਸੀ ਆਗੂ ਨੇ ਕਿਹਾ ਕਿ ਭਾਰਤ ਨੇ ਅਮਰੀਕਾ ਨਾਲ ਹੀ ਨਹੀਂ ਸਗੋਂ ਜਪਾਨ, ਫਰਾਂਸ ਅਤੇ ਹੋਰਨਾਂ ਦੇਸ਼ਾਂ ਨਾਲ ਵੀ ਪ੍ਰਮਾਣੂ ਸਮਝੌਤੇ ਕੀਤੇ ਹਨ। ਉਨ੍ਹਾਂ ਕਿਹਾ, "ਜੇ ਭਾਰਤ ਤਰੱਕੀ ਕਰਨੀ ਚਾਹੁੰਦਾ ਹੈ ਤਾਂ ਸਾਨੂੰ ਪ੍ਰਮਾਣੂ ਊਰਜਾ ਹਾਸਲ ਕਰਨੀ ਪਵੇਗੀ।"

ਸਮਾਜਵਾਦੀ ਪਾਰਟੀ ਦੇ ਸ਼ੈਲੇਂਦਰ ਕੁਮਾਰ



ਨੇ ਕਿਹਾ ਕਿ ਸਪਲਾਇਰ ਤੇ ਅਪਰੇਟਰ ਦੋਵਾਂ ਦੀ ਜ਼ਿੰਮੇਵਾਰੀ ਨਿਸ਼ਚਤ ਕੀਤੀ ਜਾਣੀ ਚਾਹੀਦੀ ਹੈ। ਉਂਜ ਉਨ੍ਹਾਂ ਕਿਹਾ ਕਿ ਵਿਕਾਸ ਦੀ ਖ਼ਾਤਰ ਪਾਰਟੀ ਬਿੱਲ ਦੀ ਹਮਾਇਤ ਕਰਦੀ ਹੈ। ਬਹੁਜਨ ਸਮਾਜ ਪਾਰਟੀ ਦੇ ਐਮ.ਪੀ. ਗੋਰਖ ਪ੍ਰਸਾਦ ਜੈਸਵਾਲ ਨੇ ਕਿਹਾ ਕਿ ਨਵਾਂ ਬਿੱਲ ਪੇਸ਼ ਕਰਨ ਦੀ ਕੋਈ ਲੋੜ ਨਹੀਂ ਅਤੇ ਨਵੇਂ ਬਿੱਲ ਪੇਸ਼ ਕਰਨ ਦਾ ਰੁਝਾਨ ਵਧ ਰਿਹਾ ਹੈ। ਜਨਤਾ ਦਲ (ਯੂ.) ਦੇ ਆਗੂ ਸ਼ਰਦ ਯਾਦਵ ਨੇ ਕਿਹਾ ਕਿ ਸਰਕਾਰ ਨੇ ਬਹੁਤ ਕਾਹਲੀ ਦਿਖਾਈ ਹੈ। ਪ੍ਰਮਾਣੂ ਬਿਜਲੀ ਦਾ ਲਾਭ ਮੁੱਠੀ ਭਰ ਲੋਕਾਂ ਨੂੰ ਮਿਲੇਗਾ। ਸਰਕਾਰ ਨੂੰ ਆਮ ਸਹਿਮਤੀ ਬਣਾਉਣ ਦੀ ਕੋਸ਼ਿਸ਼ ਕਰਨੀ ਚਾਹੀਦੀ ਸੀ। ਉਂਜ ਉਨ੍ਹਾਂ ਕਿਹਾ ਕਿ ਸਰਕਾਰ ਪਹਿਲਾਂ ਹੀ ਬਿੱਲ ਬਾਰੇ ਫੈਸਲਾ ਕਰ ਚੁੱਕੀ ਹੈ ਅਤੇ ਉਹ ਇਸ ਅਮਲ ਵਿਚ ਰੋੜਾ ਨਹੀਂ ਬਣਨਾ ਚਾਹੁੰਦੇ।

ਇਸ ਤੋਂ ਇਲਾਵਾ ਬੀਤੀ 30 ਅਗਸਤ ਨੂੰ ਹੀ ਸਰਕਾਰ ਨੇ ਸਿੱਧਾ ਕਰ ਜ਼ਾਬਤਾ (ਡੀ.ਟੀ.ਸੀ.) ਬਿਲ ਪੇਸ਼ ਕੀਤਾ, ਜਿਸ 'ਚ ਅਸਲ ਤਜਵੀਜ਼ ਨਾਲੋਂ ਕਾਫ਼ੀ ਘੱਟ ਲਾਭ ਦਿੱਤੇ ਗਏ ਹਨ। ਇਸ ਤਹਿਤ ਆਮਦਨ ਕਰ ਤੋਂ ਛੋਟ ਵਾਲੀ ਰਾਸ਼ੀ 1.6 ਲੱਖ ਤੋਂ 2 ਲੱਖ ਰੁਪਏ ਕਰਨ ਅਤੇ ਕਾਰਪੋਰੇਟ ਕਰ ਸਿੱਧੇ ਉਕੇ ਪੁੱਕੇ 30 ਫੀਸਦੀ ਕੀਤੇ ਜਾਣ ਦੀ ਵਿਵਸਥਾ ਹੈ। ਬਿੱਲ ਦੇ ਮੁਤਾਬਕ 2-5 ਲੱਖ ਰੁਪਏ ਤੱਕ ਦੀ ਆਮਦਨ 'ਤੇ 10 ਫੀਸਦੀ, 5-10 ਲੱਖ ਰੁਪਏ ਦੀ ਆਮਦਨ 'ਤੇ 20 ਫੀਸਦੀ ਅਤੇ ਇਸ ਤੋਂ ਵਧੇਰੇ ਆਮਦਨ 'ਤੇ 30 ਫੀਸਦੀ ਕਰ ਲੱਗੇਗਾ। ਜਦੋਂ ਇਹ ਤਬਦੀਲੀਆਂ ਲਾਗੂ ਹੋ ਗਈਆਂ ਤਾਂ 10 ਲੱਖ ਤੋਂ ਵੱਧ ਸਾਲਾਨਾ ਕਮਾਈ ਵਾਲੇ ਲੋਕਾਂ ਦੀ ਕਰ ਦੇ ਰੂਪ 'ਚ 41,040 ਰੁਪਏ ਬੱਚਤ ਹੋਏਗੀ। ਵਿੱਤ ਮੰਤਰੀ ਪ੍ਰਣਬ ਮੁਖਰਜੀ ਨੇ ਲੋਕ ਸਭਾ 'ਚ ਇਹ ਬਿੱਲ ਪੇਸ਼ ਕੀਤਾ ਤੇ ਹੁਣ ਇਹ ਜਾਂਚ ਲਈ ਸੰਸਦ ਦੀ ਵਿਸ਼ੇਸ਼ ਕਮੇਟੀ ਕੋਲ ਭੇਜ ਦਿੱਤਾ ਗਿਆ ਹੈ। ਸੀਨੀਅਰ ਨਾਗਰਿਕਾਂ ਲਈ ਰਿਆਇਤ ਸੀਮਾ 2.40 ਲੱਖ ਤੋਂ ਵਧਾ ਕੇ ਸਿਰਫ 2.5 ਲੱਖ ਰੁਪਏ ਕੀਤੀ ਗਈ ਹੈ।

ਸਰਕਾਰ ਨੇ ਕਿਹਾ ਕਿ ਵੰਡ ਵੇਲੇ ਪਾਕਿਸਤਾਨ ਜਾ ਕੇ ਵਸਣ ਵਾਲੇ ਲੋਕਾਂ ਦੀਆਂ ਸੰਪਤੀਆਂ ਦੀ ਨਿਗਰਾਨੀ ਬਾਰੇ ਕਾਨੂੰਨ ਵਿਚ ਸੋਧ ਲਈ ਉਹ ਇਕ ਨਵਾਂ ਬਿੱਲ ਲੈ ਕੇ ਆਵੇਗੀ ਅਤੇ ਸਿੱਟੇ ਵਜੋਂ ਲੋਕ ਸਭਾ ਵਿਚ ਪੇਸ਼ ਕੀਤਾ ਖਰੜਾ ਬਿੱਲ ਵਾਪਸ ਲਿਆ ਜਾ ਰਿਹਾ ਹੈ। ਸਰਕਾਰ ਨੇ ਇਹ ਨਵੀਂ ਪੇਸ਼ਕਦਮੀ ਉਦੋਂ ਕੀਤੀ ਜਦੋਂ ਸਮਾਜਵਾਦੀ ਪਾਰਟੀ ਅਤੇ ਰਾਸ਼ਟਰੀ ਜਨਤਾ ਦਲ ਨੇ ਐਨਮੀ ਪ੍ਰਾਪਰਟੀ (ਅਮੈਂਡਮੈਂਟ ਐਂਡ ਵੈਲੀਡੇਸ਼ਨ) ਬਿੱਲ ਨੂੰ ਮੁਸਲਿਮ ਵਿਰੋਧੀ ਕਰਾਰ ਦਿੰਦਿਆਂ ਇਸ ਵਿਚ ਤਬਦੀਲੀ ਕਰਨ ਦੀ ਮੰਗ ਕੀਤੀ। ਉਂਜ ਭਾਜਪਾ ਅਤੇ ਸ਼ਿਵ ਸੈਨਾ ਵਲੋਂ ਤਬਦੀਲੀ ਦਾ ਤਿੱਖਾ ਵਿਰੋਧ ਕੀਤਾ ਜਾ ਰਿਹਾ ਹੈ। ਗ੍ਰਹਿ ਮੰਤਰੀ ਪੀ. ਚਿਦੰਬਰਮ ਨੇ ਕਿਹਾ ਕਿ ਭਰਵੀਂ ਵਿਚਾਰ-ਚਰਚਾ ਤੋਂ ਬਾਅਦ ਮੈਂਬਰ ਸੋਧਾਂ ਅਤੇ 2 ਜੁਲਾਈ ਨੂੰ ਜਾਰੀ ਕੀਤੇ ਆਰਡੀਨੈਂਸ ਬਾਰੇ ਅਧਿਐਨ ਲਈ ਹੋਰ ਸਮਾਂ ਚਾਹੁੰਦੇ ਹਨ। ਉਨ੍ਹਾਂ ਕਿਹਾ, "ਇਹ ਵਾਜਬ ਬੇਨਤੀ ਹੈ...ਅਸੀਂ ਪਾਰਲੀਮੈਂਟ ਦੇ ਸਰਦ ਰੁੱਤ ਇਜਲਾਸ ਵਿਚ ਸੋਧਾਂ ਸਹਿਤ ਨਵਾਂ ਬਿੱਲ ਲੈ ਕੇ ਆਵਾਂਗੇ।" ਭਾਜਪਾ ਨੇ ਸਰਕਾਰ ਦੀ ਇਸ ਪੇਸ਼ਕਦਮੀ ਦੇ ਮਨੋਰਥ ਉਤੇ ਸ਼ੰਕਾ ਜ਼ਾਹਿਰ ਕੀਤੀ ਹੈ। ਬਿੱਲ ਦੇ ਖਰੜੇ ਵਿਚ ਸਪਸ਼ਟ ਕੀਤਾ ਗਿਆ ਹੈ ਕਿ ਵੰਡ ਵੇਲੇ ਪਾਕਿਸਤਾਨ ਜਾ ਕੇ ਵਸਣ ਵਾਲੇ ਲੋਕਾਂ ਵਲੋਂ ਪਿੱਛੇ ਛੱਡੀਆਂ ਸੰਪਤੀਆਂ ਦੇ ਕਬਜ਼ੇ ਉਤੇ ਅਦਾਲਤਾਂ ਦਾ ਕੋਈ ਅਧਿਕਾਰ ਖੇਤਰ ਨਹੀਂ ਹੋਵੇਗਾ। ਭਾਰਤ ਵਿਚ ਇਸ ਤਰ੍ਹਾਂ ਦੀਆਂ 2000 ਸੰਪਤੀਆਂ ਹਨ।

ਸੰਸਦ ਮੈਂਬਰਾਂ ਦੀ ਤਨਖ਼ਾਹ ਤੇ ਭੱਤਿਆਂ ਵਿਚ ਤਿੰਨ ਗੁਣਾ ਤੋਂ ਵਧ ਵਾਧੇ ਦੀ ਤਜਵੀਜ਼ ਵਾਲਾ ਅਹਿਮ ਬਿਲ ਬੀਤੀ 25 ਅਗਸਤ ਨੂੰ ਲੋਕ ਸਭਾ ਵਿਚ ਖੱਬੀਆਂ ਪਾਰਟੀਆਂ ਦੇ ਬਾਈਕਾਟ ਅਤੇ ਭਵਿੱਖ ਵਿਚ ਤਨਖ਼ਾਹ ਵਾਧੇ ਲਈ ਠੋਸ ਪ੍ਰਣਾਲੀ ਵਿਕਸਤ ਕਰਨ ਬਾਰੇ ਸਰਕਾਰੀ ਭਰੋਸੇ ਮਗਰੋਂ ਪਾਸ ਕਰ ਦਿੱਤਾ ਗਿਆ। ਸੰਸਦੀ ਮਾਮਲਿਆਂ ਬਾਰੇ ਮੰਤਰੀ ਪਵਨ ਕੁਮਾਰ ਬਾਂਸਲ ਨੇ ਲੋਕ ਸਭਾ ਵਿਚ ਤਨਖ਼ਾਹ-ਭੱਤਾ ਤੇ ਪੈਨਸ਼ਨ ਸੋਧ ਬਿਲ-2010 'ਤੇ ਹੋਈ ਚਰਚਾ ਦਾ ਜਵਾਬ ਦਿੰਦਿਆਂ ਸਮੂਹ ਸੰਸਦ ਮੈਂਬਰਾਂ ਨੂੰ ਭਰੋਸਾ ਦਿਵਾਇਆ ਕਿ ਇਸ ਮਸਲੇ ਲਈ ਸਰਕਾਰ ਭਵਿੱਖ ਵਿਚ ਅਜਿਹੀ ਪ੍ਰਣਾਲੀ ਜ਼ਰੂਰ ਵਿਕਸਤ ਕਰੇਗੀ ਜੋ ਤਰਕ ਸੰਗਤ ਅਤੇ ਠੋਸ ਆਧਾਰ ਰੱਖਦੀ ਹੋਵੇ। ਉਨ੍ਹਾਂ ਮੰਨਿਆ ਕਿ ਇਹ ਬੇਹੱਦ ਵੱਡਾ ਮਸਲਾ ਹੈ, ਪਰ ਸੰਸਦ ਮੈਂਬਰਾਂ ਦੀ ਤੁਲਨਾ ਸਰਕਾਰੀ ਕਰਮਚਾਰੀਆਂ ਨਾਲ ਕਰਨਾ ਬਿਲਕੁਲ ਗਲਤ ਹੈ। ਚਰਚਾ ਦੌਰਾਨ ਸ੍ਰੀ ਬਾਂਸਲ ਨੇ ਕਿਹਾ ਕਿ ਸੰਸਦ ਮੈਂਬਰਾਂ ਨੂੰ ਹੁਣ ਸਦਨ ਦੀ ਕਾਰਵਾਈ ਵਲ ਵਧੇਰੇ ਧਿਆਨ ਦੇਣਾ ਚਾਹੀਦਾ ਹੈ। ਸੀ ਪੀ ਐਮ ਆਗੂ ਰਾਮ ਚੰਦਰ ਡੋਮ ਨੇ ਕਿਹਾ ਕਿ ਜਦੋਂ ਦੇਸ਼ ਵਿਚ 70 ਫੀਸਦੀ ਲੋਕ 20 ਰੁਪਏ ਰੋਜ਼ਾਨਾ ਤੋਂ ਘੱਟ ਆਮਦਨ 'ਤੇ ਗੁਜ਼ਾਰਾ ਕਰ ਰਹੇ ਹਨ, ਉਸ ਸਮੇਂ ਸੰਸਦ ਮੈਂਬਰਾਂ ਦੀ ਤਨਖ਼ਾਹ 3 ਗੁਣਾ ਵਧਾਉਣਾ ਸਹੀ ਨਹੀਂ ਹੈ। ਇਸੇ ਦੌਰਾਨ ਖੱਬੀਆਂ ਪਾਰਟੀਆਂ ਦੀਆਂ ਦਲੀਲਾਂ ਦਾ ਕਈ ਪਾਰਟੀਆਂ ਨੇ ਵਿਰੋਧ ਕੀਤਾ ਤੇ ਇਸ ਬਿਲ ਨੂੰ ਜ਼ੁਬਾਨੀ ਵੋਟਾਂ ਨਾਲ ਮਨਜ਼ੂਰੀ ਦੇ ਦਿੱਤੀ।

ਇਸ ਦੇ ਨਾਲ ਹੀ ਧਾਰਮਿਕ ਅਤੇ ਸਮਾਜਿਕ ਸੰਸਥਾਵਾਂ ਨੂੰ ਵਿਦੇਸ਼ਾਂ ਤੋਂ ਮਿਲਣ ਵਾਲੇ ਫੰਡਾਂ ਨੂੰ ਨੇਮਬੱਧ ਕਰਨ ਸਬੰਧੀ ਬਿਲ ਨੂੰ ਸੰਸਦ ਨੇ ਮਨਜ਼ੂਰੀ ਦੇ ਦਿੱਤੀ ਹੈ। ਫਾਰਨ ਕੰਟਰੀਬਿਊਸ਼ਨ (ਰੈਗੂਲੇਸ਼ਨ) ਬਿਲ, 2006 ਨੂੰ ਬੀਤੀ 27 ਅਗਸਤ ਨੂੰ ਲੋਕ ਸਭਾ ਨੇ ਪਾਸ ਕਰ ਦਿੱਤਾ ਜਦੋਂ ਕਿ ਰਾਜ ਸਭਾ ਇਸ ਨੂੰ ਹਫ਼ਤਾ ਪਹਿਲਾਂ ਹੀ ਪਾਸ ਕਰ ਚੁੱਕੀ ਹੈ। ਇਹ ਫਾਰਨ ਕੰਟਰੀਬਿਊਸ਼ਨ (ਰੈਗੂਲੇਸ਼ਨ) ਐਕਟ, 1976 ਦੀ ਥਾਂ ਲਵੇਗਾ।

ਗ੍ਰਹਿ ਮੰਤਰਾਲੇ ਵਲੋਂ ਪੇਸ਼ ਇਸ ਬਿਲ ਨੂੰ ਲੋਕ ਸਭਾ ਤੋਂ ਜ਼ੋਰਦਾਰ ਹਮਾਇਤ ਹਾਸਲ ਹੋਈ। ਮੈਂਬਰਾਂ ਨੇ ਅੰਦਰੂਨੀ ਸਲਾਮਤੀ ਦੇ ਬਦਲੇ ਹਾਲਾਤ ਦੇ ਮੱਦੇਨਜ਼ਰ ਦੇਸ਼ ਵਿਚ ਗ਼ੈਰ-ਕਾਨੂੰਨੀ ਢੰਗ ਨਾਲ ਪੈਸਾ ਆਉਣ ਦੇ ਮਾਮਲੇ ਉਤੇ ਚਿੰਤਾ ਦਾ ਇਜ਼ਹਾਰ ਕੀਤਾ। ਹੁਣ ਇਸ ਬਿਲ ਨੂੰ ਰਾਸ਼ਟਰਪਤੀ ਦੀ ਮਨਜ਼ੂਰੀ ਲਈ ਭੇਜਿਆ ਜਾਵੇਗਾ ਅਤੇ ਉਨ੍ਹਾਂ ਦੇ ਦਸਤਖ਼ਤ ਹੁੰਦਿਆਂ ਹੀ ਬਿਲ ਕਾਨੂੰਨ ਬਣ ਜਾਵੇਗਾ। ਇਸ ਬਿਲ ਦੇ ਕਾਨੂੰਨ ਬਣਨ ਪਿੱਛੋਂ ਗਿਰਜਿਆਂ, ਮੰਦਰਾਂ, ਮਸਜਿਦਾਂ ਤੋਂ ਲੈ ਕੇ ਧਾਰਮਿਕ ਸੰਸਥਾਵਾਂ, ਸਵੈਇੱਛਕ ਜਥੇਬੰਦੀਆਂ ਅਤੇ ਸਿਆਸੀ ਪਾਰਟੀਆਂ ਤੱਕ ਨੂੰ ਆਪਣੇ ਵਿਦੇਸ਼ੀ ਦਾਨੀਆਂ ਤੋਂ ਹਾਸਲ ਹੋਣ ਵਾਲੇ ਦਾਨ ਦਾ ਵੱਖਰੇ ਤੌਰ 'ਤੇ ਵੇਰਵਾ ਰੱਖਣਾ ਪਵੇਗਾ।

### ਸੰਸਦਾਂ ਦਾ ਤਨਖਾਹ ਬਿੱਲ ਆਪਣੇ ਆਪ 'ਚ ਘਪਲਾ

**ਨਵੀਂ ਦਿੱਲੀ :** ਸੰਸਦ ਮੈਂਬਰਾਂ ਵਲੋਂ ਆਪਣੀ ਤਨਖਾਹ ਦੇ ਵਾਧੇ ਬਾਰੇ ਆਪਣੇ ਆਪ ਫੈਸਲਾ ਕਰਨ ਦੀ ਸਖਤ ਆਲੋਚਨਾ ਕਰਨ ਵਾਲੀ ਮਾਕਪਾ ਨੇਤਾ ਵ੍ਰਿੰਦਾ ਕਾਰਤ ਨੇ ਬੀਤੀ 25 ਅਗਸਤ ਨੂੰ ਕਿਹਾ ਹੈ ਕਿ ਐਮ.ਪੀਜ਼ ਦੀ ਤਨਖਾਹ 'ਚ ਵਾਧੇ ਬਾਰੇ ਬਿੱਲ ਆਪਣੇ ਆਪ ਵਿਚ ਘਪਲਾ ਹੈ। ਵ੍ਰਿੰਦਾ ਨੇ ਇਕ ਸੰਮੇਲਨ ਦੌਰਾਨ ਪੱਤਰਕਾਰਾਂ ਨਾਲ ਵੱਖਰੇ ਤੌਰ 'ਤੇ ਗੱਲ ਕਰਦੇ ਹੋਏ ਕਿਹਾ ਕਿ ਦੇਸ਼ ਵਿਚ ਸ਼ਾਇਦ ਹੀ ਕੋਈ ਅਜਿਹੀ ਜਗ੍ਹਾ ਹੋਵੇ ਜਿਥੇ ਲਾਭ ਪਾਉਣ ਵਾਲਾ ਆਪਣੀ ਤਨਖਾਹ ਬਾਰੇ ਆਪ ਤੈਅ ਕਰੇ। ਕੈਬਨਿਟ ਨੇ ਐਮ.ਪੀਜ਼ ਦੇ ਭੱਤਿਆਂ ਵਿਚ 10 ਹਜ਼ਾਰ ਰੁਪਏ ਦੇ ਹੋਰ ਵਾਧੇ ਦੀ ਪ੍ਰਵਾਨਗੀ ਦਿੱਤੀ ਹੈ।

### ਸੰਸਦ ਸਾਹਮਣੇ ਪ੍ਰਮਾਣੂ ਬਿੱਲ ਖ਼ਿਲਾਫ਼ ਮੁਜ਼ਾਹਰਾ

ਦੂਜੇ ਪਾਸੇ ਵਾਤਾਵਰਨਵਾਦੀ ਗਰੁੱਪ ਗਰੀਨ ਪੀਸ ਦੇ ਛੇ ਕਾਰਕੁਨਾਂ ਨੂੰ ਸੰਸਦ ਭਵਨ ਸਾਹਮਣੇ ਪ੍ਰਮਾਣੂ ਬਿੱਲ ਖ਼ਿਲਾਫ਼ ਮੁਜ਼ਾਹਰਾ ਕਰਦਿਆਂ ਹਿਰਾਸਤ ਵਿਚ ਲੈ ਲਿਆ ਗਿਆ। ਮੁਜ਼ਾਹਰਾ ਸਵੇਰੇ 10 ਕੁ ਵਜੇ ਸ਼ੁਰੂ ਹੋਇਆ ਜਦੋਂ ਗਰੀਨ ਪੀਸ ਕਾਰਕੁਨਾਂ ਨੇ 'ਮੁਨਾਫੇ ਤੋਂ ਲੋਕ ਉਪਰ' ਦੇ ਬੈਨਰ ਖੜ੍ਹੇ ਕੀਤੇ ਅਤੇ ਢੋਲ ਵਜਾ ਕੇ ਪ੍ਰਮਾਣੂ ਵਿਕਿਰਨਾਂ ਦੇ ਖ਼ਤਰੇ ਨੂੰ ਦਰਸਾਇਆ। ਕਾਰਕੁਨ ਖੰਭਿਆਂ 'ਤੇ ਚੜ੍ਹੇ ਅਤੇ ਆਪਣੇ ਆਪ ਨੂੰ ਸੰਗਲਾਂ ਨਾਲ ਬੰਨ੍ਹ ਲਿਆ। 15 ਕੁ ਮਿੰਟਾਂ ਬਾਅਦ ਪੁਲੀਸ ਨੇ ਉਨ੍ਹਾਂ ਨੂੰ ਹਿਰਾਸਤ ਵਿਚ ਲੈ ਲਿਆ ਅਤੇ ਇਕ ਵੈਨ ਵਿਚ ਤੁੰਨ ਕੇ ਉਥੋਂ ਲੈ ਗਈ।

# ਜ਼ਮੀਨ ਅਕਵਾਇਰੀ ਬਾਰੇ ਸੁਪਰੀਮ ਕੋਰਟ ਦੇ ਨਵੇਂ ਫੈਸਲੇ, ਅੰਦੋਲਨ ਤੇਜ਼

**ਨਵੀਂ ਦਿੱਲੀ:**ਹਾਲ ਹੀ ਵਿਚ ਸੁਪਰੀਮ ਕੋਰਟ ਨੇ ਸਰਕਾਰ ਦੁਆਰਾ ਜ਼ਮੀਨ ਅਕਵਾਇਰ (ਹਾਸਲ) ਕਰਨ ਸਬੰਧੀ ਦੋ ਅਹਿਮ ਫੈਸਲੇ ਦਿੱਤੇ ਹਨ। ਇਕ ਫੈਸਲਾ ਤਾਂ ਜ਼ਮੀਨ ਮਾਲਕਾਂ ਦੇ ਹੱਕ ਵਿਚ ਹੈ ਕਿ ਉਨ੍ਹਾਂ ਨੂੰ ਮੁਆਵਜ਼ਾ ਸਿਰਫ ਬਾਜ਼ਾਰ ਦੇ ਭਾਅ ਉਤੇ ਹੀ ਨਾ ਦਿੱਤਾ ਜਾਵੇ ਸਗੋਂ ਹਾਸਲ ਕੀਤੀ ਜ਼ਮੀਨ ਦੀ ਭਵਿੱਖ ਵਿਚ ਕੀਮਤ ਵਧਣ ਦੀਆਂ ਸੰਭਾਵਨਾਵਾਂ ਨੂੰ ਮੁਆਵਜ਼ਾ ਰਾਸ਼ੀ ਤੈਅ ਕਰਨ ਸਮੇਂ ਧਿਆਨ ਵਿਚ ਰੱਖਿਆ ਜਾਵੇ। ਪਿਛਲੇ ਹਫ਼ਤੇ ਉਚ-ਅਦਾਲਤ ਦੇ ਬੈਂਚ ਦੇ ਦੋ ਮਾਣਯੋਗ ਜੱਜਾਂ ਮੁਕੰਦਾਕਮ ਸ਼ਰਮਾ ਅਤੇ ਅਨਿਲ ਆਰ ਦਵੇ ਨੇ ਕਿਹਾ, 'ਹਾਸਲ ਕੀਤੀ ਜ਼ਮੀਨ ਦੀ ਅਸਲ ਬਾਜ਼ਾਰੀ ਕੀਮਤ ਦੇ ਨਾਲ-ਨਾਲ ਮੁਆਵਜ਼ਾ ਰਾਸ਼ੀ ਤੈਅ ਕਰਦਿਆਂ ਇਹ ਵੀ ਧਿਆਨ ਵਿਚ ਰੱਖਿਆ ਜਾਵੇ ਕਿ ਜ਼ਮੀਨ ਕਾਨੂੰਨੀ ਤੌਰ ਉਤੇ ਕਿਸ ਮੰਤਵ ਲਈ ਹਾਸਲ ਕੀਤੀ ਹੈ ਅਤੇ ਜੇ ਕੀਤੀ ਜ਼ਮੀਨ ਨੂੰ ਨੇੜੇ ਦੇ ਭਵਿੱਖ ਵਿਚ ਹੋਰ ਵੀ ਚੰਗੇ ਕੰਮਕਾਰ (ਵੱਧ ਪੈਸੇ ਦੇਣ ਵਾਲੇ) ਲਈ ਵਰਤੇ ਜਾਣ ਦੀਆਂ ਸੰਭਾਵਨਾਵਾਂ ਹਨ, ਤਾਂ ਉਸ ਦੇ ਮੁਆਵਜ਼ੇ ਦੀ ਰਾਸ਼ੀ, ਉਸੇ ਹਿਸਾਬ ਨਾਲ (ਵੱਧ) ਨਿਰਧਾਰਤ ਕਰਨੀ ਹੋਵੇਗੀ।

ਪਹਿਲਾਂ ਦੇ ਇਸ ਸਬੰਧ ਵਿਚ ਆਏ ਫੈਸਲੇ ਬਾਰੇ ਚਰਚਾ ਕਰਕੇ ਬੈਂਚ ਨੇ ਆਖਿਆ ਕਿ ਮੁਆਵਜ਼ਾ ਨਿਰਧਾਰਤ ਕਰਦੇ ਸਮੇਂ ਹਾਸਲ ਕਰਨ ਵਾਲੇ ਅਧਿਕਾਰੀ ਇਹ ਜ਼ਰੂਰ ਧਿਆਨ ਵਿਚ ਰੱਖਣ ਕਿ ਕੋਈ ਵੀ ਨਿੱਜੀ ਖਰੀਦਦਾਰ ਇਸ ਹਾਸਲ ਕੀਤੀ ਜ਼ਮੀਨ ਦੇ ਕਿੰਨੇ ਪੈਸੇ ਦੇ ਸਕਦਾ ਹੈ, ਜਾਂ ਭਵਿੱਖ ਦੀ ਵਪਾਰਕ ਸੰਭਾਵਨਾ ਨੂੰ ਧਿਆਨ ਵਿਚ ਰੱਖਦਿਆਂ ਉਸ ਜ਼ਮੀਨ ਦੇ ਸਰਕਾਰੀ ਤੌਰ ਉਤੇ ਕੀਤੀ 'ਸੇਲ ਡੀਡ' ਤੋਂ ਕਿੰਨਾ ਵੱਧ ਪੈਸਾ ਮਿਲ ਸਕਦਾ ਹੈ। ਉਚ-ਅਦਾਲਤ ਨੇ ਥੱਲੇ ਵਾਲੀਆਂ ਅਦਾਲਤਾਂ ਨੂੰ ਵੀ ਕਿਹਾ ਕਿ ਹੁਣ ਉਹ ਹਾਸਲ ਕੀਤੀ ਜ਼ਮੀਨ ਬਾਰੇ ਆਉਂਦੇ ਕੁਝ ਕੁ ਸਮੇਂ ਵਿਚ ਭਾਅ ਵਧਣ ਦੀ ਸੰਭਾਵਨਾਵਾਂ ਨੂੰ ਕਦੇ ਵੀ ਅੱਖੋਂ-ਪਰੋਖੇ ਨਾ ਕਰਨ ਅਤੇ ਮੁਆਵਜ਼ਾ ਇਨ੍ਹਾਂ ਸੰਭਾਵਨਾਵਾਂ ਨੂੰ ਧਿਆਨ ਵਿਚ ਰੱਖ ਕੇ ਹੀ ਤੈਅ ਕਰਨ।' ਇਹ ਫੈਸਲਾ, ਸੁਪਰੀਮ ਕੋਰਟ ਨੇ ਤਾਮਿਲਨਾਡੂ ਸਰਕਾਰ ਵਲੋਂ ਤਿਰੂਚੀ ਜ਼ਿਲ੍ਹੇ ਵਿਚ ਪਲਾਨਗੁਡੀ ਕਸਬੇ ਵਿਚ 1992 ਵਿਚ ਹਾਸਲ ਕੀਤੀ ਜ਼ਮੀਨ ਦੇ ਮੁਆਵਜ਼ੇ ਦੇ ਝਗੜੇ ਦੇ ਸਬੰਧ ਵਿਚ ਦਿੱਤਾ। ਉਸ ਸਮੇਂ ਹਾਸਲ ਕਰਨ ਵਾਲੇ ਅਧਿਕਾਰੀ ਨੇ ਉਸ ਦਾ ਮੁਆਵਜ਼ਾ 1.72 ਰੁਪਏ ਪ੍ਰਤੀ ਵਰਗ ਫੁੱਟ ਤੈਅ ਕੀਤਾ ਸੀ। ਪਰ ਮਾਲਕ ਦੇ ਅਪੀਲ ਕਰਨ ਉਤੇ 'ਰਿਫਰੈਂਸ ਕੋਰਟ' ਨੇ ਬਾਜ਼ਾਰੀ ਭਾਅ ਮੁਤਾਬਿਕ 17 ਰੁਪਏ ਪ੍ਰਤੀ ਫੁੱਟ ਨਿਰਧਾਰਤ ਕਰ ਦਿੱਤਾ। ਪਰ, ਬਾਅਦ ਵਿਚ ਰਾਜ ਸਰਕਾਰ ਦੀ ਅਪੀਲ ਉਤੇ ਮਦਰਾਸ ਹਾਈ ਕੋਰਟ ਨੇ ਘਟਾ ਕੇ 9 ਰੁਪਏ ਪ੍ਰਤੀ ਫੁੱਟ ਕਰ ਦਿੱਤਾ। ਇਸ ਉਤੇ ਫੈਸਲਾ ਦਿੰਦਿਆਂ, ਹੁਣ ਸੁਪਰੀਮਕੋਰਟ ਨੇ ਹਾਈ ਕੋਰਟ ਦੇ ਫੈਸਲੇ ਵਿਰੁਧ ਜ਼ਮੀਨ ਮਾਲਕ, ਸ੍ਰੀ ਪਿਲੇ ਦੀ ਦਰਖਾਸਤ ਪ੍ਰਵਾਨ ਕਰਦਿਆਂ ਕਿਹਾ ਹੈ, 'ਕਿਉਂਕਿ ਹਾਸਲ ਕੀਤਾ 3.90 ਏਕੜ, ਜ਼ਮੀਨ ਦਾ ਟੁਕੜਾ ਕਸਬੇ ਦੀ ਧੁੰਨੀ ਵਿਚ, ਆਬਾਦੀ ਵਾਲੇ ਖੇਤਰ ਵਿਚ ਹੈ, ਇਸ ਦੀ ਕੀਮਤ ਵਧਣ ਦੀਆਂ ਭਵਿੱਖੀ ਸੰਭਾਵਨਾਵਾਂ ਨੂੰ ਵੀ ਧਿਆਨ ਵਿਚ ਰੱਖ ਕੇ ਮੁਆਵਜ਼ਾ ਵਧਾਇਆ ਜਾਵੇ।

**ਦੂਜਾ ਫੈਸਲਾ ਕਿਸਾਨਾਂ ਦੇ ਹੱਕ ਵਿਚ ਨਹੀਂ ਹੈ:** ਇਕ ਵਾਰ ਸਰਕਾਰੀ ਤੌਰ ਉਤੇ ਹਾਸਲ ਕੀਤੀ ਜ਼ਮੀਨ ਨੂੰ ਜ਼ਮੀਨ ਮਾਲਕ ਜਾਂ ਕਿਸਾਨ ਵਾਪਸ ਲੈਣ ਦਾ ਦਾਅਵਾ ਨਹੀਂ ਕਰ ਸਕਦੇ ਭਾਵੇਂ ਹਾਸਲ ਕੀਤੀ ਜ਼ਮੀਨ ਸਰਕਾਰੀ ਤੌਰ ਉਤੇ ਐਲਾਨੇ ਮੰਤਵ ਲਈ ਨਹੀਂ ਵਰਤੀ ਗਈ ਹੈ। 'ਜਦੋਂ ਜ਼ਮੀਨ ਸਰਕਾਰੀ ਕਬਜ਼ੇ ਵਿਚ ਇਕ ਵਾਰ ਚਲੀ ਗਈ ਤਾਂ ਮਾਲਕ ਜਾਂ ਕਿਸਾਨ ਦਾ ਉਸ ਜ਼ਮੀਨ ਨਾਲ ਕੋਈ ਲੈਣਾ-ਦੇਣਾ ਨਹੀਂ ਰਹਿ ਜਾਂਦਾ ਜਾਂ ਉਸ ਦੀ ਜਾਇਦਾਦ ਲਈ ਪਹਿਲਾਂ ਵਾਲਾ ਮਾਲਕ ਬਿਲਕੁਲ ਬੇਗਾਨਾ ਹੋ ਜਾਂਦਾ ਹੈ।' ਸੁਪਰੀਮ ਕੋਰਟ ਨੇ 16 ਅਗਸਤ ਦੇ ਫੈਸਲੇ ਵਿਚ ਇਹ ਗੱਲ ਆਖੀ ਹੈ। ਸੁਪਰੀਮ ਕੋਰਟ ਦੇ ਦੋ ਮਾਣਯੋਗ ਜੱਜ ਪੀ. ਸਥਾਸਿਵਮ ਅਤੇ ਬੀ.ਐਸ. ਚੌਹਾਨ ਦੇ ਬੈਂਚ ਨੇ ਕਿਹਾ, 'ਕਿ ਵਾਰ ਜਦੋਂ ਕਿਸੇ ਕਿਸਾਨ (ਮਾਲਕ) ਦੀ ਜ਼ਮੀਨ ਹਾਸਲ ਹੋ ਗਈ।'

ਇਸ ਦੌਰਾਨ ਆਪਣੀ ਜ਼ਮੀਨ ਦੀ ਲੜਾਈ ਨੂੰ ਦਿੱਲੀ ਲੈ ਕੇ ਆਏ ਉਤਰ ਪ੍ਰਦੇਸ਼ ਦੇ ਕਿਸਾਨਾਂ ਨੂੰ 26 ਅਗਸਤ ਨੂੰ ਇੱਥੇ ਖੱਬੀਆਂ ਤੇ ਸੱਜੀਆਂ ਪਾਰਟੀਆਂ ਦਾ ਸਮਰਥਨ ਵੀ ਮਿਲ ਗਿਆ। ਆਰ.ਐਲ.ਡੀ. ਦੇ ਆਗੂ ਅਜੀਤ ਸਿੰਘ ਵਲੋਂ ਰੱਖੀ ਇਸ ਕਿਸਾਨ ਰੈਲੀ 'ਚ ਕਈ ਪਾਰਟੀਆਂ ਦੇ ਆਗੂਆਂ ਨੇ ਪੁੱਜ ਕੇ ਸਰਕਾਰ ਨੂੰ ਚਿਤਾਵਨੀ ਦਿੱਤੀ ਕਿ ਉਹ ਨਵਾਂ ਜ਼ਮੀਨ ਐਕੁਆਇਰ ਕਾਨੂੰਨ ਲੈ ਕੇ ਆਵੇ ਨਹੀਂ ਤਾਂ ਇਹ ਸੰਘਰਸ਼ ਤਿੱਖਾ ਕਰ ਦਿੱਤਾ ਜਾਵੇਗਾ। ਇਸ ਰੈਲੀ ਦੀ ਖਾਸੀਅਤ ਇਹ ਵੀ ਸੀ ਕਿ ਕਿਸਾਨਾਂ ਦੇ ਮੁੱਦੇ 'ਤੇ ਸੀ.ਪੀ.ਆਈ. ਦੇ ਜਨਰਲ ਸਕੱਤਰ ਏ.ਬੀ. ਬਰਧਨ, ਸੀ.ਪੀ.ਐਮ. ਦੀ ਆਗੂ ਬ੍ਰਿੰਦਾ ਕਰਤ ਅਤੇ ਭਾਜਪਾ ਦੇ ਸੀਨੀਅਰ ਆਗੂ ਅਰੁਣ ਜੇਤਲੀ ਇਕੋ ਮੰਚ 'ਤੇ ਬੈਠੇ ਸਨ। ਇਹ ਆਗੂ ਸਰਕਾਰ ਦੀਆਂ ਕਿਸਾਨ ਵਿਰੋਧੀ ਨੀਤੀਆਂ ਦਾ ਵਿਰੋਧ ਕਰਨ ਦੇ ਨਾਲ-ਨਾਲ ਸਦੀ ਪੁਰਾਣੇ ਜ਼ਮੀਨ ਐਕੁਆਇਰ ਕਾਨੂੰਨ ਨੂੰ ਬਦਲ ਕੇ ਨਵਾਂ ਕਾਨੂੰਨ ਲਿਆਉਣ ਦੀ ਮੰਗ ਕਰ ਰਹੇ ਸਨ। ਇਸ ਦੌਰਾਨ ਜੇ.ਡੀ.(ਯੂ.) ਦੇ ਮੁਖੀ ਸ਼ਰਦ ਯਾਦਵ, ਲੋਕ ਜਨਸ਼ਕਤੀ ਪਾਰਟੀ ਦੇ ਰਾਮਵਿਲਾਸ ਪਾਸਵਾਨ, ਟੀ.ਡੀ.ਪੀ. ਦੇ ਨਮੋ ਨਾਗੇਸ਼ਵਰ ਰਾਓ ਤੇ ਏ.ਆਈ.ਏ.ਡੀ.ਐਮ.ਕੇ. ਦੇ ਐਮ. ਤੰਬੀਦੁਰਾਇ ਨੇ ਵੀ ਆਰ.ਐਲ.ਡੀ. ਦੀ ਆਵਾਜ਼ ਵਿਚ ਆਵਾਜ਼ ਰਲਾਈ। ਕਿਸਾਨ ਦਾ ਘਿਰਾਓ ਕਰਨ ਲਈ ਉਤਰ ਪ੍ਰਦੇਸ਼ ਤੋਂ ਪੁੱਜੇ ਸੈਂਕੜੇ ਕਿਸਾਨ ਯਮੁਨਾ ਐਕਸਪ੍ਰੈਸ ਲਈ ਜ਼ਮੀਨ ਐਕੁਆਇਰ ਕਰਨ, ਪੁਲੀਸ ਫਾਇਰਿੰਗ ਦੇ ਖ਼ਿਲਾਫ਼ ਅਤੇ ਢੁਕਵੇਂ ਮੁਆਵਜ਼ੇ ਦੀ ਮੰਗ ਲਈ ਇਥੇ ਪੁੱਜੇ।

ਯਾਦ ਰਹੇ ਬੀਤੀ 25 ਅਗਸਤ ਨੂੰ ਯਮੁਨਾ ਐਕਸਪ੍ਰੈਸ ਵੇਅ ਲਈ ਅਕਵਾਇਰ ਜ਼ਮੀਨ ਦਾ ਮੁਆਵਜ਼ਾ ਵਧਾਉਣ ਦੀ ਮੰਗ ਕਰ ਰਹੇ ਕਿਸਾਨਾਂ ਨੇ ਬੀਤੇ ਹਫ਼ਤੇ ਬੁੱਧਵਾਰ ਨੂੰ ਉਤਰ ਪ੍ਰਦੇਸ਼ ਬੰਦ ਦੌਰਾਨ ਮਥੁਰਾ ਨੇੜੇ ਰੇਲ ਆਵਾਜਾਈ ਰੋਕੀ ਸੀ ਅਤੇ ਪ੍ਰਦਰਸ਼ਨ ਕੀਤਾ ਸੀ। ਖ਼ਬਰਾਂ ਅਨੁਸਾਰ ਆਗਰਾ, ਅਲੀਗੜ੍ਹ ਅਤੇ ਮੇਰਠ ਸਮੇਤ ਕਈ ਜ਼ਿਲ੍ਹਿਆਂ 'ਚ ਕਿਸਾਨ ਮੁਆਵਜ਼ੇ ਦੀ ਰਾਸ਼ੀ ਵਧਾਉਣ ਲਈ ਸੜਕਾਂ 'ਤੇ ਉਤਰੇ। ਇਸ ਬੰਦ ਨੂੰ ਕਾਂਗਰਸ, ਭਾਰਤੀ ਜਨਤਾ ਪਾਰਟੀ, ਸਮਾਜਵਾਦੀ ਪਾਰਟੀ ਅਤੇ ਰਾਸ਼ਟਰੀ ਲੋਕ ਦਲ ਸਮੇਤ ਕਈ ਪਾਰਟੀਆਂ ਨੇ ਹਮਾਇਤ ਦਿੱਤੀ ਸੀ। ਦੱਸਣਯੋਗ ਹੈ ਕਿ ਐਕਸਪ੍ਰੈਸ ਵੇਅ ਬਣਨ ਨਾਲ ਦਿੱਲੀ ਅਤੇ ਆਗਰਾ ਦੇ ਸਫ਼ਰ ਦਾ ਸਮਾਂ ਕਰੀਬ 90 ਮਿੰਟ ਘੱਟ ਹੋਣ ਦੀ ਆਸ ਹੈ। ਇਸ ਲਈ ਨੋਇਡਾ, ਅਲੀਗੜ੍ਹ, ਮਹਾਮਾਇਆ ਨਗਰ ਅਤੇ ਮਥੁਰਾ ਜ਼ਿਲ੍ਹਿਆਂ ਦੇ 115 ਪਿੰਡਾਂ ਦੀ 2500 ਹੈਕਟੇਅਰ ਜ਼ਮੀਨ ਅਕਵਾਇਰ ਕੀਤੀ ਗਈ ਹੈ। ਉਤਰ ਪ੍ਰਦੇਸ਼ ਸਰਕਾਰ ਨੇ ਮੁਆਵਜ਼ੇ ਦੀ ਰਾਸ਼ੀ 449 ਰੁਪਏ ਪ੍ਰਤੀ ਵਰਗ ਮੀਟਰ ਤੋਂ ਵਧਾ ਕੇ 570 ਰੁਪਏ ਕਰ ਦਿੱਤੀ ਹੈ, ਪਰ ਕਿਸਾਨ ਨੋਇਡਾ ਵਿਚ ਦਿੱਤੇ ਗਏ 880 ਰੁਪਏ ਪ੍ਰਤੀ ਵਰਗ ਮੀਟਰ ਦੀ ਮੰਗ ਕਰ ਰਹੇ ਹਨ।

# ਆਪਣੀ ਪੀੜ੍ਹੀ ਹੇਠ ਵੀ ਸੋਟਾ ਫੇਰਨਾ ਚਾਹੀਦਾ ਹੈ ਪੱਤਰਕਾਰਾਂ ਨੂੰ

**-ਜਤਿੰਦਰ ਪਨੂੰ**

ਲੋਕਤੰਤਰ ਦਾ ਚੌਥਾ ਥੰਮ੍ਹ ਅਖਵਾ ਕੇ ਬਹੁਤ ਖੁਸ਼ ਹੁੰਦੇ ਹਾਂ ਅਸੀਂ ਪੱਤਰਕਾਰੀ ਨਾਲ ਜੁੜੇ ਹੋਏ ਲੋਕ। ਕਿਸੇ ਦੇ ਵੀ ਕੀੜੇ ਕੱਢਣੇ ਅਸੀਂ ਆਪਣਾ ਹੱਕ ਸਮਝਦੇ ਹਾਂ। ਹੋਰ ਹਰ ਖੇਤਰ ਲਈ ਅਸੀਂ ਜ਼ਾਬਤੇ ਅਤੇ ਬੰਧੇਜ ਦੀ ਮੰਗ ਕਰਦੇ ਹਾਂ। ਸਾਡੇ ਆਪਣੇ ਉਤੇ ਕੋਈ ਆਪਣਾ ਬਣਾਇਆ ਜ਼ਾਬਤਾ ਵੀ ਲਾਗੂ ਨਹੀਂ ਹੁੰਦਾ ਜਾਪਦਾ ਤੇ ਜੇ ਕੋਈ ਇਹੋ ਜਿਹਾ ਨੇਮ ਸਰਕਾਰ ਜਾਂ ਪ੍ਰੈਸ ਕੌਂਸਲ ਘੜਨ ਦੀ ਕੋਸ਼ਿਸ਼ ਕਰੇ ਤਾਂ ਅਸੀਂ ਚੀਕ-ਚਿਹਾੜਾ ਪਾ ਦੇਂਦੇ ਹਾਂ। ਅਦਾਲਤਾਂ ਲਈ ਕਾਨੂੰਨ ਹਨ, ਫੌਜ ਲਈ ਵੀ, ਪਾਰਲੀਮੈਂਟ ਵੀ ਨਿਯਮਾਂ ਅਨੁਸਾਰ ਚੱਲਣੀ ਹੁੰਦੀ ਹੈ। ਸਿਰਫ ਸਾਡਾ ਖੇਤਰ ਹੈ, ਜਿੱਥੇ ਇਸ ਦੀ ਲੋੜ ਨਹੀਂ। ਫਿਲਮ ਸਟਾਰ ਹੇਮਾ ਮਾਲਿਨੀ ਆਪਣੀ ਸਪੌਂਸਰ ਕੰਪਨੀ ਦੇ ਸਮਾਨ ਦਾ ਜ਼ਿਕਰ ਪਾਰਲੀਮੈਂਟ ਅੰਦਰ ਕਰ ਦੇਵੇ ਤਾਂ ਅਸੀਂ ਇਸ ਨੂੰ ਬਦਦਿਆਨਤੀ ਕਹਿੰਦੇ ਹਾਂ, ਪਰ ਖੁਦ ਆਪਣੀ ਘਰ ਵਾਲੀ ਦੇ ਨਾਂ 'ਤੇ ਪੱਤਰਕਾਰੀ ਦਾ ਸਾਂਗ ਰਚ ਕੇ ਉਸੇ ਮਹਿਕਮੇ ਦੇ ਅਫਸਰ ਦਾ ਜਲੂਸ ਕੱਢ ਦੇਂਦੇ ਹਾਂ, ਜਿਸ ਵਿਚ ਨੌਕਰੀ ਕਰ ਰਹੇ ਹੁੰਦੇ ਹਾਂ ਤੇ ਜਾਣਕਾਰਾਂ ਵਿਚ ਟੌਹਰ ਵੀ ਬਣਾਉਂਦੇ ਹਾਂ ਕਿ ਅਸੀਂ ਫਲਾਣੇ ਦਾ ਮੱਕੂ ਠੱਪਣ ਦਾ ਰਾਹ ਰੱਖਿਆ ਹੋਇਆ ਹੈ।

ਇਹਨੀਂ ਦਿਨੀਂ ਇਹ ਗੱਲ ਅਸੀਂ ਤਾਂ ਕਰ ਕੇ ਛੇੜੀ ਹੈ ਕਿ ਮੀਡੀਆ, ਖਾਸ ਕਰ ਕੇ ਇਲਕਟਰਾਨਿਕ ਮੀਡੀਆ, ਬਦ-ਜ਼ਬਾਨੀ ਦੀਆਂ ਹੱਦਾਂ ਪਾਰ ਕਰਨ ਲੱਗ ਪਿਆ ਹੈ। ਮਾਮਲਾ ਖੇਡਾਂ ਦਾ ਹੋਵੇ ਜਾਂ ਸਰਹੱਦਾਂ ਦਾ, ਉਸ ਨੂੰ ਆਪਣੇ ਵਰਤੇ ਹੋਏ ਸ਼ਬਦਾਂ ਦੀ ਪਰਵਾਹ, ਹੀ ਨਹੀਂ। ਸ਼ਬਦ ਸਿਰਫ ਸ਼ਬਦ ਨਹੀਂ ਹੁੰਦੇ। ਕਈ ਵਾਰੀ ਜ਼ਬਾਨ ਦਾ ਜ਼ਖਮ ਤਲਵਾਰ ਨਾਲੋਂ ਡੂੰਘਾ ਚਲਾ ਜਾਂਦਾ ਹੈ। ਇਹ ਗੱਲ ਸਮਝੇ ਬਗੈਰ ਅਸੀਂ ਬੋਲਦੇ ਹਾਂ ਤੇ ਜਦੋਂ ਪਤਾ ਵੀ ਲੱਗ ਜਾਵੇ ਕਿ ਅਸੀਂ ਗ਼ਲਤ ਹਾਂ, ਗਲਤੀ ਮੰਨਣ ਤੋਂ ਕੰਨੀ ਕਤਰਾ ਕੇ ਗਲਤ ਨੂੰ ਠੀਕ ਸਾਬਤ ਕਰਨ ਦੀ ਕੋਸ਼ਿਸ਼ ਕਰਦੇ ਹਾਂ। ਬਹੁਤ ਮਿਸਾਲਾਂ ਹਨ ਮੀਡੀਏ ਦੀ ਗੈਰ-ਜ਼ਿੰਮੇਵਾਰੀ ਦੀਆਂ।

ਸਾਨੂੰ ਇਹ ਭੁੱਲ ਨਹੀਂ ਸਕਦਾ ਕਿ ਵੀ ਪੀ ਸਿੰਘ ਦੇ ਪ੍ਰਧਾਨ ਮੰਤਰੀ ਹੁੰਦਿਆਂ ਜਦੋਂ ਜਗਮੋਹਨ ਨੂੰ ਜੰਮੂ-ਕਸ਼ਮੀਰ ਦਾ ਗਵਰਨਰ ਲਾਇਆ ਗਿਆ, ਓਦੋਂ ਇਕ ਪੱਤਰਕਾਰ ਨੇ ਕਸ਼ਮੀਰ ਦੇ ਅਮਨ ਨੂੰ ਤੀਲੀ ਕਿਵੇਂ ਲਾਈ ਸੀ? ਉਸ ਨੇ ਇਹ ਰਿਪੋਰਟ ਅੰਗਰੇਜ਼ੀ ਰਸਾਲੇ ਦੀ ਕਵਰ-ਸਟੋਰੀ ਬਣਾ ਕੇ ਛਾਪੀ ਕਿ ਗਵਰਨਰ ਜਗਮੋਹਨ ਨੇ ਉਸ ਨੂੰ ਦਿੱਤੀ ਇੰਟਰਵਿਊ ਵਿਚ ਮੁਸਲਮਾਨਾਂ ਨੂੰ ਮਾਰ ਦੇਣ ਦੀ ਗੱਲ ਆਖੀ ਹੈ। ਵਿਰੋਧੀ ਧਿਰ ਦੇ ਆਗੂ ਰਾਜੀਵ ਗਾਂਧੀ ਨੇ ਇਹ ਮੁੱਦਾ ਪਾਰਲੀਮੈਂਟ ਵਿਚ ਉਠਾਇਆ ਤੇ ਪਾਕਿਸਤਾਨ ਨੇ ਯੂਨਾਈਟਿਡ ਨੇਸ਼ਨਜ਼ ਵਿਚ ਗੱਲ ਜਾ ਚੁੱਕੀ ਕਿ ਭਾਰਤ ਦੇ ਇਕ ਸੂਬੇ ਦਾ ਗਵਰਨਰ ਮੁਸਲਮਾਨਾਂ ਬਾਰੇ ਆਹ ਕੁਝ ਕਹਿੰਦਾ ਹੈ। ਗਵਰਨਰ ਦੀ ਛੁੱਟੀ ਕਰ ਦਿੱਤੀ ਗਈ, ਬਾਵਜੂਦ ਉਸ ਦੇ ਸਪੱਸ਼ਟੀਕਰਨ ਦੇ ਕਿ ਜਿਸ ਦਿਨ ਨੂੰ ਉਸ ਪੱਤਰਕਾਰ ਨੇ ਇੰਟਰਵਿਊ ਕੀਤੀ ਲਿਖੀ ਹੈ, ਉਸ ਦਿਨ ਤਾਂ ਜਗਮੋਹਨ ਉਸ ਸ਼ਹਿਰ ਵਿਚ ਹੀ ਮੌਜੂਦ ਨਹੀਂ ਸੀ। ਕਈ ਸਾਲ ਮੁਕੱਦਮਾ ਚੱਲਣ ਤੋਂ ਬਾਅਦ ਰਸਾਲੇ ਦੇ ਪ੍ਰਬੰਧਕਾਂ ਨੇ ਮਾਫੀ ਮੰਗ ਲਈ ਤੇ ਇਹ ਕਹਿ ਦਿੱਤਾ ਕਿ ਉਸ ਪੱਤਰਕਾਰ ਨੂੰ ਨੌਕਰੀ ਤੋਂ ਕੱਢ ਦਿੱਤਾ ਗਿਆ ਹੈ, ਪਰ ਇਸ ਨਾਲ ਭਾਰਤ ਦੀ ਆਨ-ਸ਼ਾਨ ਨੂੰ ਲੱਗੀ ਠੇਸ ਤਾਂ ਬਰਾਬਰ ਨਹੀਂ ਸੀ ਹੋ ਜਾਣੀ।

ਇਕ ਹੋਰ ਮੌਕਾ ਦਿੱਲੀ ਦੇ ਇਕ ਸਕੂਲ ਦੀ ਟੀਚਰ ਬਾਰੇ ਗ਼ਲਤ ਖ਼ਬਰ ਦਾ ਹੈ। ਨਵੇਂ ਸ਼ੁਰੂ ਹੋਏ ਇਕ ਟੀ ਵੀ ਚੈਨਲ ਨੇ ਇਹ ਰਿਪੋਰਟ ਪੇਸ਼ ਕਰ ਦਿੱਤੀ ਕਿ ਉਹ ਟੀਚਰ ਆਪਣੀਆਂ ਵਿਦਿਆਰਥਣਾਂ ਤੋਂ ਦੇਹ ਵਪਾਰ ਕਰਵਾਉਂਦੀ ਹੈ। ਬੱਚਿਆਂ ਦੇ ਮਾਪਿਆਂ ਨੇ ਜਾ ਕੇ ਸਕੂਲ ਦੀ ਭੰਨ-ਤੋੜ ਕਰ ਦਿੱਤੀ ਤੇ ਪੁਲਿਸ ਟੀਚਰ ਨੂੰ ਫੜ ਕੇ ਲੈ ਗਈ। ਜਾਂਚ ਕੀਤੀ ਤਾਂ ਸਾਰੀ ਖ਼ਬਰ ਗਲਤ ਤੇ ਸਚਾਈ ਇਹ ਨਿਕਲੀ ਕਿ ਨਵੇਂ ਪੱਤਰਕਾਰ ਨੂੰ ਨਵੇਂ ਚੈਨਲ ਦੇ ਮਾਲਕਾਂ ਨੇ ਗਰਮਾ-ਗਰਮ ਸਟੋਰੀ ਕਰਨ ਲਈ ਉਕਸਾ ਕੇ ਇਹ ਗੁਨਾਹ ਕਰਵਾਇਆ ਸੀ। ਪੱਤਰਕਾਰ ਉਤੇ ਕੇਸ ਬਣ ਗਿਆ, ਟੀ ਵੀ ਚੈਨਲ ਅੱਜ ਵੀ ਮਾੜਾ-ਚੰਗਾ ਚੱਲੀ ਜਾਂਦਾ ਹੈ।



ਤਿੰਨ ਕੁ ਸਾਲ ਪਹਿਲਾਂ ਇਕ ਟੀ ਵੀ ਚੈਨਲ ਨੇ ਜੰਗਲਾਂ ਵਿਚ ਜਾਨਵਰਾਂ ਦੇ ਸ਼ਿਕਾਰ ਦੀ ਮਨਾਹੀ ਨੂੰ ਉਲੰਘ ਕੇ ਹਿਰਨ ਅਤੇ ਬਾਰਾਂਸਿੰਗੇ ਮਾਰੇ ਜਾਂਦੇ ਵਿਖਾ ਦਿੱਤੇ ਸਨ। ਜਦੋਂ ਉਹ ਰਿਪੋਰਟ ਪੇਸ਼ ਕੀਤੀ ਗਈ ਤਾਂ ਜਾਨਵਰਾਂ ਨੂੰ ਮਾਰਨ ਵਾਲੇ ਉਹ ਸਾਧਾਰਨ ਪੇਂਡੂ ਲੋਕ ਆਪ ਹੀ ਥਾਣੇ ਚਲੇ ਗਏ ਤੇ ਦੱਸ ਦਿੱਤਾ ਕਿ ਰਿਪੋਰਟ ਪੇਸ਼ ਕਰਨ ਵਾਲਾ ਬੰਦਾ ਹੀ ਪੈਸੇ ਦੇ ਕੇ, ਸਾਨੂੰ ਲੈ ਕੇ ਗਿਆ ਸੀ ਕਿ ਮਰਦੇ ਜਾਨਵਰ ਦੀ ਫ਼ਿਲਮ ਬਣਾਉਣੀ ਹੈ।

ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਵੇਲੇ ਉਸ ਦੇ ਆਪਣੇ ਸ਼ਹਿਰ ਪਟਿਆਲੇ ਅੰਦਰ ਗਰੀਬ ਕਾਰੋਬਾਰੀਆਂ ਦਾ ਇਕ ਲੀਡਰ ਜਿਉਂਦਾ ਸੜ ਕੇ ਮਰ ਗਿਆ ਸੀ। ਪਿੱਛੋਂ ਪਤਾ ਲੱਗਾ ਕਿ ਨੌਟੰਕੀ ਹੀ ਅਸਲ ਮੌਤ ਬਣ ਗਈ ਸੀ। ਉਸ ਨੇ ਜਦੋਂ ਸੜ ਮਰਨ ਦਾ ਐਲਾਨ ਕੀਤਾ, ਪੱਤਰਕਾਰ ਪਹਿਲਾਂ ਸੱਦ ਲਏ ਸਨ, ਪੁਲਸ ਵੀ ਪਹੁੰਚੀ ਹੋਈ ਸੀ ਤੇ ਉਸ ਦਾ ਆਪਣਾ ਪੁੱਤਰ ਵੀ ਪਿੱਛੇ ਕੰਬਲ ਲੈ ਕੇ ਖੜਾ ਸੀ। ਸੋਚਿਆ ਇਹ ਸੀ ਕਿ ਜਦੋਂ ਅੱਗ ਲਾਵੇਗਾ ਤਾਂ ਪੱਤਰਕਾਰਾਂ ਦੇ ਫੋਟੋ ਲੈਂਦੇ ਸਾਰ ਉਸ ਦਾ ਪੁੱਤਰ ਕੰਬਲ ਸੁੱਟ ਕੇ ਬੁਝਾ ਦੇਵੇਗਾ, ਪਰ ਅੱਗ ਲੱਗਦੇ ਸਾਰ ਤੇਜ਼ੀ ਨਾਲ ਭੜਕੀ ਹੋਈ ਵੇਖ ਕੇ ਵੀ ਬਹੁਤ ਸੱਜਣ ਤਮਾਸ਼ਾ ਹੀ ਸਮਝਦੇ ਰਹੇ। ਨਾ ਤਾਂ ਪੁਲਸ ਵਾਲਾ ਅੱਗੇ ਹੋਇਆ, ਨਾ ਪੱਤਰਕਾਰ, ਤੇ ਉਹ ਬੰਦਾ ਸਚ-ਮੁੱਚ ਸੜ ਕੇ ਮਰ ਗਿਆ ਸੀ। ਓਦੋਂ ਇਸ ਗੱਲ ਦੀ ਚਰਚਾ ਸੁਣੀ ਗਈ ਸੀ ਕਿ ਉਸ ਨੂੰ ਏਦਾਂ ਕਰਨ ਵਾਸਤੇ ਵੀ ਕੁਝ ਪੱਤਰਕਾਰਾਂ ਨੇ ਉਕਸਾਇਆ ਸੀ ਤਾਂ ਕਿ ਉਸ ਦਾ ਸਰਕਾਰ 'ਤੇ ਦਬਾਅ ਬਣ ਸਕੇ ਤੇ ਪੱਤਰਕਾਰ ਆਪਣੀ ਫਿਲਮ ਬਣਾ ਸਕਣ। ਹੁਣ ਪਿਛਲੇ ਮਹੀਨੇ ਇਹੋ ਕੁਝ ਇਕ ਮੱਧ ਭਾਰਤੀ ਰਾਜ ਵਿਚ ਵਾਪਰ ਗਿਆ ਹੈ, ਜਿੱਥੇ ਫਿਲਮ ਬਣਾਉਣ ਲਈ ਪੱਤਰਕਾਰਾਂ ਦਾ ਉਕਸਾਇਆ ਇਕ ਮੁੰਡਾ ਥਾਣੇ ਮੂਹਰੇ ਸੜ ਮਰਿਆ ਹੈ।

ਅਸੀਂ ਇਨ੍ਹਾਂ ਸਾਰੀਆਂ ਗੱਲਾਂ ਨੂੰ ਪਾਸੇ ਰੱਖ ਕੇ ਅਜੋਕੀ ਪੀੜ੍ਹੀ ਦੇ ਪੱਤਰਕਾਰਾਂ, ਖਾਸ ਕਰ ਕੇ ਇਲੈਕਟ੍ਰਾਨਿਕ ਮੀਡੀਏ ਵਾਲਿਆਂ, ਦੀ ਗੱਲ ਕਰਨੀ ਚਾਹੁੰਦੇ ਹਾਂ। ਉਹ ਹਰ ਗੱਲ ਹੀ ਇੰਜ ਲਲਕਾਰੇ ਮਾਰ ਕੇ ਪੇਸ਼ ਕਰਦੇ ਹਨ ਜਿਵੇਂ ਲੋਕਾਂ ਦੇ ਮਨ ਵਿਚ ਜੰਗੀ ਜਨੂੰਨ ਭਰ ਰਹੇ ਹੋਣ।

ਵੱਡਾ ਮਸਲਾ ਹੈ ਗਵਾਂਢੀ ਦੇਸ਼ਾਂ ਦਾ। ਭਾਰਤ ਇਕ ਮਿਜ਼ਾਈਲ ਬਣਾਉਂਦਾ ਹੈ। ਪੱਤਰਕਾਰ ਉਸ ਦੀ ਮਾਰ ਸਮਰੱਥਾ ਦੇ ਅੰਕੜੇ ਪਤਾ ਕਰਦੇ ਹਨ। ਫਿਰ ਉਸ ਦੇ ਕਿਲੋਮੀਟਰ ਗਿਣ ਕੇ ਗਵਾਂਢ ਵਿਚ ਪਾਕਿਸਤਾਨ ਅਤੇ ਚੀਨ ਦੇ ਓਨੀ ਰੇਂਜ ਵਿਚ ਆਉਂਦੇ ਸ਼ਹਿਰਾਂ ਦੀ ਸੂਚੀ ਬਣਾ ਲੈਂਦੇ ਹਨ। ਇਸ ਦੇ ਬਾਅਦ ਰਿਪੋਰਟਿੰਗ ਸ਼ੁਰੂ ਹੋ ਜਾਂਦੀ ਹੈ। ਖ਼ਬਰਾਂ ਪੜ੍ਹਨ ਵਾਲੇ ਸਿਰਫ ਖਬਰਾਂ ਨਹੀਂ ਪੜ੍ਹਦੇ, ਲਲਕਾਰੇ ਮਾਰੀ ਜਾਂਦੇ ਹਨ, 'ਹੁਣ ਸਾਡੇ ਤੋਂ ਕਿੱਦਾਂ ਬਚ ਸਕੋਗੇ ਪਾਕਿਸਤਾਨ ਵਾਲਿਓ, ਤੁਹਾਡਾ ਲਾਹੌਰ, ਰਾਵਲਪਿੰਡੀ, ਕਰਾਚੀ, ਇਸਲਾਮਾਬਾਦ, ਕੋਈ ਵੀ ਸ਼ਹਿਰ ਛੱਡਣਾ ਨਹੀਂ ਸਾਡੀ ਮਿਜ਼ਾਈਲ ਨੇ? ...ਤੇ ਚੀਨ ਵਾਲਿਓ, ਤੁਸੀਂ ਵੀ ਬਚ ਕੇ ਕਿੱਥੇ ਜਾਓਗੇ, ਸਾਡੀ ਮਿਜ਼ਾਈਲ ਨੇ ਤਾਂ ਤੁਹਾਡੇ ਬੀਜਿੰਗ ਦਾ ਬੀਜ ਨਾਸ ਕਰ ਦੇਣਾ ਹੈ।' ਅਗਲੇ ਦਿਨਾਂ ਵਿਚ ਉਨ੍ਹਾਂ ਦੋਵਾਂ ਵਿਚੋਂ ਕਿਸੇ ਦੇਸ਼ ਤੋਂ ਇਹ ਰਿਪੋਰਟ ਆ ਜਾਂਦੀ ਹੈ ਕਿ ਨਵੀਂ ਮਿਜ਼ਾਈਲ ਕੋਈ ਉਨ੍ਹਾਂ ਨੇ ਵੀ ਬਣਾ ਲਈ ਹੈ। ਇਸ ਤੋਂ ਨਵੀਂ ਰਿਪੋਰਟਿੰਗ ਸ਼ੁਰੂ ਹੋ ਜਾਂਦੀ ਹੈ, 'ਕਿੱਥੇ ਸੁੱਤੀ ਪਈ ਹੈ ਸਾਡੀ ਭਾਰਤ ਦੀ ਸਰਕਾਰ? ਪਾਕਿਸਤਾਨ ਦੀ ਨਵੀਂ ਮਿਜ਼ਾਈਲ ਨੇ ਸਾਡੇ ਜਲੰਧਰ, ਲੁਧਿਆਣਾ ਤਾਂ ਕਿਧਰੇ ਰਹੇ, ਦਿੱਲੀ ਵੀ ਦੇਖਣ ਲਾਇਕ ਨਹੀਂ ਛੱਡਣੀ।' ਸੁਣ ਕੇ ਇੰਜ ਲੱਗਣ ਲਗਦਾ ਹੈ, ਜਿਵੇਂ ਅੱਜ ਦੀ ਰਾਤ ਵੀ ਲੰਘ ਜਾਵੇ ਤਾਂ ਸ਼ੁਕਰ ਮਨਾਉਣਾ ਚਾਹੀਦਾ ਹੈ, ਭਲਕ ਦਾ ਦਿਨ ਹੋਰ ਕਹਿਰਵਾਨ ਹੋ ਸਕਦਾ ਹੈ ਤੇ ਪਰਸੋਂ ਦੀ ਤਾਂ ਕਿਸੇ ਨੂੰ ਝਾਕ ਹੀ ਨਹੀਂ ਰੱਖਣੀ ਚਾਹੀਦੀ।

ਕੁਝ ਦਿਨ ਪਹਿਲਾਂ ਵਾਹਗਾ ਬਾਰਡਰ ਉਤੇ ਝੰਡਾ ਉਤਾਰੇ ਜਾਣ ਦੀ ਰਸਮ ਇਕ ਚੈਨਲ ਵਲੋਂ ਵਿਖਾਈ ਜਾ ਰਹੀ ਸੀ। ਇਸ ਮੌਕੇ ਉਥੇ ਇਕ ਦੂਜੇ ਨੂੰ ਅੱਖਾਂ ਵਿਖਾਉਣ ਵਾਲੀ ਹਮਲਾਵਰ ਪਰੇਡ ਕੀਤੀ ਜਾਣੀ ਕੋਈ ਚੰਗਾ ਨਹੀਂ ਸਮਝਿਆ ਜਾਣਾ ਚਾਹੀਦਾ। ਮੌਕੇ ਉਤੇ ਖੜੇ ਲੋਕਾਂ ਨੂੰ ਇਸ ਨਾਲ ਕਈ ਵਾਰੀ ਏਨੇ ਭਾਵੁਕ ਹੁੰਦੇ ਵੇਖਿਆ ਗਿਆ ਹੈ ਕਿ ਉਹ ਪਰਲੇ ਪਾਸੇ ਵਾਲਿਆਂ ਨੂੰ ਚਿੜਾਉਣ ਵਾਲੀ ਨਾਹਰੇਬਾਜ਼ੀ 'ਭਾਰਤ ਮਾਤਾ ਕੀ ਜੈ' ਤੋਂ ਸ਼ੁਰੂ ਕਰ ਕੇ ਫਿਰ 'ਦੂਧ ਮਾਂਗੋ, ਖੀਰ ਦੇਂਗੇ! ਕਸ਼ਮੀਰ ਮਾਂਗੋ, ਚੀਰ ਦੇਂਗੇ' ਤੱਕ ਵੀ ਜਾ ਪੁੱਜਦੇ ਹਨ। ਪਾਰਲੇ ਪਾਸੇ ਦੀ ਭੀੜ ਵੀ ਜਵਾਬੀ ਨਾਹਰਿਆਂ ਵਿਚ ਘੱਟ ਨਹੀਂ ਕਰਦੀ। ਸਾਡੇ ਟੀ ਵੀ ਚੈਨਲ ਦੀ ਰਿਪੋਰਟਰ ਇਹ ਕਹਿ ਰਹੀ ਸੀ ਕਿ 'ਜਦੋਂ ਭਾਰਤ ਦੇ ਲੋਕ ਇਸ ਮੌਕੇ ਆਪਣੇ ਮਨ ਦੇ ਭਾਵ ਪ੍ਰਗਟ ਕਰਦੇ ਨਾਹਰੇ ਲਾਉਂਦੇ ਹਨ ਤਾਂ ਪਾਕਿਸਤਾਨ ਦੀ ਰਾਜਧਾਨੀ ਇਸਲਾਮਾਬਾਦ ਦੀਆਂ ਕੰਧਾਂ ਕੰਬਦੀਆਂ ਹਨ।' ਉਨ੍ਹਾਂ ਦੀ ਰਿਪੋਰਟਰ ਸ਼ਾਇਦ ਦਿੱਲੀ ਦੀਆਂ ਕੰਧਾਂ ਕੰਬਾਈ ਜਾਂਦੀ ਹੋਵੇਗੀ। ਅਸੀਂ ਚਾਹੁੰਦੇ ਹਾਂ ਕਿ ਉਸ ਸਰਹੱਦ ਉਤੇ 'ਇਹ ਪੰਜਾਬ ਵੀ ਮੇਰਾ ਹੈ, ਔਹ ਪੰਜਾਬ ਵੀ ਮੇਰਾ ਹੈ' ਵਾਲਾ ਤਰਾਨਾ ਗੂੰਜੇ ਜਾਂ ਫਿਰ 'ਹੱਦਾਂ ਤੋੜ ਦਿਓ, ਸਰਹੱਦਾਂ ਤੋੜ ਦਿਓ' ਵਾਲੀ ਭਾਵਨਾ ਨਾਲ ਜੱਫੀਆਂ ਪਾਉਣ ਲਈ ਬਾਂਹਾਂ ਇਕ ਦੂਜੇ ਵਲ ਵਧਾਈਏ। ਸਾਡੇ ਟੀ ਵੀ ਰਿਪੋਰਟਰ ਇਸ ਦੀ ਬਜਾਏ ਇਹ ਕੋਸ਼ਿਸ਼ ਕਰ ਰਹੇ ਹਨ ਕਿ ਅਸੀਂ ਜੇ ਇਕ ਦੂਜੇ ਦੀ ਪੁੜਪੁੜੀ ਵਿਚ ਗੋਲੀ ਮਾਰਨ ਜੋਗੇ ਨਹੀਂ ਤਾਂ ਘੱਟੋ ਘੱਟ ਜੁੱਤੀਓ-ਜੁੱਤੀ ਹੀ ਹੁੰਦੇ ਰਿਹਾ ਕਰੀਏ।

ਅੱਜ ਕੱਲ੍ਹ ਸੌ ਮੁੱਦਿਆਂ ਦਾ ਮੁੱਦਾ ਕ੍ਰਿਕਟ ਦੀ ਖੇਡ ਬਣੀ ਪਈ ਹੈ। ਭਾਰਤ ਦੇ ਲੋਕਾਂ ਨੂੰ ਇਸ ਦੀ ਖਿੱਚ ਸ਼ੌਦਾਅ ਦੀ ਹੱਦ ਤੱਕ ਪੁੱਜੀ ਪਈ ਹੈ। ਟੀ ਵੀ ਚੈਨਲ ਇਸ ਦਾ ਲਾਭ ਲੈਣਾ ਚਾਹੁੰਦੇ ਹਨ। ਉਹ ਆਪਣੀ ਟੀਮ ਦੇ ਕ੍ਰਿਕਟਰਾਂ ਨੂੰ ਇੰਜ ਹੁੱਝਾਂ ਮਾਰਦੇ ਹਨ, ਜਿਵੇਂ ਬਲਦਾਂ ਪਿੱਛੇ ਜਾਂਦਾ ਕਿਸਾਨ ਪਰਾਣੀ ਵਰਤਦਾ ਹੈ। ਇੰਜ ਕਰਦਿਆਂ ਉਹ ਕਈ ਸਾਲ ਪਹਿਲਾਂ ਹਾਕੀ ਦੇ ਪ੍ਰਸਿੱਧ ਖਿਡਾਰੀ ਪ੍ਰਗਟ ਸਿੰਘ ਦੀ ਕਹੀ ਇਹ ਗੱਲ ਭੁੱਲ ਜਾਂਦੇ ਹਨ ਕਿ ਸਾਡੀ ਟੀਮ ਵਿਚ ਸਿਰਫ ਘੋੜੇ ਨਹੀਂ ਹੁੰਦੇ ਤੇ ਦੂਜੀ ਧਿਰ ਨੇ ਸਾਰੇ ਗਧੇ ਇਕੱਠੇ ਕਰ ਕੇ ਨਹੀਂ ਲਿਆਂਦੇ ਹੁੰਦੇ। ਬਰਾਬਰ ਦੀਆਂ ਟੀਮਾਂ ਵਿਚ ਭਿੜਦਿਆਂ ਕਦੇ ਜਿੱਤ ਵੀ ਹੋ ਸਕਦੀ ਹੈ ਤੇ ਕਦੇ ਹਾਰ ਵੀ, ਜਿਸ ਨੂੰ ਬਰਦਾਸ਼ਤ ਕਰਨ ਦਾ ਮਾਦਾ ਹੋਣਾ ਚਾਹੀਦਾ ਹੈ। ਅਸੀਂ ਜਿੱਤ ਮੌਕੇ ਆਪਣੇ ਖਿਡਾਰੀ ਨੂੰ ਸਿਰ ਉਤੇ ਚੁੱਕ ਲੈਂਦੇ ਹਾਂ ਤੇ ਜਦੋਂ ਉਹ ਕ੍ਰਿਸ਼ਮਾ ਨਾ ਕਰ ਸਕੇ, ਓਦੋਂ ਉਹਨੂੰ ਕਬਰ 'ਚ ਪਾਉਣ ਤੱਕ ਜਾਂਦੇ ਹਾਂ।

ਪਿਛਲੇ ਕੁਝ ਦਿਨਾਂ ਤੋਂ ਭਾਰਤ-ਸ੍ਰੀਲੰਕਾ ਮੈਚਾਂ ਦੀ ਲੜੀ ਨੇ ਟੀ ਵੀ ਚੈਨਲਾਂ ਨੂੰ ਹਰ ਕਿਸਮ ਦੀ ਬੇਹੂਦਗੀ ਦਾ ਖੁੱਲ੍ਹਾ ਮੌਕਾ ਦੇ ਰੱਖਿਆ ਹੈ। ਸ੍ਰੀਲੰਕਾ ਨਾਲ ਹਰ ਮੈਚ ਮੌਕੇ ਉਹ ਦੋ ਦਿਨ ਪਹਿਲਾਂ ਹੀ ਕਹਿਣ ਲੱਗ ਪੈਂਦੇ ਹਨ ਕਿ ''ਇਸ ਵਾਰੀ ਤਾਂ ਲੰਕਾ ਦਹਿਨ ਹੋਵੇਗਾ। ਭਾਰਤ ਦੇ ਰਣ-ਬਾਂਕਰੋ (ਰਣ ਵਿਚ ਲੜਨ ਵਾਲੇ ਜੋਧਿਓ), ਲੰਕਾ ਨੂੰ ਫੂਕ ਦਿਓ।'' ਲੰਕਾ-ਦਹਿਨ ਰਮਾਇਣ ਦੀ ਉਹ ਘਟਨਾ ਹੈ, ਜਿਸ ਵਿਚ ਹਨੂੰਮਾਨ ਨੇ ਪੂਛ ਨੂੰ ਅੱਗ ਲਾ ਕੇ ਸਾਰੀ ਲੰਕਾ ਨੂੰ ਫੂਕ ਸੁੱਟਿਆ ਸੀ। ਸ੍ਰੀਲੰਕਾ ਦੇ ਲੋਕ ਤਾਂ ਭਾਰਤ ਵਿਚ ਰਾਮ ਲੀਲ੍ਹਾ ਮਨਾਏ ਜਾਣ ਨਾਲ ਵੀ ਆਪਣੇ ਸਵੈ-ਮਾਣ ਉਤੇ ਸੱਟ ਵੱਜਦੀ ਮਹਿਸੂਸ ਕਰਦੇ ਹਨ, ਸਾਡੇ ਰਿਪੋਰਟਰ ਲੰਕਾ ਫੂਕ ਦੇਣ ਦੀ ਗੱਲ ਮੈਚ ਮੌਕੇ ਕਹਿ ਕੇ ਉਨ੍ਹਾਂ ਦੇ ਜ਼ਖਮਾਂ 'ਤੇ ਹੋਰ ਲੂਣ ਧੂੜਦੇ ਹਨ। ਜੇ ਉਹ ਇੰਜ ਕਰਦੇ ਹਨ ਤਾਂ ਓਧਰ ਵੀ ਕੁਝ ਇਹੋ ਜਿਹੇ ਬਦ-ਤਮੀਜ਼ ਪੱਤਰਕਾਰ ਹੋ ਸਕਦੇ ਹਨ, ਜਿਹੜੇ ਆਪਣੇ ਲੋਕਾਂ ਨੂੰ ਉਕਸਾ ਰਹੇ ਹੋਣ ਕਿ 'ਪਿਛਲਾ ਕਲੰਕ ਧੋਣ ਦਾ ਮੌਕਾ ਹੈ, ਭਾਰਤੀਆਂ ਨੂੰ ਸੁੱਕੇ ਨਾ ਜਾਣ ਦਿਓ।' ਇਹੋ ਜਿਹੀ ਹਾਲਤ ਵਿਚ ਕਿਸੇ ਦਿਨ ਦੋਵਾਂ ਧਿਰਾਂ ਦੇ ਦਰਸ਼ਕਾਂ ਦੀ ਭੀੜ ਆਪੋ ਵਿਚ ਭਿੜ ਸਕਦੀ ਹੈ। ਅਸੀਂ ਪੱਛਮੀ ਦੇਸ਼ਾਂ ਵਿਚ ਫੁੱਟਬਾਲ ਪ੍ਰੇਮੀਆਂ ਨੂੰ ਭਿੜਦੇ ਵੇਖਿਆ ਹੋਇਆ ਹੈ, ਹੁਣ ਸਾਨੂੰ ਕਿਸੇ ਦਿਨ ਇਹ ਨਜ਼ਾਰਾ ਆਪਣੇ ਘਰ ਵਿਚ ਵੇਖਣ ਲਈ ਵੀ ਤਿਆਰ ਰਹਿਣਾ ਚਾਹੀਦਾ ਹੈ ਤੇ ਜਿਸ ਦਿਨ ਇਹ ਵਾਪਰ ਗਿਆ, ਇਸ ਦੀ ਜ਼ਿੰਮੇਵਾਰੀ ਸਾਡੇ ਪੱਤਰਕਾਰ ਭਾਈਬੰਦਾਂ ਦੇ ਸਿਰ ਹੋਵੇਗੀ।

ਪੱਤਰਕਾਰੀ ਲੋਕਾਂ ਦੀ ਸੇਵਾ ਦੀ ਥਾਂ ਕੁਚੱਜ ਦੀ ਲੀਹੇ ਕਿਉਂ ਪੈ ਤੁਰੀ ਹੈ, ਇਸ ਬਾਰੇ ਕਦੇ ਨਾ ਕਦੇ ਤਾਂ ਸੋਚਣਾ ਚਾਹੀਦਾ ਹੈ ਸਾਡੇ ਭਾਈਚਾਰੇ ਨੂੰ।

## ਆਜ਼ਾਦ ਨੂੰ ਨੇੜਿਓਂ ਗੋਲੀ ਮਾਰਨ ਦਾ ਇੰਕਸ਼ਾਫ

**ਨਵੀਂ ਦਿੱਲੀ :** ਨਕਸਲੀ ਆਗੂ ਚੇਰੂਕੁਰੀ ਰਾਜ ਕੁਮਾਰ ਉਰਫ਼ ਆਜ਼ਾਦ ਦੀ ਮੁਕਾਬਲੇ 'ਚ ਹੋਈ ਮੌਤ ਦੇ ਮਾਮਲੇ 'ਚ ਉਸ ਸਮੇਂ ਨਵਾਂ ਮੋੜ ਆ ਗਿਆ, ਜਦੋਂ ਪ੍ਰਸਿਧ ਮੈਗਜ਼ੀਨ 'ਆਊਟਲੁਕ' ਨੇ ਦਾਅਵਾ ਕੀਤਾ ਕਿ ਇਸ ਨਕਸਲੀ ਆਗੂ ਨੂੰ ਬੇਹੱਦ ਨੇੜਿਓਂ ਗੋਲੀ ਮਾਰੀ ਗਈ ਸੀ। ਮੈਗਜ਼ੀਨ ਨੇ ਇਸ ਸਬੰਧੀ ਆਪਣੀ ਰਿਪੋਰਟ ਵਿਚ ਦਾਅਵਾ ਕੀਤਾ ਹੈ ਕਿ ਨਕਸਲੀ ਆਗੂ ਦੀ ਪੋਸਟਮਾਰਟਮ ਰਿਪੋਰਟ ਤੋਂ ਇਹ ਪਤਾ ਲਗਦਾ ਹੈ ਕਿ ਉਸ ਨੂੰ ਫਰਜ਼ੀ ਮੁਕਾਬਲੇ ਦੌਰਾਨ ਹੈਂਡਗੰਨ ਰਾਹੀਂ ਗੋਲੀ ਮਾਰੀ ਗਈ ਸੀ।

ਮੈਗਜ਼ੀਨ ਨੇ ਦਾਅਵਾ ਕੀਤਾ ਕਿ ਆਜ਼ਾਦ ਦੀ ਇਹ ਪੋਸਟਮਾਰਟਮ ਰਿਪੋਰਟ ਤਿੰਨ ਪ੍ਰਸਿਧ ਫੋਰੈਂਸਿਕ ਮੈਡੀਸਨ ਮਾਹਿਰਾਂ ਤੋਂ ਇਲਾਵਾ ਗੋਲੀ ਨਾਲ ਜ਼ਖ਼ਮੀ ਹੋਣ ਵਾਲੇ ਮਾਮਲਿਆਂ ਦੇ ਮਾਹਿਰ ਨੂੰ ਭੇਜੀ ਗਈ ਸੀ। ਰਿਪੋਰਟ ਭੇਜਦਿਆਂ ਇਨ੍ਹਾਂ ਮਾਹਿਰਾਂ ਨੂੰ ਇਹ ਨਹੀਂ ਦੱਸਿਆ ਗਿਆ ਸੀ ਕਿ ਇਹ ਕਿਸ ਦੀ ਰਿਪੋਰਟ ਹੈ। ਉਪਰੋਕਤ ਮਾਹਿਰ ਪੂਰੀ ਤਰ੍ਹਾਂ ਘੋਖ ਪੜਤਾਲ ਮਗਰੋਂ ਇਸ ਸਿੱਟੇ 'ਤੇ ਪਹੁੰਚੇ ਕਿ ਆਜ਼ਾਦ ਨੂੰ 7.5 ਸੈਂਟੀਮੀਟਰ ਜਾਂ ਉਸ ਤੋਂ ਵੀ ਨੇੜਿਓਂ ਗੋਲੀ ਮਾਰੀ ਗਈ ਸੀ। ਮੈਗਜ਼ੀਨ ਵਲੋਂ ਲਿਖਿਆ ਗਿਆ ਹੈ ਕਿ ਪੋਸਟਮਾਰਟਮ ਰਿਪੋਰਟ ਵਿਚ ਆਜ਼ਾਦ ਦੀ ਛਾਤੀ ਦੇ ਖੱਬੇ ਪਾਸੇ ਗੋਲੀ ਲੱਗਣ ਦਾ ਅੰਡਾਨੁਮਾ ਜ਼ਖ਼ਮ ਵੀ ਦਿਖਾਇਆ ਗਿਆ ਹੈ ਤੇ ਰਿਪੋਰਟ ਮੁਤਾਬਕ ਗੋਲੀ ਉਸ ਦੇ ਦਿਲ ਵਿਚ ਵੱਜ ਕੇ ਪਿੱਛੋਂ ਨਿਕਲ ਗਈ ਸੀ। ਪੋਸਟਮਾਰਟਮ ਰਿਪੋਰਟ ਪੁਲਿਸ ਦੇ ਉਸ ਬਿਆਨ ਨਾਲ ਬਿਲਕੁਲ ਮੇਲ ਨਹੀਂ ਖਾਂਦੀ, ਜਿਸ ਵਿਚ ਦਾਅਵਾ ਕੀਤਾ ਗਿਆ ਸੀ ਕਿ ਨਕਸਲੀ ਆਗੂ ਦੀ ਮੌਤ ਮੁਕਾਬਲੇ ਦੌਰਾਨ ਹੋਈ ਹੈ।


## ਮਾਓਵਾਦੀ ਸਮਰਥਕਾਂ ਨੇ ਕੈਨੇਡਾ 'ਚ ਖੋਲ੍ਹਿਆ ਮੋਰਚਾ

**ਵੈਨਕੂਵਰ :** ਜੇਕਰ ਭਾਰਤੀ ਸਫ਼ਾਰਤਖਾਨੇ ਦੇ ਬਾਹਰ ਹੋਇਆ ਰੋਸ ਮੁਜ਼ਾਹਰਾ ਕੋਈ ਸੰਕੇਤ ਹੈ ਤਾਂ ਕੈਨੇਡਾ ਵਿਚ ਵੀ ਮਾਓਵਾਦੀਆਂ ਦੇ ਹੱਕ ਵਿਚ ਲਹਿਰ ਉਠਣੀ ਸ਼ੁਰੂ ਹੋ ਚੁੱਕੀ ਹੈ। ਬੀਤੇ ਐਤਵਾਰ ਨੂੰ ਜਦੋਂ ਇਥੋਂ ਦੇ ਭਾਰਤੀ ਕੌਂਸਲਖਾਨੇ ਵਿਚ ਭਾਰਤ ਦਾ 63ਵਾਂ ਆਜ਼ਾਦੀ ਦਿਵਸ ਮਨਾਇਆ ਜਾ ਰਿਹਾ ਸੀ ਤਾਂ ਉਸ ਸਮੇਂ ਕੌਂਸਲਖਾਨੇ ਦੇ ਬਾਹਰ ਦੋ ਦਰਜਨ ਦੇ ਕਰੀਬ ਵਿਅਕਤੀ ਹੱਥਾਂ ਵਿਚ ਅਪਰੇਸ਼ਨ ਗਰੀਨ ਹੰਟ ਦੇ ਵਿਰੋਧ ਵਿਚ ਲਿਖੇ ਫੱਟੇ ਲਈ ਰੋਸ ਮੁਜ਼ਾਹਰਾ ਕਰ ਰਹੇ ਸਨ। ਇਹ ਰੋਸ ਮੁਜ਼ਾਹਰਾ ਮੁੱਖ ਤੌਰ 'ਤੇ ਈਸਟ ਇੰਡੀਆ ਡਿਫੈਂਸ ਕਮੇਟੀ ਨੇ ਕੀਤਾ ਸੀ। ਇਹ ਇਕ ਖੱਬੇ ਪੱਖੀ ਇਨਕਲਾਬੀ ਜਥੇਬੰਦੀ ਹੈ ਜਿਹੜੀ 35 ਸਾਲ ਪਹਿਲਾਂ ਭਾਰਤੀਆਂ ਨਾਲ ਹੁੰਦੇ ਨਸਲੀ ਵਿਤਕਰੇ ਦੇ ਵਿਰੋਧ ਵਿਚ ਹੋਂਦ 'ਚ ਆਈ ਸੀ। ਇਸ ਦੇ ਆਗੂਆਂ ਦੀ ਮੰਗ ਹੈ ਕਿ ਭਾਰਤ ਵਿਚ ਮਾਓਵਾਦੀਆਂ ਦਾ ਸਫਾਇਆ ਕਰਨ ਦੇ ਉਦੇਸ਼ ਨਾਲ ਸ਼ੁਰੂ ਕੀਤਾ ਗਿਆ ਅਪਰੇਸ਼ਨ ਬੰਦ ਕੀਤਾ ਜਾਵੇ। ਆਦਿਵਾਸੀਆਂ ਦੀ ਹੋ ਰਹੀ ਲੁੱਟ-ਖਸੁੱਟ ਰੋਕੀ ਜਾਵੇ। ਇਸ ਜਥੇਬੰਦੀ ਦੀ ਧਾਰਨਾ ਹੈ ਕਿ ਭਾਰਤ ਦੇ 200 ਜ਼ਿਲ੍ਹਿਆਂ ਵਿਚ ਵਸਦੇ ਮੂਲ ਨਿਵਾਸੀਆਂ ਉਪਰ ਹੁੰਦੇ ਆ ਰਹੇ ਜ਼ੁਲਮ ਇਸ ਮਸਲੇ ਦੀ ਜੜ੍ਹ ਹਨ।

ਕੁਝ ਹੋਰਨਾਂ ਹਮਖਿਆਲ ਜਥੇਬੰਦੀਆਂ ਦੇ ਮੈਂਬਰ ਵੀ ਇਸ ਰੋਸ ਵਿਖਾਵੇ ਵਿਚ ਸ਼ਾਮਲ ਹੋਣ ਲਈ ਪਹੁੰਚੇ ਹੋਏ ਸਨ। ਇਨ੍ਹਾਂ ਵਿਚ ਸਾਊਥ ਏਸ਼ੀਅਨ ਨੈੱਟਵਰਕ ਫਾਰ ਸੈਕੂਲਇਜ਼ਮ ਐਂਡ ਡੈਮੋਕਰੇਸੀ ਭਾਵ ਸਾਂਸਦ ਤੋਂ ਇਲਾਵਾ ਤਰਕਸ਼ੀਲ ਸਭਾ ਦੇ ਸਰਗਰਮ ਕਾਰਕੁਨ ਵੀ ਹਾਜ਼ਰ ਸਨ। ਦਰਅਸਲ ਇਹ ਜਥੇਬੰਦੀਆਂ ਮਾਓਵਾਦੀਆਂ ਦੇ ਮਸਲੇ 'ਤੇ ਪਿਛਲੇ ਕੁਝ ਸਾਲਾਂ ਤੋਂ ਲਗਾਤਾਰ ਰਲ ਕੇ ਕੰਮ ਕਰ ਰਹੀਆਂ ਹਨ। ਕੁਝ ਦਿਨ ਪਹਿਲਾਂ ਸਾਂਸਦ ਨੇ ਇਕ ਬਿਆਨ ਜਾਰੀ ਕਰਕੇ ਮਾਓਵਾਦੀਆਂ ਦੇ ਬੁਲਾਰੇ ਕਾਮਰੇਡ ਆਜ਼ਾਦ ਦੀ ਕਥਿਤ ਫਰਜ਼ੀ ਪੁਲੀਸ ਮੁਕਾਬਲੇ ਵਿਚ ਮੌਤ ਦੀ ਨਿਖੇਧੀ ਕੀਤੀ ਸੀ। ਇਸ ਤੋਂ ਪਹਿਲਾਂ ਵੀ ਸਾਂਸਦ ਭਾਰਤ ਦੇ ਮੂਲ ਨਿਵਾਸੀਆਂ ਨਾਲ ਹੋ ਰਹੀਆਂ ਵਧੀਕੀਆਂ ਅਤੇ ਅਪਰੇਸ਼ਨ ਗਰੀਨ ਹੰਟ ਦਾ ਵਿਰੋਧ ਕਰ ਚੁੱਕੀ ਹੈ। ਹਾਲ ਹੀ ਵਿਚ ਇਸੇ ਗਰੁੱਪ ਨੇ ਨਕਸਲੀਆਂ ਬਾਰੇ ਚਰਚਿਤ ਹਿੰਦੀ ਫਿਲਮ 'ਲਾਲ ਸਲਾਮ' ਦਾ ਇਕ ਵਿਸ਼ੇਸ਼ ਸ਼ੋਅ ਵੀ ਕਰਵਾਇਆ ਸੀ। ਇਸੇ ਤਰ੍ਹਾਂ ਈਸਟ ਇੰਡੀਆ ਡਿਫੈਂਸ ਕਮੇਟੀ ਵੀ ਅਪਰੇਸ਼ਨ ਗਰੀਨ ਹੰਟ ਦੇ ਖਿਲਾਫ ਲਗਾਤਾਰ ਇਸ਼ਤਿਹਾਰ ਵੰਡਦੀ ਰਹੀ ਹੈ। ਤਰਕਸ਼ੀਲ ਸਭਾ ਦੇ ਸਹਿਯੋਗ ਨਾਲ ਇਸ ਜਥੇਬੰਦੀ ਨੇ ਪੰਜਾਬੀਆਂ ਦੀ ਸੰਘਣੀ ਵਸੋਂ ਵਾਲੇ ਸਰੀ ਸ਼ਹਿਰ ਵਿਚ ਤਿੰਨ ਸਾਲ ਪਹਿਲਾਂ ਇਕ ਕੇਂਦਰ ਸਥਾਪਿਤ ਕੀਤਾ ਸੀ ਜਿਹੜਾ ਇਨ੍ਹਾਂ ਗਰੁੱਪਾਂ ਦੀਆਂ ਸਰਗਰਮੀਆਂ ਦਾ ਕੇਂਦਰ ਬਣ ਚੁੱਕਿਆ ਹੈ। ਪ੍ਰੋਗਰੈਸਿਵ ਕਲਚਰਲ ਸੈਂਟਰ ਦੇ ਨਾਂ ਨਾਲ ਜਾਣੇ ਜਾਂਦੇ ਇਸ ਕੇਂਦਰ ਵਿਚ ਅਜੋਕੇ ਸਮੇਂ ਦੇ ਮਸਲਿਆਂ ਬਾਰੇ ਵਿਚਾਰਾਂ ਕੀਤੀਆਂ ਜਾਂਦੀਆਂ ਹਨ। ਇਸ ਕੇਂਦਰ ਵਿਚ ਨਕਸਲੀ ਸ਼ਹੀਦਾਂ ਨੂੰ ਯਾਦ ਕਰਨ ਦੇ ਨਾਲ-ਨਾਲ ਨਕਸਲਵਾੜੀ ਲਹਿਰ ਵਲੋਂ ਪੈਦਾ ਕੀਤੇ ਗਏ ਜੁਝਾਰੂ ਕਵੀਆਂ ਨੂੰ ਵੀ ਚੇਤੇ ਕੀਤਾ ਜਾਂਦਾ ਹੈ। ਇਥੇ ਬਾਬਾ ਬੂਝਾ ਸਿੰਘ ਦਾ ਸ਼ਹੀਦੀ ਦਿਨ ਵੀ ਕੁਝ ਦਿਨ ਪਹਿਲਾਂ ਮਨਾਇਆ ਗਿਆ ਸੀ। ਸੈਂਟਰ ਦੇ ਅੰਦਰ ਗਦਰੀ ਸ਼ਹੀਦਾਂ ਦੀਆਂ ਤਸਵੀਰਾਂ ਆਉਣ ਵਾਲਿਆਂ ਦਾ ਸੁਆਗਤ ਕਰਦੀਆਂ ਹਨ। ਅੰਦਰ ਵੜਦਿਆਂ ਸਾਰ ਜਿਹੜੀ ਕੰਧ 'ਤੇ ਪਹਿਲੀ ਨਜ਼ਰ ਪੈਂਦੀ ਹੈ, ਉਸ ਉਪਰ ਵੱਡੇ ਅੱਖਰਾਂ ਵਿਚ ਲਿਖਿਆ ਹੈ, ''ਨੌਟ ਏ ਸੈਂਟ ਫਰੌਮ ਦੀ ਸਟੇਟ' ਭਾਵ ਰਾਜ ਤੋਂ ਇਕ ਫੁੱਟੀ ਕੌਡੀ ਨਹੀਂ ਚਾਹੀਦੀ।

## ਵਿਦਿਆਰਥੀਆਂ ਨੇ ਮੌਂਟੇਕ 'ਤੇ ਟਮਾਟਰ ਤੇ ਅੰਡੇ ਸੁੱਟੇ

**ਕੋਲਕਾਤਾ :** ਬੀਤੀ 28 ਅਗਸਤ ਨੂੰ ਇੱਥੇ ਪ੍ਰੈਜ਼ੀਡੈਂਸੀ ਕਾਲਜ ਵਿਚ ਇਕ ਸੈਮੀਨਾਰ ਵਿਚ ਹਿੱਸਾ ਲੈਣ ਆਏ ਯੋਜਨਾ ਕਮਿਸ਼ਨ ਦੇ ਉਪ ਚੇਅਰਮੈਨ ਮੌਂਟੇਕ ਸਿੰਘ ਆਹਲੂਵਾਲੀਆ 'ਤੇ ਵਿਦਿਆਰਥੀਆਂ ਨੇ ਆਂਡੇ ਤੇ ਟਮਾਟਰ ਸੁੱਟੇ। ਮੌਕੇ 'ਤੇ ਮੌਜੂਦ ਵਿਦਿਆਰਥੀਆਂ ਨੇ ਦੱਸਿਆ ਕਿ ਐਸ.ਐਫ.ਆਈ. ਨਾਲ ਸਬੰਧਤ ਵਿਦਿਆਰਥੀਆਂ ਨੇ ਸ੍ਰੀ ਆਹਲੂਵਾਲੀਆ ਨੂੰ ਉਦੋਂ ਕਾਲੀਆਂ ਝੰਡੀਆਂ ਦਿਖਾਈਆਂ ਜਦੋਂ ਉਹ ਸੈਮੀਨਾਰ 'ਚ ਹਿੱਸਾ ਲੈਣ ਮਗਰੋਂ ਜਾ ਰਹੇ ਸਨ। ਇੱਥੇ ਯੂ.ਜੀ.ਸੀ. ਵਲੋਂ ਆਰਥਿਕ ਮਾਮਲਿਆਂ ਬਾਰੇ ਸੈਮੀਨਾਰ ਕਰਵਾਇਆ ਗਿਆ ਸੀ। ਬਾਅਦ ਵਿਚ ਸ੍ਰੀ ਆਹਲੂਵਾਲੀਆ ਨੇ ਦੱਸਿਆ ''ਉਹ ਵਿਦਿਆਰਥੀ ਸਨ ਅਤੇ ਉਨ੍ਹਾਂ ਨੂੰ ਰੋਸ ਜ਼ਾਹਰ ਕਰਨ ਦਾ ਹੱਕ ਹੈ।''



ਵਿਦਿਆਰਥੀਆਂ ਨੇ ਹੱਥਾਂ ਵਿਚ ਕੁਝ ਪੋਸਟਰ ਵੀ ਚੁੱਕੇ ਹੋਏ ਸਨ, ਜਿਨ੍ਹਾਂ 'ਤੇ ਲਿਖਿਆ ਸੀ, ''ਅਮਰੀਕੀ ਏਜੰਟ ਮੌਂਟੇਕ ਸਿੰਘ ਵਾਪਸ ਜਾਓ, ਯੂ.ਪੀ.ਏ. ਦਾ ਬਜਟ ਆਮ ਆਦਮੀ ਲਈ ਨਹੀਂ- ਜਵਾਬ ਦਿਓ ਮੌਂਟੇਕ।''

## ਗਿਆਨੇਸ਼ਵਰੀ ਹਾਦਸੇ ਦਾ ਦੋਸ਼ੀ ਮੁਕਾਬਲੇ 'ਚ ਹਲਾਕ

**ਖੜਗਪੁਰ (ਪੱਛਮੀ ਬੰਗਾਲ):** ਸੁਰੱਖਿਆ ਦਸਤਿਆਂ ਨੇ ਬੀਤੀ 27 ਅਗਸਤ ਨੂੰ ਗਿਆਨੇਸ਼ਵਰੀ ਰੇਲ ਹਾਦਸੇ ਦੇ ਮੁੱਖ ਦੋਸ਼ੀ ਨੂੰ ਮੁਕਾਬਲੇ ਵਿਚ ਹਲਾਕ ਕਰ ਦਿੱਤਾ।

ਪੋਸਟਰ ਤੇ ਸਥਾਨਕ ਸੂਤਰਾਂ ਦੇ ਆਧਾਰ 'ਤੇ ਇਸ ਨਕਸਲੀ ਦੀ ਪਹਿਚਾਣ ਇੱਕ ਲੱਖ ਰੁਪਏ ਦੇ ਇਨਾਮੀ ਉਮਾ ਕਾਂਤ ਮਹਿਤੋ ਵਜੋਂ ਕੀਤੀ ਜਾ ਰਹੀ ਹੈ। ਹਾਲਾਂਕਿ ਇਸ ਗੱਲ ਦੀ ਪੁਸ਼ਟੀ ਨਹੀਂ ਕੀਤੀ ਗਈ ਸੀ, ਪਰ ਇਹ ਪਤਾ ਲੱਗਿਆ ਕਿ ਲਾਸ਼ ਦੀ ਪਹਿਚਾਣ ਲਈ ਮਹਿਤੋ ਦੇ ਰਿਸ਼ਤੇਦਾਰਾਂ ਨੂੰ ਸੱਦ ਲਿਆ ਗਿਆ ਹੈ। ਇਸ ਮੁਕਾਬਲੇ ਸਬੰਧੀ ਜਾਣਕਾਰੀ ਦਿੰਦਿਆਂ ਝਾੜਗਰਾਮ ਦੇ ਐਸ ਪੀ ਪ੍ਰਵੀਨ ਤ੍ਰਿਪਾਠੀ ਨੇ ਦੱਸਿਆ ਕਿ ਸਾਨੂੰ ਵੀਰਵਾਰ ਦੀ ਸ਼ਾਮ ਸਥਾਨਕ ਲੋਕਾਂ ਤੋਂ ਨਕਸਲੀ ਹਮਾਇਤੀ ਜਥੇਬੰਦੀ ਪੀ ਸੀ ਪੀ ਏ ਦੇ ਸਰਗਰਮ ਆਗੂ ਮਹਿਤੋ ਦੇ ਜੰਗਲ ਵਿਚ ਮੌਜੂਦ ਹੋਣ ਦੀ ਖ਼ਬਰ ਮਿਲੀ ਸੀ। ਪੁਲਿਸ ਟੀਮ ਰਾਤ ਡੇਢ ਵਜੇ ਮਹਿਤੋ ਦੇ ਲੁਕਣ ਵਾਲੀ ਥਾਂ 'ਤੇ ਪਹੁੰਚੀ ਤੇ ਇਸੇ ਦੌਰਾਨ ਪੁਲਿਸ ਨੂੰ ਵੇਖਦਿਆਂ ਨਕਸਲੀਆਂ ਨੇ ਗੋਲੀਬਾਰੀ ਸ਼ੁਰੂ ਕਰ ਦਿੱਤੀ। ਪੁਲਿਸ ਨੇ ਵੀ ਇਸ ਗੋਲੀਬਾਰੀ ਦਾ ਮੋੜਵਾਂ ਜਵਾਬ ਦਿੱਤਾ ਤੇ ਦੋਹਾਂ ਧਿਰਾਂ ਵਿਚਾਲੇ ਕਰੀਬ 4-5 ਘੰਟੇ ਗੋਲੀਬਾਰੀ ਹੁੰਦੀ ਰਹੀ। ਸ਼ੁੱਕਰਵਾਰ ਸਵੇਰੇ ਜਿਉਂ ਹੀ ਪੁਲਿਸ ਅੱਗੇ ਵਧੀ ਤਾਂ ਉਸ ਨੂੰ ਇੱਕ ਖ਼ੂਨ ਨਾਲ ਲੱਥ-ਪਥ ਲਾਸ਼ ਦਿਖਾਈ ਦਿੱਤੀ। ਘਟਨਾ ਵਾਲੀ ਥਾਂ ਤੋਂ ਇਕ ਮੋਟਰਸਾਇਕਲ ਤੇ ਇਕ ਰਿਵਾਲਵਰ ਵੀ ਬਰਾਮਦ ਕੀਤਾ ਗਿਆ। ਮੁਕਾਬਲੇ ਮਗਰੋਂ 10 ਉਨ੍ਹਾਂ ਪੇਂਡੂਆਂ ਨੂੰ ਵੀ ਪੁੱਛਗਿੱਛ ਲਈ ਹਿਰਾਸਤ ਵਿਚ ਲੈ ਲਿਆ ਗਿਆ, ਜੋ ਉਥੇ ਪਹਿਰਾ ਦੇ ਰਹੇ ਸਨ।

# ਪੰਜਾਬ ਟਾਈਮਜ਼

ਸਨਿਚਰਵਾਰ, 4 ਸਤੰਬਰ 2010


ਸਮਾਂ ਤੇ ਸਾਗਰ ਦੀ ਲਹਿਰ ਕਿਸੇ ਦੀ ਉਡੀਕ ਨਹੀਂ ਕਰਦੇ। -ਰਿਚਰਡ ਬਰੇਥਕੇਟ

## ਪਾਣੀ ਦੀ ਪਰਲੋ

ਹਿਮਾਚਲ ਸਣੇ ਉਤਰੀ ਖਿੱਤੇ ਵਿਚ ਹੋਈ ਭਾਰੀ ਬਾਰਸ਼ ਨਾਲ ਡੈਮਾਂ 'ਚੋਂ ਛੱਡੇ ਗਏ ਪਾਣੀ ਕਾਰਨ ਪੰਜਾਬ ਅਤੇ ਹਰਿਆਣਾ ਦੇ ਰੋਪੜ, ਜਲੰਧਰ, ਮੋਗਾ, ਲੁਧਿਆਣਾ, ਫਿਰੋਜ਼ਪੁਰ ਤੇ ਨਵਾਂਸ਼ਹਿਰ ਜ਼ਿਲ੍ਹਿਆਂ ਦੇ ਕਈ ਪਿੰਡਾਂ 'ਚ ਪਾਣੀ ਦਾਖਲ ਹੋਇਆ ਜਿਸ ਨਾਲ ਇਨ੍ਹਾਂ ਪਿੰਡਾਂ ਦੀ ਫਸਲ ਬਰਬਾਦ ਹੋ ਗਈ ਹੈ ਅਤੇ ਕਰੋੜਾਂ ਰੁਪਏ ਦਾ ਮਾਲੀ ਨੁਕਸਾਨ ਹੋ ਗਿਆ ਹੈ। ਉਂਜ ਇਸ ਵਾਰ ਇਹ ਬੜੀ ਹਾਂ-ਮੁਖੀ ਗੱਲ ਵਾਪਰੀ ਕਿ ਹੜ੍ਹਾਂ ਵਾਲੀ ਸਥਿਤੀ ਨਾਲ ਨਜਿੱਠਣ ਲਈ ਸਰਕਾਰ ਨੇ ਸਤਲੁਜ ਨਾਲ ਲੱਗਦੇ ਸਾਰੇ ਜ਼ਿਲ੍ਹਿਆਂ ਵਿਚ ਫੌਜ ਨੂੰ ਸਤਰਕ ਕਰ ਦਿੱਤਾ। ਬੀਤੀ 21 ਅਗਸਤ ਨੂੰ ਪਾਣੀ ਛੱਡਣ ਤੋਂ ਇਕਦਮ ਬਾਅਦ ਅਨੰਦਪੁਰ ਨੇੜੇ ਸਤਲੁਜ ਦਰਿਆ ਦੇ ਪਿੰਡ ਬੁਰਜ ਤੇ ਲੋਧੀਪੁਰ ਦੇ ਵਿਚਕਾਰ ਬਣੇ ਬੰਨ੍ਹ ਵਿਚ ਤਕਰੀਬਨ 200 ਮੀਟਰ ਲੰਬਾ ਪਾੜ ਪੈ ਗਿਆ। ਇਸ ਦੇ ਸਿੱਟੇ ਵਜੋਂ ਮਟੌਰ, ਬੱਲੋਵਾਲ, ਨਿੱਕੋਵਾਲ, ਹਰੀਵਾਲ, ਗੁਜਪੁਰ ਬੇਲਾ, ਲੋਧੀਪੁਰ, ਮਹਿੰਦੀਕਲਾਂ ਤੋਂ ਇਲਾਵਾ ਕਈ ਹੋਰ ਪਿੰਡਾਂ 'ਚ ਪਾਣੀ ਆ ਗਿਆ ਅਤੇ ਹਜ਼ਾਰਾਂ ਏਕੜ ਫਸਲ ਪਾਣੀ ਵਿਚ ਡੁੱਬ ਗਈ। ਹੜ੍ਹਾਂ ਕਾਰਨ ਨਵਾਂਸ਼ਹਿਰ ਤੇ ਜਲਾਲਾਬਾਦ ਦੇ ਪਿੰਡਾਂ 'ਚ ਵੀ ਫਸਲ ਪਾਣੀ ਵਿਚ ਡੁੱਬੀ। ਇਸ ਤੋਂ ਇਲਾਵਾ ਦਰਿਆ ਸਤਲੁਜ ਵਿਚ ਆਏ ਹੜ੍ਹਾਂ ਕਾਰਨ ਨੂਰਪੁਰ ਬੇਦੀ ਨੇੜਲੇ ਪਿੰਡ ਬੁਰਜ, ਗੱਜਪੁਰ, ਨੀਲਾ ਸ਼ਾਹਪੁਰ, ਉਪਰਲਾ ਸ਼ਾਹਪੁਰ, ਅਮਰਪੁਰ ਬੇਲਾ ਤੇ ਕਰਤਾਰਪੁਰ ਵੀ ਪਾਣੀ ਨਾਲ ਪ੍ਰਭਾਵਿਤ ਹੋਏ। ਇਥੋਂ ਤੱਕ ਕਿ ਇਨ੍ਹਾਂ ਪਿੰਡਾਂ ਦਾ ਆਪਣੇ ਆਲੇ ਦੁਆਲੇ ਨਾਲੋਂ ਸੰਪਰਕ ਵੀ ਟੁੱਟ ਗਿਆ ਸੀ। ਵੱਡੀ ਪੱਧਰ 'ਤੇ ਫਸਲਾਂ ਬਰਬਾਦ ਹੋ ਗਈਆਂ। ਬਹੁਤੇ ਪਿੰਡਾਂ 'ਚੋਂ ਲੋਕਾਂ ਨੂੰ ਕਿਸ਼ਤੀਆਂ ਰਾਹੀਂ ਬਾਹਰ ਕੱਢਿਆ ਗਿਆ। ਫਿਰੋਜ਼ਪੁਰ ਜ਼ਿਲ੍ਹੇ ਦੇ ਪਿੰਡ ਮਹਾਰ ਜਮਸ਼ੇਰ ਵਿਚ ਪਾਣੀ ਦੀ ਦਹਿਸ਼ਤ ਕਾਰਨ ਇਕ ਔਰਤ ਦੀ ਮੌਤ ਵੀ ਹੋ ਗਈ। ਫਿਲੌਰ ਲਾਗੇ ਧੁੱਸੀ ਬੰਨ੍ਹ ਨੇੜਲੇ ਪਿੰਡਾਂ ਝੰਡੀ ਪੀਰ, ਕਡਿਆਣਾ, ਛੋਲੇ, ਬਜਾੜ ਉਚਾਨਚੱਕ, ਕਤਪਾਲੋਂ ਦੀਆਂ ਫਸਲਾਂ ਬੇਮੁਹਾਰੇ ਪਾਣੀ ਵਿਚ ਡੁੱਬ ਗਈਆਂ। ਸੁਲਤਾਨਪੁਰ ਲੋਧੀ ਨਜ਼ਦੀਕ ਵੀ ਕਈ ਪਿੰਡ ਪਾਣੀ ਦੀ ਮਾਰ ਹੇਠ ਆਏ ਹਨ। ਰੋਪੜ ਜ਼ਿਲ੍ਹੇ ਦੇ ਪਿੰਡ ਚੰਦਪੁਰ ਬੇਲਾ ਦਾ ਇਕ ਵਿਅਕਤੀ ਸਤਲੁਜ ਦਰਿਆ ਦੇ ਤੇਜ਼ ਵਹਾਅ ਵਿਚ ਰੁੜ੍ਹ ਗਿਆ।

ਤਰਨਤਾਰਨ ਜ਼ਿਲ੍ਹੇ ਦੇ ਕਈ ਪਿੰਡ ਹਰੀਕੇ ਪੱਤਣ ਵਿਖੇ ਪਾਣੀ ਵਧਣ ਨਾਲ ਮਾਰ ਹੇਠ ਆਏ। ਇਨ੍ਹਾਂ ਵਿਚ ਸਭਰਾ, ਕੁੱਤੀਵਾਲ, ਗੱਟੀ ਹਰੀਕੇ, ਡੂਮਣੀਵਾਲਾ, ਮੁਛੀਆਂ ਵਾਲਾ, ਗਦਾਈਕੇ, ਘੁੱਲੇਵਾਲਾ, ਬੋਦਲ ਬੱਗਾ, ਜੱਲੋਕੇ, ਬੂਹ ਅਤੇ ਬਹਿਕਾਂ ਆਦਿ ਸ਼ਾਮਲ ਹਨ। ਇਨ੍ਹਾਂ ਪਿੰਡਾਂ ਦੇ ਲੋਕਾਂ ਨੇ ਦੱਸਿਆ ਕਿ ਉਹ ਤਕਰੀਬਨ 36 ਘੰਟੇ ਪਾਣੀ ਦੀ ਮਾਰ ਹੇਠ ਰਹੇ। ਤਦ ਜਾ ਕੇ ਕਿਧਰੇ ਪ੍ਰਸ਼ਾਸਨ ਨੇ ਮਾੜੀ ਮੋਟੀ ਸਾਰ ਲਈ। ਲੋਕ ਰਾਹਤ ਦੀ ਉਡੀਕ ਕਰਦੇ ਵੇਖੇ ਗਏ। ਕਪਾਹ, ਝੋਨਾ ਅਤੇ ਪਸ਼ੂਆਂ ਦੇ ਚਾਰੇ ਦੀ ਵਿਆਪਕ ਪੱਧਰ 'ਤੇ ਤਬਾਹੀ ਹੋਈ। ਦੂਜੇ ਪਾਸੇ ਹਰਿਆਣਾ ਦੇ ਜਿਹੜੇ ਖੇਤਰ ਪਾਣੀ ਦੀ ਮਾਰ ਹੇਠ ਆਏ ਉਹ ਮੁੱਖ ਤੌਰ 'ਤੇ ਯਮਨਾ ਦਰਿਆ ਨਾਲ ਸੰਬੰਧਿਤ ਹਨ। ਯਮਨਾ ਨਗਰ, ਕਰਨਾਲ, ਸੋਨੀਪਤ, ਪਾਣੀਪਤ, ਫਰੀਦਾਬਾਦ ਤੇ ਪਲਵਲ ਆਦਿ ਨੂੰ ਹੜ੍ਹਾਂ ਨੇ ਪ੍ਰਭਾਵਿਤ ਕੀਤਾ। ਯਮਨਾ ਨਗਰ ਦੇ ਹਥਨੀਕੁੰਡ ਬੰਨ੍ਹ ਤੋਂ ਪਾਣੀ ਛੱਡੇ ਜਾਣ ਕਾਰਨ ਹਰਿਆਣਾ ਦੇ ਇਹ ਖੇਤਰ ਹੜ੍ਹਾਂ ਤੋਂ ਪ੍ਰਭਾਵਿਤ ਹੋਏ। ਇਨ੍ਹਾਂ ਦਰਿਆਵਾਂ 'ਚ ਆਏ ਹੜ੍ਹ ਹਰਿਆਣਾ ਨਾਲ ਸੰਬੰਧਿਤ ਖੇਤਰਾਂ ਨੂੰ ਪ੍ਰਭਾਵਿਤ ਕਰਦੇ ਹਨ। ਯਮਨਾ ਦਰਿਆ ਕਿਉਂਕਿ ਦਿੱਲੀ ਨਾਲ ਵੀ ਖਹਿ ਕੇ ਗੁਜ਼ਰਦਾ ਹੈ। ਇਸ ਲਈ ਹਾਲ ਹੀ ਵਿਚ ਹੋਈਆਂ ਬਾਰਸ਼ਾਂ ਦੌਰਾਨ ਪਾਣੀ ਨੇ ਦਿੱਲੀ ਦੇ ਕੁਝ ਇਲਾਕਿਆਂ ਨੂੰ ਵੀ ਪ੍ਰਭਾਵਿਤ ਕੀਤਾ। ਉਂਜ ਕਿਉਂਕਿ ਉਪਰ ਵਾਲੇ ਨੇ ਮਿਹਰ ਕੀਤੀ ਇਸ ਲਈ ਬਹੁਤ ਜ਼ਿਆਦਾ ਬਾਰਸ਼ ਨਾ ਹੋਣ ਕਾਰਨ ਪੰਜਾਬ, ਹਰਿਆਣਾ ਦੇ ਯਮਨਾ ਤੇ ਘੱਗਰ ਵਾਲੇ ਖੇਤਰ ਹੜ੍ਹਾਂ ਦੀ ਭਿਆਨਕ ਮਾਰ ਤੋਂ ਬਚ ਗਏ। ਬਾਰਸ਼ ਜੇ ਬਹੁਤ ਜ਼ਿਆਦਾ ਹੁੰਦੀ ਤਾਂ ਹੜ੍ਹਾਂ ਦੀ ਸਭ ਤੋਂ ਭਿਅੰਕਰ ਮਾਰ ਪੰਜਾਬ ਦੇ ਸਤਲੁਜ ਦਰਿਆ ਦੇ ਆਸ ਪਾਸ ਹੋਣੀ ਸੀ। ਇਹ ਸੁਆਲ ਵੀ ਉਠ ਰਿਹਾ ਹੈ ਕਿ ਭਾਖੜਾ ਮੈਨੇਜਮੈਂਟ ਬੋਰਡ ਨੇ ਖਤਰੇ ਦੇ ਨਿਸ਼ਾਨ ਤੋਂ ਉਪਰ ਜਾਣ ਤੋਂ ਪਹਿਲਾਂ ਹੀ ਫਲੱਡ ਗੇਟ ਖੋਲ੍ਹ ਦਿੱਤੇ। ਜਿਸ ਕਾਰਨ ਸਮੇਂ ਤੋਂ ਪਹਿਲਾਂ ਹੀ ਪੰਜਾਬ ਦੇ ਲੋਕਾਂ ਨੂੰ ਹੜ੍ਹਾਂ ਦੀ ਮਾਰ ਝੱਲਣੀ ਪਈ। ਹੋ ਸਕਦਾ ਹੈ ਕਿ ਭਾਖੜਾ ਬੋਰਡ ਮੈਨੇਜਮੈਂਟ ਨੇ ਅਜਿਹਾ ਫੈਸਲਾ ਮੌਸਮ ਵਿਭਾਗ ਵਲੋਂ ਭਾਰੀ ਬਾਰਸ਼ ਦੀ ਦਿੱਤੀ ਜਾ ਰਹੀ ਚਿਤਾਵਨੀ ਦੇ ਮੱਦੇਨਜ਼ਰ ਲਿਆ ਹੋਵੇ ਪਰ ਇੰਜੀਨੀਅਰਾਂ ਦੀ ਇਕ ਫੈਡਰੇਸ਼ਨ ਨੇ ਦੋਸ਼ ਲਾਇਆ ਕਿ ਭਾਖੜਾ ਮੈਨੇਜਮੈਂਟ ਬੋਰਡ ਦੀ ਪੰਜਾਬ ਵਿਰੋਧੀ ਲਾਬੀ ਨੇ ਅਜਿਹਾ ਜਾਣਬੁੱਝ ਕੇ ਕੀਤਾ ਹੈ।

ਜ਼ਿਕਰਯੋਗ ਹੈ ਕਿ ਕੁਝ ਦਿਨਾਂ ਪਹਿਲਾਂ ਭਾਖੜਾ-ਬਿਆਸ ਬੋਰਡ ਵਲੋਂ ਪੰਜਾਬ ਹਰਿਆਣਾ ਤੇ ਰਾਜਸਥਾਨ ਦੇ ਅਧਿਕਾਰੀਆਂ ਨਾਲ ਫੈਸਲਾ ਕੀਤਾ ਗਿਆ ਸੀ ਕਿ ਭਾਖੜਾ ਡੈਮ ਦਾ ਪੱਧਰ 1670 ਫੁੱਟ ਤੱਕ ਰੱਖਿਆ ਜਾਵੇ ਹਾਲਾਂਕਿ ਪਾਣੀ ਦਾ ਪੱਧਰ 1680 ਫੁੱਟ ਤੱਕ ਚਲਾ ਜਾਵੇ ਤਾਂ ਕੋਈ ਖਤਰੇ ਵਾਲੀ ਗੱਲ ਨਹੀਂ। ਇਥੇ ਇਹ ਵੀ ਜ਼ਿਕਰਯੋਗ ਹੈ ਕਿ ਸਤਲੁਜ ਦਰਿਆ ਤੋਂ ਇਲਾਵਾ ਹਿਮਾਚਲ ਸਮੇਤ ਉਤਰੀ ਭਾਰਤ ਵਿਚ ਹੋਈਆਂ ਬਾਰਸ਼ਾਂ ਨੇ ਬਿਆਸ ਅਤੇ ਰਾਵੀ ਦਰਿਆਵਾਂ ਵਿਚ ਵੀ ਪਾਣੀ ਦਾ ਪੱਧਰ ਵਧਾਇਆ। ਇਸ ਨਾਲ ਵੀ ਬਹੁਤ ਸਾਰੇ ਪਿੰਡ ਅਤੇ ਫਸਲਾਂ ਪਾਣੀ ਨਾਲ ਪ੍ਰਭਾਵਿਤ ਹੋਈਆਂ ਖਾਸ ਕਰਕੇ ਰਾਵੀ ਦਰਿਆ ਵਿਚ ਪਾਣੀ ਵਧਣ ਨਾਲ ਸਰਹੱਦੀ ਖੇਤਰਾਂ ਦੇ ਕਈ ਇਲਾਕੇ ਹੜ੍ਹਾਂ ਤੋਂ ਪ੍ਰਭਾਵਿਤ ਹੋਏ ਹਨ। ਹਜ਼ਾਰਾਂ ਏਕੜ ਫਸਲ ਪਾਣੀ ਵਿਚ ਡੁੱਬੀ ਅਤੇ ਤਬਾਹ ਹੋਈ। ਕਰੋੜਾਂ ਰੁਪਏ ਦਾ ਘਰਾਂ ਦਾ ਸਮਾਨ ਬਰਬਾਦ ਹੋਇਆ। ਇਨ੍ਹਾਂ ਪਿੰਡਾਂ ਦੀ ਇਕ ਵਾਰ ਹੜ੍ਹਾਂ ਕਾਰਨ ਬਰਬਾਦੀ ਕਾਰਨ ਜ਼ਿੰਦਗੀ ਕਈ ਵਰ੍ਹੇ ਤਾਬ ਨਹੀਂ ਆਉਂਦੀ। ਹਰਿਆਣਾ, ਰਾਜਸਥਾਨ ਤੋਂ ਇਲਾਵਾ ਦੇਸ਼ ਦੇ ਕੇਂਦਰੀ ਹਾਕਮਾਂ ਦਾ ਫਰਜ਼ ਬਣਦਾ ਹੈ ਕਿ ਉਹ ਇਸ ਔਖੀ ਘੜੀ ਪੰਜਾਬ ਦੇ ਪ੍ਰਭਾਵਤ ਲੋਕਾਂ ਦੀ ਦਿਲ ਖੋਲ੍ਹ ਕੇ ਮਦਦ ਕਰਨ। ਇਹ ਗੁਆਂਢੀ ਰਾਜ ਤੇ ਕੇਂਦਰ ਸਰਕਾਰ ਜੇ ਪੰਜਾਬ ਦਾ ਪਾਣੀ ਵੰਡਣਾ ਚਾਹੁੰਦੇ ਹਨ ਤਾਂ ਉਨ੍ਹਾਂ ਨੂੰ ਕੀ ਇਹ ਬਰਬਾਦੀ ਨਹੀਂ ਵੰਡਣੀ ਚਾਹੀਦੀ?

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਖਰੀਆਂ ਖਰੀਆਂ !

ਬਣ ਕੇ ਹੇਜਲੇ ਕਪਟ ਜੋ ਕਰੀ ਜਾਂਦੇ, ਤੱਕੋ ਇਨ੍ਹਾਂ ਦੇ ਘਾਲਿਆਂ-ਮਾਲਿਆਂ ਨੂੰ।
ਚਿਕਨੇ-ਚੋਪੜੇ ਚਿਹਰੇ ਪਰ ਮਨੋ ਖੋਟੇ, ਦਈਏ ਮੱਤ ਹੁਣ ਦਿਲਾਂ ਦੇ ਕਾਲਿਆਂ ਨੂੰ।
ਯਾਰ 'ਸੰਘ' ਦੇ ਇਨ੍ਹਾਂ ਮਜ਼ਬੂਤ ਕਰਨਾ, ਬਿਪਰਵਾਦ ਦੀ ਕੈਦ ਦੇ ਤਾਲਿਆਂ ਨੂੰ।
ਤੀਰ ਵੱਜਦੇ ਆਏ ਹੰਕਾਰੀਆਂ ਦੇ, ਦੋਸ਼ ਦੇਈਏ ਕਿਉਂ ਮਿਰਜ਼ੇ ਦੇ ਸਾਲਿਆਂ ਨੂੰ?
ਬਾਜ ਨਜ਼ਰ ਦੇ ਨਾਲ ਪਹਿਚਾਣ ਲਈਏ, 'ਗੁੱਝੇ ਮਕਸਦਾਂ' ਵਾਸਤੇ ਪਾਲਿਆਂ ਨੂੰ।
ਕੌਮੀ ਵਿਹੜਿਆਂ ਵਿਚੋਂ ਖਦੇੜ ਦੇਈਏ, ਸੇਹ ਦੇ ਤਕਲੇ ਗੱਡਣੇ ਵਾਲਿਆਂ ਨੂੰ।

# ਸਿੱਖਿਆ ਨੂੰ ਵਪਾਰਕ ਜਿਣਸ ਵਜੋਂ ਚਿਤਵਦਾ ਨਵਾਂ ਬਿੱਲ

**ਯਸ਼ਪਾਲ**

ਉਚੇਰੀ ਸਿੱਖਿਆ ਦੇ ਵਿਕਾਸ ਲਈ ਕੇਂਦਰੀ ਮਨੁੱਖੀ ਵਸੀਲਿਆਂ ਦੇ ਵਿਕਾਸ ਮੰਤਰੀ ਸ੍ਰੀ ਕਪਿਲ ਸਿੱਬਲ ਵਲੋਂ ਆਪਣੇ '100 ਰੋਜ਼ਾ' ਤੂਫਾਨੀ ਏਜੰਡੇ ਤਹਿਤ ਪੰਜ ਬਿੱਲ ਤਿਆਰ ਕੀਤੇ ਗਏ ਹਨ। ਇਨ੍ਹਾਂ ਵਿਚੋਂ ਚਾਰ ਬਿਲ ਪਾਰਲੀਮੈਂਟ ਦੇ ਪਿਛਲੇ ਇਜਲਾਸ ਵਿਚ 3 ਮਈ, 2010 ਨੂੰ ਪੇਸ਼ ਕੀਤੇ ਗਏ ਸਨ। ਇਨ੍ਹਾਂ ਵਿਚੋਂ ਇਕ ਬਿਲ ਹੈ ਵਿਦੇਸ਼ੀ ਸਿੱਖਿਆ ਸੰਸਥਾਵਾਂ (ਦਾਖਲੇ ਤੇ ਸੰਚਾਲਨ ਦੀ ਵਿਵਸਥਾ) ਬਿਲ ਜਿਸ ਨੂੰ ਪਾਰਲੀਮੈਂਟ ਵਿਚ ਪਾਸ ਕਰਵਾਉਣ ਲਈ ਯੂ.ਪੀ.ਏ. ਦੀ ਕੇਂਦਰੀ ਸਰਕਾਰ ਯਤਨਸ਼ੀਲ ਹੈ। ਜੇ ਇਹ ਬਿਲ ਪਾਰਲੀਮੈਂਟ ਵਿਚ ਪਾਸ ਹੋ ਕੇ ਕਾਨੂੰਨ ਬਣ ਜਾਂਦਾ ਹੈ ਤਾਂ ਕੋਈ ਵੀ ਵਿਦੇਸ਼ੀ ਸਿੱਖਿਆ ਸੰਸਥਾ ਸਿੱਧਾ ਸੌ ਫੀਸਦੀ ਪੂੰਜੀ ਨਿਵੇਸ਼ ਕਰਕੇ ਸਾਡੇ ਮੁਲਕ ਦੇ ਕਿਸੇ ਵੀ ਖੂੰਜੇ ਵਿਚ ਯੂਨੀਵਰਸਿਟੀ, ਮੈਡੀਕਲ ਕਾਲਜ, ਇੰਜੀਨੀਅਰਿੰਗ ਕਾਲਜ ਜਾਂ ਉਚੇਰੀ ਸਿੱਖਿਆ ਨਾਲ ਸਬੰਧਤ ਕੋਈ ਵੀ ਸੰਸਥਾ ਖੋਲ੍ਹ ਸਕੇਗੀ। ਜਿਸ ਤਰ੍ਹਾਂ ਸਾਡੇ ਮੁਲਕ ਦੇ ਸਭ ਵੰਨਗੀ ਦੇ ਹਾਕਮਾਂ ਵਲੋਂ ਸਿੱਖਿਆ ਦੇ ਨਿੱਜੀਕਰਨ ਤੇ ਵਪਾਰੀਕਰਨ ਦੀ ਪ੍ਰਕਿਰਿਆ ਜਾਰੀ ਹੈ। ਇਸ ਵਿਦੇਸ਼ੀ ਸਿੱਖਿਆ ਸੰਸਥਾਵਾਂ ਬਿੱਲ ਰਾਹੀਂ ਉਸ ਪ੍ਰਕਿਰਿਆ ਨੂੰ ਕਾਨੂੰਨੀ ਜਾਮਾ ਪਹਿਨਾਏ ਜਾਣ ਕਰਕੇ ਇਸ ਬਾਬਤ ਚਰਚਾ ਕਰਨ ਦੀ ਅਹਿਮੀਅਤ ਬਣਦੀ ਹੈ।

ਉਚੇਰੀ ਸਿੱਖਿਆ ਪ੍ਰਦਾਨ ਕਰ ਰਹੀਆਂ ਜਾਂ ਕਰਨ ਦੀਆਂ ਇਛੁੱਕ ਵਿਦੇਸ਼ੀ ਸਿੱਖਿਆ ਸੰਸਥਾਵਾਂ ਦੇ 'ਦਾਖਲੇ ਤੇ ਸੰਚਾਲਨ ਨੂੰ ਨਿਯਮਬੱਧ ਕਰਨ' ਦਾ ਕੇਂਦਰੀ ਸਰਕਾਰ ਦਾ ਐਲਾਨਿਆ/ਮਿਥਿਆ ਟੀਚਾ, ਜਿਨ੍ਹਾਂ ਧਾਰਨਾਵਾਂ ਉਪਰ ਟਿਕਿਆ ਹੋਇਆ ਹੈ, ਉਹ ਧਾਰਨਾਵਾਂ ਹੀ ਕਮਜ਼ੋਰ ਤੇ ਨੁਕਸਦਾਰ ਹਨ। ਉਹ ਧਾਰਨਾਵਾਂ ਇਹ ਹਨ? ਇਕ ਤਾਂ ਸਰਕਾਰ ਸੋਚਦੀ ਹੈ ਕਿ ਜਦ ਇਕ ਵਾਰ ਬਿੱਲ ਪਾਸ ਹੋ ਗਿਆ ਤਾਂ ਵੱਡੀ ਪੱਧਰ 'ਤੇ ਸਿੱਧਾ ਪੂੰਜੀ ਨਿਵੇਸ਼ ਸਾਡੇ ਮੁਲਕ ਵਿਚ ਹੋਵੇਗਾ। ਦੂਜਾ ਵਿਦੇਸ਼ੀ ਮੁਲਕਾਂ ਦੀਆਂ ਉਚ ਕੋਟੀ ਦੀਆਂ ਯੂਨੀਵਰਸਿਟੀਆਂ ਭਾਰਤ ਵਿਚ ਦਾਖਲ ਹੋਣਗੀਆਂ ਅਤੇ ਭਾਰਤ ਦੇ ਵਿਦਿਆਰਥੀਆਂ ਨੂੰ ਆਹਲਾ ਦਰਜੇ ਦੀ ਉਚੇਰੀ ਸਿੱਖਿਆ ਮੁਹੱਈਆ ਕਰਵਾਉਣਗੀਆਂ, ਉਹ ਵੀ ਵਿਦੇਸ਼ੀ ਸਿੱਖਿਆ ਦੇ ਮੁਕਾਬਲੇ ਵਿਚ ਘੱਟ ਖਰਚੇ 'ਤੇ। ਤੀਜਾ, ਇਸ ਨਾਲ ਲਗਪਗ 7.5 ਅਰਬ ਡਾਲਰ ਦੀ ਵਿਦੇਸ਼ੀ ਮੁਦਰਾ ਦੀ ਸਾਡੇ ਮੁਲਕ ਨੂੰ ਬੱਚਤ ਹੋਵੇਗੀ ਜਿਹੜੀ ਸਾਡੇ ਮੁਲਕ ਦੇ ਲਗਪਗ ਇਕ ਲੱਖ ਵਿਦਿਆਰਥੀਆਂ ਦੇ ਬਾਹਰਲੇ ਮੁਲਕਾਂ ਵਿਚ ਸਿੱਖਿਆ ਹਾਸਲ ਕਰਨ ਲਈ ਜਾਣ ਕਾਰਨ ਸਾਡੇ ਮੁਲਕ ਵਿਚੋਂ ਬਾਹਰ ਚਲੀ ਜਾਂਦੀ ਹੈ। ਚੌਥਾ, ਵਿਦੇਸ਼ੀ ਸਿੱਖਿਆ ਸੰਸਥਾਵਾਂ ਨਾ ਸਿਰਫ ਆਹਲਾ ਦਰਜੇ ਦੀ ਸਿੱਖਿਆ ਹੀ ਪ੍ਰਦਾਨ ਕਰਨਗੀਆਂ ਸਗੋਂ ਸਮੁੱਚੀ ਉਚੇਰੀ ਸਿੱਖਿਆ ਦੇ ਸੁਧਾਰ ਵਿਚ ਵੀ ਭਰਪੂਰ ਯੋਗਦਾਨ ਪਾਉਣਗੀਆਂ ਕਿਉਂਕਿ ਉਨ੍ਹਾਂ ਦੇ ਇਥੇ ਆਉਣ ਨਾਲ ਇਥੋਂ ਦੀਆਂ ਦੇਸੀ ਸੰਸਥਾਵਾਂ ਨਾਲ ਮੁਕਾਬਲਾ ਹੋਵੇਗਾ ਤੇ ਮੁਕਾਬਲੇ ਨਾਲ ਖੁਦ-ਬ-ਖੁਦ 'ਗੁਣਵੱਤਾ' ਤੇ 'ਕੁਸ਼ਲਤਾ' ਵਿਚ ਵਾਧਾ ਹੁੰਦਾ ਹੈ। ਪੰਜਵੀਂ, ਸਭ ਤੋਂ ਅਹਿਮ ਧਾਰਨਾ ਹੈ ਕਿ ਇਹ ਵਿਦੇਸ਼ੀ ਸੰਸਥਾਵਾਂ ਸਾਡੇ ਮੁਲਕ ਵਿਚ ਆ ਕੇ ਉਚੇਰੀ ਸਿੱਖਿਆ ਨਾਲ ਸਬੰਧਤ ਨਾਕਾਫੀ ਦਾਖਲਾ ਦਰ, ਗੁਣਵੱਤਾ ਅਤੇ ਵਿਤੀ ਸ੍ਰੋਤਾਂ ਦੀ ਕਮੀ ਦੀਆਂ ਸਾਡੀਆਂ ਸਮੱਸਿਆਵਾਂ ਨੂੰ ਹੱਲ ਕਰ ਦੇਣਗੀਆਂ, ਜਿਸ ਨਾਲ ਸਰਕਾਰ ਲੋਕਾਂ ਨੂੰ ਸਿੱਖਿਆ ਪ੍ਰਦਾਨ ਕਰਨ ਦੀ ਆਪਣੀ ਬਣਦੀ ਜ਼ਿੰਮੇਵਾਰੀ ਤੋਂ ਪੂਰੀ ਨਹੀਂ ਤਾਂ ਅੱਧ-ਪਚੱਧੀ ਤਾਂ ਜ਼ਰੂਰ ਹੀ ਸੁਰਖੁਰੂ ਹੋ ਜਾਵੇਗੀ।

ਪਹਿਲੀ ਇਹ ਧਾਰਨਾ ਕਿ ਸੌ ਫੀਸਦੀ ਸਿੱਧੇ ਪੂੰਜੀ ਨਿਵੇਸ਼ ਦੀ ਆਗਿਆ ਦੇਣ ਨਾਲ ਬਹੁਤ ਸਾਰੀਆਂ ਵਿਦੇਸ਼ੀ ਯੂਨੀਵਰਸਿਟੀਆਂ ਸਾਡੇ ਮੁਲਕ ਵਿਚ ਆ ਕੇ ਪੂੰਜੀ ਨਿਵੇਸ਼ ਕਰਨਗੀਆਂ, ਇਸ ਦਾ ਕੋਈ ਆਧਾਰ ਨਹੀਂ ਹੈ। ਸਗੋਂ ਵਿਦੇਸ਼ੀ ਯੂਨੀਵਰਸਿਟੀਆਂ ਤਾਂ ਚਾਹੁਣਗੀਆਂ ਕਿ ਭਾਰਤ ਦੇ ਵਿਦਿਆਰਥੀ ਉਨ੍ਹਾਂ ਦੇ ਵਿਦੇਸ਼ੀ ਮੁਲਕਾਂ ਵਿਚ ਹੀ ਆ ਕੇ ਸਿੱਖਿਆ ਹਾਸਲ ਕਰਨ ਤਾਂ ਕਿ ਜਿੱਥੇ ਉਨ੍ਹਾਂ ਨੂੰ ਵੀ ਮੋਟੀ ਆਮਦਨ ਹੋ ਸਕੇ ਅਤੇ ਉਨ੍ਹਾਂ ਦੇ ਮੁਲਕ ਦੇ ਅਰਥਚਾਰੇ ਲਈ ਵੀ ਲਾਹੇਵੰਦਾ ਹੋਵੇ। ਵਿਦੇਸ਼ੀ ਯੂਨੀਵਰਸਿਟੀਆਂ ਭਾਰੀ ਪੂੰਜੀ ਨਿਵੇਸ਼ ਕਰਨ ਦੀ ਥਾਂ ਚਾਹੁਣਗੀਆਂ ਕਿ ਭਾਰਤ ਵਿਚ ਨਵੇਂ ਯੂਨੀਵਰਸਿਟੀ ਕੈਂਪਸ ਖੋਲ੍ਹਣ ਦੀ ਬਜਾਇ ਇਥੇ ਪਹਿਲਾਂ ਹੀ ਚਲਦੀਆਂ ਦੇਸੀ ਸਿੱਖਿਆ ਸੰਸਥਾਵਾਂ ਨਾਲ ਸਾਂਝ ਭਿਆਲੀ ਪਾ ਕੇ ਇਥੋਂ ਦੇ ਸਥਾਨਕ ਬੁਨਿਆਦੀ ਢਾਂਚੇ ਦੀ ਹੀ ਵਰਤੋਂ ਕੀਤੀ ਜਾਵੇ। ਪਿਛਲੇ ਕੁਝ ਸਮੇਂ ਦੌਰਾਨ ਵਿਦੇਸ਼ੀ ਮੁਲਕਾਂ ਤੋਂ ਇਥੇ ਆਏ ਵਫਦਾਂ ਵਲੋਂ ਇਸ ਤਰ੍ਹਾਂ



ਦੇ ਹੀ ਸੰਕੇਤ ਦਿੱਤੇ ਗਏ ਹਨ।

ਇਨ੍ਹਾਂ ਸੰਕੇਤਾਂ ਤੋਂ ਇਹ ਵੀ ਪਤਾ ਲਗਦਾ ਹੈ ਕਿ ਕੋਈ ਵੀ ਉਚ ਕੋਟੀ ਦੀ ਯੂਨੀਵਰਸਿਟੀ ਭਾਰਤ ਜਾਂ ਹੋਰਨਾਂ ਵਿਕਾਸਸ਼ੀਲ ਮੁਲਕਾਂ ਵਿਚ ਆ ਕੇ ਪੂੰਜੀ ਨਿਵੇਸ਼ ਕਰਨ ਦੀ ਇਛੁੱਕ ਨਹੀਂ ਹੈ। ਇਹ ਤਾਂ ਦੂਜੇ ਜਾਂ ਤੀਜੇ ਦਰਜੇ ਦੀਆਂ ਯੂਨੀਵਰਸਿਟੀਆਂ ਹੀ ਆਉਣ ਦੀਆਂ ਇਛੁੱਕ ਹੋਣਗੀਆਂ ਜਿਨ੍ਹਾਂ ਦਾ ਮਕਸਦ ਘਟੀਆ ਪੱਧਰ ਦੀ ਸਿੱਖਿਆ ਰਾਹੀਂ ਸਾਡੇ ਮੁਲਕ ਦੀ ਵਿਸ਼ਾਲ ਮੰਡੀ ਨੂੰ ਲੁੱਟਣ ਦਾ ਹੀ ਹੋਵੇਗਾ। ਹਾਂ, ਜੇ ਕੋਈ ਉਚ ਕੋਟੀ ਦੀ ਯੂਨੀਵਰਸਿਟੀ ਇਥੇ ਆ ਵੀ ਜਾਂਦੀ ਹੈ ਤਾਂ ਉਹ ਆਪਣੇ ਘਰੇਲੂ ਮਾਲੀ ਸੰਕਟ ਨੂੰ ਹੱਲ ਕਰਨ ਲਈ ਕੇਵਲ ਵਪਾਰਕ ਨੁਕਤੇ ਤੋਂ ਹੀ ਇਥੇ ਨਿਵੇਸ਼ ਕਰੇਗੀ ਤਾਂ ਕਿ ਇਸ ਦੇ ਸਹਾਰੇ ਉਹ ਆਪਣੇ ਮੁਲਕ ਦੇ ਵਿਦਿਆਰਥੀਆਂ ਨੂੰ ਰਾਹਤ ਦੇ ਸਕੇ।

ਇਸ ਤੋਂ ਬਿਨਾਂ ਜਿਹੜੇ ਵਿਦਿਆਰਥੀ ਵਿਦੇਸ਼ਾਂ ਵਿਚ ਪੜ੍ਹਨ ਜਾਂਦੇ ਹਨ, ਉਹ ਨਿਰਾ-ਪੁਰਾ ਵਿਦੇਸ਼ੀ ਡਿਗਰੀ ਹਾਸਲ ਹੀ ਕਰਨ ਨਹੀਂ ਜਾਂਦੇ ਸਗੋਂ ਬਹੁਤਾ ਕਰਕੇ ਉਹ ਵਿਦੇਸ਼ੀ ਯੂਨੀਵਰਸਿਟੀਆਂ ਦੀ ਪੜ੍ਹਾਈ ਰਾਹੀਂ ਉਸ ਮੁਲਕ ਵਿਚ ਪੱਕੇ ਤੌਰ 'ਤੇ ਵਸ ਸਕਣ ਲਈ ਜਾਂ ਘੱਟੋ-ਘੱਟ ਵਰਕ ਪਰਮਿਟ ਪ੍ਰਾਪਤ ਕਰਕੇ ਕੱਚੇ ਤੌਰ 'ਤੇ ਰਹਿਣ ਲਈ ਜਾਂਦੇ ਹਨ। ਇਸ ਲਈ ਜੇ ਇੱਥੇ ਭਾਰਤ ਵਿਚ ਵਿਦੇਸ਼ੀ ਯੂਨੀਵਰਸਿਟੀ ਦਾ ਕੈਂਪਸ ਖੁੱਲ੍ਹ ਵੀ ਜਾਂਦਾ ਹੈ ਤਾਂ ਵੀ ਬਾਹਰ ਜਾਣ ਵਾਲੇ ਵਿਦਿਆਰਥੀਆਂ ਦਾ ਵੱਡਾ ਹਿੱਸਾ ਭਾਰਤ ਅੰਦਰ ਖੁੱਲ੍ਹੀ ਵਿਦੇਸ਼ੀ ਯੂਨੀਵਰਸਿਟੀ ਵਿਚ ਦਾਖਲਾ ਨਹੀਂ ਲੈਣਾ ਚਾਹੇਗਾ। ਇਸ ਪੱਖੋਂ ਅਰਬਾਂ ਡਾਲਰ ਦੀ ਵਿਦੇਸ਼ੀ ਮੁਦਰਾ ਦੀ ਬੱਚਤ ਹੋਣ ਦੀ ਧਾਰਨਾ ਵੀ ਨਿਰਆਧਾਰ ਹੈ।

ਮੁਕਾਬਲੇ ਰਾਹੀਂ 'ਗੁਣਵੱਤਾ ਤੇ ਕੁਸ਼ਲਤਾ' ਵਿਚ ਸੁਧਾਰ ਹੋਣ ਬਾਰੇ ਪਹਿਲੀ ਗੱਲ ਤਾਂ ਇਹ ਕਿ ਜ਼ਰੂਰੀ ਨਹੀਂ ਮੁਕਾਬਲੇ ਨਾਲ ਗੁਣਵੱਤਾ ਤੇ ਕੁਸ਼ਲਤਾ ਹਰ ਹਾਲਤ ਵਿਚ ਸੁਧਰਦੀ ਹੈ। ਇਸ ਨਾਲ ਸਮਾਜ ਨੂੰ ਟਾਲਿਆ ਨਾ ਜਾ ਸਕਣ ਵਾਲਾ ਭਾਰੀ ਹਰਜਾ ਵੀ ਹੋ ਸਕਦਾ ਹੈ। ਜੇ ਕਿਸੇ ਵਿਦੇਸ਼ੀ ਯੂਨੀਵਰਸਿਟੀ/ਸੰਸਥਾ ਦੇ ਆਉਣ ਨਾਲ ਇੱਥੇ ਮੁਕਾਬਲਾ ਹੁੰਦਾ ਵੀ ਹੈ ਤਾਂ ਉਹ ਮੁਕਾਬਲਾ ਵੀ ਬੇਜੋੜ ਹੋਵੇਗਾ ਕਿਉਂਕਿ ਸਾਡੇ ਮੁਲਕ ਦੀਆਂ ਸਰਕਾਰੀ ਤੇ ਪ੍ਰਾਈਵੇਟ ਸੰਸਥਾਵਾਂ/ਯੂਨੀਵਰਸਿਟੀਆਂ ਵਿਤੀ ਤੇ ਭੌਤਿਕ ਸ੍ਰੋਤਾਂ/ਸਹੂਲਤਾਂ ਪੱਖੋਂ ਅਤੇ ਅਧਿਆਪਕਾਂ ਦੀ ਪੂਰਤੀ ਪੱਖੋਂ ਊਣੀਆਂ ਹਨ ਅਤੇ ਉਹ ਸਖਤ ਸਰਕਾਰੀ ਨਿਯਮਾਂ ਵਿਚ ਵੀ ਬੱਝੀਆਂ ਹੋਈਆਂ ਹਨ ਜਦਕਿ ਇਸ ਬਿੱਲ ਮੁਤਾਬਕ ਵਿਦੇਸ਼ੀ ਯੂਨੀਵਰਸਿਟੀਆਂ ਉਪਰ ਕੋਈ ਕਾਨੂੰਨੀ ਬੰਦਸ਼ ਨਹੀਂ ਹੋਵੇਗੀ। ਇਸ ਲਈ ਇਹ ਬੇਜੋੜ ਮੁਕਾਬਲਾ ਹੋਵੇਗਾ ਜਿਸ ਦੇ ਸਿੱਟੇ ਵੀ ਘਟੀਆ ਨਿਕਲਣਗੇ।

ਅੰਤ ਵਿਚ ਸਭ ਤੋਂ ਕਮਜ਼ੋਰ ਤੇ ਨਾਕਸ ਧਾਰਨਾ ਹੈ ਕਿ ਵਿਦੇਸ਼ੀ ਯੂਨੀਵਰਸਿਟੀਆਂ ਆ ਕੇ ਸਾਡੇ ਮੁਲਕ ਦੇ ਵਿਕਾਸ ਵਿਚ ਯੋਗਦਾਨ ਪਾਉਣਗੀਆਂ ਅਤੇ ਸਾਡੇ ਮੁਲਕ ਦੀਆਂ ਉਚੇਰੀ ਸਿੱਖਿਆ ਨਾਲ ਸਬੰਧਤ ਤਿੰਨ ਗੰਭੀਰ ਸਮੱਸਿਆਵਾਂ ਸਿੱਖਿਆ ਤੱਕ ਸਮਾਨ ਰਸਾਈ, ਡਿਗਦੇ ਮਿਆਰ ਤੇ ਜਨਤਕ ਫੰਡਾਂ ਦੀ ਕਮੀ ਦੀਆਂ ਸਮੱਸਿਆਵਾਂ ਨੂੰ ਆ ਕੇ ਹੱਲ ਕਰ ਦੇਣਗੀਆਂ। ਇਹ ਗੱਲ ਪੱਲੇ ਬੰਨ੍ਹ ਲੈਣੀ ਚਾਹੀਦੀ ਹੈ ਕਿ ਵਿਦੇਸ਼ੀ ਸੰਸਥਾਵਾਂ ਇਥੇ ਆਪਣੀਆਂ ਸਮੱਸਿਆਵਾਂ ਹੱਲ ਕਰਨ ਲਈ ਆਉਣਗੀਆਂ, ਸਾਡੀਆਂ ਨਹੀਂ। ਇਥੋਂ ਤੱਕ ਕਿ ਪੱਛਮ ਦੀਆਂ ਉਤਮ ਯੂਨੀਵਰਸਿਟੀਆਂ ਵੀ ਉਥੋਂ ਦੇ ਮਾਲੀ ਸੰਕਟ ਕਾਰਨ ਬੱਚਿਆਂ ਦੇ ਦਾਖਲੇ ਅਤੇ ਸਰਕਾਰੀ ਫੰਡਾਂ ਦੀ ਘਾਟ ਨਾਲ ਜੂਝ ਰਹੀਆਂ ਹਨ ਅਤੇ ਉਥੋਂ ਦੀਆਂ ਸਰਕਾਰਾਂ ਉਨ੍ਹਾਂ ਨੂੰ ਸਾਡੇ ਭਾਰਤ ਵਰਗੇ ਮੁਲਕਾਂ ਅੰਦਰ ਜਾ ਕੇ ਪੈਸਾ ਕਮਾਉਣ ਲਈ ਕਹਿ ਰਹੀਆਂ ਹਨ।

ਇਸ ਲਈ ਇਹ ਧਾਰਨਾ ਕਿ ਵਿਦੇਸ਼ੀ ਸੰਸਥਾਵਾਂ ਉਚੇਰੀ ਸਿੱਖਿਆ ਤੱਕ ਪਹੁੰਚ ਦਾ ਪਸਾਰ ਕਰਨਗੀਆਂ ਜਿਸ ਨਾਲ ਉਚੇਰੀ ਸਿੱਖਿਆ ਦੀ ਸਾਡੀ ਦਾਖਲਾ ਅਨੁਪਾਤ ਦਰ 12 ਤੋਂ ਵਧ ਕੇ 30 ਫੀਸਦੀ ਕਰਨ ਦੇ ਸਾਡੇ ਟੀਚੇ ਨੂੰ ਪੂਰਾ ਕਰਨ ਵਿਚ ਸਹਾਈ ਹੋਣਗੀਆਂ, ਨਿਰਆਧਾਰ ਹੈ। ਜਿਸ ਤਰ੍ਹਾਂ ਇਨ੍ਹਾਂ ਉਪਰ ਕੋਈ ਕਾਨੂੰਨ ਲਾਗੂ ਨਹੀਂ ਹੋਣਗੇ, ਉਹ ਕਿੰਨੀ ਫੀਸ ਉਗਰਾਹੁਣਗੀਆਂ, ਇਸ ਉਪਰ ਕੋਈ ਬੰਦਸ਼ ਨਹੀਂ ਹੋਵੇਗੀ, ਰਿਜ਼ਰਵੇਸ਼ਨ ਆਦਿ ਦਾ ਵੀ ਇਨ੍ਹਾਂ ਉਪਰ ਨਿਯਮ ਲਾਗੂ ਨਹੀਂ ਹੋਵੇਗਾ। ਇਸ ਲਈ ਉਕਤ ਕਾਰਨਾਂ ਕਰਕੇ ਜਿੰਨੇ ਵੀ ਵਿਦਿਆਰਥੀ ਇਨ੍ਹਾਂ ਸੰਸਥਾਵਾਂ ਅੰਦਰ ਦਾਖਲ ਹੋਣਗੇ, ਉਹ ਸਾਡੇ ਇਸ ਉਕਤ 30 ਫੀਸਦੀ ਦਾਖਲਾ ਦਰ ਦੇ ਟੀਚੇ ਨੂੰ ਪੂਰਾ ਨਹੀਂ ਕਰ ਸਕਣਗੇ।

ਉਂਜ ਵੀ ਕਿਸੇ ਵੀ ਵਿਕਾਸਸ਼ੀਲ ਮੁਲਕ ਨੇ ਸਿੱਖਿਆ ਪੱਖੋਂ ਜਾਂ ਆਰਥਿਕ ਪੱਖੋਂ ਵਿਦੇਸ਼ੀ ਯੂਨੀਵਰਸਿਟੀ ਉਪਰ ਭਰੋਸਾ ਕਰਕੇ ਜਾਂ ਨਿਰਭਰ ਹੋ ਕੇ ਵਿਕਾਸ ਕੀਤਾ ਹੋਵੇ, ਇਸ ਦਾ ਕਿਤੇ ਕੋਈ ਪ੍ਰਮਾਣ ਨਹੀਂ ਮਿਲਦਾ।

ਦਰਅਸਲ ਇਹ ਦਿਖਾਉਣ ਲਈ ਢੇਰ ਸਾਰੇ ਪ੍ਰਮਾਣ ਹਨ ਕਿ ਮਜ਼ਬੂਤ ਤੇ ਵਿਕਸਤ ਸਿੱਖਿਆ ਪ੍ਰਣਾਲੀਆਂ ਕੇਵਲ ਸਰਕਾਰਾਂ ਰਾਹੀਂ ਤੇ ਸਰਕਾਰੀ ਫੰਡਾਂ ਰਾਹੀਂ ਹੀ ਉਸਰਦੀਆਂ ਹਨ।

ਇਸ ਬਿੱਲ ਅਨੁਸਾਰ ਵਿਦੇਸ਼ੀ ਯੂਨੀਵਰਸਿਟੀਆਂ/ਸੰਸਥਾਵਾਂ ਸਬੰਧੀ ਸਰਕਾਰ ਦੀ ਭੂਮਿਕਾ ਕੇਵਲ ਉਨ੍ਹਾਂ ਨੂੰ ਆਪਣੇ ਕਾਰੋਬਾਰ ਚਲਾਉਣ ਦੀ ਇਜਾਜ਼ਤ ਦੇਣ ਤੱਕ ਹੀ ਸੀਮਿਤ ਹੈ। ਸਰਕਾਰ ਤੇ ਯੂ.ਜੀ.ਸੀ. ਵਰਗੀ ਕਿਸੇ ਵੀ ਹੋਰ ਸੰਸਥਾ ਦਾ ਇਨ੍ਹਾਂ ਯੂਨੀਵਰਸਿਟੀਆਂ ਦੇ ਸੰਚਾਲਨ, ਵਿਦਿਆਰਥੀਆਂ ਦੇ ਦਾਖਲੇ (ਰਿਜ਼ਰਵੇਸ਼ਨ ਤਾਂ ਹੈ ਹੀ ਨਹੀਂ), ਫੀਸ ਢਾਂਚੇ, ਅਧਿਆਪਕਾਂ ਤੇ ਹੋਰ ਮਾਮਲੇ ਦੀ ਭਰਤੀ ਤੇ ਉਨ੍ਹਾਂ ਦੇ ਤਨਖਾਹ ਢਾਂਚੇ ਆਦਿ ਵਿਚ ਕੋਈ ਦਖਲ ਨਹੀਂ ਹੋਵੇਗਾ। ਕਿਸੇ ਵੀ ਭਾਰਤੀ ਸੰਸਥਾ ਵਲੋਂ ਇਨ੍ਹਾਂ ਯੂਨੀਵਰਸਿਟੀਆਂ ਦੀ ਕਿਸੇ ਪੱਖੋਂ ਵੀ ਕੋਈ ਨਿਗਰਾਨੀ, ਮਾਨਤਾ ਜਾਂ ਨਜ਼ਰਸਾਨੀ ਨਹੀਂ ਹੋਵੇਗੀ। ਇਸ ਦਾ ਅਰਥ ਹੈ ਕਿ ਵਿਦੇਸ਼ੀ ਸੰਸਥਾਵਾਂ ਕਿਸੇ ਵੀ ਭਾਰਤੀ ਸੰਸਥਾ ਅੱਗੇ ਜੁਆਬਦੇਹ ਨਹੀਂ ਹੋਣਗੀਆਂ।

ਬਿੱਲ ਦਾ ਅਸਲ ਮਕਸਦ "ਵਿਦੇਸ਼ੀ ਸਿੱਖਿਆ ਸੰਸਥਾਵਾਂ ਦੇ ਦਾਖਲੇ ਤੇ ਸੰਚਾਲਨ ਨੂੰ ਨਿਯਮਬੱਧ ਕਰਨ" ਦੇ ਐਲਾਨੇ ਉਦੇਸ਼ ਦੀ ਬਜਾਇ ਭਾਰਤ ਅੰਦਰ ਵਿਦੇਸ਼ੀ ਸਿੱਖਿਆ ਸੰਸਥਾਵਾਂ ਦੇ ਦਾਖਲੇ ਨੂੰ ਸੌਖਾ ਰਾਹ ਮੁਹੱਈਆ ਕਰਵਾਉਣਾ ਹੈ ਅਤੇ ਉਚੇਰੀ ਸਿੱਖਿਆ ਦੇ ਨਿੱਜੀਕਰਨ ਤੇ ਵਪਾਰੀਕਰਨ ਕਰਨ ਸਬੰਧੀ ਭਾਰਤੀ ਹਾਕਮਾਂ ਵਲੋਂ ਗੈਟ ਸਮਝੌਤੇ ਦੇ ਚੌਖਟੇ ਅੰਦਰ ਵਿਸ਼ਵ ਵਪਾਰ ਸੰਸਥਾ ਨਾਲ ਕੀਤੇ ਇਕਰਾਰਨਾਮੇ ਨੂੰ ਲਾਗੂ ਕਰਨ ਦੇ ਅਮਲ ਨੂੰ ਰੈਲਾ ਕਰਨਾ ਹੈ ਜਿਹੜਾ ਮਸਲਾ ਕਈ ਵਰ੍ਹਿਆਂ ਤੋਂ ਲਮਕਦਾ ਆ ਰਿਹਾ ਸੀ। ਇਸ ਨਾਲ ਪਹਿਲਾਂ ਹੀ ਗਰੀਬ ਤੇ ਮੱਧਵਰਗੀ ਤਬਕਿਆਂ ਦੇ ਵਿਦਿਆਰਥੀਆਂ ਦੀ ਪਹੁੰਚ ਤੋਂ ਬਾਹਰ ਹੋਈ ਉਚੇਰੀ ਸਿੱਖਿਆ, ਉਨ੍ਹਾਂ ਲਈ ਮੂਲੋਂ ਹੀ ਓਪਰੀ ਹੋ ਜਾਵੇਗੀ।

ਇਸ ਬਿੱਲ ਵਿਚ ਦਰਜ ਧਾਰਾ ਮੁਤਾਬਕ ਜੇ ਕੋਈ ਵਿਦੇਸ਼ੀ ਸੰਸਥਾ ਅੱਧ ਵਿਚਕਾਰ ਹੀ ਆਪਣਾ ਧੰਦਾ ਬੰਦ ਕਰਕੇ ਦੌੜ ਜਾਂਦੀ ਹੈ ਤਾਂ ਸਰਕਾਰ ਦੇ ਹੱਥ ਉਸ ਸੰਸਥਾ ਵਲੋਂ ਜ਼ਮਾਨਤ ਵਜੋਂ ਜਮ੍ਹਾਂ ਕਰਵਾਏ ਗਏ 50 ਕਰੋੜ ਰੁਪਏ ਜ਼ਬਤ ਕਰਨ ਤੋਂ ਬਿਨਾਂ ਹੋਰ ਕੋਈ ਹਥਿਆਰ ਨਹੀਂ ਹੈ। ਭਾਵੇਂ ਬਿੱਲ ਵਿਚ ਇਹ ਕਿਹਾ ਗਿਆ ਹੈ ਕਿ ਇਸ ਹਾਲਤ ਵਿਚ ਸਰਕਾਰ ਉਸ ਸੰਸਥਾ ਵਿਚ ਪੜ੍ਹ ਰਹੇ ਵਿਦਿਆਰਥੀਆਂ ਦਾ ਕੋਈ ਬਦਲਵਾਂ ਪ੍ਰਬੰਧ ਕਰੇਗੀ ਪਰ ਸਾਡੇ ਮੁਲਕ ਦੀਆਂ ਸਰਕਾਰਾਂ ਦੀ ਚਲ ਰਹੀ ਦਸ਼ਾ ਤੇ ਦਿਸ਼ਾ ਨੂੰ ਦੇਖਦਿਆਂ ਇਹ ਭਰੋਸਾ ਨਹੀਂ ਕੀਤਾ ਜਾ ਸਕਦਾ।

ਸਾਡੇ ਮੁਲਕ ਅੰਦਰਲੇ ਸਿੱਖਿਆ ਖੇਤਰ ਵਿਚ ਪੂੰਜੀ ਨਿਵੇਸ਼ ਕਰਨ ਵਾਲੇ ਪ੍ਰਾਈਵੇਟ ਕਾਰਪੋਰੇਟ ਖੇਤਰ ਵਲੋਂ ਇਸ ਬਿੱਲ ਦਾ ਭਰਪੂਰ ਸੁਆਗਤ ਕੀਤਾ ਜਾ ਰਿਹਾ ਹੈ। ਕਿਉਂਕਿ ਉਨ੍ਹਾਂ ਨੂੰ ਉਮੀਦ ਹੈ ਕਿ ਵਿਦੇਸ਼ੀ ਸੰਸਥਾਵਾਂ ਨਾਲ ਮੁਕਾਬਲੇ ਵਿਚ ਬਰਾਬਰ ਖੜ੍ਹੇ ਕਰਨ ਲਈ ਸਰਕਾਰ ਨੂੰ ਉਨ੍ਹਾਂ ਲਈ ਵੀ ਵਿਦੇਸ਼ੀ ਸੰਸਥਾਵਾਂ ਵਰਗੀਆਂ ਸਹੂਲਤਾਂ ਤੋਂ ਛੋਟਾਂ ਮੁਹੱਈਆ ਕਰਨੀਆਂ ਪੈਣੀਆਂ ਹਨ। ਦੂਜਾ, ਉਨ੍ਹਾਂ ਨੂੰ ਇਹ ਵੀ ਜਾਪਦਾ ਹੈ ਕਿ ਉਨ੍ਹਾਂ ਲਈ ਵਿਦੇਸ਼ੀ ਸੰਸਥਾਵਾਂ ਨਾਲ ਮਿਲ ਕੇ ਸਰਕਾਰ ਅਧੀਨ ਚਲ ਰਹੀ ਉਚੇਰੀ ਸਿੱਖਿਆ ਨੂੰ ਖੂੰਜੇ ਲਾਉਣ ਦਾ ਹੋਰ ਵਧੇਰੇ ਮੌਕਾ ਮਿਲ ਜਾਵੇਗਾ ਜਿਸ ਤਰ੍ਹਾਂ ਤਕਨੀਕੀ ਤੇ ਪੇਸ਼ੇਵਾਰਾਨਾ ਸਿੱਖਿਆ ਦੇ ਮਾਮਲੇ ਵਿਚ ਮੁਲਕ ਭਰ ਅੰਦਰ ਇਹ ਪਹਿਲਾਂ ਹੀ ਹੋ ਰਿਹਾ ਹੈ।

ਤੀਜਾ, ਵਿਦੇਸ਼ੀ ਸੰਸਥਾਵਾਂ ਨਾਲ ਸਾਂਝ ਭਿਆਲੀ ਦਾ ਫੱਟਾ ਲਾ ਕੇ ਦੇਸੀ ਪ੍ਰਾਈਵੇਟ ਕਾਰਪੋਰੇਟ ਸੈਕਟਰ ਲਈ ਇਹ ਧੰਦਾ ਹੋਰ ਵਧੇਰੇ ਲਾਹੇਵੰਦਾ ਜਾਪਦਾ ਹੈ। ਅਸਲ ਵਿਚ ਇਹ ਬਿੱਲ ਸਿੱਖਿਆ ਨੂੰ ਇਕ ਵਪਾਰਕ ਜਿਣਸ ਵਜੋਂ ਹੀ ਦੇਖਦਾ ਹੈ ਜਿਸ ਦੇ ਸਮਾਜ ਲਈ ਮਾਰੂ ਸਿੱਟੇ ਨਿਕਲਣੇ ਲਾਜ਼ਮੀ ਹਨ।

# ਸੰਸਦ ਮੈਂਬਰਾਂ ਨੂੰ ਤਾਂ ਆਪਣੇ ਤਨਖਾਹ-ਭੱਤੇ ਵਧਾਉਣ ਨਾਲ ਮਤਲਬ

**ਪੂਨਮ ਆਈ. ਕੌਸ਼ਿਸ਼**

ਇਹ ਭਾਰਤੀ ਲੋਕਤੰਤਰ ਦਾ ਸਰਵਉਚ ਮੰਦਰ ਪਾਰਲੀਮੈਂਟ ਹੈ, ਜੋ ਸਾਡੇ ਮਾਣਯੋਗ ਸੰਸਦ ਮੈਂਬਰਾਂ ਵਲੋਂ ਸਮੂਹਿਕ ਤੌਰ 'ਤੇ ਇਸ ਦੀ ਤੌਹੀਨ ਕਰਨ ਲਈ ਮੁੜ ਇਕ ਅਖਾੜਾ ਬਣ ਗਈ ਹੈ। ਪਿਛਲੇ ਦਿਨੀਂ ਇਕ ਹੋਰ ਸੰਸਦੀ ਥੰਮ੍ਹ ਢਹਿ ਗਿਆ, ਜਦੋਂ ਸੰਸਦ ਮੈਂਬਰਾਂ ਦੇ ਤਨਖਾਹ-ਭੱਤਿਆਂ 'ਚ ਵਾਧੇ ਦੇ ਮੁੱਦੇ 'ਤੇ ਵਾਰ-ਵਾਰ ਸਦਨ ਦੀ ਕਾਰਵਾਈ ਮੁਲਤਵੀ ਕਰਨ ਪਿੱਛੋਂ ਲਗਭਗ 75 ਸੰਸਦ ਮੈਂਬਰਾਂ ਨੇ 'ਮੌਕ ਸੈਸ਼ਨ' ਆਯੋਜਿਤ ਕੀਤਾ। ਸੰਸਦ ਮੈਂਬਰਾਂ ਦੀ ਤਨਖਾਹ 16 ਹਜ਼ਾਰ ਰੁਪਏ ਤੋਂ ਵਧਾ ਕੇ 50 ਹਜ਼ਾਰ ਰੁਪਏ ਕਰਨ ਦੀ ਤਜਵੀਜ਼ ਰੱਖੀ ਗਈ ਪਰ ਉਹ ਇਸ ਤੋਂ ਸੰਤੁਸ਼ਟ ਨਹੀਂ ਹੋਏ। ਉਹ ਇਸ ਵਿਚ 500 ਫੀਸਦੀ ਵਾਧਾ ਚਾਹੁੰਦੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਭਾਰਤ ਸਰਕਾਰ ਦੇ ਸਕੱਤਰ ਨਾਲੋਂ ਇਕ ਰੁਪਿਆ ਜ਼ਿਆਦਾ ਭਾਵ 80,001 ਰੁਪਏ ਤਨਖਾਹ ਦਿੱਤੀ ਜਾਣੀ ਚਾਹੀਦੀ ਹੈ ਕਿਉਂਕਿ ਰੈਂਕ ਮੁਤਾਬਿਕ ਸਕੱਤਰ 23ਵੇਂ ਨੰਬਰ 'ਤੇ ਹੈ, ਜਦਕਿ ਸੰਸਦ ਮੈਂਬਰ 21ਵੇਂ ਨੰਬਰ 'ਤੇ।

ਇਸ 'ਮੌਕ ਸੈਸ਼ਨ' 'ਚ ਇਕ ਹੋਰ ਬੇਮਿਸਾਲ ਕਦਮ ਚੁੱਕਦਿਆਂ ਰਾਜਦ ਦੇ ਲਾਲੂ ਤੇ ਸਪਾ ਦੇ ਮੁਲਾਇਮ ਸਿੰਘ ਨੇ ਖੁਦ ਨੂੰ ਪ੍ਰਧਾਨ ਮੰਤਰੀ ਚੁਣਿਆ ਤੇ ਭਾਜਪਾ ਦੇ ਗੋਪੀਨਾਥ ਮੁੰਡੇ ਨੂੰ ਸਪੀਕਰ ਅਤੇ ਇਕ ਹੋਰ ਸੰਸਦ ਮੈਂਬਰ ਨੂੰ ਵਿਰੋਧੀ ਧਿਰ ਦਾ ਨੇਤਾ ਚੁਣਿਆ ਗਿਆ। ਇਹ ਸਭ ਕੁਝ ਘੰਟੇ ਤੋਂ ਜ਼ਿਆਦਾ ਸਮੇਂ ਤੱਕ ਚੱਲਿਆ। 'ਪ੍ਰਧਾਨ ਮੰਤਰੀ' ਲਾਲੂ ਯਾਦਵ ਦਾ ਪਹਿਲਾ ਕਦਮ ਮਨਮੋਹਨ ਸਿੰਘ ਅਤੇ ਉਨ੍ਹਾਂ ਦੀ ਸਰਕਾਰ ਨੂੰ ਲੋਕ ਵਿਰੋਧੀ ਹੋਣ ਕਰਕੇ ਬਰਖਾਸਤ ਕਰਨਾ ਸੀ। ਲਾਲੂ ਨੇ ਕਿਹਾ, "ਮੈਂ ਸਦਨ ਦੇ ਵਿਚਾਰ ਸੁਣੇ ਤੇ ਜਨਤਾ ਦੀ ਸਰਕਾਰ ਅੱਜ ਪਾਸ ਹੋਏ ਸਾਰੇ ਬਿੱਲਾਂ ਨੂੰ ਰੱਦ ਕਰਦੀ ਹੈ।"

ਇਨ੍ਹਾਂ ਸੰਸਦ ਮੈਂਬਰਾਂ ਦੇ ਚਿਹਰਿਆਂ 'ਤੇ ਅਗਲੇ ਦਿਨ ਪਛਤਾਵੇ ਦੀ ਕੋਈ ਭਾਵਨਾ ਨਹੀਂ ਸੀ। ਤਨਖਾਹਾਂ ਵਿਚ ਵਾਧੇ ਦਾ ਮੁੱਦਾ ਮੁੜ ਉਠਾਇਆ ਗਿਆ ਤੇ ਵਿੱਤ ਮੰਤਰੀ ਪ੍ਰਣਬ ਮੁਖਰਜੀ ਵਲੋਂ ਇਸ ਮਾਮਲੇ 'ਤੇ ਮੁੜ ਵਿਚਾਰ ਕਰਨ ਦੇ ਭਰੋਸੇ ਤੋਂ ਬਾਅਦ ਇਹ ਮੁੱਦਾ ਸੁਲਝਿਆ। ਹੁਣ ਹਰੇਕ ਸੰਸਦ ਮੈਂਬਰ ਦੇ ਤਨਖਾਹ-ਭੱਤੇ 56 ਹਜ਼ਾਰ ਰੁਪਏ ਪ੍ਰਤੀ ਮਹੀਨੇ ਤੋਂ ਵਧ ਕੇ 1.30 ਲੱਖ ਰੁਪਏ ਹੋ ਜਾਣਗੇ।

ਸੰਸਦ ਮੈਂਬਰਾਂ ਦੀ ਮੂਲ ਤਨਖਾਹ ਹੁਣ 16 ਹਜ਼ਾਰ ਰੁਪਏ ਤੋਂ ਵਧਾ ਕੇ 50 ਹਜ਼ਾਰ ਰੁਪਏ, ਦਫਤਰੀ ਭੱਤਾ 20 ਹਜ਼ਾਰ ਤੋਂ ਵਧਾ ਕੇ 40 ਹਜ਼ਾਰ ਰੁਪਏ ਅਤੇ ਚੋਣ ਹਲਕਾ ਭੱਤਾ 20,000 ਤੋਂ ਵਧਾ ਕੇ 40,000 ਰੁਪਏ ਤੇ ਰੋਜ਼ਾਨਾ ਭੱਤਾ 1000 ਰੁਪਏ ਤੋਂ ਵਧਾ ਕੇ 2000 ਰੁਪਏ ਕਰ ਦਿੱਤੇ ਹਨ। ਪੈਨਸ਼ਨ ਵੀ 8000 ਰੁਪਏ ਤੋਂ ਵਧਾ ਕੇ 20,000 ਰੁਪਏ ਕਰ ਦਿੱਤੀ ਗਈ ਹੈ। ਇਸ ਤੋਂ ਇਲਾਵਾ ਸੰਸਦ ਮੈਂਬਰ ਨੂੰ ਸਾਲ ਵਿਚ ਮੁਫਤ ਹਵਾਈ ਸਫਰ, ਆਪਣੀ ਪਤਨੀ ਜਾਂ ਸਾਥੀ ਨਾਲ ਫਸਟ ਕਲਾਸ 'ਚ ਰੇਲ ਸਫਰ ਦੀ ਸਹੂਲਤ ਵੀ ਪ੍ਰਾਪਤ ਹੈ। ਕਾਰ ਖਰੀਦਣ ਲਈ ਵਿਆਜ ਰਹਿਤ ਕਰਜ਼ੇ ਦੀ ਹੱਦ 1 ਲੱਖ ਤੋਂ ਵਧਾ ਕੇ 4 ਲੱਖ ਰੁਪਏ ਕੀਤੀ ਗਈ ਹੈ। ਸੰਸਦ ਮੈਂਬਰਾਂ ਨੂੰ ਦਿੱਲੀ 'ਚ ਮੁਫਤ ਬੰਗਲਾ ਵੀ ਰਹਿਣ ਲਈ ਮਿਲਦਾ ਹੈ। ਇਨ੍ਹਾਂ ਸਭ ਦੀ ਲਾਗਤ ਲਗਭਗ 60 ਕਰੋੜ ਰੁਪਏ ਹਰ ਸਾਲ ਬਣਦੀ ਹੈ। ਇਸ ਮੁੱਦੇ ਨਾਲ ਆਮ ਆਦਮੀ ਦੇ ਮਨ 'ਚ ਸੰਸਦ ਮੈਂਬਰਾਂ ਪ੍ਰਤੀ ਕੁੜੱਤਣ ਪੈਦਾ ਹੋਈ ਹੈ ਕਿਉਂਕਿ ਆਮ ਆਦਮੀ ਤਾਂ ਪਹਿਲਾਂ ਹੀ ਮਹਿੰਗਾਈ ਦੀ ਮਾਰ ਝੱਲ ਰਿਹਾ ਹੈ। ਉਹ ਬੇਰੁਜ਼ਗਾਰੀ ਅਤੇ ਗਰੀਬੀ ਦੀ ਮਾਰ ਝੱਲ ਰਿਹਾ ਹੈ ਤੇ ਦੂਜੇ ਪਾਸੇ ਸੰਸਦ 'ਚ ਗੈਰਹਾਜ਼ਰ ਰਹਿਣ ਵਾਲੇ ਸੰਸਦ ਮੈਂਬਰ ਆਪਣੇ ਤਨਖਾਹ-ਭੱਤਿਆਂ ਵਿਚ ਵਾਧੇ ਲਈ ਪੂਰਾ ਜ਼ੋਰ ਲਗਾ ਰਹੇ ਹਨ।

ਇਸ ਤੱਥ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਸੰਸਦ ਮੈਂਬਰ ਦੀਆਂ ਜ਼ਿੰਮੇਵਾਰੀਆਂ ਬਹੁਤ ਹਨ। ਪਾਰਲੀਮੈਂਟ ਸੈਸ਼ਨ ਤੇ ਆਪਣੇ ਚੋਣ ਹਲਕੇ ਵਿਚ ਉਨ੍ਹਾਂ ਦਾ ਪ੍ਰੋਗਰਾਮ ਰੁਝੇਵੇਂ ਵਾਲਾ ਹੁੰਦਾ ਹੈ, ਨਾਲ ਹੀ ਜਿੱਥੇ ਕਿਤੇ ਵੀ ਕੋਈ ਗੰਭੀਰ ਸਥਿਤੀ ਪੈਦਾ ਹੁੰਦੀ ਹੈ, ਉਨ੍ਹਾਂ ਨੂੰ ਉਥੇ ਜਾਣਾ ਪੈਂਦਾ ਹੈ ਪਰ ਸਵਾਲ ਉਠਦਾ ਹੈ ਕਿ ਕੀ ਉਹ ਇਸ ਵਾਧੇ ਦੇ ਹੱਕਦਾਰ ਹਨ? ਕੀ ਉਹ ਆਪਣੇ ਫਰਜ਼ਾਂ ਨੂੰ ਇਮਾਨਦਾਰੀ ਨਾਲ ਨਿਭਾਉਂਦੇ ਹਨ? ਬਿਲਕੁਲ ਨਹੀਂ। ਹੈਰਾਨੀ ਦੀ ਗੱਲ ਇਹ ਹੈ ਕਿ 543 ਮੈਂਬਰੀ ਲੋਕ ਸਭਾ ਦੇ ਲਗਭਗ 315 ਮੈਂਬਰ ਕਰੋੜਪਤੀ ਹਨ, ਭਾਵ ਉਨ੍ਹਾਂ ਦੀਆਂ ਜਾਇਦਾਦਾਂ 1,00,00,000 ਰੁਪਏ ਤੋਂ ਜ਼ਿਆਦਾ ਹਨ ਅਤੇ ਸਭ ਤੋਂ ਅਮੀਰ ਸੰਸਦ ਮੈਂਬਰ ਦੀ ਜਾਇਦਾਦ 800 ਕਰੋੜ ਰੁਪਏ ਤੋਂ ਜ਼ਿਆਦਾ ਹੈ। ਰਾਜ ਸਭਾ ਬਾਰੇ ਘੱਟ ਹੀ ਕਿਹਾ ਜਾਵੇ ਤਾਂ ਚੰਗਾ ਹੈ, ਜੋ ਅੱਜ ਧਨਾਢਾਂ ਦਾ ਸਦਨ ਬਣ ਗਈ ਹੈ। ਰਾਜ ਸਭਾ ਦੀ ਮੈਂਬਰੀ 10-15 ਕਰੋੜ ਰੁਪਏ ਲੈ ਕੇ ਖਰੀਦੀ ਜਾ ਸਕਦੀ ਹੈ। ਯੂ.ਪੀ.ਏ. ਸਰਕਾਰ ਦੀ ਅਗਵਾਈ ਕਰ ਰਹੀ ਕਾਂਗਰਸ ਦੇ 137 ਸੰਸਦ ਮੈਂਬਰ ਕਰੋੜਪਤੀ ਹਨ।

ਸਾਡੇ ਸੰਸਦ ਮੈਂਬਰ ਕਹਿੰਦੇ ਹਨ ਕਿ ਉਨ੍ਹਾਂ ਨੂੰ ਦੁਨੀਆਂ ਦੇ ਬਾਕੀ ਦੇਸ਼ਾਂ ਦੇ ਸੰਸਦ ਮੈਂਬਰਾਂ ਦੇ ਮੁਕਾਬਲੇ ਸਭ ਤੋਂ ਘੱਟ ਤਨਖਾਹ ਮਿਲਦੀ ਹੈ ਪਰ ਇਹ ਗੱਲ ਸੱਚਾਈ ਤੋਂ ਪਰ੍ਹੇ ਹੈ। ਇਕ ਸੰਸਦ ਮੈਂਬਰ 'ਤੇ ਦੇਸ਼ ਜਿੰਨਾ ਖਰਚ ਕਰਦਾ ਹੈ, ਉਸਦਾ ਹਿਸਾਬ ਲਗਾਇਆ ਜਾਵੇ ਤਾਂ ਇਹ ਬਾਕੀ ਦੇਸ਼ਾਂ ਦੇ ਸੰਸਦ ਮੈਂਬਰਾਂ 'ਤੇ ਹੋਣ ਵਾਲੇ ਖਰਚ ਨਾਲੋਂ ਜ਼ਿਆਦਾ ਹੈ। ਭਾਰਤ ਵਿਚ ਇਕ ਸੰਸਦ ਮੈਂਬਰ 'ਤੇ 2.2 ਲੱਖ ਰੁਪਏ ਹਰ ਮਹੀਨੇ ਖਰਚ ਹੁੰਦੇ ਹਨ, ਜਦਕਿ ਸਿੰਗਾਪੁਰ 'ਚ 2.1 ਲੱਖ ਅਤੇ ਜਪਾਨ 'ਚ 1.9 ਲੱਖ ਰੁਪਏ।

ਪ੍ਰਤੀ ਵਿਅਕਤੀ ਆਮਦਨ ਦੇ ਨਜ਼ਰੀਏ ਤੋਂ




ਦੇਖੀਏ ਤਾਂ ਇਕ ਸੰਸਦ ਮੈਂਬਰ ਦਾ ਖਰਚਾ ਇਕ ਔਸਤ ਭਾਰਤੀ ਦੀ 3176 ਡਾਲਰ ਆਮਦਨ ਨਾਲੋਂ 68 ਗੁਣਾ ਜ਼ਿਆਦਾ ਹੈ, ਜਦਕਿ ਅਮਰੀਕਾ ਵਿਚ ਇਹ 37 ਗੁਣਾ ਹੈ। ਕੀ ਭਾਰਤ ਵਰਗੇ ਗਰੀਬ ਦੇਸ਼ ਦੇ ਸੰਸਦ ਮੈਂਬਰਾਂ ਨੂੰ ਇੰਨੇ ਜ਼ਿਆਦਾ ਤਨਖਾਹ-ਭੱਤੇ ਦੇਣਾ ਠੀਕ ਹੈ? ਨਾਲ ਹੀ ਜ਼ਰੂਰੀ ਪ੍ਰਾਜੈਕਟਾਂ ਲਈ ਧਨ ਦੀ ਕਮੀ ਦੇ ਚਲਦਿਆਂ ਟੈਕਸ ਦੇਣ ਵਾਲਿਆਂ ਦੇ ਪੈਸੇ 'ਚੋਂ ਕੀ ਸੰਸਦ ਮੈਂਬਰਾਂ ਦੇ ਤਨਖਾਹ-ਭੱਤਿਆਂ 'ਚ ਇਹ ਵਾਧਾ ਜਾਇਜ਼ ਹੈ।

ਬਿਨਾਂ ਸ਼ੱਕ ਇਹ ਵਾਧਾ ਗੈਰ-ਜ਼ਰੂਰੀ ਹੈ ਤੇ ਇਹ ਗਰੀਬ ਲੋਕਾਂ ਪ੍ਰਤੀ ਸੰਸਦ ਮੈਂਬਰਾਂ ਦੀ ਸੰਵੇਦਨਹੀਣਤਾ ਨੂੰ ਦਰਸਾਉਂਦਾ ਹੈ। ਪਾਰਲੀਮੈਂਟ ਦੇ ਸੈਸ਼ਨਾਂ ਦੌਰਾਨ ਸੰਸਦ ਮੈਂਬਰਾਂ ਦੀ ਗੈਰਹਾਜ਼ਰੀ ਵਧਦੀ ਜਾ ਰਹੀ ਹੈ। ਸਦਨਾਂ ਦੀਆਂ ਬੈਠਕਾਂ ਦੀ ਗਿਣਤੀ ਘਟਦੀ ਜਾ ਰਹੀ ਹੈ। ਰੁਕਾਵਟਾਂ ਕਾਰਨ ਅਕਸਰ ਸਦਨ ਦੀ ਕਾਰਵਾਈ ਮੁਲਤਵੀ ਕਰਨੀ ਪੈਂਦੀ ਹੈ ਤੇ ਸੰਸਦ ਵਿਚ ਸ਼ਬਦੀ ਜੰਗ ਕਾਰਨ ਟੈਕਸ ਦੇਣ ਵਾਲਿਆਂ ਦੀ ਮਿਹਨਤ ਦੀ ਕਮਾਈ ਜਾਇਆ ਹੁੰਦੀ ਹੈ।

ਸੈਂਟਰ ਫਾਰ ਪਾਲਿਸੀ ਰਿਸਰਚ ਨੇ 15ਵੀਂ ਲੋਕ ਸਭਾ ਦੇ ਪਿਛਲੇ ਸਰਦ ਰੁੱਤ ਸੈਸ਼ਨ ਦਾ ਵਿਸ਼ਲੇਸ਼ਣ ਕਰਕੇ ਦੇਖਿਆ ਕਿ ਇਸ ਵਿਚ 48 ਫੀਸਦੀ ਸੰਸਦ ਮੈਂਬਰਾਂ ਨੇ ਕਿਸੇ ਵੀ ਬਹਿਸ 'ਚ ਹਿੱਸਾ ਨਹੀਂ ਲਿਆ। 106 ਘੰਟਿਆਂ 'ਚੋਂ 76 ਫੀਸਦੀ ਨਿਰਧਾਰਿਤ ਘੰਟਿਆਂ 'ਚ ਵੀ ਵਾਰ-ਵਾਰ ਵਿਘਨ ਪੈਂਦਾ ਰਿਹਾ। ਲੋਕ ਸਭਾ ਵਿਚ ਸੰਸਦ ਮੈਂਬਰਾਂ ਦੀ ਔਸਤ ਹਾਜ਼ਰੀ 66 ਫੀਸਦੀ ਅਤੇ ਰਾਜ ਸਭਾ ਵਿਚ 68 ਫੀਸਦੀ ਸੀ। ਇਸ ਸੈਸ਼ਨ ਦੌਰਾਨ ਲਗਭਗ 14,207 ਵਾਰ ਵਿਘਨ ਪਿਆ ਤੇ 102 ਵਾਰ ਸਦਨ ਦੀ ਕਾਰਵਾਈ ਮੁਲਤਵੀ ਕਰਨੀ ਪਈ। ਸੰਸਦ ਦੀ ਕਾਰਵਾਈ ਚਲਾਉਣ ਲਈ ਪ੍ਰਤੀ ਮਿੰਟ ਲਾਗਤ 26035 ਰੁਪਏ ਹੈ। ਲੋਕ ਸਭਾ 'ਚ ਸਿਰਫ 7 ਮੈਂਬਰਾਂ ਦੀ ਹਾਜ਼ਰੀ 100 ਫੀਸਦੀ ਸੀ। ਦੇਸ਼ ਦੀ ਸਥਿਤੀ ਅਤੇ ਦਿਸ਼ਾ ਲਈ ਅਹਿਮ ਵਾਦ-ਵਿਵਾਦਾਂ 'ਚ ਸਿਰਫ 77 ਫੀਸਦੀ ਮੈਂਬਰਾਂ ਨੇ ਦਿਲਚਸਪੀ ਲਈ ਅਤੇ 50 ਫੀਸਦੀ ਨੇ ਇਸ ਵਿਚ ਹਿੱਸਾ ਨਹੀਂ ਲਿਆ। 93 ਫੀਸਦੀ ਮੈਂਬਰਾਂ ਨੇ ਗੈਰਸਰਕਾਰੀ ਬਿੱਲ ਵਰਗੇ ਤਾਕਤਵਰ ਸਾਧਨ 'ਚ ਕੋਈ ਦਿਲਚਸਪੀ ਨਹੀਂ ਦਿਖਾਈ। ਸੰਸਦ ਦੇ ਚਾਲੂ ਮਾਨਸੂਨ ਸੈਸ਼ਨ 'ਚ ਵੀ 26 ਜੁਲਾਈ ਨੂੰ ਇਸ ਦੇ ਸ਼ੁਰੂ ਹੋਣ ਵਾਲੇ ਦਿਨ ਤੋਂ ਹੀ ਰੋਜ਼ਾਨਾ ਵਿਘਨ ਪੈ ਰਿਹਾ ਹੈ। ਇਸ ਲਈ ਸੰਸਦ ਮੈਂਬਰਾਂ ਨੂੰ ਸਵੈ-ਪੜਚੋਲ ਕਰਨੀ ਪਵੇਗੀ। ਕੀ ਉਹ ਜਨਤਾ ਦੇ ਹਿੱਤਾਂ ਪ੍ਰਤੀ ਸੰਵੇਦਨਸ਼ੀਲ ਹਨ ਜਾਂ ਸਿਰਫ ਆਪਣੇ ਵੱਕਾਰ ਤੇ ਆਪਣੇ ਕਾਰਜਕਾਲ ਪ੍ਰਤੀ ਹੀ ਚਿੰਤਤ ਹਨ? ਹੁਣ ਅਗਾਂਹ ਸਾਨੂੰ ਕਿਹੋ ਜਿਹਾ ਸ਼ਾਸਨ ਦੇਖਣਾ ਪਵੇਗਾ? ਸਮਾਂ ਆ ਗਿਆ ਹੈ ਕਿ ਸਾਡੇ ਸੰਸਦ ਮੈਂਬਰ ਇਸ ਗੱਲ ਨੂੰ ਸਮਝਣ ਕਿ ਉਨ੍ਹਾਂ ਨੂੰ ਮਿਲ ਰਹੇ ਤਨਖਾਹ-ਭੱਤਿਆਂ 'ਚ ਵਾਧੇ ਦੇ ਨਾਲ-ਨਾਲ ਉਨ੍ਹਾਂ ਦੀ ਜੁਆਬਦੇਹੀ 'ਚ ਵੀ ਵਾਧਾ ਹੋਣਾ ਚਾਹੀਦਾ ਹੈ ਤੇ ਇਹ ਉਨ੍ਹਾਂ ਦੀ ਕਾਰਗੁਜ਼ਾਰੀ ਦੇ ਮੁਲੰਕਣ ਤੋਂ ਬਾਅਦ ਹੀ ਕੀਤਾ ਜਾਣਾ ਚਾਹੀਦਾ ਹੈ। ਇਸਦੇ ਲਈ ਇਕ ਸਾਲਾਨਾ ਮੁਲੰਕਣ ਪ੍ਰਣਾਲੀ ਬਣਾਈ ਜਾਣੀ ਚਾਹੀਦੀ ਹੈ, ਜਿਸ ਦੇ ਆਧਾਰ 'ਤੇ ਹਰੇਕ ਸੰਸਦ ਮੈਂਬਰ ਨੂੰ ਇਕ ਵਿਕਾਸ ਪੱਤਰ ਦਿੱਤਾ ਜਾਵੇ ਕਿ ਹਾਜ਼ਰੀ, ਸਵਾਲ ਪੁੱਛਣ, ਬਹਿਸ 'ਚ ਹਿੱਸਾ ਲੈਣ ਆਦਿ ਬਾਰੇ ਉਸ ਦੀ ਕਾਰਗੁਜ਼ਾਰੀ ਕਿਹੋ ਜਿਹੀ ਰਹੀ।

ਸੰਸਦ 'ਚ ਮੈਂਬਰਾਂ ਦੀ ਹਾਜ਼ਰੀ ਤੋਂ ਇਲਾਵਾ ਸਾਡੇ ਲੋਕ ਸੇਵਕਾਂ ਨੂੰ ਆਪਣੀਆਂ ਜ਼ਿੰਮੇਵਾਰੀਆਂ ਜ਼ਿਆਦਾ ਇਮਾਨਦਾਰੀ ਅਤੇ ਸਨਮਾਨਜਨਕ ਢੰਗ ਨਾਲ ਨਿਭਾਉਣੀਆਂ ਚਾਹੀਦੀਆਂ ਹਨ। ਹੋਰਨਾਂ ਦਫਤਰਾਂ ਵਾਂਗ ਸੰਸਦ ਮੈਂਬਰਾਂ ਲਈ ਵੀ ਇਹ ਵਿਵਸਥਾ ਕੀਤੀ ਜਾਣੀ ਚਾਹੀਦੀ ਹੈ ਕਿ ਉਨ੍ਹਾਂ ਨੂੰ ਘੱਟੋ-ਘੱਟ ਇਕ ਮਿੱਥੇ ਸਮੇਂ ਤਕ ਸਦਨ ਵਿਚ ਰਹਿਣਾ ਪਵੇਗਾ। ਇਸ ਨੂੰ ਲਾਗੂ ਕਰਨ ਲਈ ਸੰਸਦ ਮੈਂਬਰਾਂ ਨੂੰ ਕਿਹਾ ਜਾਵੇ ਕਿ ਉਹ ਆਪਣੇ ਆਉਣ ਤੇ ਜਾਣ ਦਾ ਸਮਾਂ ਹਾਜ਼ਰੀ ਰਜਿਸਟਰ ਵਿਚ ਦਰਜ ਕਰਕੇ ਹਾਜ਼ਰੀ ਲਗਾਉਣ। ਜੇ ਇਹ ਫਾਰਮੂਲਾ ਵੀ ਸਫਲ ਨਾ ਰਿਹਾ ਤਾਂ ਉਨ੍ਹਾਂ ਨੂੰ ਹਰ 2 ਘੰਟਿਆਂ ਬਾਅਦ ਦਸਤਖਤ ਕਰਨ ਲਈ ਕਿਹਾ ਜਾਵੇ। ਜੇ ਕੋਈ ਸੰਸਦ ਮੈਂਬਰ ਕਾਰਵਾਈ 'ਚ ਵਿਘਨ ਪਾਉਂਦਾ ਹੈ ਤਾਂ ਉਸਨੂੰ ਉਸ ਦਿਨ ਦਾ ਭੱਤਾ ਨਾ ਦਿੱਤਾ ਜਾਵੇ ਤੇ ਨੁਕਸਾਨ ਦੀ ਪੂਰਤੀ ਉਸਦੀ ਤਨਖਾਹ 'ਚੋਂ ਕੀਤੀ ਜਾਵੇ। ਸੰਸਦ ਮੈਂਬਰਾਂ ਦੇ ਮਾਮਲੇ 'ਚ ਵੀ 'ਕੰਮ ਨਹੀਂ ਤਾਂ ਤਨਖਾਹ ਨਹੀਂ' ਵਾਲਾ ਸਿਧਾਂਤ ਅਪਨਾਇਆ ਜਾਣਾ ਚਾਹੀਦਾ ਹੈ ਤੇ ਸੰਸਦ ਮੈਂਬਰਾਂ ਨੂੰ ਵਾਪਿਸ ਸੱਦੇ ਜਾਣ ਦਾ ਬਦਲ ਵੀ ਰੱਖਿਆ ਜਾਣਾ ਚਾਹੀਦਾ ਹੈ।

ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਸਾਡੇ ਸੰਸਦ ਮੈਂਬਰਾਂ ਨੂੰ ਸਮਝਣਾ ਪਵੇਗਾ ਕਿ ਤਨਖਾਹ ਵਿਚ ਵਾਧੇ ਦੀ ਮੰਗ ਕਰਨ ਤੋਂ ਪਹਿਲਾਂ ਉਨ੍ਹਾਂ ਨੂੰ ਇਸਦੇ ਹੱਕਦਾਰ ਬਣਨਾ ਚਾਹੀਦਾ ਹੈ। ਜੇ ਸੰਸਦ ਮੈਂਬਰ ਆਪਣੇ-ਆਪ ਵਿਚ ਤਬਦੀਲੀ ਨਹੀਂ ਲਿਆਉਂਦੇ ਤਾਂ ਉਹ ਅਢੁਕਵੇਂ ਬਣ ਜਾਣਗੇ। ਹੁਣ ਉਹ ਦਿਨ ਨਹੀਂ ਰਹੇ, ਜਦੋਂ ਨੇਤਾਵਾਂ ਨੂੰ ਸਤਿਕਾਰਯੋਗ ਮੰਨਿਆ ਜਾਂਦਾ ਸੀ। ਅੱਜ ਉਨ੍ਹਾਂ ਨੂੰ ਭਾਰਤ ਦੀ ਹਰ ਸਮੱਸਿਆ ਦਾ ਪ੍ਰਤੀਕ ਮੰਨਿਆ ਜਾਂਦਾ ਹੈ?

# ਕੀ ਹੈ ਨਿਊ ਯਾਰਕ 'ਚ ਮਸਜਿਦ ਦਾ ਰੇੜਕਾ

**ਰਾਮ ਪੁਨਿਆਨੀ**

9 ਸਾਲ ਪੂਰੇ ਹੋਣ ਵਾਲੇ ਨੇ ਤਾਂ ਵੀ 11 ਸਤੰਬਰ ਦੀਆਂ ਬੁਰੀਆਂ ਯਾਦਾਂ ਅਮਰੀਕਾ ਨੂੰ ਹੀ ਨਹੀਂ, ਪੂਰੀ ਦੁਨੀਆਂ ਨੂੰ ਸਤਾਉਂਦੀਆਂ ਰਹੀਆਂ ਹਨ। ਇਸ ਘਟਨਾ ਨੇ ਦੁਨੀਆਂ ਦੀ ਰਾਜਨੀਤੀ ਦਾ ਰੁਖ ਬਦਲ ਦਿੱਤਾ। ਇਸ ਦੇ ਬਾਅਦ ਇਸਲਾਮ ਅਤੇ ਮੁਸਲਮਾਨਾਂ ਪ੍ਰਤੀ ਲੋਕਾਂ ਦੇ ਨਜ਼ਰੀਏ ਵਿਚ ਵੀ ਫਰਕ ਪਿਆ। ਹਾਲ ਹੀ ਵਿਚ ਗਰਾਊਂਡ ਜ਼ੀਰੋ (ਉਹ ਜਗ੍ਹਾ ਜਿੱਥੇ ਵਰਲਡ ਟਰੇਡ ਸੈਂਟਰ ਸੀ) ਦੇ ਨੇੜੇ ਇਕ ਇਸਲਾਮੀ ਸੱਭਿਆਚਾਰਕ ਕੇਂਦਰ ਦੇ ਨਿਰਮਾਣ ਦੇ ਫੈਸਲੇ ਤੋਂ ਬਾਅਦ ਅਮਰੀਕਾ ਵਿਚ ਇਕ ਵਰਗ ਨੇ 11 ਸਤੰਬਰ ਦੀ ਬਹਿਸ ਨੂੰ ਨਵੇਂ ਸਿਰੇ ਤੋਂ ਛੇੜ ਦਿੱਤਾ। ਇਸ ਤਰ੍ਹਾਂ ਪੇਸ਼ ਕੀਤਾ ਗਿਆ ਜਿਵੇਂ ਗਰਾਊਂਡ ਜ਼ੀਰੋ 'ਤੇ ਕੋਈ ਮਸਜਿਦ ਬਣਾਈ ਜਾ ਰਹੀ ਹੋਵੇ। ਜਿਵੇਂ ਕਿ ਇਹ ਅਮਰੀਕਾ ਦੇ ਜ਼ਖ਼ਮਾਂ 'ਤੇ ਨਮਕ ਛਿੜਕਣ ਦੀ ਕੋਸ਼ਿਸ਼ ਹੋਵੇ ਅਤੇ ਇਸ ਨਾਲ ਵਿਸ਼ਵ ਪੱਧਰੀ ਜਹਾਦ ਅਤੇ ਇਸਲਾਮੀ ਪਸਾਰਵਾਦ ਦੀ ਜਿੱਤ ਹੋ ਜਾਵੇਗੀ ਆਦਿ, ਆਦਿ। ਅਮਰੀਕਾ ਦੇ ਇਕ ਵੱਡੇ ਤਬਕੇ ਦੀ ਇਹ ਧਾਰਨਾ ਹੈ ਕਿ ਇਹ ਨਿਰਮਾਣ ਨਹੀਂ ਹੋਣਾ ਚਾਹੀਦਾ। ਰਿਪਬਲੀਕਨ ਪਾਰਟੀ ਦੀ ਨੇਤਾ ਸਾਰਾ ਪਾਲਿਨ ਦੇ ਭਾਸ਼ਣਾਂ ਤੋਂ ਵੀ ਇਹੀ ਜ਼ਾਹਰ ਹੁੰਦਾ ਹੈ। ਅਮਰੀਕੀ ਰਾਸ਼ਟਰਪਤੀ ਬਰਾਕ ਹੁਸੈਨ ਓਬਾਮਾ ਨੇ ਪਹਿਲਾਂ ਤਾਂ ਇਸ ਨਿਰਮਾਣ ਦਾ ਸਮਰਥਨ ਕੀਤਾ ਸੀ ਪਰ ਜਦ ਸਾਰਾ ਪਾਲਿਨ ਤੇ ਹੋਰ ਲੋਕਾਂ ਦੁਆਰਾ ਉਨ੍ਹਾਂ ਨੂੰ ਲੰਮੇ ਹੱਥੀਂ ਲਿਆ ਜਾਣ ਲੱਗਾ ਤਾਂ ਉਹ ਮੁੱਕਰ ਗਏ। ਬਾਅਦ ਵਿਚ ਉਨ੍ਹਾਂ ਨੇ ਏਨਾ ਹੀ ਕਿਹਾ ਕਿ ਮੁਸਲਮਾਨਾਂ ਨੂੰ ਵੀ ਸਾਰੇ ਮਨੁੱਖਾਂ ਦੀ ਤਰ੍ਹਾਂ ਧਰਮ ਦੀ ਪਾਲਣਾ ਕਰਨ ਦਾ ਅਧਿਕਾਰ ਹੈ।

ਇਸ ਮਾਮਲੇ ਵਿਚ ਸਭ ਤੋਂ ਪਹਿਲੀ ਗੱਲ ਇਹ ਧਿਆਨ ਵਿਚ ਰੱਖੀ ਜਾਣੀ ਚਾਹੀਦੀ ਹੈ ਕਿ ਪ੍ਰਸਤਾਵਿਤ ਨਿਰਮਾਣ ਕੋਈ ਮਸਜਿਦ ਨਹੀਂ ਹੈ। ਇਹ ਇਕ ਸੱਭਿਆਚਾਰਕ ਕੇਂਦਰ ਹੈ ਜਿਸ ਵਿਚ ਇਕ ਇਬਾਦਤਗਾਹ ਵੀ ਹੋਵੇਗੀ। ਦੂਜੀ ਗੱਲ ਇਹ ਕਿ ਇਹ ਨਿਰਮਾਣ ਗਰਾਊਂਡ ਜ਼ੀਰੋ 'ਤੇ ਨਹੀਂ ਹੋਵੇਗਾ, ਇਹ ਗਰਾਊਂਡ ਜ਼ੀਰੋ ਤੋਂ ਦੋ ਬਲਾਕ ਦੂਰ ਹੈ। ਸੱਭਿਆਚਾਰਕ ਕੇਂਦਰ ਦੇ ਨਿਰਮਾਣ ਦਾ ਪ੍ਰਾਜੈਕਟ ਮੂਲ ਰੂਪ ਵਿਚ ਕੋਰਡੋਬਾ ਇਨੀਸ਼ੀਏਟਿਵ ਦਾ ਫੈਸਲਾ ਸੀ। ਇਸ ਸੰਸਥਾ ਦਾ ਨਾਮਕਰਨ ਦਸਵੀਂ ਸਦੀ ਦੇ ਉਸ ਸਪੇਨੀ ਸ਼ਹਿਰ ਦੇ ਨਾਂ 'ਤੇ ਕੀਤਾ ਗਿਆ ਹੈ, ਜਿਥੇ ਈਸਾਈ, ਯਹੂਦੀ ਅਤੇ ਮੁਸਲਿਮ ਭਾਈਚਾਰਾ ਮਿਲ-ਜੁਲ ਕੇ ਰਹਿੰਦੇ ਸਨ। ਕੋਰਡੋਬਾ ਇਨੀਸ਼ੀਏਟਿਵ ਦੀ ਮਨਸ਼ਾ ਸੀ ਕਿ ਉਹ ਇਸ ਨਿਰਮਾਣ ਦੇ ਜ਼ਰੀਏ ਅਤਿਵਾਦੀ ਵਿਚਾਰਧਾਰਾ ਨੂੰ ਬਦਲਣ ਦਾ ਯਤਨ ਕਰੇਗੀ ਅਤੇ ਸੱਭਿਆਚਾਰਕ ਬਹੁਲਤਾ ਅਤੇ ਅਮਨ ਚੈਨ ਦੀਆਂ ਅਮਰੀਕੀ ਕਦਰਾਂ ਕੀਮਤਾਂ ਨੂੰ ਅੱਗੇ ਵਧਾਏਗੀ। ਉਹ ਇਸਲਾਮ ਦੇ ਨਾਂ 'ਤੇ ਕੁਝ ਲੋਕਾਂ ਦੁਆਰਾ ਫੈਲਾਈ ਜਾ ਰਹੀ ਹਿੰਸਾ ਦੀ ਨਿੰਦਾ ਕਰਦੀ ਹੈ। ਗਰਾਊਂਡ ਜ਼ੀਰੋ ਤੋਂ ਕੁਝ ਹੀ ਦੂਰ ਇਕ ਹੋਰ ਮਸਜਿਦ ਹੈ। ਨਿਊ ਯਾਰਕ ਵਿਚ ਪੰਜ ਲੱਖ ਮੁਸਲਮਾਨ ਰਹਿੰਦੇ ਹਨ ਅਤੇ ਉਥੇ ਕਈ ਮਸਜਿਦਾਂ ਹਨ। ਫਿਰ ਇਸ ਸੱਭਿਆਚਾਰਕ ਕੇਂਦਰ 'ਤੇ ਏਨਾ ਵਾਵੇਲਾ ਕਿਉਂ?

11 ਸਤੰਬਰ, 2001 ਨੂੰ ਅਮਰੀਕਾ ਦੇ ਵਰਲਡ ਟਰੇਡ ਸੈਂਟਰ 'ਤੇ ਹਮਲਾ ਕਰਨ ਵਾਲੇ ਅਤਿਵਾਦੀ ਇਸਲਾਮ ਦੇ ਪ੍ਰਤੀਨਿਧ ਨਹੀਂ ਸਨ। ਇਨ੍ਹਾਂ ਹਮਲਿਆਂ ਵਿਚ ਜਾਨਾਂ ਗੁਆਉਣ ਵਾਲਿਆਂ ਵਿਚ ਮੁਸਲਮਾਨ ਵੀ ਸ਼ਾਮਲ ਸਨ। ਓਸਾਮਾ ਬਿਨ ਲਾਦੇਨ ਦੁਨੀਆਂ ਭਰ ਦੇ 135 ਕਰੋੜ ਮੁਸਲਮਾਨਾਂ ਦੀ ਪ੍ਰਤੀਨਿਧਤਾ ਨਹੀਂ ਕਰਦਾ। ਲਾਦੇਨ ਅਲ ਕਾਇਦਾ ਦਾ ਸਰਗਨਾ ਹੈ ਅਤੇ ਇਸ ਅਤਿਵਾਦੀ ਸੰਗਠਨ ਨੂੰ ਅਮਰੀਕਾ ਦੁਆਰਾ ਹੀ ਸਰਪ੍ਰਸਤੀ ਦਿੱਤੀ ਗਈ ਸੀ। ਮੁਸਲਮਾਨ ਨੌਜਵਾਨਾਂ ਨੂੰ ਇਸਲਾਮ ਦੇ ਜਿਸ ਰੂਪ ਦੀ ਸਿੱਖਿਆ ਦਿੱਤੀ ਗਈ ਸੀ, ਇਹ ਉਸ ਦਾ ਸਭ ਤੋਂ ਕੱਟੜਪੰਥੀ ਰੂਪ ਸੀ। ਉਹ ਅੱਜ ਵੀ ਸਾਊਦੀ ਅਰਬ ਦੇ ਕੁਝ ਹਿੱਸਿਆਂ ਵਿਚ ਪ੍ਰਚੱਲਤ ਹੈ। ਸਾਊਦੀ ਹਕੂਮਤ ਨਾਲ ਅਮਰੀਕਾ ਦਾ ਗੱਠਜੋੜ ਰਿਹਾ ਹੈ। ਅਰਬ ਦੇ ਖੂਹਾਂ 'ਚੋਂ ਤੇਲ ਕੱਢਣ ਲਈ ਅਮਰੀਕਾ ਨੇ ਅਰਬ ਦੇ ਹੁਕਮਰਾਨਾਂ ਨਾਲ ਲੰਮੇ ਸਮੇਂ ਦੇ ਸਮਝੌਤੇ ਕਰ ਰੱਖੇ ਹਨ। ਇਸਲਾਮ ਦਾ ਇਹ ਰੂਪ ਕੁਰਾਨ ਦੀਆਂ ਮਾਨਵਤਾਵਾਦੀ ਵਿਆਖਿਆਵਾਂ ਤੋਂ ਕੋਹਾਂ ਦੂਰ ਹੈ ਅਤੇ ਕਾਫਰ ਤੇ ਜਹਾਦ ਵਰਗੇ ਸ਼ਬਦਾਂ ਨੂੰ ਗਲਤ ਤਰੀਕੇ ਨਾਲ ਪੇਸ਼ ਕਰਦਾ ਹੈ। ਮਿਸਾਲ ਦੇ ਤੌਰ 'ਤੇ 'ਕਾਫਰ' ਸ਼ਬਦ ਦਾ ਮਤਲਬ ਹੁੰਦਾ ਹੈ ਉਹ ਵਿਅਕਤੀ ਜੋ ਸੱਚ ਨੂੰ ਛੁਪਾਉਂਦਾ ਹੈ ਅਤੇ ਇਸਲਾਮ ਗ੍ਰਹਿਣ ਕਰਨ ਵਾਲਿਆਂ 'ਤੇ ਲੁਕ ਕੇ ਹਮਲਾ ਕਰਦਾ ਹੈ। ਇਸ ਸ਼ਬਦ ਨੂੰ ਤੋੜ-ਮਰੋੜ ਕੇ ਪੇਸ਼ ਕਰਦੇ ਹੋਏ ਗੈਰ ਮੁਸਲਿਮ ਲੋਕਾਂ ਲਈ ਵਰਤਿਆ ਜਾਣ ਲੱਗਿਆ ਹੈ। ਇਸੇ ਤਰ੍ਹਾਂ 'ਜਹਾਦ' ਸ਼ਬਦ ਦਾ ਅਸਲ ਅਰਥ ਹੈ ਨਿੱਜੀ ਅਤੇ ਸਮਾਜਕ ਬੁਰਾਈਆਂ 'ਤੇ ਕਾਬੂ ਪਾਉਣ ਲਈ ਜਦੋਜਹਿਦ ਕਰਨੀ, ਜਦਕਿ ਇਸ ਦਾ ਮਤਲਬ ਗੈਰਮੁਸਲਮਾਨਾਂ ਨੂੰ ਕਤਲ ਕਰਨਾ ਕੱਢ ਲਿਆ ਗਿਆ ਹੈ। ਇਸਲਾਮ ਦਾ ਅਲਕਾਇਦਾ ਵਾਲਾ ਰੂਪ ਨਿਰਦੋਸ਼ ਲੋਕਾਂ ਦਾ ਖੂਨ ਵਹਾਉਂਦਾ ਹੈ ਜਦਕਿ ਕੁਰਾਨ ਵਿਚ ਇਹ ਸਿੱਖਿਆ ਦਿੱਤੀ ਗਈ ਹੈ ਕਿ ਇਕ ਨਿਰਦੋਸ਼ ਵਿਅਕਤੀ ਦੀ ਹੱਤਿਆ ਕਰਨੀ, ਸਮੁੱਚੀ ਮਾਨਵਤਾ ਦਾ ਖੂਨ ਵਹਾਉਣ ਵਰਗਾ ਅਪਰਾਧ ਹੈ।

ਮੰਦੇ ਭਾਗਾਂ ਦੀ ਗੱਲ ਇਹ ਹੈ ਕਿ ਅਮਰੀਕੀ ਮਸ਼ੀਨਰੀ ਨੇ ਆਪਣੇ ਹਿੱਤਾਂ ਲਈ ਇਸਲਾਮ ਦੀ ਗਲਤ ਵਿਆਖਿਆ ਕੀਤੀ। 11 ਸਤੰਬਰ ਦੇ ਅਤਿਵਾਦੀ ਹਮਲੇ ਤੋਂ ਬਾਅਦ ਅਮਰੀਕੀ ਮੀਡੀਆ ਨੇ ਇਕ ਸ਼ਬਦ ਘੜ ਲਿਆ 'ਇਸਲਾਮੀ ਅਤਿਵਾਦ'। ਇਸ ਦਾ ਨਤੀਜਾ ਇਹ ਨਿਕਲਿਆ ਕਿ ਆਮ ਜਨਤਾ ਦੇ ਮਨ ਵਿਚ ਇਹ ਗੱਲ ਬੈਠ ਗਈ ਕਿ ਅਤਿਵਾਦ ਦਾ ਸਬੰਧ ਮੁਸਲਮਾਨਾਂ ਅਤੇ ਇਸਲਾਮ ਨਾਲ ਹੈ। ਜ਼ਰੂਰਤ ਇਸ ਗੱਲ ਦੀ ਹੈ ਕਿ ਸਾਰੇ ਧਰਮਾਂ ਦੀਆਂ ਕੱਟੜਪੰਥੀ ਪਰੰਪਰਾਵਾਂ ਦੀ ਬਜਾਇ ਉਦਾਰਪੰਥੀ ਪ੍ਰਵਿਰਤੀਆਂ ਨੂੰ ਉਤਸ਼ਾਹਿਤ ਕੀਤਾ ਜਾਵੇ। ਜੋ ਲੋਕ ਧਰਮ ਨੂੰ ਆਪਣੇ ਰਾਜਨੀਤਕ ਹਿੱਤਾਂ ਦੀ ਪੂਰਤੀ ਦਾ ਸਾਧਨ ਸਮਝਦੇ ਹਨ, ਉਹ ਇਸ ਦੇ ਕੱਟੜਪੰਥੀ ਰੂਪਾਂ ਦਾ ਇਸਤੇਮਾਲ ਕਰਦੇ ਹਨ।

20ਵੀਂ ਸਦੀ ਦੇ ਆਖਰੀ ਦਹਾਕੇ ਵਿਚ ਅਮਰੀਕਾ ਵਿਚ ਮੁਸਲਮਾਨਾਂ ਨੂੰ ਹਾਸ਼ੀਏ 'ਤੇ ਧੱਕਿਆ ਜਾਂਦਾ ਰਿਹਾ ਹੈ। ਖਾਸ ਤੌਰ 'ਤੇ ਮੱਧ ਪੂਰਬ ਅਤੇ ਦੱਖਣੀ ਏਸ਼ੀਆ ਦੇ ਮੁਸਲਮਾਨ ਅਮਰੀਕੀਆਂ ਦੇ ਨਿਸ਼ਾਨੇ 'ਤੇ ਰਹੇ। ਇਸੇ ਦੌਰਾਨ 'ਸਭਿਅਤਾਵਾਂ ਦੇ ਭੇੜ' ਦਾ ਸਿਧਾਂਤ ਵੀ ਸਾਹਮਣੇ ਆਇਆ ਜੋ ਧਰਮਾਂ ਅਤੇ ਸਭਿਅਤਾਵਾਂ ਦੀ ਆਪਸੀ ਦੁਸ਼ਮਣੀ ਨੂੰ ਪੇਸ਼ ਕਰਦਾ ਸੀ। ਨੈਤਿਕਤਾ ਦੇ ਖੇਤਰ ਵਿਚ ਧਰਮਾਂ ਦੀ ਏਕਤਾ ਤੇ ਸੱਭਿਆਚਾਰ ਅਤੇ ਭੌਤਿਕ ਵਿਕਾਸ ਦੇ ਖੇਤਰ ਵਿਚ ਸਭਿਅਤਾਵਾਂ ਦੀ ਏਕਤਾ ਨੂੰ ਦਰਕਿਨਾਰ ਕਰ ਦਿੱਤਾ ਗਿਆ। ਨਤੀਜਾ ਇਹ ਨਿਕਲਿਆ ਕਿ ਲੋਕਾਂ ਦੇ ਇਕ ਸਮੂਹ ਦੇ ਮਨ ਵਿਚ ਮੁਸਲਮਾਨਾਂ ਪ੍ਰਤੀ ਨਾਕਾਰਾਤਮਕ ਧਾਰਨਾ ਬੈਠ ਗਈ। ਗਰਾਊਂਡ ਜ਼ੀਰੋ ਦੇ ਨੇੜੇ ਸੱਭਿਆਚਾਰਕ ਕੇਂਦਰ ਦੀ ਨਿਰਮਾਣ ਯੋਜਨਾ ਵਿਚ ਅਮਰੀਕਾ ਉਤੇ ਇਸਲਾਮ ਦੀ ਚੜ੍ਹਾਈ ਵਰਗਾ ਕੁਝ ਵੀ ਨਹੀਂ ਹੈ। ਇਸ ਕੇਂਦਰ ਦਾ ਉਦੇਸ਼ ਹੈ ਭਾਈਚਾਰਿਆਂ ਦੇ ਆਪਸੀ ਸਬੰਧਾਂ ਨੂੰ ਸੁਹਿਰਦ ਬਣਾਉਣਾ ਅਤੇ ਇਸਲਾਮ ਦੇ ਉਦਾਰਵਾਦੀ ਰੂਪ ਨੂੰ ਪੇਸ਼ ਕਰਨਾ। ਇਹ ਲਾਦੇਨ ਦੇ ਉਦੇਸ਼ਾਂ ਤੋਂ ਕੋਹਾਂ ਦੂਰ ਹੈ। ਅਮਰੀਕਾ ਵਿਚ ਕਿੰਨੇ ਹੀ ਮੁਸਲਮਾਨ ਹੋਣਗੇ ਜਿਨ੍ਹਾਂ ਨੇ ਅਤਿਵਾਦੀਆਂ ਦੀਆਂ ਹਰਕਤਾਂ ਦੀ ਨਿੰਦਾ ਕੀਤੀ।

ਲੱਗਦਾ ਤਾਂ ਇਹੀ ਹੈ ਕਿ ਅਮਰੀਕੀ ਸੱਤਾਤੰਤਰ ਨੇ ਅਰਬ ਖੇਤਰ ਵਿਚਲੇ ਤੇਲ ਦੇ ਖੂਹਾਂ 'ਤੇ ਕਬਜ਼ਾ ਜਮਾਉਣ ਲਈ ਇਸਲਾਮ ਅਤੇ ਮੁਸਲਮਾਨਾਂ ਦੀ ਦਿੱਖ ਖਰਾਬ ਕੀਤੀ ਹੈ। ਇਹ ਅਮਰੀਕੀ ਨੀਤੀਆਂ ਦਾ ਹੀ ਨਤੀਜਾ ਹੈ ਕਿ ਆਮ ਜਨਤਾ ਵਿਚ ਹੁਣ ਮੁਸਲਮਾਨਾਂ ਨੂੰ ਲੈ ਕੇ ਇਕ ਖਾਸ ਤਰ੍ਹਾਂ ਦੀ 'ਸ਼ੰਕਾ' ਪੈਦਾ ਹੋ ਗਈ। ਨੋਮ ਚੌਮਸਕੀ ਨੇ ਕਿਹਾ ਸੀ ਕਿ ਅਮਰੀਕਾ ਆਪਣੇ ਸਾਮਰਾਜਵਾਦੀ ਉਦੇਸ਼ਾਂ ਨੂੰ ਪੂਰਾ ਕਰਨ ਲਈ 'ਸਹਿਮਤੀਆਂ ਦਾ ਨਿਰਮਾਣ' ਕਰਦਾ ਆਇਆ ਹੈ। ਅਮਰੀਕਾ ਦੀ ਇਹ ਹਰਕਤ ਨਵੀਂ ਨਹੀਂ ਹੈ। ਸੀਤ ਯੁੱਧ ਦੇ ਸਮੇਂ ਅਮਰੀਕਾ ਨੇ ਕਮਿਊਨਿਸਟਾਂ ਦਾ ਹਊਆ ਖੜ੍ਹਾ ਕਰ ਦਿੱਤਾ ਸੀ। ਹੁਣ ਅਮਰੀਕਾ ਨੇ ਮੁਸਲਮਾਨਾਂ ਦੇ ਖਿਲਾਫ ਨਫਰਤ ਦਾ ਜੋ ਮਾਹੌਲ ਬਣਾਇਆ ਹੈ, ਉਹ ਹਾਲ ਦੇ ਮਸਜਿਦ ਵਾਲੇ ਰੇੜਕੇ ਤੋਂ ਜ਼ਾਹਰ ਹੁੰਦਾ ਹੈ। ਇਨ੍ਹਾਂ ਹਾਲਤਾਂ ਵਿਚ ਓਬਾਮਾ ਦੇ ਉਸ ਕਥਨ ਵਿਚ ਉਮੀਦ ਦੀ ਕਿਰਨ ਨਜ਼ਰ ਆਉਂਦੀ ਹੈ ਜਿਸ ਵਿਚ ਉਨ੍ਹਾਂ ਕਿਹਾ ਸੀ ਕਿ ਹਰ ਵਿਅਕਤੀ ਨੂੰ ਆਪਣੇ ਧਰਮ ਦੀ ਪਾਲਣਾ ਕਰਨ ਦਾ ਅਧਿਕਾਰ ਹੈ। ਇਹ ਬੁਰੇ ਭਾਗਾਂ ਦੀ ਗੱਲ ਹੈ ਕਿ ਆਖਰਕਾਰ ਉਨ੍ਹਾਂ ਨੂੰ ਅਮਰੀਕੀ ਸਮਾਜ ਦੇ ਦਬਾਅ ਅੱਗੇ ਝੁਕਣਾ ਪਿਆ।

## ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ

# ਗੁੰਮ ਹੋਈ ਇਕ ਕੁੜੀ?



"ਅੱਜ ਫਿਰ ਸ਼ੀਲਾ ਨੇ ਆਪਣੀ ਕੁੜੀ ਨੂੰ ਹੀ ਭੇਜ ਦਿੱਤਾ ਹੈ।" ਰਸੋਈ ਵਿਚ ਕਾਹਲੀ-ਕਾਹਲੀ ਬ੍ਰੈਡ ਆਮਲੇਟ ਨੂੰ ਚਾਹ ਦੇ ਘੁੱਟਾਂ ਨਾਲ ਗਲੇ 'ਚ ਉਤਾਰ ਰਹੀ ਮਿਸਿਜ਼ ਸੰਧੂ ਨੇ ਆਪਣੇ ਪਤੀ ਪ੍ਰੋਫੈਸਰ ਸੰਧੂ ਨੂੰ ਦੱਸਿਆ। ਛੋਟੇ ਗੇਟ ਥਾਣੀਂ ਅੰਦਰ ਵੜਦੀ ਬਿੰਦੂ ਨੂੰ ਉਸਨੇ ਰਸੋਈ ਦੇ ਸ਼ੀਸ਼ਿਆਂ ਵਿਚੋਂ ਦੇਖ ਲਿਆ ਸੀ।

"ਚਲੋ ਕੋਈ ਨਾ" ਚਾਹ ਦਾ ਕੱਪ ਮੁਕਾ ਕੇ ਡਾਇਨਿੰਗ ਟੇਬਲ 'ਤੇ ਰੱਖਦਿਆਂ ਪ੍ਰੋਫੈਸਰ ਸੰਧੂ ਨੇ ਸਰਸਰੀ ਜਿਹਾ ਜਵਾਬ ਦਿੰਦੇ ਹੋਏ ਆਖਿਆ, "ਕੰਮ ਤਾਂ ਆਪਣੀ ਮਾਂ ਵਾਂਗ ਤਸੱਲੀ ਵਾਲਾ ਈ ਕਰਦੀ ਐ।"

"ਪਰ ਜਿੱਲੀ ਬਹੁਤ ਐ... ਟਾਈਮ ਬਹੁਤ ਲਾਉਂਦੀ ਐ।"

ਬਿਨਾਂ ਜਵਾਬ ਦਿੱਤਿਆਂ ਸੰਧੂ ਸਾਹਿਬ ਮੇਜ 'ਤੇ ਪਈਆਂ ਕਿਤਾਬਾਂ ਚੁੱਕ ਕੇ ਸਟੱਡੀ ਰੂਮ ਵਿਚ ਰੱਖਣ ਚਲੇ ਗਏ। ਮਿਸਿਜ਼ ਸੰਧੂ ਨੇ ਕਲਾਕ ਵਲ ਦੇਖ ਕੇ ਫਟਾਫਟ ਸਿਰ ਵਾਹਿਆ, ਹਲਕਾ ਜਿਹਾ ਮੇਕਅੱਪ ਕੀਤਾ ਅਤੇ ਸੈਂਡਲ ਪਾਉਂਦਿਆਂ, ਅੰਦਰ ਆਈ ਬਿੰਦੂ ਨੂੰ ਆਦੇਸ਼ ਦਿੱਤਾ, "ਰਾਤ ਦੇ ਭਾਂਡੇ ਵੀ ਸਿੰਕ ਵਿਚ ਹੀ ਪਏ ਐ। ਪਹਿਲਾਂ ਭਾਂਡੇ ਮਾਂਜ ਲਈਂ। ਫਿਰ ਪੋਚੇ ਲਾਈਂ, ਕੱਪੜੇ ਮਗਰੋਂ ਧੋਵੀਂ।... ਨਾਲੇ ਕੰਮ ਜ਼ਰਾ ਫੁਰਤੀ ਨਾਲ ਕਰੀਂ, ਓ. ਕੇ.?" ਮਗਰਲਾ ਸ਼ਬਦ 'ਓ. ਕੇ.' ਮੈਡਮ ਨੇ ਘਰੋੜ ਕੇ ਕਿਹਾ।

"ਅੱਛਾ ਮੈਡਮ ਜੀ" ਕਹਿ ਕੇ ਬਿੰਦੂ ਰਸੋਈ ਵਿਚ ਜਾ ਵੜੀ। ਕਾਇਨੈਟਿਕ ਦੀਆਂ ਚਾਬੀਆਂ ਚੁੱਕ ਕੇ ਆਪਣਾ ਪਰਸ ਸੰਭਾਲਦੀ ਮਿਸਿਜ਼ ਸੰਧੂ, ਘਰ ਦੇ ਗੇਟ ਤੱਕ ਆ ਗਈ। "ਚੰਗਾ ਫਿਰ, ਤੁਸੀਂ ਵੀ ਜ਼ਰਾ ਟਾਈਮ ਸਿਰ ਚਲੇ ਜਾਇਓ।" ਇਹ ਕਹਿ ਕੇ ਉਹ ਡਿਊਟੀ 'ਤੇ ਚਲੀ ਗਈ।

ਸ਼ਹਿਰ ਦੇ ਅਮੀਰ ਮਹੱਲੇ ਵਿਚ ਸੰਧੂ ਪਰਿਵਾਰ ਦੀ ਦੁਮੰਜ਼ਲੀ ਕੋਠੀ ਹੈ। ਇਸੇ ਸ਼ਹਿਰ ਦੇ ਇਕ ਹਸਪਤਾਲ ਵਿਚ ਮਿਸਿਜ਼ ਸੰਧੂ ਡਾਕਟਰ ਲੱਗੀ ਹੋਈ ਹੈ ਜਦਕਿ ਉਸਦਾ ਪਤੀ ਸ. ਸੰਧੂ, ਕਾਲਜ ਵਿਚ ਪ੍ਰੋਫੈਸਰ। ਇਸ ਦੰਪਤੀ ਦਾ ਵੱਡਾ ਬੇਟਾ ਕਿਸੇ ਦੂਰ ਦੇ ਸ਼ਹਿਰ ਦੀ ਯੂਨੀਵਰਸਿਟੀ ਵਿਚ ਪੜ੍ਹਾਈ ਕਰ ਰਿਹਾ ਹੈ। ਛੋਟਾ ਬੇਟਾ ਜੋ ਹਾਲੇ ਦਸਵੀਂ 'ਚ ਪੜ੍ਹਦਾ ਹੈ, ਆਪਣੇ ਮਾਂ-ਬਾਪ ਨਾਲ ਹੀ ਰਹਿੰਦਾ ਹੈ। ਇਸ ਸਾਊ ਪਰਿਵਾਰ ਵਿਚ 'ਕੰਮ ਕਰਨ ਵਾਲੀ' ਵਜੋਂ ਤਾਂ ਸ਼ੀਲਾ ਲੱਗੀ ਹੋਈ ਹੈ ਪਰ ਉਹ ਕਦੀ-ਕਦੀ ਆਪਣੀ ਧੀ ਬਿੰਦੂ ਨੂੰ 'ਸੰਧੂ ਵਿਲਾ' ਵਿਚ ਕੰਮ ਕਰਨ ਲਈ ਭੇਜ ਦਿੰਦੀ ਹੈ। ਵੱਡੇ ਟੱਬਰਾਂ ਵਾਲਿਆਂ ਦੇ ਸ਼ੀਲਾ ਆਪ ਚਲੀ ਜਾਂਦੀ ਅਤੇ ਇਥੇ ਕੰਮ ਥੋੜ੍ਹਾ ਹੋਣ ਕਰਕੇ ਧੀ ਨੂੰ ਭੇਜ ਦਿੰਦੀ। ਅਕਸਰ ਮਿਸਿਜ਼ ਸੰਧੂ, ਸ਼ੀਲਾ ਨੂੰ ਖੁਦ ਇਥੇ ਕੰਮ 'ਤੇ ਆਉਣ ਲਈ ਕਹਿੰਦੀ ਰਹਿੰਦੀ। ਉਹ ਮਾਵਾਂ-ਧੀਆਂ ਆਪਣੀ ਵਿਉਂਤ ਅਨੁਸਾਰ ਹੀ ਕੰਮ 'ਤੇ ਆਉਂਦੀਆਂ।

ਡਾ. ਸੰਧੂ ਮੈਡਮ ਦੇ ਜਾਣ ਤੋਂ ਬਾਅਦ ਉਸ ਦੇ ਕਹੇ ਅਨੁਸਾਰ ਪਹਿਲਾਂ ਬਿੰਦੂ ਨੇ ਸਿੰਕ ਵਿਚ ਪਿਆ ਭਾਂਡਿਆਂ ਦਾ ਟੋਕਰਾ ਮਾਂਜਿਆ। ਜੂਠ-ਮੀਠ ਇਕੱਠੀ ਕਰਕੇ ਗਾਰਬੇਜ਼ ਡਰੰਮ ਵਿਚ ਸੁੱਟੀ। ਮਾਂਜੇ, ਧੋਤੇ ਭਾਂਡੇ ਨੁੱਚੜਨ ਵਾਸਤੇ ਟੋਕਰੀ ਵਿਚ ਮੂਧੇ ਰੱਖ ਦਿੱਤੇ। ਅੱਧੀ ਕੁ ਬਾਲਟੀ ਪਾਣੀ ਵਿਚ ਫੀਨਾਈਲ ਸੁੱਟ ਕੇ ਉਹ ਪੋਚੇ ਮਾਰਨ ਦੀ ਤਿਆਰੀ ਕਰਨ ਲੱਗੀ।

ਪ੍ਰੋ. ਸੰਧੂ ਸਾਢੇ ਕੁ ਗਿਆਰਾਂ ਵਜੇ ਕਾਲਜ ਜਾਂਦੇ ਹਨ। ਉਨ੍ਹਾਂ ਕੋਲ ਡੇਢ ਘੰਟੇ ਦਾ ਸਮਾਂ ਹੈ। ਉਨ੍ਹਾਂ ਅੱਜ ਆਪਣੀ ਕਲਾਸ ਨੂੰ ਬਾਬਾ ਫਰੀਦ ਪੜ੍ਹਾਉਣਾ ਹੈ। ਇਸ ਕਰਕੇ ਉਹ ਆਪਣੇ ਸਟੱਡੀ ਰੂਮ ਵਿਚ 'ਸ਼ੇਖ ਫਰੀਦ, ਜੀਵਨ ਅਤੇ ਰਚਨਾ' ਵਾਲੀ ਕਿਤਾਬ ਖੋਲ੍ਹ ਕੇ ਬਹਿ ਗਏ। ਇਸ ਰੱਬੀ ਫ਼ਕੀਰ ਦਾ ਬਚਪਨ ਪੜ੍ਹਦਿਆਂ ਪ੍ਰੋ. ਸੰਧੂ ਸੋਚਣ ਲੱਗੇ, 'ਉਹ ਕਿੱਡੀ ਦਰਵੇਸ਼ ਮਾਂ ਹੋਵੇਗੀ, ਜੋ ਆਪਣੇ ਪੁੱਤਰ ਨੂੰ ਬੰਦਗੀ ਵਲ ਪ੍ਰੇਰਤ ਕਰਨ ਲਈ ਉਸ ਦੇ ਮੂੜ੍ਹੇ ਹੇਠ ਸ਼ੱਕਰ ਰੱਖ ਦਿੰਦੀ ਸੀ ਤਾਂ ਕਿ ਬਾਲ ਫਰੀਦ ਇਹ ਸਮਝੇ ਕਿ ਬੰਦਗੀ ਕਰਿਆਂ ਅੱਲਾਹ ਸ਼ੱਕਰ ਖਾਣ ਲਈ ਦਿੰਦਾ ਹੈ। ਉਸ ਨੇਕ ਮਾਂ ਨੇ ਆਪਣੇ ਬੱਚੇ ਨੂੰ ਇਲਾਹੀ ਰੰਗ ਚਾੜ੍ਹਨ ਲਈ ਹੋਰ ਪਤਾ ਨਹੀਂ ਕੀ-ਕੀ ਕੁਝ ਕੀਤਾ ਹੋਵੇਗਾ। ਦੁਨਿਆਵੀ ਵਿੱਦਿਆ ਦੇ ਨਾਲ-ਨਾਲ ਰੂਹਾਨੀ ਸਿੱਖਿਆ ਲਈ ਵੀ ਉਚੇਚੇ ਬੰਦੋਬਸਤ ਕੀਤੇ ਗਏ ਹੋਣਗੇ। ਮਾਂ ਦੀਆਂ ਰਹਿਮਤਾਂ ਸਦਕਾ ਉਹ ਪੀਰਾਂ ਦਾ ਪੀਰ ਔਲੀਆ ਬਣਿਆ। ਉਸ ਦੀ ਬਾਣੀ ਨੂੰ ਸਿੱਖਾਂ ਦੇ ਇਸ਼ਟ ਬਰਾਬਰ ਹੀ ਸਨਮਾਨ ਮਿਲਿਆ। ਉਨ੍ਹਾਂ ਵੇਲਿਆਂ ਦੇ ਮਾਪਿਆਂ ਨੂੰ ਆਪਣੀ ਔਲਾਦ ਵਿਚ ਦੈਵੀ ਗੁਣ ਭਰਨ ਦੀ ਕਿੰਨੀ ਤੀਬਰ ਇੱਛਾ ਹੁੰਦੀ ਹੋਵੇਗੀ।

ਇਕ ਇਧਰ ਅਸੀਂ ਮਾਡਰਨ ਮਾਪੇ ਹਾਂ, ਜੋ ਨਿਰੀ ਦੁਨਿਆਵੀ ਵਿੱਦਿਆ ਦੇ ਮਗਰ ਹੀ ਹੱਥ ਧੋ ਕੇ ਪਏ ਹੋਏ ਹਾਂ। ਸਾਨੂੰ ਆਪਣੇ ਬੱਚੇ ਧਾਰਮਿਕ ਬਣਾਉਣ ਦੀ ਕੋਈ ਚਿੰਤਾ ਨਹੀਂ। ਬੱਸ ਡਾਕਟਰ, ਵਕੀਲ, ਇੰਜੀਨੀਅਰ ਬਣਨੇ ਚਾਹੀਦੇ ਨੇ। ਮਾਂ-ਬਾਪ, ਵੱਡਿਆਂ ਦਾ ਆਦਰ-ਸਤਿਕਾਰ ਕਰਨ ਜਾਂ ਪਰਮਾਤਮਾ ਦੀ ਰਜ਼ਾ ਦਾ ਭਾਵੇਂ ਉਨ੍ਹਾਂ ਨੂੰ ਭੋਰਾ ਭਰ ਵੀ ਇਲਮ ਨਾ ਹੋਵੇ।' ਪ੍ਰੋ. ਸੰਧੂ ਦੀ ਇਹ ਸੋਚ-ਲੜੀ ਉਦੋਂ ਟੁੱਟੀ ਜਦੋਂ ਦੂਜੀ ਮੰਜ਼ਿਲ 'ਤੇ ਸੁੱਤੇ ਪਏ ਉਨ੍ਹਾਂ ਦੇ ਬੇਟੇ ਦੇ ਕਮਰੇ 'ਚੋਂ ਹਿੱਲ-ਜੁਲ ਦੀ ਬਿੜਕ ਆਈ।

ਕਿਤਾਬ ਬੰਦ ਕਰਕੇ ਪ੍ਰੋ. ਸੰਧੂ ਰਸੋਈ ਵਿਚ ਜਾ ਵੜੇ। ਬੇਟਾ ਨਹਾ ਕੇ ਹੁਣੇ ਹੀ ਥੱਲੇ ਆ ਜਾਏਗਾ। ਉਸ ਨੂੰ ਅੱਜ ਛੁੱਟੀ ਹੈ। ਇਸੇ ਕਰਕੇ ਕਾਫੀ ਲੇਟ ਉਠਿਆ ਹੈ। ਆਪਣੇ ਲਈ ਤੇ ਬੇਟੇ ਲਈ, ਦੋ ਕੱਪ ਚਾਹ ਬਣਾਉਣ ਵਾਸਤੇ ਪ੍ਰੋ. ਸਾਹਿਬ ਛੋਟਾ ਪਤੀਲਾ ਲੱਭਣ ਲੱਗੇ। ਉਨ੍ਹਾਂ ਨੂੰ ਇਹ ਦੇਖ ਕੇ ਗੁੱਸਾ ਆਇਆ ਕਿ ਭਾਂਡੇ ਥਾਉਂ-ਥਾਈਂ ਟਿਕਾਉਣ ਦੀ ਬਜਾਏ ਹਾਲੇ ਟੋਕਰੀ ਵਿਚ ਹੀ ਪਏ ਸਨ। ਬਰਾਂਡੇ ਵਿਚ ਲਾਂਡਰੀ ਕਰਨ ਵਾਲੇ ਕੱਪੜਿਆਂ ਦਾ ਵੀ ਹਾਲੇ ਉਵੇਂ ਢੇਰ ਲੱਗਾ ਪਿਆ ਸੀ...। ਵਾਕਿਆ ਹੀ ਇਹ ਕੁੜੀ ਬਹੁਤ ਢਿੱਲੜ ਹੈ, ਸ਼ੀਲਾ ਆਉਂਦੀ ਹੈ ਤੇ ਫੁਰਤੀ ਨਾਲ ਕੰਮ ਨਬੇੜ ਕੇ ਚਲਦੀ ਬਣਦੀ ਹੈ ਪਰ ਇਸ ਕੁੜੀ ਹੱਥੋਂ ਛੇਤੀ ਕੀਤੇ ਕੰਮ ਨਿਬੜਦਾ ਹੀ ਨਹੀਂ। ਬਿੰਦੂ ਦੇ ਜਿੱਲਪੁਣੇ ਬਾਰੇ ਸੋਚਦਿਆਂ ਪ੍ਰੋਫੈਸਰ ਨੇ ਘੜੀ ਵਲ ਨਜ਼ਰ ਮਾਰੀ। ਮਸਾਂ ਅੱਧਾ ਘੰਟਾ ਰਹਿ ਗਿਅ ਸੀ ਕਾਲਜ ਜਾਣ ਵਿਚ।

ਡਰਾਇੰਗ ਰੂਮ ਵਿਚ ਸਾਹਮਣੇ ਪਈ ਪੋਚੇ ਲਾਉਣ ਵਾਲੀ ਬਾਲਟੀ ਦੇਖ ਕੇ, ਕੁੜੀ ਨੂੰ ਕਾਹਲੀ ਨਾਲ ਕੰਮ ਖ਼ਤਮ ਕਰਨ ਲਈ ਕਹਿਣ ਵਾਸਤੇ ਪ੍ਰੋ. ਸੰਧੂ ਉਧਰ ਨੂੰ ਵਧੇ। ਛੱਤ ਵਾਲਾ ਪੱਖਾ ਫੁੱਲ ਸਪੀਡ 'ਤੇ ਚੱਲ ਰਿਹਾ ਸੀ। ਤਾਕੀਆਂ ਅਤੇ ਦਰਵਾਜ਼ਿਆਂ ਨਾਲ ਲਟਕਦੇ ਲੰਮੇ-ਲੰਮੇ ਪਰਦੇ ਹਿੱਲ ਰਹੇ ਸਨ। ਇਥੇ ਫੀਨਾਈਲ ਰਲੇ ਪਾਣੀ ਵਾਲੀ ਬਾਲਟੀ ਤਾਂ ਪਈ ਸੀ, ਪਰ ਇਸ ਕਮਰੇ 'ਚ ਬਿੰਦੂ ਨਹੀਂ ਸੀ। ਪ੍ਰੋ. ਸੰਧੂ, ਸਟੋਰ ਵਿਚ ਗਏ, ਉਹ ਵੀ ਖਾਲੀ। ਬੈਡਰੂਮਾਂ ਵਿਚ ਜਾ ਕੇ ਦੇਖਿਆ ਤਾਂ ਕੁੜੀ ਉਨ੍ਹਾਂ ਵਿਚ ਵੀ ਨਹੀਂ ਸੀ। ਬਾਥਰੂਮ ਦਾ ਦਰਵਾਜ਼ਾ ਬੰਦ ਸੀ। ਉਨ੍ਹਾਂ ਜਕਦਿਆਂ-ਜਕਦਿਆਂ ਦਰਵਾਜ਼ੇ ਨੂੰ ਠੋਕਰ ਮਾਰੀ। ਅੰਦਰੋਂ ਕੋਈ ਜਵਾਬ ਨਾ ਆਇਆ। ਅਸਲ 'ਚ ਕੁੜੀ ਉਥੇ ਵੀ ਨਹੀਂ ਸੀ। ਕੱਪੜੇ ਵੀ ਲਾਂਡਰੀ ਵਾਲੇ ਇਕੱਠੇ ਕੀਤੇ ਪਏ ਐ, ਪੋਚੇ ਲਾਉਣ ਦਾ ਕੰਮ ਵੀ ਅਧੂਰਾ ਪਿਆ ਹੋਇਐ... ਇਉਂ ਅੱਧ-ਵਿਚਾਲੇ ਕੰਮ ਛੱਡ ਕੇ ਉਹ ਜਾ ਨਹੀਂ ਸਕਦੀ। ਪਰ ਇਸ ਵੇਲੇ ਹੋਵੇਗੀ ਕਿੱਥੇ?... ਉਪਰ ਨਾ ਸਫਾਈ ਕਰਨ ਚਲੀ ਗਈ ਹੋਵੇ!...ਨਹੀਂ ਉਪਰਲੀ ਸਫਾਈ ਤਾਂ ਉਹ ਓਦੋਂ ਹੀ ਕਰਦੀ ਹੁੰਦੀ ਹੈ, ਜਦੋਂ ਕਾਕਾ ਥੱਲੇ ਆ ਜਾਂਦਾ ਹੈ। ਪ੍ਰੇਸ਼ਾਨ ਸੋਚਾਂ ਦੀ ਤਾਣੀ 'ਚ ਉਲਝੇ ਹੋਏ ਪ੍ਰੋ. ਸੰਧੂ ਨੇ ਦਰਵਾਜ਼ਾ ਖੋਲ੍ਹ ਕੇ ਬਾਹਰ ਝਾਤੀ ਮਾਰੀ। ਦਰ ਮੋਹਰੇ ਰੱਖੇ ਹੋਏ ਝਾੜਨ ਦੇ ਇਕ ਪਾਸੇ ਬਿੰਦੂ ਦੀਆਂ ਚੱਪਲਾਂ ਪਈਆਂ ਸਨ। ਬਾਹਰ ਉਸਦਾ ਪਲਾਸਟਿਕ ਦਾ ਡੱਬਾ ਵੀ ਪਿਆ ਸੀ, ਜਿਸ ਵਿਚ ਉਹ ਇਸ ਘਰੋਂ ਕੋਈ ਬਚਦੀ-ਖੁਚਦੀ ਦਾਲ ਸਬਜ਼ੀ ਜਾਂ ਕੋਈ ਹੋਰ ਖਾਣ-ਪੀਣ ਵਾਲੀ ਵਾਧੂ ਚੀਜ਼ ਲੈ ਜਾਇਆ ਕਰਦੀ ਸੀ। 'ਇਹਦਾ ਮਤਲਬ ਹੋਇਆ ਕਿ ਉਹ ਅੰਦਰ ਹੀ ਹੈ, ਕਿਤੇ ਗਈ ਨਹੀਂ।' ਇਹ ਸੋਚ ਕੇ ਪ੍ਰੋਫੈਸਰ ਹੋਰਾਂ ਪ੍ਰੇਸ਼ਾਨੀ ਤੇ ਹੈਰਾਨੀ ਦੀ ਹਾਲਤ ਵਿਚ ਸਾਰੇ ਕਮਰਿਆਂ ਵਿਚ ਇਕ ਹੋਰ ਗੇੜਾ ਮਾਰਿਆ ਪਰ ਕੁੜੀ ਕਿਤੇ ਨਾ ਦਿਸੀ।

ਹੁਣ ਪ੍ਰੋ. ਸੰਧੂ ਦੇ ਮਨ ਵਿਚ ਕਈ ਤਰ੍ਹਾਂ ਦੇ ਉਲਟੇ-ਪੁਲਟੇ ਵਿਚਾਰ ਆਉਣ ਲੱਗ ਪਏ। ਪਲ ਦੀ ਪਲ ਉਨ੍ਹਾਂ ਸਾਹ ਰੋਕ ਕੇ, ਉਤਲੇ ਕਮਰਿਆਂ 'ਚੋਂ 'ਨਕਲੋ ਹਰਕਤ' ਦੀ ਚੰਗੀ ਤਰ੍ਹਾਂ ਬਿੜਕ ਲੈਣ ਦੀ ਕੋਸ਼ਿਸ਼ ਕੀਤੀ ਪਰ ਉਪਰ ਬਿਲਕੁਲ ਚੁੱਪ-ਚਾਂ ਸੀ। ਉਨ੍ਹਾਂ ਨੂੰ ਕਿਸੇ ਤਰ੍ਹਾਂ ਦਾ ਵੀ ਕੋਈ ਸੰਦੇਹਪੂਰਨ ਖੜਾਕ ਸੁਣਾਈ ਨਾ ਦਿੱਤਾ। ਜਾਪਦਾ ਹੈ ਕੁੜੀ ਉਪਰ ਹੀ ਹੋਵੇਗੀ। ਉਸਨੇ ਮੈਨੂੰ ਪੜ੍ਹਨ 'ਚ ਖੁੱਭਿਆ ਹੋਇਆ ਸਮਝ ਲਿਆ ਹੋਣਾ ਐ....ਪਰ। ਉਸਦੇ ਦੂਜੇ ਮਨ ਨੇ ਪਹਿਲਾ ਖਿਆਲ ਰੱਦ ਕਰਕੇ ਪੁੱਤਰ ਦੀ ਸ਼ਾਹਦੀ ਭਰੀ, "ਨਹੀਂ ਨਹੀਂ, ਬੇਟੇ ਦੀ ਹਾਲੇ ਉਮਰ ਹੀ ਕੀ ਐ? ਬਿੰਦੂ ਵੀ ਤਾਂ ਦਸਾਂ-ਬਾਰਾਂ ਸਾਲਾਂ ਦੀ ਨਿੱਕੀ ਬਾਲੜੀ ਈ ਐ।" ਪਰ ਫੇਰ ਪਹਿਲੀ ਸੋਚ ਵਾਲੇ ਮਨ ਦੀਆਂ ਅੱਖਾਂ ਅੱਗੇ ਹਲਕੀ ਉਮਰ ਦੇ ਮੁੰਡੇ-ਕੁੜੀਆਂ ਦੀਆਂ, ਮੀਡੀਏ ਵਿਚ ਰੋਜ਼ ਆਉਂਦੀਆਂ ਕਰਤੂਤਾਂ ਘੁੰਮਣ ਲੱਗੀਆਂ।

ਧੱਕ-ਧੱਕ ਕਰਦੇ ਦਿਲ ਨਾਲ ਪ੍ਰੋ. ਸੰਧੂ ਨੇ ਦੂਜੀ ਮੰਜ਼ਿਲ 'ਤੇ ਜਾਣ ਦਾ ਫੈਸਲਾ ਕੀਤਾ। ਪੌੜੀਆਂ ਚੜ੍ਹਦਿਆਂ ਜਦ ਉਹ ਇਕ ਪੈਰ ਪੁੱਟ ਕੇ ਦੂਜੇ ਪੌਡੇ 'ਤੇ ਰੱਖਦੇ ਤਾਂ ਉਨ੍ਹਾਂ ਨੂੰ ਇਉਂ ਭਾਸਦਾ ਜਿਵੇਂ ਇਹ ਮਣਾਂ-ਮੂੰਹੀ ਭਾਰਾ ਹੋ ਗਿਆ ਹੋਵੇ। ਉਹ ਜਾ ਤਾਂ ਰਹੇ ਸਨ ਉਤਲੇ ਕਮਰਿਆਂ ਵਿਚ ਕੁੜੀ ਦੀ ਭਾਲ ਕਰਨ ਪਰ ਦਿਲ ਉਨ੍ਹਾਂ ਦਾ ਅਰਜ਼ੋਈਆਂ ਕਰ ਰਿਹਾ ਸੀ, "ਕੁੜੀ ਹੋਰ ਕਿਤੇ ਭਾਵੇਂ ਜਿਥੇ ਮਰਜ਼ੀ ਚਲੀ ਗਈ ਹੋਵੇ, ਪਰ ਹੇ ਪ੍ਰਭੂ! ਉਹ ਉਤੋਂ ਨਾ ਲੱਭੇ!!" ਮੁੰਡੇ ਦੇ ਕਮਰੇ ਤੱਕ ਪਹੁੰਚਦਿਆਂ ਉਨ੍ਹਾਂ 'ਕੁਝ ਸੋਚਦਿਆਂ' ਜਾਣਬੁਝ ਕੇ ਪੈਰਾਂ ਦਾ ਖੜਾਕ ਵੀ ਕੀਤਾ। ਕਮਰੇ ਦਾ ਬੰਦ ਦਰਵਾਜ਼ਾ ਦੇਖ ਕੇ ਪ੍ਰੋ. ਸੰਧੂ ਨੂੰ ਕੱਚੀਆਂ ਤ੍ਰੇਲੀਆਂ ਆ ਗਈਆਂ। ਕੁਝ ਪਲ ਕਮਲਿਆਂ ਵਾਂਗ ਆਲੇ-ਦੁਆਲੇ ਝਾਕਣ ਤੋਂ ਬਾਅਦ ਉਨ੍ਹਾਂ ਤਕੜਾ ਜਿਹਾ ਜ਼ੇਰਾ ਕਰਕੇ ਦਰਵਾਜ਼ਾ ਖੜਕਾਇਆ।

ਅੰਦਰੋਂ ਕੋਈ ਹੁੰਗਾਰਾ ਨਾ ਆਇਆ। ਹੁਣ ਪ੍ਰੋ. ਸੰਧੂ ਦੀ ਸ਼ੱਕ ਯਕੀਨ ਵਿਚ ਬਦਲਣ ਲੱਗੀ। ਜੋ ਕੁਝ ਉਹ ਦੇਖਣਾ ਜਾਂ ਸੁਣਨਾ ਨਹੀਂ ਸੀ ਚਾਹੁੰਦਾ, ਉਨ੍ਹਾਂ ਨੂੰ ਜਾਪਿਆ ਕਿ ਹੁਣ ਉਹ 'ਹੋਣ' ਜਾ ਰਿਹਾ ਹੈ। ਕੰਬਦੇ ਹੱਥਾਂ ਨਾਲ ਐਤਕੀਂ ਉਨ੍ਹਾਂ ਕੁਝ ਗੁੱਸੇ ਨਾਲ ਮੁੰਡੇ ਦਾ ਨਾਂ ਲੈ ਕੇ ਦਰਵਾਜ਼ਾ ਖੜਕਾਇਆ। ਸੁਤਨੀਂਦੀ ਆਵਾਜ਼ 'ਚ ਅੰਦਰੋਂ 'ਹੂੰ...ਆਂ...ਊਂ...' ਸੁਣਾਈ ਦਿੱਤਾ। ਪ੍ਰੋ. ਸੰਧੂ ਦੇ ਉਦੋਂ ਸਾਹ ਵਿਚ ਸਾਹ ਆਇਆ, ਜਦੋਂ ਚੁਪੱਟ ਬੂਹਾ ਖੋਲ੍ਹ ਕੇ ਅੱਖਾਂ ਮਲਦਾ ਹੋਇਆ ਮੁੰਡਾ ਬਾਹਰ ਆ ਕੇ ਕਹਿੰਦਾ, "ਡੈਡੀ, ਤੁਸੀਂ ਹਾਲੇ ਕਾਲਜ ਨਹੀਂ ਗਏ?" ਪ੍ਰੋ. ਦਾ ਪਾਰਾ ਇਕ ਦਮ ਥਾਂ ਸਿਰ ਆ ਗਿਆ। ਚਿਹਰੇ 'ਤੇ ਉਭਰ ਆਏ ਡਰ, ਸ਼ੱਕ ਅਤੇ ਚਿੰਤਾ ਦੇ ਰਲੇ-ਮਿਲੇ ਪ੍ਰਭਾਵਾਂ ਉਪਰ ਕਾਬੂ ਪਾਉਂਦਿਆਂ ਉਨ੍ਹਾਂ ਆਪਣੇ ਪੁੱਤਰ ਨੂੰ ਘਬਰਾਹਟ ਵਿਚ ਦੱਸਿਆ ਕਿ ਮੇਰੇ ਪੜ੍ਹਦੇ-ਪੜ੍ਹਦੇ, ਭਾਂਡੇ ਮਾਂਜ ਕੇ, ਪੋਚੇ ਲਾਉਣ ਲੱਗੀ ਬਿੰਦੂ ਪਤਾ ਨਹੀਂ ਕਿਥੇ ਅਲੋਪ ਹੋ ਗਈ ਹੈ। ਸਾਰਾ ਕੰਮ ਵਿਚੇ ਛੱਡ ਕੇ ਖੌਰੇ ਕਿਧਰ ਦੌੜ ਗਈ।

"ਅਲਮਾਰੀਆਂ ਦੇ ਲਾਕ ਵਗੈਰਾ ਚੈਕ ਕਰ ਲਏ ਤੁਸੀਂ?... ਇਹ 'ਲੋਕ' ਬੜੇ ਕਮੀਨੇ ਹੁੰਦੇ ਐ।" ਕੁੜੀ 'ਤੇ ਚੋਰੀ ਕਰਕੇ ਦੌੜੀ ਹੋਣ ਦਾ ਸ਼ੱਕ ਕਰਦਿਆਂ ਮੁੰਡੇ ਨੇ ਆਪਣੇ ਬਾਪ ਨੂੰ ਪੁੱਛਿਆ। "ਪਹਿਲਾਂ ਤਾਂ ਕਦੇ ਇਨ੍ਹਾਂ ਮਾਵਾਂ-ਧੀਆਂ ਦੀ ਕੋਈ ਅਜਿਹੀ ਸ਼ਿਕਾਇਤ ਨਹੀਂ ਆਈ, ਪਰ...।" ਦੋਵੇਂ ਪਿਉ-ਪੁੱਤਰ ਆਪਸ 'ਚ ਸਲਾਹਾਂ ਕਰਦੇ ਥੱਲੇ ਉਤਰ ਆਏ। ਮੁੰਡਾ ਸਿੱਧਾ ਹੀ ਉਸ ਅਲਮਾਰੀ ਅੱਗੇ ਜਾ ਖੜ੍ਹਾ ਹੋਇਆ, ਜਿਥੇ ਉਸ ਦੀ ਮੰਮੀ ਦਾ ਪੈਸਿਆਂ ਵਾਲਾ ਲੈਦਰ ਦਾ ਪਰਸ ਪਿਆ ਹੁੰਦਾ ਸੀ। ਅਲਮਾਰੀ ਨੂੰ ਜਿੰਦਰਾ ਨਹੀਂ ਸੀ ਲੱਗਾ ਹੋਇਆ। ਖੋਲ੍ਹ ਕੇ ਦੇਖਿਆ ਤਾਂ ਵਿਚ ਪਰਸ ਵੀ ਖੁੱਲ੍ਹਾ ਪਿਆ ਸੀ। ਹੁਣ ਉਨ੍ਹਾਂ ਨੂੰ ਕੁੜੀ 'ਤੇ ਚੋਰੀ ਦਾ ਸ਼ੱਕ ਪੱਕਾ ਹੋ ਗਿਆ। ਮੁੰਡੇ ਨੇ ਆਪਣੀ ਮਾਂ ਨਾਲ ਪਰਸ ਵਿਚ ਪਏ ਪੈਸਿਆਂ ਬਾਰੇ ਜਾਨਣ ਲਈ ਫੋਨ 'ਤੇ ਗੱਲ ਕਰਨੀ ਚਾਹੀ ਪਰ ਉਹ ਉਸ ਵਕਤ ਆਪ੍ਰੇਸ਼ਨ ਥੀਏਟਰ ਵਿਚ ਮਸ਼ਰੂਫ ਸੀ। ਪੁਲਿਸ ਨੂੰ ਕਾਲ ਕਰਨ ਤੋਂ ਪਹਿਲਾਂ ਦੋਹਾਂ ਜਣਿਆਂ ਨੇ ਇਕ ਵਾਰ ਫਿਰ ਘਰ ਦੀ ਛਾਣਬੀਣ ਕਰਨ ਦੀ ਸੋਚੀ। ਸਟੋਰ ਅਤੇ ਬੈਡਰੂਮਾਂ ਵਲ ਮੁੰਡਾ ਚਲਾ ਗਿਆ। ਉਸਦਾ ਬਾਪ ਡਰਾਇੰਗ ਰੂਮ ਵਿਚ ਜਾ ਵੜਿਆ, ਜਿਥੇ ਫੀਨਾਈਲ ਰਲੇ ਪਾਣੀ ਦੀ ਬਾਲਟੀ ਪਈ ਸੀ। ਇਥੇ ਛੱਤ ਵਾਲਾ ਪੱਖਾ ਫੁੱਲ ਸਪੀਡ ਵਿਚ ਚਲ ਰਿਹਾ ਸੀ। ਹਵਾ ਦੇ ਫਰਾਟਿਆਂ ਨਾਲ ਤਾਕੀਆਂ-ਦਰਵਾਜ਼ਿਆਂ ਨਾਲ ਲਟਕਦੇ ਲੰਮੇ-ਲੰਮੇ ਪਰਦੇ ਝੂਲ ਰਹੇ ਸਨ। ਪ੍ਰੋਫੈਸਰ ਨੇ ਪੱਖਾ ਬੰਦ ਕੀਤਾ। ਅੱਗੇ ਵਧ ਕੇ ਉਨ੍ਹਾਂ ਪਰਦਿਆਂ ਨੂੰ ਥਾਂ-ਸਿਰ ਕਰਨ ਦੀ ਸੋਚੀ। ਸੋਫੇ ਦੀ ਦਰਵਾਜ਼ੇ ਨਾਲ ਲੱਗਦੀ ਬਾਹੀ ਉਪਰ ਪਿਆ ਦਰਵਾਜ਼ੇ ਦਾ ਲੰਮਾ ਪਰਦਾ ਜਿਉਂ ਹੀ ਪ੍ਰੋ. ਸੰਧੂ ਨੇ ਚੁੱਕਿਆ ਤਾਂ ਥੱਲੇ ਦਾ ਦ੍ਰਿਸ਼ ਦੇਖ ਕੇ ਉਹ 'ਸੁੰਨ' ਹੋ ਕੇ ਰਹਿ ਗਏ। ਸੋਫੇ ਨਾਲ ਸਿਰ ਲਾ ਕੇ ਬਿੰਦੂ ਗੁੱਛਾ-ਮੁੱਛਾ ਹੋਈ ਸੁੱਤੀ ਪਈ ਸੀ। ਉਸਦੇ ਮੂਹਰੇ ਹੀ ਤੁੱਥ-ਮੁੱਥ ਹੋਇਆ ਪੋਚੇ ਲਾਉਣ ਵਾਲਾ ਕੱਪੜਾ ਪਿਆ ਸੀ। ਸੁਵੱਖਤੇ ਉਠ ਕੇ ਕੁਝ ਘਰਾਂ 'ਚ ਕੰਮ ਕਰਦੀ ਆਈ, ਗਰੀਬਣੀ ਬਾਲੜੀ ਦਾ ਥੱਕਿਆ ਬਚਪਨ, ਉਨੀਂਦਰੇ ਦੀ ਮਾਰ ਨਾ ਝੱਲ ਸਕਿਆ।

## ਅਬ ਹਮ ਚਲੀ ਠਾਕੁਰ ਪਹਿ ਸਾਰਿ

### ਗੁਰਬਾਣੀ ਗਿਆਨ

ੴ ਸਤਿਗੁਰ ਪ੍ਰਸਾਦਿ॥
ਦੇਵ ਗੰਧਾਰੀ ਮਹਲਾ 4
ਅਬ ਹਮ ਚਲੀ ਠਾਕੁਰ ਪਹਿ ਸਾਰਿ॥
ਜਬ ਹਮ ਸਰਣਿ ਪ੍ਰਭੂ ਕੀ ਆਈ ਰਾਖੁ ਪ੍ਰਭੂ ਭਾਵੈ ਮਾਰਿ॥ ਰਹਾਉ॥
ਲੋਕਨ ਕੀ ਚਤੁਰਾਈ ਉਪਮਾ ਤੇ ਬੈਸੰਤਰਿ ਜਾਰਿ॥
ਕੋਈ ਭਲਾ ਕਹਉ ਭਾਵੈ ਬੁਰਾ ਕਹਉ ਹਮ ਤਨੁ ਦੀਓ ਹੈ ਢਾਰਿ॥
ਜੋ ਆਵਤ ਸਰਣਿ ਠਾਕੁਰ ਪ੍ਰਭੁ ਤੁਮਰੀ ਤਿਸੁ ਰਾਖਹੁ ਕਿਰਪਾ ਧਾਰਿ॥
ਜਨ ਨਾਨਕ ਸਰਣਿ ਤੁਮਾਰੀ ਹਰਿ ਜੀਉ ਰਾਖਹੁ ਲਾਜ ਮੁਰਾਰਿ॥

ਸਾਹਿਬ ਸ੍ਰੀ ਗੁਰੂ ਰਾਮਦਾਸ ਜੀ ਰਾਗ ਦੇਵ ਗੰਧਾਰੀ ਵਿਚ ਉਚਰੇ ਇਸ ਸ਼ਬਦ ਰਾਹੀਂ ਦਰਸਾਉਂਦੇ ਹਨ ਕਿ ਅਕਾਲ ਪੁਰਖ ਅੱਗੇ ਅਰਦਾਸ ਕਿਵੇਂ ਕਰਨੀ ਹੈ ਅਤੇ ਵਾਹਿਗੁਰੂ ਦੀ ਸ਼ਰਣ ਕਿਵੇਂ ਜਾਣਾ ਹੈ। ਉਹ ਫਰਮਾਉਂਦੇ ਹਨ, ਹੇ ਮੇਰੇ ਪ੍ਰਭ ਜੀਓ, ਹੁਣ ਇਹ ਜੀਵ ਆਤਮਾ ਸਾਰੇ ਦੁਨਿਆਵੀ ਆਸਰੇ ਛੱਡ ਕੇ ਤੇਰੀ ਸ਼ਰਣ ਆ ਪਈ ਹੈ ਅਤੇ ਹੁਣ ਜਦੋਂ ਮੈਂ ਤੇਰੀ ਸ਼ਰਣ ਆ ਗਈ ਹਾਂ ਤਾਂ ਫਿਰ ਭਾਵੇਂ ਮੈਨੂੰ ਰੱਖ ਲਓ ਤੇ ਭਾਵੇਂ ਮਾਰ ਦਿਓ ਜਿਵੇਂ ਵੀ ਆਪ ਦੀ ਰਜ਼ਾ ਹੈ। ਜਿਵੇਂ ਤੈਨੂੰ ਭਾਉਂਦਾ ਹੈ ਮੈਨੂੰ ਉਸੇ ਹਾਲ ਵਿਚ ਰੱਖ ਲਓ।

ਲੋਕਨ ਕੀ ਚਤੁਰਾਈ ਉਪਮਾ ਤੇ ਬੈਸੰਤਰਿ ਜਾਰਿ॥
ਕੋਈ ਭਲਾ ਕਹਉ ਭਾਵੈ ਬੁਰਾ ਕਹਉ ਹਮ ਤਨੁ ਦੀਓ ਹੈ ਢਾਰਿ॥

ਇਨ੍ਹਾਂ ਸਤਰਾਂ ਵਿਚ ਗੁਰੂ ਸਾਹਿਬ ਫਰਮਾਉਂਦੇ ਹਨ ਕਿ ਹੇ ਪ੍ਰਭ ਜੀਓ ਸੰਸਾਰੀ ਲੋਕਾਂ ਦੀਆਂ ਸਿਆਣਪਾਂ ਅਤੇ ਦੁਨਿਆਵੀ ਵਡਿਆਈਆਂ ਨੇ ਮੈਨੂੰ ਅੱਗ ਵਿਚ ਸਾੜ ਦਿੱਤਾ ਹੈ। ਹੁਣ ਭਾਵੇਂ ਕੋਈ ਚੰਗਾ ਪਿਆ ਆਖੇ ਜਾਂ ਮੰਦਾ ਪਿਆ ਬੋਲੇ, ਇਨ੍ਹਾਂ ਦੁਨਿਆਵੀ ਗੱਲਾਂ ਨਾਲ ਹੁਣ ਮੈਨੂੰ ਕੋਈ ਫਰਕ ਨਹੀਂ ਪੈਂਦਾ ਕਿਉਂਕਿ ਮੈਂ ਤਾਂ ਆਪਣਾ ਤਨ-ਮਨ ਪ੍ਰਭ ਠਾਕਰ ਦੇ ਚਰਨਾਂ ਵਿਚ ਅਰਪਣ ਕਰ ਦਿੱਤਾ ਹੈ। ਹੇ ਪ੍ਰਭੂ ਜੀਓ, ਇਹ ਆਤਮਾ ਨਿਮਾਣੀ ਹੋ ਕੇ ਆਪ ਜੀ ਦੀ ਸ਼ਰਣ ਆ ਪਈ ਹੈ। ਆਪ ਇਸ ਨਿਮਾਣੀ ਆਤਮਾ ਦੇ ਸਿਰ ਆਪਣਾ ਮਿਹਰ ਭਰਿਆ ਹੱਥ ਰੱਖੋ।

ਜੋ ਆਵਤ ਸਰਣਿ ਠਾਕੁਰ ਪ੍ਰਭੁ ਤੁਮਰੀ ਤਿਸੁ ਰਾਖਹੁ ਕਿਰਪਾ ਧਾਰਿ॥
ਜਨ ਨਾਨਕ ਸਰਣਿ ਤੁਮਾਰੀ ਹਰਿ ਜੀਉ ਰਾਖਹੁ ਲਾਜ ਮੁਰਾਰਿ॥

ਇਨ੍ਹਾਂ ਸਤਰਾਂ ਵਿਚ ਗੁਰੂ ਪਾਤਸ਼ਾਹ ਆਖਦੇ ਹਨ, ਹੇ ਪ੍ਰਭੂ ਜੀ, ਜੋ ਕੋਈ ਵੀ ਜੀਵ-ਆਤਮਾ ਆਪ ਜੀ ਦੀ ਸ਼ਰਣ ਆ ਜਾਂਦੀ ਹੈ ਆਪ ਉਸ ਦੇ ਰਖਵਾਲੇ ਬਣ ਜਾਂਦੇ ਹੋ ਅਤੇ ਆਪਣੀ ਕਿਰਪਾ ਦੇ ਪਾਤਰ ਬਣਾ ਲੈਂਦੇ ਹੋ। ਇਹ ਆਪ ਜੀ ਦੇ ਘਰ ਦਾ ਬਿਰਦ ਹੈ। ਆਪ ਦੀ ਵਡਿਆਈ ਹੈ, ਇਸ ਲਈ ਹੇ ਮੇਰੇ ਮਾਲਕ ਪ੍ਰਭ ਜੀਓ, ਇਹ ਨਾਨਕ ਵੀ ਆਪ ਜੀ ਦੀ ਸ਼ਰਣ ਆਇਆ ਹੈ। ਹੇ ਵਾਹਿਗੁਰੂ ਜੀਓ, ਕਿਰਪਾ ਨਿਧਾਨ ਪ੍ਰਭ ਮੈਨੂੰ ਵੀ ਆਪਣੇ ਚਰਨਾਂ ਨਾਲ ਜੋੜ ਲਵੋ ਅਤੇ ਮੇਰੀ ਆਈ ਦੀ ਲਾਜ ਰੱਖੋ। ਮੈਂ ਆਪਣੇ ਆਪ ਨੂੰ ਆਪ ਜੀ ਦੇ ਚਰਨਾਂ ਵਿਚ ਸਮਰਪਿਤ ਕਰ ਦਿੱਤਾ ਹੈ। ਮੇਰੀ ਲਾਜ ਆਪ ਜੀ ਦੇ ਹੀ ਹੱਥ ਹੈ।

ਇਹ ਸ਼ਬਦ ਸਾਨੂੰ ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਨਾਲ ਜੋੜਦਾ ਹੈ, ਕਿਸੇ ਦੇਹਧਾਰੀ ਗੁਰੂ ਦੇ ਨਾਲ ਨਹੀਂ।

***-ਬੀਬੀ ਸੁਰਜੀਤ ਕੌਰ, ਹਜ਼ੂਰੀ ਰਾਗੀ***
***ਸ੍ਰੀ ਗੁਰੂ ਰਵਿਦਾਸ ਟੈਂਪਲ, ਪਿਟਸਬਰਗ, ਕੈਲੀਫੋਰਨੀਆ।***

## ਵਿਚਾਰ

> ਮੈਂ ਦਰਦ ਕਹਾਣੀ ਰਾਤਾਂ ਦੀ, ਮੈਨੂੰ ਨਵਾਂ ਸਵੇਰਾ ਕੀ ਜਾਣੇ।
ਜੋ ਰਾਤ ਪਈ ਸੌਂ ਜਾਂਦਾ ਹੈ, ਉਹ ਪੰਧ ਲੰਮੇਰਾ ਕੀ ਜਾਣੇ?
> ਭਰ ਲਵਾਂਗਾ ਮੁੱਠੀਆਂ ਵਿਚ ਰੌਸ਼ਨੀ, ਇਹ ਭੁਲੇਖੇ ਜ਼ਿੰਦਗੀ ਸਾਰੀ ਰਹੇ।
> ਤੇਰੀ ਤੁਲਨਾ ਕਰਕੇ ਸੁਰਖ ਸਵੇਰੇ ਨਾਲ,
ਪਾ ਬੈਠੇ ਹਾਂ ਆਪਾਂ ਵੈਰ ਹਨੇਰੇ ਨਾਲ।
> ਨਾਂ ਸੂਰਜਾਂ ਦਾ ਲੈ ਕੇ ਦੀਵੇ ਡਰਾ ਨਾ ਮੇਰੇ,
ਲੋਅ ਵੀ ਕਰ ਜ਼ਰਾ ਤੂੰ ਅੰਦਰ ਜੇ ਬਲਦਾ ਤੇਰਾ।
> ਮੈਂ ਹਾਂ ਤੇਰੇ ਅੰਦਰ ਬੈਠਾ ਬਣ ਕੇ ਇਕ ਖਿਆਲ
ਢੂੰਡਣ ਦੇ ਲਈ ਮੈਨੂੰ ਆਪਣੇ ਮਨ ਦੇ ਦੀਵੇ ਬਾਲ।
> ਜੇ ਜਾਂਦੀ ਜਾਨ ਹੈ ਜਾਵੇ, ਬੁਝੇ ਨਾ ਪਿਆਰ ਦਾ ਦੀਪਕ,
ਲਹੂ ਜੋ ਹੋਰ ਪੈਂਦੈ ਹੋਰ ਪਾਉ ਰਾਤ ਲੰਮੀ ਹੈ।
> ਸਹਿਮ ਜਾਂਦਾ ਹਾਂ ਮੈਂ ਬੁਝਦੇ ਦੀਵਿਆਂ ਨੂੰ ਵੇਖ ਕੇ
ਦਹਿਲ ਜਾਂਦੈ ਦਿਲ ਮੇਰਾ ਨ੍ਹੇਰੇ ਘਰਾਂ ਨੂੰ ਵੇਖ ਕੇ।
> ਹੈ ਅਜ਼ਬ ਦਿਲਕਸ਼ੀ ਇਹ ਅੱਜ ਕੱਲ੍ਹ ਮਹੌਲ ਅੰਦਰ।
ਨ੍ਹੇਰੀ ਵੀ ਚੱਲ ਰਹੀ ਹੈ ਦੀਵੇ ਵੀ ਬਲ ਰਹੇ ਨੇ।
> ਦੀਵਾ ਮੰਦਰ ਵਿਚ ਬਲੇ ਮਸੀਤ ਵਿਚ ਜਾਂ,
ਮੇਰੇ ਲਈ ਹੈ ਦੋਹਾਂ ਦੀ ਜੋਤ ਇੱਕੋ।
> ਅਜੇ ਤੀਕ ਨਾਹੀਂ ਮੈਨੂੰ ਪਤਾ ਲੱਗਾ,
ਹਿੰਦੂ ਦਿਲ ਹੈ ਕਿ ਮੁਸਲਮਾਨ ਮੇਰਾ।

# ਸ਼ੇਰ-ਏ-ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ ਸ਼ਿਕਾਗੋ

*Invite you to join us on the Occasion of*

# Chicago Kabaddi Cup 2010

## ਸ਼ਿਕਾਗੋ ਦਾ 8ਵਾਂ ਇੰਟਰਨੈਸ਼ਨਲ ਕਬੱਡੀ ਕੱਪ

**SEPTEMBER 5, 2010**
**(Sunday) At 9 am**

**BUSSE WOODS**
**FOREST PRESERVE SOUTH,**
**Elk Grove Village- IL**

ਕਬੱਡੀ ਦਾ ਪਹਿਲਾ ਇਨਾਮ

ਕਬੱਡੀ ਦਾ ਦੂਜਾ ਇਨਾਮ


ਜਸਵਿੰਦਰ ਸਿੰਘ ਗਿੱਲ


ਨਾਜਰ ਸਿੰਘ ਗਿੱਲ

ਗਿੱਲ ਬ੍ਰਦਰਜ਼ ਆਫ ਵਾਕੀਗਨ (ਪਿੰਡ ਗਿੱਲ, ਲੁਧਿਆਣਾ) ਵਲੋਂ


ਸਵਰਗੀ ਗੁਰਦੇਵ ਸਿੰਘ ਪੁੰਨੀਆ
ਦੀ ਯਾਦ ਵਿਚ ਉਨ੍ਹਾਂ ਦੇ ਪੋਤੇ
ਸ. ਜਸਪਾਲ ਸਿੰਘ ਪੁੰਨੀਆ ਵਲੋਂ

## ਐਂਟਰੀ ਮੁਫਤ ਤੇ ਪਾਰਕਿੰਗ ਦਾ ਪ੍ਰਬੰਧ



**RSVP: Board Members:**


ਮੁੱਖ ਮਹਿਮਾਨ
ਅਮਨਦੀਪ ਸਿੰਘ ਧਾਰਨੀ
(ਸਿਨਸਿਨੈਟੀ, ਓਹਾਇਓ)

ਅਮਰਦੇਵ ਸਿੰਘ ਬਦੇਸ਼ਾ (ਪ੍ਰਧਾਨ)
ਜਸਵਿੰਦਰ ਸਿੰਘ ਜੱਸੀ
ਜਿੰਦਰ ਸਿੰਘ ਬੈਨੀਪਾਲ
ਸਤਨਾਮ ਸਿੰਘ ਮਿਨਹਾਸ
ਨਰਿੰਦਰ ਸਿੰਘ ਸਰਾਂ
ਸੰਤੋਖ ਸਿੰਘ ਡੀ ਸੀ
ਰਛਪਾਲ ਸਿੰਘ ਖੰਗੂੜਾ
ਦੀਪਾ ਬਦੇਸ਼ਾ
ਹਰਦੀਪ ਸਿੰਘ ਗਿੱਲ

ਰਵਿੰਦਰ ਸਿੰਘ ਖਹਿਰਾ
ਬਿਕਰਮ ਸਿੰਘ ਸਿੱਧੂ
ਲਾਲੀ ਨਿੱਝਰ
ਲਵਦੀਪ ਸਿੰਘ ਦੁੱਲਤ
ਅਜਮੇਰ ਸਿੰਘ ਪਨੂੰ
ਹਰਵਿੰਦਰ ਸਿੰਘ ਬਿੱਲਾ-ਮਿਆਣੀ
ਪੀਟਾ ਸਹੋਤਾ
ਨਾਜਰ ਸਿੰਘ ਗਿੱਲ
ਬੱਬੀ ਬਾਠ

ਕਾਬਲ ਸਿੰਘ ਭੁੱਲਰ
ਗਿਆਨ ਸਿੰਘ ਸੀਹਰਾ
ਬਲਦੇਵ ਸਿੰਘ ਗਿੱਲ
ਇੰਦਰਜੀਤ ਸਿੰਘ ਮੁੱਕਰ
ਬਲਜੀਤ ਸਿੰਘ ਮੰਗੀ
ਜਿੰਦੀ ਦਿਆਲ
ਸੁਖਵਿੰਦਰ ਸਿੰਘ ਮੰਡੇਰ
ਬਲਦੇਵ ਸਿੰਘ ਰਾਜੂ
ਪ੍ਰਹਿਲਾਦ ਸਿੰਘ ਕਾਹਲੋਂ


ਚੇਅਰਮੈਨ
ਪਰਵਿੰਦਰ ਸਿੰਘ ਗਰੇਵਾਲ,
ਆਇਓਵਾ (ਨਵਾਂ ਸ਼ਹਿਰ)


**ਸਾਬਕਾ ਪ੍ਰਧਾਨ:** *ਜਿੰਦੀ ਖੰਗੂੜਾ, ਪਰਮਿੰਦਰ ਸਿੰਘ ਵਾਲੀਆ, ਅਜੈਬ ਸਿੰਘ ਲੱਖਣ, ਹੈਪੀ ਹੀਰ*

**ਸਲਾਹਕਾਰ ਕਮੇਟੀ:** ਡਾ. ਮੁਖਤਿਆਰ ਸਿੰਘ ਨੰਦਰਾ (ਚੇਅਰਮੈਨ), ਡਾ. ਅਮਰਦੀਪ ਸੰਘਾ, ਹਰਕਿਸ਼ਨ ਸਿੰਘ ਭੱਟੀ, ਡਾ. ਰਸ਼ਪਾਲ ਬਾਜਵਾ, ਸ਼ਮਸ਼ੇਰ ਸਿੰਘ ਬੋਪਾਰਾਏ, ਰਾਜਿੰਦਰ ਸਿੰਘ ਬੈਂਸ, ਅੰਮ੍ਰਿਤਪਾਲ ਸਿੰਘ ਗਿੱਲ, ਜਸਵਿੰਦਰ ਸਿੰਘ ਗਿੱਲ, ਲਾਲੀ ਰਣਬੀਰ ਸਿੰਘ ਧਾਲੀਵਾਲ, ਕੁਲਵਿੰਦਰ ਸਿੰਘ ਗਿੱਲ, ਗੁਰਦੇਵ ਸਿੰਘ ਗਿੱਲ, ਦਰਸ਼ਨ ਸਿੰਘ ਦਰੜ, ਸਰਵਣ ਸਿੰਘ ਟਿਵਾਣਾ, ਬਲਬੀਰ ਸਿੰਘ ਸੈਣੀ, ਪਾਲ ਖਲੀਲ, ਕਮਲਦੀਪ ਸੰਘਾ, ਨਰਿੰਦਰਪਾਲ ਸਿੰਘ ਘੋਤੜਾ, ਗੁਰਬਚਨ ਸਿੰਘ ਪੱਪੂ, ਜਗਜੀਤ ਸਿੰਘ ਸਿੱਧੂ, ਸਤਵੰਤ ਸਿੰਘ ਕਾਲੇਕਾ


ਸਿੱਧੂ ਦਮਦਮੀ

*ਜੀ ਸਾਡਾ ਪੰਜਾਬ ਚੈਨਲ ਦੇ ਸੀ ਈ ਓ ਸਿੱਧੂ ਦਮਦਮੀ ਅਤੇ ਪੰਜਾਬ ਟਾਈਮਜ਼ ਦੇ ਸੰਪਾਦਕ ਅਮੋਲਕ ਸਿੰਘ ਜੰਮੂ ਦਾ ਗੋਲਡ ਮੈਡਲ ਨਾਲ ਵਿਸ਼ੇਸ਼ ਸਨਮਾਨ
*ਬੈਸਟ ਰੇਡਰ ਤੇ ਬੈਸਟ ਸਟਾਪਰ ਦਾ ਰੀਗਲ ਜਿਊਲਰਜ਼ (ਸ਼ਿਕਾਗੋ) ਵਲੋਂ ਗੋਲਡ ਮੈਡਲ ਨਾਲ ਸਨਮਾਨ

**ਕੁਮੈਂਟੇਟਰ**


ਪ੍ਰਿੰ. ਸਰਵਣ ਸਿੰਘ ਬੱਲ


ਪ੍ਰੋ. ਮੱਖਣ ਸਿੰਘ


*ਖਾਣੇ ਦਾ ਪ੍ਰਬੰਧ ਕੇ.ਕੇ. ਪੰਮਾ ਵਲੋਂ
*ਬੱਚਿਆਂ ਲਈ ਆਈਸ ਕ੍ਰੀਮ ਤੇ ਕੈਂਡੀਆਂ ਸਤਵਿੰਦਰ ਸਿੰਘ ਮਾਨ ਵਲੋਂ ਮੁਫਤ

ਟੂਰਨਾਮੈਂਟ 'ਚ ਹਿੱਸਾ ਲੈ ਰਹੀਆਂ ਟੀਮਾਂ: ਕੈਨੇਡਾ, ਇੰਗਲੈਂਡ ਅਤੇ ਅਮਰੀਕਾ (ਤਿੰਨ ਟੀਮਾਂ ਕੈਲੀਫੋਰਨੀਆ) ਤੋਂ ਪਹੁੰਚ ਰਹੀਆਂ ਹਨ। ਕਬੱਡੀ ਮੇਲੇ ਵਿਚ ਹਿੱਸਾ ਲੈ ਰਹੇ ਖਿਡਾਰੀ ਕੌਮਾਂਤਰੀ ਅਤੇ ਵਿਸ਼ਵ ਕੱਪ ਕਬੱਡੀ ਟੂਰਨਾਮੈਂਟਾਂ ਵਿਚ ਖੇਡ ਚੁਕੇ ਹਨ।

## ਰੰਗਾਰੰਗ ਸਭਿਆਚਾਰਕ ਪ੍ਰੋਗਰਾਮ


ਸੁਖਵਿੰਦਰ ਪੰਛੀ


ਗੀਤਾ ਜ਼ੈਲਦਾਰ


ਅਸ਼ੋਕ ਮਸਤੀ
(ਮਹਿਮਾਨ ਕਲਾਕਾਰ)


ਨਰਿੰਦਰ ਮਾਵੀ

'ਬੀ' ਕਬੱਡੀ ਦਾ ਪਹਿਲਾ ਇਨਾਮ ਸ. ਹਰਜਾਪ ਸਿੰਘ ਸੰਘਾ ਦੀ ਯਾਦ ਵਿਚ ਉਨ੍ਹਾਂ ਦੀ ਪਤਨੀ ਬੀਬੀ ਸੁਰਿੰਦਰ ਕੌਰ ਸੰਘਾ ਅਤੇ ਪੁੱਤਰਾਂ ਰਾਏ ਅਤੇ ਰਾਣਾ ਦੀ ਤਰਫੋਂ


ਹਰਜਾਪ ਸਿੰਘ ਸੰਘਾ



ਲਖਵੀਰ ਸਿੰਘ ਅਤੇ ਮਨਪ੍ਰੀਤ ਔਜਲਾ

'ਬੀ' ਕਬੱਡੀ ਦਾ ਦੂਜਾ ਇਨਾਮ ਲਖਵੀਰ ਸਿੰਘ ਅਤੇ ਮਨਪ੍ਰੀਤ ਸਿੰਘ ਔਜਲਾ ਵਲੋਂ

**ਹੋਰ ਜਾਣਕਾਰੀ ਲਈ ਸੰਪਰਕ ਕਰੋ: 708-612-7963, 773-593-9898, 224-425-0705 ਜਾਂ 773-895-2041**

*e-mail:chicagokabaddicup@yahoo.com*

# ਬਾਬਾ ਮੱਖਣ ਸ਼ਾਹ ਲੁਬਾਣਾ ਦੀ ਯਾਦ 'ਚ ਸਮਾਗਮ

(ਸਫਾ ਇਕ ਦੀ ਬਾਕੀ)

ਗੁਰੂਘਰ ਦੀ ਇਮਾਰਤ ਬੜੇ ਖੂਬਸੂਰਤ ਤਰੀਕੇ ਨਾਲ ਸਜਾਈ ਗਈ ਸੀ। ਦੀਵਾਨ ਹਾਲ ਵਿਚ ਮੱਥਾ ਟੇਕਣ ਆਈਆਂ ਸੰਗਤਾਂ ਨੂੰ ਆਪਣੀ ਵਾਰੀ ਦੀ ਲੰਮੀ ਉਡੀਕ ਕਰਨੀ ਪਈ। ਰਾਗੀ ਸਿੰਘਾਂ ਵਲੋਂ ਇਲਾਹੀ ਬਾਣੀ ਦੇ ਕੀਰਤਨ ਨਾਲ ਦੀਵਾਨ



ਹਾਲ ਵਿਚ ਗੁਰੂ ਕੀਆਂ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਿਆ ਜਾ ਰਿਹਾ ਸੀ। ਦੀਵਾਨ ਹਾਲ ਦੇ ਬਾਹਰ ਭਾਂਤ-ਸੁਭਾਂਤੇ ਭੋਜਨ ਪਦਾਰਥਾਂ ਨਾਲ ਸੰਗਤਾਂ ਦੀ ਸੇਵਾ ਕੀਤੀ ਜਾ ਰਹੀ ਸੀ। ਕਿਧਰੇ ਗੋਲਗੱਪਿਆਂ ਦੇ ਸਟਾਲ ਸਨ ਤੇ ਕਿਧਰੇ ਵੰਨ-ਸੁਵੰਨੀ ਮਠਿਆਈ ਦੇ। ਗੁਰੂਘਰ ਦੇ ਪੂਰੇ ਅਹਾਤੇ ਵਿਚ ਕਿਤੇ ਤਿਲ ਸੁਟਣ ਨੂੰ ਥਾਂ ਨਹੀਂ ਸੀ।

ਇਸ ਦਿਹਾੜੇ ਤੇ ਉਚੇਚਾ ਪੁਜੇ ਸੰਤ ਬਾਬਾ ਰੋਸ਼ਨ ਸਿੰਘ ਜੀ, ਡੇਰਾ ਬਾਬਾ ਕਰਮ ਸਿੰਘ ਹੋਤੀ ਮਰਦਾਨ ਨੇ ਸ਼ਬਦ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਭਾਵੇਂ ਸੰਤ ਬਾਬਾ ਰੋਸ਼ਨ ਸਿੰਘ ਜੀ ਸਰੀਰਕ ਤੌਰ 'ਤੇ ਬਹੁਤਾ ਠੀਕ ਨਹੀਂ ਸਨ ਪਰ ਕੀਰਤਨ ਕਰਦਿਆਂ ਉਨ੍ਹਾਂ ਦੇ ਚਿਹਰੇ ਦਾ ਜਲਾਲ ਵੇਖਿਆਂ ਹੀ ਬਣਦਾ ਸੀ। ਇਥੇ ਜ਼ਿਕਰਯੋਗ ਹੈ ਕਿ ਸੰਤ ਬਾਬਾ ਰੋਸ਼ਨ ਸਿੰਘ ਹੁਰਾਂ ਨੇ ਆਪਣੀ ਜਿੰਦਗੀ ਵਿਚ ਸੰਗਤਾਂ ਦੇ ਲਾਭ ਲਈ ਜੋ ਵੀ ਸਥਾਨ ਗੁਰੂਘਰ, ਹਸਪਤਾਲ, ਡਿਸਪੈਂਸਰੀਆਂ, ਸਕੂਲ, ਕਾਲਜ ਅਤੇ ਤਕਨੀਕੀ ਅਦਾਰੇ ਬਣਾਏ, ਟਰਸਟ ਦੇ ਨਾਮ ਕਰਕੇ ਸਭ ਕੁਝ ਬਰਾਦਰੀ ਦੀ ਝੋਲੀ ਪਾ ਦਿਤਾ। ਇਸ ਮੌਕੇ ਸੇਵਾ ਦੇ ਪੁੰਜ ਤੇ ਨਾਮਰਸੀਏ ਸੰਤ ਬਾਬਾ ਰੋਸ਼ਨ ਸਿੰਘ ਜੀ ਦਾ ਸੰਤ ਪ੍ਰੇਮ ਸਿੰਘ ਸਿੱਖ ਕਲਚਰਲ ਸੁਸਾਇਟੀ ਵਲੋਂ ਗੋਲਡ ਮੈਡਲ ਨਾਲ ਸਨਮਾਨ ਕੀਤਾ ਗਿਆ। ਇਹ ਗੋਲਡ ਮੈਡਲ ਸੁਸਾਇਟੀ ਦੇ ਪ੍ਰਧਾਨ ਜਸਵਿੰਦਰ ਸਿੰਘ ਜੱਸੀ, ਚੇਅਰਮੈਨ ਬਾਬਾ ਜੋਗਿੰਦਰ ਸਿੰਘ, ਸੁਸਾਇਟੀ ਦੇ ਬਾਨੀ ਪ੍ਰਧਾਨ ਮਾਸਟਰ ਮਹਿੰਦਰ ਸਿੰਘ ਅਤੇ ਹੋਰ ਪਤਵੰਤੇ ਸੱਜਣਾਂ ਨੇ ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ, ਤਖਤ ਸ੍ਰੀ ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਇਕਬਾਲ ਸਿੰਘ ਅਤੇ ਤਖਤ ਸ੍ਰੀ ਕੇਸਗੜ ਸਾਹਿਬ ਦੇ ਜਥੇਦਾਰ ਗਿਆਨੀ ਤਰਲੋਚਨ ਸਿੰਘ ਦੀ ਅਗਵਾਈ ਹੇਠ ਭੇਂਟ ਕੀਤਾ।

ਸਮਾਗਮ ਵਿਚ ਉਚੇਚੇ ਪਹੁੰਚੇ ਤਿੰਨਾਂ ਤਖਤਾਂ ਦੇ ਜਥੇਦਾਰਾਂ ਨੇ ਹਾਜਰ ਸੰਗਤਾਂ ਨੂੰ ਗੁਰਮਤਿ ਅਤੇ ਸਿੱਖ ਇਤਿਹਾਸ ਤੋਂ ਜਾਣੂ ਕਰਵਾਇਆ। ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਤਰਲੋਚਨ ਸਿੰਘ ਨੇ ਬਾਬਾ ਮੱਖਣ ਸ਼ਾਹ ਲੁਬਾਣਾ ਤੋਂ ਲੈ ਕੇ ਬਾਬਾ ਲੱਖੀ ਸ਼ਾਹ ਵਣਜਾਰਾ ਤੱਕ ਦੇ ਇਤਿਹਾਸ ਦਾ ਵਰਣਨ ਕਰਕੇ ਲੁਬਾਣਾ ਬਰਾਦਰੀ ਦੀ ਸਿੱਖ ਪੰਥ ਨੂੰ ਦੇਣ ਤੋਂ ਜਾਣੂ ਕਰਵਾਇਆ। ਉਨ੍ਹਾਂ ਆਖਿਆ ਕਿ ਬਾਬਾ ਮੱਖਣ ਸ਼ਾਹ ਲੁਬਾਣਾ ਨੇ ਬਾਬਾ ਬਕਾਲਾ ਵਿਖੇ ਕੋਠੇ ਦੀ ਛੱਤ 'ਤੇ ਚੜ੍ਹ ਕੇ ਉਚੀ ਆਵਾਜ਼ ਵਿਚ ਕਿਹਾ ਸੀ, ਸਾਚਾ ਗੁਰੂ ਲਾਧੋ ਰੇ, ਸੱਚਾ ਗੁਰੂ ਤੇਗ ਬਹਾਦਰ ਸਾਹਿਬ ਇਥੇ ਹੈ ਬਾਕੀ ਆਪੂੰ ਬਣੇ ਸਾਰੇ ਗੁਰੂ ਝੂਠੇ ਗੁਰੂ ਹਨ। ਜਦੋਂ ਨੌਂਵੇਂ ਪਾਤਸ਼ਾਹ ਹਿੰਦ ਦੀ ਚਾਦਰ ਗੁਰੂ ਤੇਗ ਬਹਾਦਰ ਨੇ ਦਿੱਲੀ ਵਿਚ ਸੀਸ ਵਾਰਿਆ ਤਾਂ ਉਨ੍ਹਾਂ ਦੇ ਧੜ ਦੀ ਸੰਭਾਲ ਭਾਈ ਲੱਖੀ ਸ਼ਾਹ ਵਣਜਾਰੇ ਨੇ ਕੀਤੀ ਅਤੇ ਆਪਣੇ ਘਰ ਨੂੰ ਅੱਗ ਲਾ ਕੇ ਗੁਰੂ ਸਾਹਿਬ ਦੀ ਦੇਹ ਦਾ ਸਸਕਾਰ ਕੀਤਾ। ਉਨ੍ਹਾਂ ਹੋਰ ਦੱਸਿਆ ਕਿ ਭਾਈ ਲੱਖੀ ਸ਼ਾਹ ਵਣਜਾਰੇ ਦਾ ਅਗਲਾ ਇਤਿਹਾਸ ਭਾਈ ਮਨੀ ਸਿੰਘ ਨਾਲ ਜਾ ਜੁੜਦਾ ਹੈ ਜਿਨ੍ਹਾਂ ਨੇ ਪੰਥ ਲਈ ਬੰਦ ਬੰਦ ਕਟਵਾਇਆ। ਉਨ੍ਹਾਂ ਦੇ ਨਾਲ ਜਿਊਂਦੇ ਹੀ ਦੇਗ ਵਿਚ ਉਬਾਲੇ ਗਏ ਭਾਈ ਦਿਆਲਾ ਸਿੰਘ ਵੀ ਲੁਬਾਣਾ ਬਰਾਦਰੀ ਵਿਚੋਂ ਹੀ ਸਨ। ਇਕੱਲੇ ਭਾਈ ਮਨੀ ਸਿੰਘ ਦੇ ਲੁਬਾਣਾ ਸਿੱਖ ਪਰਿਵਾਰ 'ਚੋਂ 52 ਸ਼ਹੀਦ ਹੋਏ ਹਨ।








ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਸੰਗਤਾਂ ਨੂੰ ਸੰਬੋਧਨ ਕਰਦਿਆਂ "ਗੁਰੂ ਲਾਧੋ ਰੇ" ਦਿਨ ਦੀ ਮਹੱਤਤਾ ਬਾਰੇ ਵਿਸਥਾਰ ਵਿਚ ਦੱਸਦਿਆਂ ਕਿਹਾ ਕਿ ਅਕਾਲ ਤਖ਼ਤ ਦੇ ਜਥੇਦਾਰ ਦੀ ਸ਼ਕਤੀ ਸਿੱਖ ਸੰਗਤਾਂ ਹਨ। ਜੇ ਸਮੂਹ ਸੰਗਤਾਂ ਅਕਾਲ ਤਖ਼ਤ ਦੇ ਪਰਚਮ ਥੱਲੇ ਇਕੱਤਰ ਹੋ ਜਾਣ ਤਾਂ ਦੇਸ਼ ਵਿਦੇਸ਼ ਵਿਚ ਵਸਦੀਆਂ ਸਮੂਹ ਸੰਗਤਾਂ ਨੂੰ ਦਰਪੇਸ਼ ਮੁਸ਼ਕਲਾਂ ਦਾ ਹੱਲ ਗੁਰੂ ਕਿਰਪਾ ਨਾਲ ਲੱਭਿਆ ਜਾ ਸਕਦਾ ਹੈ।

ਜਥੇਦਾਰ ਨੇ ਇਹ ਵੀ ਆਖਿਆ ਕਿ ਉਹ ਸੰਗਤਾਂ ਦੇ ਕਿਸੇ ਵੀ ਸਵਾਲ ਦਾ ਜਵਾਬ ਦੇਣ ਲਈ ਹਰ ਸਮੇਂ ਤਤਪਰ ਹਨ ਅਤੇ ਉਹ ਸੰਗਤਾਂ ਨੂੰ ਬਿਨਾ ਕਿਸੇ ਵਿਚੋਲੇ ਦੇ ਮਿਲਣ ਅਤੇ ਉਨ੍ਹਾਂ ਦੇ ਵਿਚਾਰ ਜਾਣਨ ਲਈ ਵਚਨਬੱਧ ਹਨ। ਉਨ੍ਹਾਂ ਆਪਣੀ ਤਰਫੋਂ ਗੁਰਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ ਦੇ ਮੁੱਖ ਸੇਵਾਦਾਰ ਸ. ਜਰਨੈਲ ਸਿੰਘ ਗਿਲਜੀਆਂ ਅਤੇ ਸਕੱਤਰ ਸ. ਕੁਲਬੀਰ ਸਿੰਘ ਦਾ ਵਿਸ਼ੇਸ਼ ਧੰਨਵਾਦ ਕੀਤਾ।







ਸੰਗਤਾਂ ਨੂੰ ਸੰਬੋਧਨ ਕਰਦਿਆਂ ਸ. ਜਰਨੈਲ ਸਿੰਘ ਗਿਲਜੀਆਂ, ਚੇਅਰਮੈਨ ਸ. ਰਣਜੀਤ ਸਿੰਘ ਅਤੇ ਜਨਰਲ ਸਕੱਤਰ ਕੁਲਬੀਰ ਸਿੰਘ ਆਲਮਪੁਰ ਨੇ ਤਖਤਾਂ ਦੇ ਜਥੇਦਾਰ ਸਾਹਿਬਾਨ, ਗੁਰਦੁਆਰਾ ਬੰਗਲਾ ਸਾਹਿਬ ਦਿੱਲੀ ਦੇ ਹੈਡ ਗ੍ਰੰਥੀ ਗਿਆਨੀ ਰਣਜੀਤ ਸਿੰਘ, ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੀਤ ਪ੍ਰਧਾਨ ਸ. ਭਜਨ ਸਿੰਘ ਵਾਲੀਆ, ਬਾਹਰੋਂ ਆਈਆਂ ਸ਼ਖਸੀਅਤਾਂ ਸ. ਬਲਦੇਵ ਸਿੰਘ ਸੱਲ੍ਹਾਂ (ਸੀਨੀਅਰ ਮੀਤ ਪ੍ਰਧਾਨ ਅਕਾਲੀ ਦਲ ਬਾਦਲ, ਅਮਰੀਕਾ), ਸ. ਨਰਿੰਦਰ ਸਿੰਘ ਮੁੰਦਰ (ਸਕੱਤਰ ਜਰਨਲ ਅਕਾਲੀ ਦਲ ਬਾਦਲ, ਅਮਰੀਕਾ), ਸ. ਬਖ਼ਸ਼ੀਸ਼ ਸਿੰਘ ਸੰਧੂ, ਸ. ਸੁਖਵਿੰਦਰ ਸਿੰਘ ਅਤੇ ਟਰਾਈ ਸਟੇਟ ਦੀਆਂ ਸਮੂਹ ਸੰਗਤਾਂ ਦਾ ਧੰਨਵਾਦ ਕੀਤਾ।

# ਢਾਡੀ ਕੁਲਜੀਤ ਸਿੰਘ ਦਿਲਬਰ ਜਥੇ ਸਮੇਤ ਅਮਰੀਕਾ 'ਚ

**ਐਸ. ਅਸ਼ੋਕ ਭੌਰਾ**

ਜਿਥੇ ਸਾਰੀ ਰਾਤ ਗਿੱਧਾ ਪੈਂਦਾ ਰਿਹਾ ਹੋਵੇ, ਉਥੇ ਧਰਤੀ ਨੂੰ ਸੱਚੀਂ-ਮੁੱਚੀਂ ਹੀ ਕਲੀ ਹੋ ਜਾਂਦੀ ਹੈ। ਜਿੰਨੇ ਵੀ ਸੰਘਰਸ਼ ਆਤਮ-ਵਿਸ਼ਵਾਸ ਨਾਲ ਕੀਤੇ ਗਏ, ਹਾਰਨ ਦਾ ਸਵਾਲ ਹੀ ਨਹੀਂ ਉਠਿਆ। ਜਦੋਂ ਕੰਮ ਬੋਲਦਾ ਹੋਵੇ, ਉਂਗਲੀ ਬੁੱਲ੍ਹਾਂ 'ਤੇ ਆਪਣੇ-ਆਪ ਰੱਖੀ ਜਾਂਦੀ ਹੈ। ਜਿਹੜਾ ਸਿੱਖ ਇਤਿਹਾਸ ਨੂੰ ਜਾਣਦਾ ਹੋਵੇ, ਉਹ ਢਾਡੀ ਪ੍ਰੰਪਰਾ ਨੂੰ ਵੀ ਜ਼ਰੂਰ ਜਾਣਦਾ ਹੋਵੇਗਾ ਤੇ ਜਿਹੜਾ ਢਾਡੀ ਸਿੰਘਾਂ ਬਾਰੇ ਵਾਕਫੀਅਤ ਰੱਖੇ, ਉਹ ਦਇਆ ਸਿੰਘ ਦਿਲਬਰ ਤੋਂ ਅਣਜਾਣ ਨਹੀਂ ਹੋ ਸਕਦਾ। ਇਕ ਵਾਰ ਚੰਡੀਗੜ੍ਹ ਤੋਂ ਨਵਾਂਸ਼ਹਿਰ ਬੱਸ 'ਚ ਜਾ ਰਹੇ ਸਾਂ ਕਿ ਬਰਨਾਲਾ ਚੌਂਕ 'ਚ ਇਕ ਛਬੀਲ 'ਤੇ ਬੱਸ ਰੁਕੀ। ਇਕ ਸਿੰਘ ਉਤਰਿਆ, ਗੋਡਿਆਂ ਪਰਨੇ ਮੱਥਾ ਧਰਤੀ 'ਤੇ ਰੱਖ ਦਿੱਤਾ। ਮੈਂ ਸਹਿਜ ਸੁਭਾਅ ਕਿਹਾ, 'ਖਾਲਸਾ ਜੀ, ਸਾਹਮਣੇ ਤਾਂ ਗੁੱਗੇ ਦੀ ਮਾੜੀ ਐ।' ਉਹ ਥੋੜ੍ਹਾ ਤਲਖੀ 'ਚ ਬੋਲਿਆ, 'ਮੈਂ ਗੁੱਗੇ ਨੂੰ ਨਹੀਂ, ਉਸ ਧਰਤੀ ਨੂੰ ਮੱਥਾ ਟੇਕਿਐ ਜਿੱਥੇ ਢਾਡੀ ਦਇਆ ਸਿੰਘ ਦਿਲਬਰ ਰਹਿੰਦੈ।'

ਨਵਾਂਸ਼ਹਿਰ ਦਾ ਨਾਂ ਹੁਣ ਭਾਵੇਂ ਬਦਲ ਕੇ ਸ਼ਹੀਦ ਭਗਤ ਸਿੰਘ ਨਗਰ ਰੱਖ ਦਿੱਤਾ ਗਿਆ ਹੈ ਪਰ ਨਵਾਂਸ਼ਹਿਰ ਤੇ ਦਿਲਬਰ ਨੂੰ ਅਲੱਗ-ਅਲੱਗ ਕਰਕੇ ਨਹੀਂ ਦੇਖਿਆ ਜਾ ਸਕਦਾ। ਸਰਕਾਰਾਂ ਦਾ ਕਮਾਲ ਦੇਖੋ ਕਿ ਕੇਂਦਰ ਦੀ ਕਾਂਗਰਸ ਸਰਕਾਰ ਨੇ ਦਿਲਬਰ 'ਤੇ ਭੜਕਾਊ ਤਕਰੀਰਾਂ ਦਾ ਇਲਜਾਮ ਲਗਾ ਕੇ ਰਾਸ਼ਟਰੀ ਸੁਰੱਖਿਆ ਐਕਟ ਅਧੀਨ ਨਜ਼ਰਬੰਦ ਕੀਤਾ ਸੀ ਤੇ ਪੰਜਾਬ ਦੀ ਕਾਂਗਰਸ ਸਰਕਾਰ ਉਸੇ ਦਿਲਬਰ ਨੂੰ ਭਾਸ਼ਾ ਵਿਭਾਗ ਜ਼ਰੀਏ 'ਸ਼੍ਰੋਮਣੀ ਢਾਡੀ ਪੁਰਸਕਾਰ' ਨਾਲ ਨਿਵਾਜ ਰਹੀ ਹੈ। ਖ਼ੈਰ ਦਇਆ ਸਿੰਘ ਦਿਲਬਰ ਹੁਣ ਸਾਡੇ ਵਿਚਕਾਰ ਨਹੀਂ ਤੇ ਜੇ ਬੋਹੜ ਦੀ ਥਾਂ ਬੋਹੜ ਜਾਂ ਪਿੱਪਲ ਦੀ ਥਾਂ ਪਿੱਪਲ ਨਹੀਂ ਵੀ ਲਗਦਾ ਤਾਂ ਕੋਈ ਗੱਲ ਨਹੀਂ, ਅੰਬ ਜ਼ਰੂਰ ਲੱਗ ਗਿਆ ਹੈ। ਯਾਨਿ ਕਿ ਦਿਲਬਰ ਦਾ ਪੁੱਤਰ ਕੁਲਜੀਤ ਸਿੰਘ ਦਿਲਬਰ ਇਸ ਵੇਲੇ ਪੰਜਾਬ ਦੇ ਸਿਰਮੌਰ ਢਾਡੀਆਂ ਦੀ ਸ਼੍ਰੇਣੀ ਵਿਚ ਸ਼ਾਮਲ ਹੋ ਚੁੱਕਾ ਹੈ।

ਪਹਿਲਾਂ ਧਾਰਮਿਕ ਗੀਤਾਂ ਨੂੰ ਪੇਸ਼ ਕਰਨ ਵਾਲੇ ਇਕ ਜਥੇ ਵਿਚ ਕੁਲਜੀਤ ਬੁਲਾਰਾ ਬਣ ਕੇ ਆਇਆ ਤੇ 1986 ਵਿਚ ਕਮਾਲ ਹੋਇਆ ਜਦੋਂ ਇਕ ਕਾਬਲ ਫਰਜੰਦ ਨੇ ਬਾਪ ਦੀਆਂ ਪਾਈਆਂ ਲੀਹਾਂ ਵਿਚ ਨਿਵੇਕਲੀ ਪੈੜ ਸਿਰਜ ਲਈ। ਜਿਵੇਂ ਕਹਿੰਦੇ ਨੇ ਸ਼ੇਰ ਦੇ ਬੱਚੇ ਨੂੰ ਗਰਜਣਾ ਨਾ ਆਉਂਦਾ ਹੋਵੇ, ਏਦਾਂ ਕਦੋਂ ਹੋਇਐ? ਤੇ ਕੁਲਜੀਤ ਨੇ ਉਹੀ ਰਵਾਨਗੀ, ਉਹੀ ਇਤਿਹਾਸ ਦੀ ਪੇਸ਼ਕਾਰੀ ਵਿਚ ਸ਼ਬਦਾਂ ਦੀ ਬੁਣਤੀ, ਉਹੀ ਬੀਰ ਰਸ ਦੀ ਕਲਾ ਬਿਖੇਰ ਕੇ ਦਰਸਾ ਦਿੱਤਾ ਹੈ ਕਿ ਬਾਪ ਹੋਣਹਾਰ ਪੁੱਤਰਾਂ 'ਤੇ ਮਾਣ ਇਸੇ ਕਰਕੇ ਕਰਦੇ ਆਏ ਹਨ।


*ਕੁਲਜੀਤ ਸਿੰਘ ਦਿਲਬਰ*

ਮੈਨੂੰ ਯਾਦ ਹੈ ਕਿ ਇਕ ਵਾਰ ਦਇਆ ਸਿੰਘ ਦਿਲਬਰ ਨੇ ਇਕ 'ਵਾਰ' ਦੇ ਇਕਵੰਜਾ ਕਾਫੀਏ ਇਕੋ ਸਾਹੇ ਸੁਣਾ ਕੇ ਲੱਖ ਦੇ ਕਰੀਬ ਦਰਸ਼ਕਾਂ ਨੂੰ ਆਪਣੇ ਨਾਲ ਏਨਾ ਜੋੜ ਲਿਆ ਸੀ ਕਿ ਲਗਦਾ ਸੀ ਤਾਲੀਆਂ ਸਿਰਫ ਗਾਉਣ ਵਾਲਿਆਂ ਲਈ ਹੀ ਰਾਖਵੀਆਂ ਨਹੀਂ ਹੁੰਦੀਆਂ ਤੇ ਕੁਲਜੀਤ ਅੰਦਰ ਬਾਪ ਦੀਆਂ ਇਨ੍ਹਾਂ ਸਾਰੀਆਂ ਬਾਰੀਕੀਆਂ ਤੇ ਢਾਡੀ ਕਲਾਵਾਂ ਦਾ ਜੋੜ-ਮੇਲ ਹੈ। ਚਲੋ, ਜਿਨ੍ਹਾਂ ਨੇ ਢਾਡੀ ਦਿਲਬਰ ਨੂੰ ਨਹੀਂ ਸੁਣਿਆ, ਮੱਥੇ 'ਤੇ ਹੱਥ ਮਾਰਨ ਦੀ ਜ਼ਰੂਰਤ ਨਹੀਂ। ਕੁਲਜੀਤ ਨੂੰ ਸੁਣ ਕੇ ਲੱਗੇਗਾ ਕਿ ਪਿਓ-ਪੁੱਤ ਦੇ ਸਾਂਝੇ ਦਰਸ਼ਨ ਕਰ ਲਏ ਹਨ ਜਾਂ ਮੁਹੰਮਦ ਰਫੀ ਤੇ ਲਤਾ ਨਾਲ ਇਕੱਠਿਆਂ ਮੇਲ-ਜੋਲ ਹੋ ਗਿਆ ਹੈ।

ਢਾਡੀ ਕੁਲਜੀਤ ਸਿੰਘ ਦਿਲਬਰ ਜੋ ਇਨ੍ਹਾਂ ਦਿਨਾਂ ਵਿਚ ਅਮਰੀਕਾ 'ਚ ਹੈ ਤੇ ਢਾਡੀ ਵਾਰਾਂ ਰਾਹੀਂ ਸਿੱਖ ਇਤਿਹਾਸ ਨੂੰ ਪੇਸ਼ ਕਰਕੇ ਇੱਥੋਂ ਦੀ ਨਵੀਂ ਪੀੜ੍ਹੀ ਨੂੰ ਮਹਾਨ ਸਿੱਖ ਵਿਰਾਸਤ ਨਾਲ ਜੋੜਨ ਲਈ ਯਤਨਸ਼ੀਲ ਹੈ, ਇਕ ਢਾਡੀ ਹੋਣ ਦੇ ਨਾਲ-ਨਾਲ ਦੋ ਪ੍ਰਬੰਧਕੀ ਜ਼ਿੰਮੇਵਾਰੀਆਂ ਵੀ ਇਸ ਕਲਾ ਨੂੰ ਅੱਗੇ ਲੈ ਕੇ ਜਾਣ ਲਈ ਨਿਭਾ ਰਿਹਾ ਹੈ। ਇੱਕੋ ਵੇਲੇ ਕੁਲਜੀਤ ਸ੍ਰੀ ਗੁਰੂ ਹਰਗੋਬਿੰਦ ਢਾਡੀ ਸਭਾ ਦਾ ਪ੍ਰਧਾਨ ਤੇ ਸ਼੍ਰੋਮਣੀ ਢਾਡੀ ਸਭਾ ਦਾ ਸਕੱਤਰ ਜਨਰਲ ਹੈ। ਆਪਣੇ ਢਾਈ ਦਹਾਕਿਆਂ ਦੇ ਢਾਡੀ ਜੀਵਨ ਵਿਚ ਉਸ ਨੇ ਕਰੀਬ 22 ਕੈਸਿਟਾਂ, ਆਡੀਓ-ਵੀਡੀਓ ਰੂਪ ਵਿਚ ਸਿੱਖ ਸੰਗਤ ਦੀ ਝੋਲੀ ਪਾਈਆਂ ਹਨ। ਇਨ੍ਹਾਂ 'ਚੋਂ ਟੀ. ਸੀਰੀਜ਼ ਦੀਆਂ 'ਸਭਰਾਵਾਂ ਦੀ ਜੰਗ' ਅਤੇ ਸ਼ਹੀਦ ਬਾਬਾ ਦੀਪ ਸਿੰਘ ਜੀ ਬਾਰੇ 'ਸਿਰਲੱਥ ਯੋਧਾ' ਇਸ ਕਲਾ ਨੂੰ ਤੇਹ-ਮੋਹ ਕਰਨ ਵਾਲੇ ਹਰ ਸਿੱਖ ਪ੍ਰੇਮੀ ਦੇ ਹਿਰਦੇ ਵਿਚ ਰੂਪਮਾਨ ਹਨ।

ਸਲੋਹ (ਨਵਾਂਸ਼ਹਿਰ) ਪਿੰਡ ਵਿਚ 1955 ਨੂੰ ਪਿਤਾ ਗਿਆਨੀ ਦਇਆ ਸਿੰਘ ਦਿਲਬਰ ਤੇ ਮਾਂ ਸੰਤ ਕੌਰ ਦੇ ਘਰ ਜਨਮੇ ਕੁਲਜੀਤ ਨੇ ਐਮ.ਏ. ਬੀ.ਐਡ ਦੀ ਪੜ੍ਹਾਈ ਕਰਕੇ ਪਹਿਲਾਂ ਨਵਾਂਸ਼ਹਿਰ ਦੇ ਹੀ ਖਾਲਸਾ ਸਕੂਲ 'ਚ ਪੜ੍ਹਾਇਆ ਤੇ ਫਿਰ ਇੱਕੀ ਸਾਲ ਪੰਜਾਬ ਐਂਡ ਸਿੰਧ ਬੈਂਕ ਵਿਚ ਨੌਕਰੀ ਕਰਕੇ ਸੇਵਾ ਮੁਕਤੀ ਲਈ। 1986 ਵਿਚ ਜਦੋਂ ਪਿਤਾ ਭੜਕਾਊ ਭਾਸ਼ਣ ਦੇ ਦੋਸ਼ ਹੇਠ ਬੁੜੈਲ ਜੇਲ੍ਹ 'ਚ ਤਿੰਨ ਵਰ੍ਹਿਆਂ ਲਈ ਬੰਦ ਹੋਏ ਤਾਂ ਸਮਝੋ ਵਿਰਾਸਤ ਵਿਚ ਮਿਲੀ ਪਰ ਅੰਦਰ ਸੁੱਤੀ ਕਲਾ ਨੂੰ ਕੁਲਜੀਤ ਨੇ ਅਜਿਹਾ ਉਠਾਇਆ ਕਿ ਫਿਰ ਪਿਛਾਂਹ ਮੂੰਹ ਨਹੀਂ ਘੁਮਾ ਕੇ ਵੇਖਿਆ। ਸੋਹਣ ਸਿੰਘ ਸੀਤਲ ਵਾਂਗ ਕੁਲਜੀਤ ਸਿੰਘ ਵਧੀਆ ਲੇਖਕ ਤੇ ਕਹਾਣੀਕਾਰ ਵੀ ਹੈ। ਜਲੰਧਰ ਦੂਰਦਰਸ਼ਨ ਨੇ ਉਹਦੇ ਜੀਵਨ 'ਤੇ ਡਾਕੂਮੈਂਟਰੀ ਵੀ ਬਣਾਈ ਤੇ ਡੀ.ਡੀ. ਪੰਜਾਬੀ ਦੀ ਦਸਵੀਂ ਵਰ੍ਹੇਗੰਢ ਤੇ ਬਾਬਾ ਬੰਦਾ ਸਿੰਘ ਬਹਾਦਰ ਜੀ ਨੂੰ ਸਮਰਪਿਤ ਢਾਡੀ ਦਰਬਾਰ ਵਿਚ ਅਨੰਦਪੁਰ ਸਾਹਿਬ ਤੋਂ ਸਿੱਧੇ ਪ੍ਰਸਾਰਣ ਵਿਚ ਹਿੱਸਾ ਵੀ ਲਿਆ। ਪਤਨੀ ਨਵਦੀਪ ਕੌਰ ਦਾ ਢਾਡੀ ਖਾਵੰਦ ਕੁਲਜੀਤ ਸਿੰਘ ਦੋ ਬੱਚਿਆਂ ਦਾ ਬਾਪ ਹੈ। ਪੁੱਤਰ ਪ੍ਰਭਮੀਤ ਸਿੰਘ ਦਿਲਬਰ ਆਸਟਰੇਲੀਆ 'ਚ ਕੰਪਿਊਟਰ ਇੰਜੀਨੀਅਰ ਹੈ ਤੇ ਬੇਟੀ ਜਸਨੀਤ ਕੌਰ ਨਵਾਂਸ਼ਹਿਰ ਦੇ ਹੀ ਇੰਜੀਨੀਅਰਿੰਗ ਕਾਲਜ ਵਿਚ ਲੈਕਚਰਾਰ ਹੈ। ਕੁਲਜੀਤ ਦੇ ਢਾਡੀ ਜਥੇ ਵਿਚ ਅੱਜਕੱਲ੍ਹ ਸਾਰੰਗੀ 'ਤੇ ਸਰੂਪ ਸਿੰਘ ਸਾਗਰ, ਦਲਜੀਤ ਸਿੰਘ ਮੱਲ੍ਹੀ, ਮਾਛੀਵਾੜਾ ਤੇ ਦੇਨੋਵਾਲ ਦੇ ਕੁਲਦੀਪ ਸਿੰਘ ਕੋਮਲ ਢੱਡ 'ਤੇ ਹਨ।

ਕੱਪੜੇ ਸੂਰਜ ਦੇਖ ਕੇ ਪਹਿਨਣੇ ਪੈਂਦੇ ਨੇ ਕਿ ਠੰਢ ਹੈ ਕਿ ਗਰਮ ਪਰ ਢਾਡੀ ਕਲਾ ਨੂੰ ਸੁਣ ਕੇ ਦੋ ਕੰਮ ਸੰਪੂਰਨ ਹੋ ਜਾਂਦੇ ਹਨ। ਇਕ ਤਾਂ ਸਿੱਖ ਇਤਿਹਾਸ ਬਾਰੇ ਜਾਣਕਾਰੀ ਤੇ ਦੂਜਾ ਸਿਰ ਨੀਵਾਂ। ਢਾਡੀ ਕੁਲਜੀਤ ਸਿੰਘ ਦਿਲਬਰ ਨਾਲ ਈ-ਮੇਲ dhadidilbar@yahoo.com 'ਤੇ ਸੰਪਰਕ ਕੀਤਾ ਜਾ ਸਕਦਾ ਹੈ।

UNITED SIKHS
*Recognize the Human race as one*

# United Sikhs India and Pakistan 2010 Flood Relief

**ਹਾਲ ਹੀ ਵਿਚ ਪੂਰਬੀ ਤੇ ਪੱਛਮੀ ਪੰਜਾਬ ਵਿਚ ਹੜ੍ਹਾਂ ਤੋਂ ਦੋ ਕਰੋੜ ਤੋਂ ਵੱਧ ਲੋਕ ਪ੍ਰਭਾਵਿਤ ਹੋਏ ਹਨ ਅਤੇ ਇਹ ਗਿਣਤੀ ਕਿਸੇ ਵੀ ਕੁਦਰਤੀ ਆਫਤ ਤੋਂ ਪ੍ਰਭਾਵਿਤ ਹੋਣ ਵਾਲੇ ਲੋਕਾਂ ਨਾਲੋਂ ਵੱਧ ਹੈ। ਇਸ ਕੁਦਰਤੀ ਆਫਤ ਦਾ 60 ਲੱਖ ਬੱਚਿਆਂ 'ਤੇ ਅਸਰ ਪਿਆ ਹੈ ਜਿਨ੍ਹਾਂ ਵਿਚੋਂ 35 ਲੱਖ ਬੱਚਿਆਂ ਨੂੰ ਫੌਰੀ ਤੌਰ 'ਤੇ ਮਦਦ ਦੀ ਬੇਹੱਦ ਲੋੜ ਹੈ। ਇਨ੍ਹਾਂ ਹੜ੍ਹਾਂ ਕਾਰਨ 1500 ਲੋਕ ਮਾਰੇ ਗਏ ਹਨ ਅਤੇ 46 ਲੱਖ ਲੋਕ ਬੇਘਰ ਹੋਏ ਹਨ।**

## ਤੁਹਾਡੀ ਮਦਦ ਇਨ੍ਹਾਂ ਪਰਿਵਾਰਾਂ ਨੂੰ ਮੁੜ ਪੈਰਾਂ ਸਿਰ ਹੋਣ ਵਿਚ ਮਦਦ ਕਰ ਸਕਦੀ ਹੈ।

ਯੁਨਾਈਟਿਡ ਸਿੱਖਸ ਸੰਯੁਕਤ ਰਾਸ਼ਟਰ ਤੋਂ ਮਾਨਤਾਪ੍ਰਾਪਤ ਜਥੇਬੰਦੀ ਹੈ ਅਤੇ ਹੜ੍ਹ ਮਾਰੇ ਲੋਕਾਂ ਨੂੰ ਰਾਹਤ ਸਮੱਗਰੀ ਦੀਆਂ ਕਿਟਾਂ ਪਹੁੰਚਦੀਆਂ ਕਰਨ ਵਿਚ ਸੰਯੁਕਤ ਰਾਸ਼ਟਰ ਅਤੇ ਹੋਰ ਮਾਨਵੀ ਸਹਾਇਤਾ ਏਜੰਸੀਆਂ ਨਾਲ ਰਲ ਕੇ ਕੰਮ ਕਰ ਰਹੀ ਹੈ।

| 1. ਕਿਟ ਪਹਿਲੀ: ਗੈਰਖੁਰਾਕੀ ਚੀਜ਼ਾਂ ਦੀ ਹੰਗਾਮੀ ਕਿਟ-50 ਡਾਲਰ। | 2. ਕਿਟ ਦੂਜੀ: ਖੁਰਾਕ ਦੀਆਂ ਚੀਜ਼ਾਂ-50 ਡਾਲਰ |
|---|---|
| ਇਸ ਕਿਟ ਵਿਚ ਫੌਰੀ ਸਹਾਇਤਾ ਲਈ ਫਸਟਏਡ ਕਿਟ (ਪਾਣੀ ਸਾਫ ਕਰਨ ਲਈ 10 ਜਲ ਸਫਾਈ ਗੋਲੀਆਂ, ਪੱਟੀਆਂ ਅਤੇ ਦਰਦਨਿਵਾਰਕ ਗੋਲੀਆਂ), 1 ਵੱਡੀ ਕੜਛੀ, 1 ਸਟੋਵ, 1 ਜੱਗ, 5 ਪਲਾਸਟਿਕ ਪਲੇਟਾਂ, 5 ਗਲਾਸ, 1 ਚਾਕੂ, 1 ਪਲਾਸਟਿਕ ਦੀ ਟਰੇਅ, 1 ਦਰਮਿਆਨੇ ਅਕਾਰ ਦਾ ਖਾਣਾ ਪਕਾਉਣ ਵਾਲਾ ਪਤੀਲਾ, ਮਾਚਿਸ ਦੀਆਂ ਡੱਬੀਆਂ (10), 5 ਟੁਥ ਬਰਸ਼ ਅਤੇ 1 ਟੁੱਥਪੇਸਟ ਦੀ ਟਿਊਬ (ਘੱਟੋ ਘੱਟ 130 ਮਿਲੀਗ੍ਰਾਮ), 2 ਸਾਬਣ ਦੀਆਂ ਛੋਟੀਆਂ ਟਿੱਕੀਆਂ, 1 ਬਾਲਟੀ, 1 ਸ਼ੈਂਪੂ, 2 ਨਵੇਂ ਤੌਲੀਏ (ਦਰਮਿਆਨੇ ਆਕਾਰ ਦੇ ਗੂੜ੍ਹੇ ਰੰਗ ਦੇ), 2 ਕੰਘੀਆਂ ਅਤੇ ਬੇਬੀ ਮਿਲਕ ਪਾਊਡਰ।<br>ਇਹ ਸਭ ਦੋ ਹਫਤਿਆਂ ਲਈ ਕਾਫੀ ਹੋਵੇਗਾ। | ਚੌਲ (3.5 ਕਿੱਲੋ), ਆਟਾ (20 ਕਿੱਲੋ), ਘਿਓ (6 ਕਿੱਲੋ), ਖੰਡ (3.5 ਕਿੱਲੋ), ਮਸਾਲੇ (1 ਕਿੱਲੋ), ਦਾਲਾਂ (3 ਕਿੱਲੋ), ਦੁੱਧ ਦੇ ਪੈਕਟ (11 ਲਿਟਰ), ਚਾਹ ਪੱਤੀ (1 ਕਿੱਲੋ), ਕੱਪੜੇ ਧੋਣ ਵਾਲਾ ਸਾਬਣ (5 ਕਿੱਲੋ)<br>ਇਹ ਸਭ 4 ਹਫਤਿਆਂ ਲਈ ਕਾਫੀ ਹੋਵੇਗਾ।<br>ਸਾਨੂੰ ਫੌਰੀ ਤੌਰ 'ਤੇ ਤੁਹਾਡੀ ਮਦਦ ਦੀ ਲੋੜ ਹੈ। ਇਕ ਕਿੱਟ ਸਪਾਂਸਰ ਕਰੋ: 50 ਡਾਲਰ ਨਾਲ ਇਕ ਪਰਿਵਾਰ ਦਾ 2 ਤੋਂ 4 ਹਫਤਿਆਂ ਲਈ ਗੁਜ਼ਾਰਾ ਹੋ ਜਾਵੇਗਾ। |





ਇਹ ਸਾਮਾਨ ਇਕੱਠਾ ਕਰਕੇ ਆਪਣੇ ਸਥਾਨਕ ਕਮਿਊਨਿਟੀ ਸੈਂਟਰ ਜਾਂ ਗੁਰੂ ਘਰ ਲੈ ਜਾਓ: ਜਿਥੇ ਸੰਭਵ ਹੋਇਆ ਅਸੀਂ ਤੁਹਾਡੇ ਤੋਂ ਤੁਹਾਡਾ ਇਹ ਬਹੁਮੁੱਲਾ ਤੋਹਫਾ ਖੁਦ ਲੈਣ ਆਵਾਂਗੇ ਅਤੇ ਰਾਹਤ ਦੇ ਆਪਣੇ ਕਾਰਜਾਂ ਬਾਰੇ ਦੱਸਾਂਗੇ।

ਇਕ ਛੋਟਾ ਫੰਡਰੇਜ਼ਿੰਗ ਸਮਾਗਮ ਕਰ ਸਕਦੇ ਹੋ। ਇਸ ਬਾਰੇ ਸੰਭਾਵਨਾਵਾਂ ਅਤੇ ਢੰਗ-ਤਰੀਕਿਆਂ ਬਾਰੇ ਜਾਣਨ ਲਈ ਸਾਨੂੰ sikhaid@unitedsikhs.org 'ਤੇ ਈਮੇਲ ਕਰੋ।

ਦਾਨ ਦਿਓ: ਤੁਸੀਂ ਆਪਣੀ ਦਾਨ ਦੀ ਰਕਮ ਦਾ ਚੈਕ ਯੁਨਾਈਟਿਡ ਸਿੱਖਸ ਦੇ ਸਥਾਨਕ ਦਫਤਰ ਨੂੰ ਦੇ ਸਕਦੇ ਹੋ ਜਾਂ ਫਿਰ ਸਾਡੀ ਵੈਬਸਾਈਟ http://unitedsikhs.org/donate.php 'ਤੇ ਜਾ ਕੇ ਆਨ ਲਾਈਨ ਡੋਨੇਸ਼ਨ ਵੀ ਕਰ ਸਕਦੇ ਹੋ।

*ਤੁਸੀਂ ਹਰ ਮਹੀਨੇ 20 ਤੋਂ 30 ਡਾਲਰ ਦਾ ਦਾਨ ਦੇ ਕੇ ਪੰਜਾਬ ਵਿਚ ਆਤਮ ਹੱਤਿਆਵਾਂ ਕਰ ਚੁਕੇ ਕਿਸਾਨਾਂ ਦੇ ਪਰਿਵਾਰਾਂ ਦੀ ਸਹਾਇਤਾ ਕਰ ਸਕਦੇ ਹੋ।*

**ਖੁਲ੍ਹ ਕੇ ਦਾਨ ਦਿਓ, ਕੋਈ ਵੀ ਰਕਮ ਨਿਗੂਣੀ ਨਹੀਂ ਹੈ। ਤੁਹਾਡੇ ਵਲੋਂ ਦਿੱਤੀ ਗਈ ਰਕਮ ਇਸ ਕੁਦਰਤੀ ਆਫਤ ਦਾ ਸ਼ਿਕਾਰ ਹੋਏ ਉਨ੍ਹਾਂ ਲੋਕਾਂ ਨੂੰ ਬੁਨਿਆਦੀ ਲੋੜਾਂ ਪੂਰੀਆਂ ਕਰਨ ਵਿਚ ਮਦਦ ਦੇਵੇਗੀ ਜੋ ਆਪਣਾ ਸਭ ਕੁਝ ਗੁਆ ਚੁਕੇ ਹਨ।**

**ਸੰਪਰਕ ਕਰੋ: www.unitedsikhs.org Ph:1-888-243-1690**

## ਨਾ-ਨਾ ਹੁਣ ਮੈਂ ਹੋਰ ਨਹੀਂ ਪੀਣੀ- ਧਰਮਿੰਦਰ



**ਮੁੰਬਈ :** ਆਪਣੀ ਸਿਹਤ ਨੂੰ ਧਿਆਨ ਵਿਚ ਰੱਖਦਿਆਂ ਹੋਇਆਂ ਬਾਲੀਵੁੱਡ ਦੇ ਮਸ਼ਹੂਰ ਅਦਾਕਾਰ ਧਰਮਿੰਦਰ ਜਿਨ੍ਹਾਂ ਫਿਲਮੀ ਦੁਨੀਆਂ ਵਿਚ ਆਪਣਾ 50 ਸਾਲ ਦਾ ਸਫਰ ਪੂਰਾ ਕਰ ਲਿਆ ਹੈ, ਨੇ ਸ਼ਰਾਬ ਪੀਣ ਤੋਂ ਤੋਬਾ ਕਰ ਲਈ ਹੈ। ਗੋਆ ਵਿਖੇ 'ਟੈਲ ਮੀ ਓ ਖੁਦਾ' ਨਾ ਦੀ ਫਿਲਮ ਦੇ ਸੈੱਟ 'ਤੇ ਉਨ੍ਹਾਂ ਆਪਣੀ ਵੱਡੀ ਪੁੱਤਰੀ ਈਸ਼ਾ ਨਾਲ ਵਾਅਦਾ ਕੀਤਾ ਕਿ ਉਹ ਕਦੇ ਵੀ ਸ਼ਰਾਬ ਨਹੀਂ ਪੀਣਗੇ। ਉਨ੍ਹਾਂ ਕਿਹਾ ਕਿ ਦੁਨੀਆਂ ਦੀ ਕੋਈ ਵੀ ਤਾਕਤ ਹੁਣ ਉਨ੍ਹਾਂ ਨੂੰ ਬੋਤਲ ਚੁੱਕਣ ਲਈ ਮਜਬੂਰ ਨਹੀਂ ਕਰ ਸਕਦੀ। ਫਿਲਮ ਡਾਇਰੈਕਟਰ ਸਮੀਰ ਕਾਰਨਿਕ ਨੇ ਦੱਸਿਆ ਕਿ ਇਸ ਫਿਲਮ ਵਿਚ ਧਰਮਿੰਦਰ ਅਤੇ ਉਸ ਦੇ ਦੋਵੇਂ ਲੜਕੇ ਕੰਮ ਕਰ ਰਹੇ ਹਨ। ਉਹ ਦੋਵੇਂ ਤਾਂ ਸ਼ਰਾਬ ਪੀ ਲੈਂਦੇ ਹਨ ਪਰ ਧਰਮਿੰਦਰ ਨੂੰ ਸੇਬ ਦਾ ਜੂਸ ਦਿੱਤਾ ਜਾਂਦਾ ਹੈ। ਧਰਮਿੰਦਰ ਨੇ ਉਥੇ ਵਾਅਦਾ ਕੀਤਾ ਕਿ ਉਹ ਹੁਣ ਕਦੇ ਵੀ ਸ਼ਰਾਬ ਨਹੀਂ ਪੀਣਗੇ। ਉਨ੍ਹਾਂ ਕਿਹਾ ਕਿ ਉਸ ਦੇ ਮਸਤੀ ਦੇ ਦਿਨ ਲੰਦ ਗਏ ਹਨ ਅਤੇ ਹੁਣ ਉਹ ਸਵੇਰੇ ਜਲਦੀ ਉਠ ਕੇ ਯੋਗਾ ਅਤੇ ਧਿਆਨ ਵਿਧੀਆਂ ਕਰਦੇ ਹਨ। ਉਨ੍ਹਾਂ ਕਿਹਾ ਕਿ ਉਹ ਸ਼ਰਾਬ ਪੀਣ ਦੀ ਬਜਾਏ ਬਹੁਤਾ ਸਮਾਂ ਆਪਣੇ ਪਰਿਵਾਰ ਨਾਲ ਗੁਜਾਰਦੇ ਹਨ ਅਤੇ ਆਪਣੇ ਬੱਚਿਆਂ ਨਾਲ ਪਿਆਰ ਨਾਲ ਰਹਿੰਦੇ ਹਨ।

## ਓਸਾਮਾ ਲਾਦੇਨ ਦੇ ਜਵਾਈ ਹਸਨ 'ਤੇ ਪਾਬੰਦੀਆਂ

**ਵਾਸ਼ਿੰਗਟਨ :** ਅਮਰੀਕਾ ਅਤੇ ਸੰਯੁਕਤ ਰਾਸ਼ਟਰ ਨੇ ਅਲਕਾਇਦਾ ਮੁਖੀ ਓਸਾਮਾ-ਬਿਨ-ਲਾਦੇਨ ਦੇ ਜਵਾਈ ਮੁਹੰਮਦ ਅਬਦੁੱਲਾ ਹਸਨ ਅਬੁਅਲ ਖੈਰ ਨੂੰ ਇਸ ਅੱਤਵਾਦੀ ਜਥੇਬੰਦੀ ਦੇ ਵਿਤ ਵਿਭਾਗ ਦਾ ਮੁਖੀ ਕਰਾਰ ਦਿੰਦੇ ਹੋਏ ਉਸ 'ਤੇ ਕਈ ਤਰ੍ਹਾਂ ਦੀਆਂ ਪਾਬੰਦੀਆਂ ਲਗਾਈਆਂ ਹਨ। ਅੱਤਵਾਦ ਅਤੇ ਮਾਲੀ ਸੂਚਨਾ ਉਪ ਸਕੱਤਰ ਸਟੂਅਰਟ ਲੇਵੀ ਨੇ ਦੱਸਿਆ ਕਿ ਹਸਨ 'ਤੇ ਅਮਰੀਕਾ ਅਤੇ ਸੰਯੁਕਤ ਰਾਸ਼ਟਰ ਵਲੋਂ ਪਾਬੰਦੀਆਂ ਲਗਾਉਣ ਨਾਲ ਇਹ ਯਕੀਨੀ ਬਣ ਸਕੇਗਾ ਕਿ ਅਲਕਾਇਦਾ ਨੂੰ ਗੰਭੀਰ ਮਾਲੀ ਤੰਗੀਆਂ 'ਚੋਂ ਲੰਘਣਾ ਪਵੇ। ਅਲਕਾਇਦਾ ਦਾ ਮਾਲੀ ਮਦਦਗਾਰ ਹੋਣ ਕਾਰਨ ਹਸਨ ਨੂੰ ਸਾਲ 2009 'ਚ ਉਨ੍ਹਾਂ 85 ਲੋੜੀਂਦੇ ਲੋਕਾਂ ਦੀ ਲਿਸਟ 'ਚ ਸ਼ਾਮਿਲ ਕੀਤਾ ਗਿਆ ਸੀ, ਜਿਨ੍ਹਾਂ ਦੀ ਸਾਊਦੀ ਅਰਬ ਸਰਕਾਰ ਨੂੰ ਭਾਲ ਸੀ।

## ਸੀ ਬੀ ਆਈ ਨੂੰ ਕਾਂਗਰਸ ਵਲੋਂ ਸੁਪਾਰੀ-ਮੋਦੀ



**ਅਹਿਮਦਾਬਾਦ :** ਗੁਜਰਾਤ ਦੇ ਮੁੱਖ ਮੰਤਰੀ ਨਰਿੰਦਰ ਮੋਦੀ ਨੇ ਦੋਸ਼ ਲਗਾਇਆ ਹੈ ਕਿ ਕਾਂਗਰਸ ਨੇ ਉਸ ਨੂੰ ਸਿਆਸੀ ਤੌਰ 'ਤੇ ਖਤਮ ਕਰਨ ਲਈ ਸੀ.ਬੀ.ਆਈ. ਨੂੰ ਸੁਪਾਰੀ ਦਿੱਤੀ ਹੈ। ਬੀਤੀ 26 ਅਗਸਤ ਨੂੰ ਉਸ ਨੇ ਕਿਹਾ ਕਿ ਗੁਜਰਾਤ ਵਿਚ ਹੋਈ ਤਰੱਕੀ ਨੂੰ ਕਾਂਗਰਸ ਹਜ਼ਮ ਨਹੀਂ ਕਰ ਪਾ ਰਹੀ। ਇਹੀ ਕਾਰਨ ਹੈ ਕਿ ਉਨ੍ਹਾਂ ਨੇ ਮੋਦੀ ਨੂੰ ਸਿਆਸੀ ਤੌਰ 'ਤੇ ਖਤਮ ਕਰਨ ਦੀ ਸਾਜ਼ਿਸ਼ ਅਤੇ ਸੂਬੇ ਦੀ ਤਰੱਕੀ ਨੂੰ ਰੋਕਣ ਦੀ ਸੁਪਾਰੀ ਸੀ.ਬੀ.ਆਈ. ਨੂੰ ਸੌਂਪੀ ਹੈ। ਉਸ ਨੇ ਕਿਹਾ ਕਿ ਮੈਨੂੰ ਯਕੀਨ ਹੈ ਕਿ ਗੁਜਰਾਤ ਦੇ ਲੋਕ ਇਸਦਾ ਜਵਾਬ ਦੇਣਗੇ। ਇੰਦਰਾ ਗਾਂਧੀ ਦਾ ਹਵਾਲਾ ਦਿੰਦੇ ਹੋਏ ਨਰਿੰਦਰ ਮੋਦੀ ਨੇ ਕਿਹਾ ਕਿ ਜਦੋਂ ਸਾਬਕਾ ਪ੍ਰਧਾਨ ਮੰਤਰੀ ਨੇ ਦੇਸ਼ ਵਿਚ ਐਮਰਜੈਂਸੀ ਲਗਾਈ ਸੀ ਤਾਂ ਉਸ ਸਮੇਂ ਗੁਜਰਾਤ ਦੇ ਲੋਕਾਂ ਨੇ ਉਸ ਦਾ ਕਰਾਰਾ ਜਵਾਬ ਦਿੱਤਾ ਸੀ। ਕਾਂਗਰਸ ਦੇ ਨੇਤਾ ਜੋ ਸੀ.ਬੀ.ਆਈ. ਦਾ ਦਿਮਾਗ ਵਰਤ ਰਹੇ ਹਨ, ਗੁਜਰਾਤ ਦੇ ਲੋਕ ਇਸ ਵਾਰ ਵੀ ਉਨ੍ਹਾਂ ਨੂੰ ਜ਼ਰੂਰ ਸਬਕ ਸਿਖਾਉਣਗੇ।

## ਇਕ ਮਾਂ ਦੀ ਮਮਤਾ ਨੇ ਮੌਤ ਨੂੰ ਵੀ ਦਿੱਤੀ ਮਾਤ

**ਲੰਦਨ :** ਆਸਟਰੇਲੀਆ ਵਿਚ ਇਕ ਨਵਜੰਮੇ ਬੱਚੇ ਦਾ ਮਰ ਜਾਣ ਤੋਂ ਬਾਅਦ ਜੀਅ ਉਠਣ ਦਾ ਅਜੀਬ ਮਾਮਲਾ ਸਾਹਮਣੇ ਆਇਆ ਹੈ। ਇਕ ਔਰਤ ਨੇ 27 ਹਫਤਿਆਂ ਦੇ ਇਕ ਬੱਚੇ ਨੂੰ ਜਨਮ ਦਿੱਤਾ। ਜਨਮ ਸਮੇਂ ਬੱਚੇ ਦਾ ਭਾਰ ਸਿਰਫ ਦੋ ਪੌਂਡ ਸੀ। ਇਸ ਬੱਚੇ ਦੀ ਜੁੜਵਾਂ ਭੈਣ ਤਾਂ ਜਨਮ ਤੋਂ ਬਾਅਦ ਬਚ ਗਈ ਪਰ 20 ਮਿੰਟ ਦੀਆਂ ਕੋਸ਼ਿਸ਼ਾਂ ਦੇ ਬਾਵਜੂਦ ਡਾਕਟਰ ਜੇਮੀ ਨਾਂ ਦੇ ਇਸ ਬੱਚੇ ਨੂੰ ਬਚਾ ਨਾ ਸਕੇ ਅਤੇ ਉਸ ਨੂੰ ਮਰਿਆ ਹੋਇਆ ਐਲਾਨ ਦਿੱਤਾ। ਇਸ ਤੋਂ ਬਾਅਦ ਇਸ ਮਰੇ ਹੋਏ ਬੱਚੇ ਨੂੰ ਉਸ ਦੀ ਮਾਂ ਕੈਟੇ ਦੇ ਹਵਾਲੇ ਕਰ ਦਿੱਤਾ ਗਿਆ ਤਾਂ ਕਿ ਉਹ ਆਪਣੇ ਪਤੀ ਡੇਵਿਡ ਨਾਲ ਸੋਗ ਮਨਾ ਕੇ ਬੱਚੇ ਨੂੰ ਦਫਨ ਕਰ ਸਕੇ ਪਰ ਇਹ ਔਰਤ ਲਗਭਗ ਦੋ ਘੰਟੇ ਤੱਕ ਆਪਣੇ ਮਰੇ ਹੋਏ ਬੱਚੇ ਨੂੰ ਆਪਣੀ ਗੋਦ ਵਿਚ ਲੈ ਕੇ ਪਿਆਰ ਕਰਦੀ ਰਹੀ। ਮਾਂ ਦੀ ਇਸ ਮਮਤਾ ਅੱਗੇ ਸ਼ਾਇਦ ਮੌਤ ਨੂੰ ਵੀ ਝੁਕਣਾ ਪਿਆ ਅਤੇ ਮਰੇ ਹੋਏ ਬੱਚੇ ਵਿਚ ਜਿਉਂਦੇ ਹੋਣ ਦੇ ਇਸ਼ਾਰੇ ਨਜ਼ਰ ਆਉਣ ਲੱਗੇ। ਇਸ ਤੋਂ ਬਾਅਦ ਔਰਤ ਨੇ ਆਪਣੇ ਬੱਚੇ ਨੂੰ ਆਪਣਾ ਦੁੱਧ ਪਿਲਾਇਆ। ਫਿਰ ਤਾਂ ਚਮਤਕਾਰ ਹੀ ਹੋ ਗਿਆ ਅਤੇ ਬੱਚਾ ਮੁੜ ਤੋਂ ਸਾਹ ਲੈਣ ਲੱਗਾ। ਇਹ ਘਟਨਾ ਮਾਰਚ ਮਹੀਨੇ ਦੀ ਹੈ। ਕੈਟੇ ਨੇ ਕਿਹਾ ਕਿ ਦੇਖੋ ਕਿਵੇਂ ਇਕ ਮਾਂ ਦਾ ਪਿਆਰ ਆਪਣੇ ਬੱਚੇ ਨੂੰ ਮੌਤ ਦੇ ਮੂੰਹ ਤੋਂ ਬਚਾਅ ਸਕਦਾ ਹੈ।

## ਮੈਂ ਆਪਣੇ ਕੀਤੇ ਦੀ ਸਜ਼ਾ ਭੁਗਤ ਰਿਹਾਂ - ਵੁਡਸ



**ਨਿਊਯਾਰਕ :** ਵਿਆਹ ਤੋਂ ਬਾਹਰ ਦੇ ਸੰਬੰਧਾਂ ਕਾਰਨ ਆਪਣੀ ਵਿਆਹੁਤਾ ਜ਼ਿੰਦਗੀ ਨੂੰ ਖਤਮ ਕਰਨ ਵਾਲੇ ਗੋਲਫ ਸਟਾਰ ਟਾਈਗਰ ਵੁਡਸ ਨੇ ਆਪਣੀ ਪਤਨੀ ਏਲੀਨ ਨੋਰਡੇਗ੍ਰੇਨ ਤੋਂ ਤਲਾਕ ਤੋਂ ਬਾਅਦ ਮੰਨਿਆ ਕਿ ਉਸ ਨੇ ਆਪਣੀ ਜ਼ਿੰਦਗੀ 'ਚ ਕਈ ਵੱਡੀਆਂ ਗਲਤੀਆਂ ਕੀਤੀਆਂ ਹਨ। ਵੁਡਸ ਨੇ ਕਿਹਾ ਕਿ ਉਹ ਹੁਣ ਵੀ ਏਲੀਨ ਨੂੰ ਪਿਆਰ ਕਰਦਾ ਹੈ ਅਤੇ ਇਹੀ ਕਾਰਨ ਹੈ ਕਿ ਉਹ ਆਪਣੀਆਂ ਗਲਤੀਆਂ ਦੀ ਸਜ਼ਾ ਭੁਗਤਣ ਨੂੰ ਤਿਆਰ ਹੈ। ਵੁਡਸ ਨੇ ਕਿਹਾ ਕਿ ਵਿਆਹ ਇਸ ਲਈ ਨਹੀਂ ਕੀਤਾ ਜਾਂਦਾ ਕਿ ਬਾਅਦ ਵਿਚ ਤਲਾਕ ਲੈਣਾ ਹੁੰਦਾ ਹੈ। ਮੈਂ ਆਪਣੀ ਜ਼ਿੰਦਗੀ 'ਚ ਕਈ ਵੱਡੀਆਂ ਗਲਤੀਆਂ ਕੀਤੀਆਂ ਹਨ ਅਤੇ ਤਲਾਕ ਦੇ ਰੂਪ 'ਚ ਮੈਨੂੰ ਇਸਦੀ ਸਜ਼ਾ ਮਿਲੀ ਹੈ। ਮੈਨੂੰ ਇਸਨੂੰ ਭੁਗਤਣਾ ਹੀ ਪਵੇਗਾ।

ਇਸ ਤੋਂ ਪਹਿਲਾਂ ਏਲੀਨ ਨੇ ਪੀਪਲ ਮੈਗਜ਼ੀਨ ਨੂੰ ਦਿੱਤੀ ਇੰਟਰਵਿਊ ਵਿਚ ਕਿਹਾ ਸੀ ਕਿ ਵੁਡਸ ਦੇ ਸੰਬੰਧਾਂ ਦਾ ਖੁਲਾਸਾ ਹੋਣ ਤੋਂ ਬਾਅਦ ਉਸ ਨੇ ਨਰਕ ਵਰਗੀ ਜ਼ਿੰਦਗੀ ਬਿਤਾਈ। ਇਸ ਦੇ ਜਵਾਬ 'ਚ ਵੁਡਸ ਨੇ ਕਿਹਾ ਕਿ ਉਹ ਏਲੀਨ ਦੀਆਂ ਭਾਵਨਾਵਾਂ ਨੂੰ ਸਮਝ ਸਕਦਾ ਹੈ।

ਉਸ ਨੇ ਆਪਣੀ ਪਤਨੀ ਦੀ ਤਾਰੀਫ ਕਰਦਿਆਂ ਕਿਹਾ ਕਿ ਤਲਾਕ ਹੋਣ ਤੱਕ ਉਸਨੇ ਆਪਣੇ ਵਿਆਹੁਤਾ ਸਬੰਧਾਂ ਬਾਰੇ ਕੋਈ ਬਿਆਨ ਮੀਡੀਆ ਸਾਹਮਣੇ ਨਹੀਂ ਦਿੱਤਾ। ਵੁਡਸ ਦੇ ਨਾਜਾਇਜ਼ ਸੰਬੰਧਾਂ ਦਾ ਖੁਲਾਸਾ ਹੋਣ ਤੋਂ ਬਾਅਦ ਏਲੀਨ ਨੇ ਖੁਦ ਨੂੰ ਦੁਨੀਆ ਤੋਂ ਵੱਖ ਕਰ ਲਿਆ ਸੀ। ਉਸ ਨੇ ਇਸ ਬਾਰੇ ਕੋਈ ਬਿਆਨ ਨਹੀਂ ਦਿੱਤਾ ਪਰ ਤਲਾਕ ਤੋਂ ਬਾਅਦ ਉਸ ਨੇ ਪਹਿਲੀ ਵਾਰ ਕਿਹਾ ਕਿ ਉਹ ਇਸ ਘਟਨਾ ਤੋਂ ਬੇਹੱਦ ਸ਼ਰਮਿੰਦਾ ਹੋਈ ਸੀ ਕਿਉਂਕਿ ਉਸ ਨੇ ਕਦੇ ਵੀ ਆਪਣੇ ਪਤੀ 'ਤੇ ਸ਼ੱਕ ਨਹੀਂ ਕੀਤਾ ਸੀ। ਵੁਡਸ ਨੇ ਕਿਹਾ ਕਿ ਇਹ ਸਾਡੇ ਪਰਿਵਾਰ ਲਈ ਬੇਹੱਦ ਦਰਦਨਾਕ ਸਮਾਂ ਰਿਹਾ। ਮੈਂ ਪੇਸ਼ੇਵਰ ਅਤੇ ਨਿੱਜੀ ਜੀਵਨ 'ਚ ਕਾਫੀ ਤਕਲੀਫ ਝੱਲੀ ਪਰ ਏਲੀਨ ਨੇ ਕਦੇ ਵੀ ਮਰਿਆਦਾ ਨੂੰ ਪਾਰ ਨਹੀਂ ਕੀਤਾ। ਉਹ ਇਕ ਚੰਗੀ ਮਾਂ ਹੈ ਅਤੇ ਇਸ ਨੂੰ ਸੱਚ ਸਾਬਿਤ ਕਰਦੇ ਹੋਏ ਉਹ ਹਮੇਸ਼ਾਂ ਬੱਚਿਆਂ ਦੇ ਪਾਲਣ-ਪੋਸ਼ਣ ਵਿਚ ਲੱਗੀ ਰਹੀ।

## ਮੱਥੇ 'ਤੇ ਸਰਟੀਫ਼ਿਕੇਟ ਚਿਪਕਾ ਕੇ ਨਹੀਂ ਘੁੰਮ ਸਕਦਾ



**ਵਾਸ਼ਿੰਗਟਨ :** ਅਮਰੀਕਾ ਦੇ ਰਾਸ਼ਟਰਪਤੀ ਬਰਾਕ ਓਬਾਮਾ ਨੇ ਅਪਣੇ ਧਰਮ ਉਪਰ ਸਵਾਲ ਉਠਾਉਣ ਵਾਲਿਆਂ ਨੂੰ ਕਰਾਰਾ ਜਵਾਬ ਦਿੰਦਿਆਂ ਕਿਹਾ ਕਿ ਉਹ ਅਪਣੇ ਮੱਥੇ 'ਤੇ ਜਨਮ ਸਰਟੀਫ਼ਿਕੇਟ ਚਿਪਕਾ ਕੇ ਨਹੀਂ ਘੁੰਮ ਸਕਦੇ। 2001 ਵਿਚ ਅਤਿਵਾਦੀ ਹਮਲੇ ਦਾ ਸ਼ਿਕਾਰ ਹੋਏ ਵਰਲਡ ਟਰੇਡ ਸੈਂਟਰ ਨੇੜੇ ਮਸਜਿਦ ਦੀ ਉਸਾਰੀ ਦੇ ਪ੍ਰਸਤਾਵ ਦਾ ਸਮਰਥਨ ਕਰਨ ਪਿੱਛੋਂ ਓਬਾਮਾ ਦੇ ਮੁਸਲਮਾਨ ਜਾਂ ਈਸਾਈ ਹੋਣ ਬਾਰੇ ਵਿਵਾਦ ਪੈਦਾ ਹੋ ਗਿਆ ਸੀ। ਓਬਾਮਾ ਨੇ ਕਿਹਾ ਕਿ ਉਨ੍ਹਾਂ ਨੇ ਮਸਜਿਦ ਦਾ ਨਹੀਂ ਸਗੋਂ ਅਮਰੀਕੀ ਵਿਧਾਨ ਵਿਚ ਧਾਰਮਿਕ ਆਜ਼ਾਦੀ ਦੀ ਵਿਵਸਥਾ ਦਾ ਸਮਰਥਨ ਕੀਤਾ ਸੀ। ਕੁਝ ਲੋਕ ਮੇਰੇ ਧਰਮ ਅਤੇ ਜਨਮ ਸਥਾਨ ਬਾਰੇ ਕੂੜ ਪ੍ਰਚਾਰ ਕਰ ਰਹੇ ਹਨ। ਅਮਰੀਕੀ ਰਾਸ਼ਟਰਪਤੀ ਨੇ ਇਕ ਟੈਲੀਵਿਜ਼ਨ ਚੈਨਲ ਨੂੰ ਦਿੱਤੀ ਇੰਟਰਵਿਊ ਵਿਚ ਇਹ ਗੱਲਾਂ ਆਖੀਆਂ। ਓਬਾਮਾ ਤੋਂ ਹਾਲ ਹੀ 'ਚ ਕਰਵਾਏ ਗਏ ਉਸ ਸਰਵੇਖਣ ਬਾਰੇ ਪੁੱਛਿਆ ਗਿਆ ਸੀ ਜਿਸ ਵਿਚ 18 ਫ਼ੀ ਸਦੀ ਅਮਰੀਕੀਆਂ ਨੇ ਉਨ੍ਹਾਂ ਨੂੰ ਮੁਸਲਮਾਨ ਦੱਸਿਆ ਸੀ। ਉਨ੍ਹਾਂ ਕਿਹਾ, ''ਇਹ ਕੋਈ ਅਜਿਹੀ ਗੱਲ ਨਹੀਂ ਹੈ ਜਿਸ ਬਾਰੇ ਮੈਂ ਹਰ ਸਮੇਂ ਸੋਚਦਾ ਰਹਾਂ। ਲੋਕ ਵੀ ਨਹੀਂ ਚਾਹੁਣਗੇ ਕਿ ਮੈਂ ਅਪਣਾ ਸਾਰਾ ਧਿਆਨ ਇਸ ਉਪਰ ਲਗਾਵਾਂ। ਮੈਨੂੰ ਚੋਣ ਪ੍ਰਚਾਰ ਦੌਰਾਨ ਵੀ ਅਜਿਹੀਆਂ ਗੱਲਾਂ ਦਾ ਸਾਹਮਣਾ ਕਰਨਾ ਪਿਆ ਸੀ ਅਤੇ ਲੋਕਾਂ ਨੇ ਮੇਰੇ ਨਾਮ ਦਾ ਮਜ਼ਾਕ ਉਡਾਉਂਦਿਆਂ ਕਿਹਾ ਸੀ ਕਿ ਮੈਂ ਚੋਣ ਨਹੀਂ ਜਿੱਤ ਸਕਦਾ।'' ਅਮਰੀਕੀ ਅਰਥਚਾਰੇ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ ਇਸ ਦੇ ਵਿਕਾਸ ਕਰਨ ਦੀ ਰਫ਼ਤਾਰ ਆਸ ਅਨੁਸਾਰ ਨਹੀਂ ਹੈ। ਓਬਾਮਾ ਨੇ ਭਰੋਸਾ ਦਿਵਾਇਆ ਕਿ ਉਹ ਕਰਜ਼ੇ ਅਤੇ ਵਿੱਤੀ ਘਾਟੇ ਨੂੰ ਕਾਬੂ ਵਿਚ ਲਿਆਉਣ ਲਈ ਹੋਰ ਯਤਨ ਕਰਨਗੇ। ਉਨ੍ਹਾਂ ਕਿਹਾ, ''ਮੈਂ ਅਜੇ ਦੂਜੇ ਕਾਰਜਕਾਲ ਬਾਰੇ ਨਹੀਂ ਸੋਚ ਰਿਹਾ। ਮੈਂ ਸਿਰਫ਼ ਇਹ ਸੋਚਣ ਵਿਚ ਸਮਾਂ ਲਗਾ ਰਿਹਾ ਹਾਂ ਕਿ ਅਗਲੇ ਹਫ਼ਤੇ ਮੈਂ ਕੀ ਕਰਨਾ ਹੈ।''

## ਇਰਾਕ 'ਚ ਫੌਜੀ ਮੁਹਿੰਮ ਖ਼ਤਮ ਕਰਨ ਦਾ ਐਲਾਨ

**ਵਸ਼ਿੰਗਟਨ :** ਇਰਾਕ 'ਚ ਅਮਰੀਕੀ ਫੌਜੀ ਮੁਹਿੰਮ ਦੇ ਖ਼ਾਤਮੇ ਦਾ ਐਲਾਨ ਕਰਦਿਆਂ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਨੇ ਕਿਹਾ ਕਿ ਸੰਘਰਸ਼ ਪ੍ਰਭਾਵਤ ਦੇਸ਼ ਆਪਣਾ ਰਾਹ ਤੈਅ ਕਰਨ ਲਈ ਆਜ਼ਾਦ ਹੈ, ਕਿਉਂਕਿ ਸਾਲ ਦੇ ਅੰਤ ਤੱਕ ਅਮਰੀਕਾ ਆਪਣੇ ਸਮੂਹ ਫੌਜੀਆਂ ਨੂੰ ਉਥੋਂ ਵਾਪਸ ਸੱਦ ਲਵੇਗਾ। ਅਮਰੀਕਾ ਵਾਸੀਆਂ ਨੂੰ ਹਫ਼ਤਾਵਾਰੀ ਸੰਬੋਧਨ ਕਰਦਿਆਂ ਓਬਾਮਾ ਨੇ ਕਿਹਾ ਕਿ ਕਿਸੇ ਵੀ ਪ੍ਰਭੂਤਾ ਸੰਪੰਨ ਤੇ ਸੁਤੰਤਰ ਦੇਸ਼ ਦੀ ਤਰ੍ਹਾਂ ਇਰਾਕ ਨੂੰ ਹੁਣ ਆਪਣਾ ਰਾਹ ਤੈਅ ਕਰਨ ਦੀ ਆਜ਼ਾਦੀ ਹੈ।

ਸੰਬੋਧਨ ਦੌਰਾਨ ਉਨ੍ਹਾਂ ਕਿਹਾ, ''7 ਸਾਲ ਤੋਂ ਵੀ ਵਧ ਸਮੇਂ ਮਗਰੋਂ ਹੁਣ ਅਮਰੀਕਾ ਇਰਾਕ ਵਿਚੋਂ ਆਪਣੀ ਫੌਜੀ ਮੁਹਿੰਮ ਖ਼ਤਮ ਕਰ ਦੇਵੇਗਾ, ਮੈਂ ਯੁੱਧ ਖ਼ਤਮ ਕਰਨ ਲਈ ਵਚਨਬੱਧ ਹਾਂ।'' ਉਨ੍ਹਾਂ ਨਾਲ ਹੀ ਕਿਹਾ ਕਿ ਜਦੋਂ ਤੋਂ ਮੈਂ ਰਾਸ਼ਟਰਪਤੀ ਬਣਿਆ ਹਾਂ, ਉਦੋਂ ਤੋਂ 90 ਹਜ਼ਾਰ ਫੌਜੀਆਂ ਨੂੰ ਉਥੋਂ ਵਾਪਸ ਸੱਦ ਲਿਆ ਗਿਆ ਹੈ। ਅਮਰੀਕੀ ਰਾਸ਼ਟਰਪਤੀ ਨੇ ਕਿਹਾ ਕਿ ਅਸੀਂ ਇਰਾਕ ਵਿਚ ਆਪਣੇ ਜ਼ਿਆਦਾਤਰ ਟਿਕਾਣੇ ਬੰਦ ਕਰ ਦਿੱਤੇ ਹਨ ਜਾਂ ਇਰਾਕੀਆਂ ਨੂੰ ਸੌਂਪ ਦਿੱਤੇ ਹਨ। ਇਕ ਤਰ੍ਹਾਂ ਨਾਲ ਅਮਰੀਕਾ ਵਲੋਂ ਲੜੀਆਂ ਲੜਾਈਆਂ ਨੂੰ ਵਾਧੂ ਦੱਸਦਿਆਂ ਓਬਾਮਾ ਨੇ ਕਿਹਾ ਕਿ ਲੰਮੇ ਸਮੇਂ ਤੋਂ ਅਮਰੀਕੀ ਫੌਜੀ, ਇਰਾਕ ਤੇ ਅਫ਼ਗਾਨਿਸਤਾਨ ਵਿਚ ਫੌਜੀ ਮੁਹਿੰਮ ਚਲਾ ਰਹੇ ਹਨ। ਉਨ੍ਹਾਂ ਕਿਹਾ ਕਿ ਇਰਾਕ ਵਿਚ ਇਸ ਸਮੇਂ 10 ਲੱਖ ਤੋਂ ਵਧ ਅਮਰੀਕੀ ਫੌਜੀ ਤਾਇਨਾਤ ਹਨ ਤੇ ਇਹ ਗਿਣਤੀ ਕਿਸੇ ਵੇਲੇ ਵੀਅਤਨਾਮ ਵਿਚ ਤਾਇਨਾਤ ਫੌਜੀਆਂ ਦੇ ਕਰੀਬ-ਕਰੀਬ ਬਰਾਬਰ ਹੈ। ਓਬਾਮਾ ਨੇ ਉਥੋਂ ਵਾਪਸ ਆਉਣ ਵਾਲੇ ਫੌਜੀਆਂ ਨੂੰ ਰੁਜ਼ਗਾਰ ਉਪਲਬਧ ਕਰਵਾਉਣ ਦਾ ਵਾਅਦਾ ਵੀ ਦੁਹਰਾਇਆ।

## ਅਮਰੀਕਾ ਦਾ ਏਜੰਟ ਹੈ ਲਾਦੇਨ-ਕਾਸਤਰੋ

**ਹਵਾਨਾ :** ਕਿਊਬਾ ਦੇ ਸਾਬਕਾ ਰਾਸ਼ਟਰਪਤੀ ਫੀਦਲ ਕਾਸਤਰੋ ਦਾ ਕਹਿਣਾ ਹੈ ਕਿ ਅਲਕਾਇਦਾ ਦਾ ਸਰਗਨਾ ਓਸਾਮਾ ਬਿਨ ਲਾਦੇਨ ਅਮਰੀਕਾ ਦਾ ਹੀ ਏਜੰਟ ਹੈ। ਉਹ ਅਮਰੀਕੀ ਖੁਫੀਆ ਏਜੰਸੀ ਸੀ ਆਈ ਏ ਲਈ ਕੰਮ ਕਰਦਾ ਹੈ ਅਤੇ ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਜਾਰਜ ਬੁਸ਼ ਨੇ ਜਦ ਵੀ ਦੁਨੀਆਂ ਨੂੰ ਡਰਾਉਣਾ ਹੁੰਦਾ ਸੀ, ਉਹ ਲਾਦੇਨ ਦਾ ਹਊਆ ਖੜ੍ਹਾ ਕਰ ਦਿੰਦਾ ਸੀ। ਕਾਸਤਰੋ ਅਨੁਸਾਰ ਹਾਲ ਹੀ ਵਿਚ ਇੰਟਰਨੈਟ 'ਤੇ ਮਿਲੇ ਦਸਤਾਵੇਜ਼ ਇਸ ਗੱਲ ਦੀ ਪੁਸ਼ਟੀ ਕਰਦੇ ਹਨ। ਵਿਸ਼ਵ ਪੱਧਰੀ ਸਿਆਸਤ 'ਤੇ ਲਿਖਣ ਵਾਲੇ ਇਕ ਲੇਖਕ ਨਾਲ ਗੱਲਬਾਤ ਦੌਰਾਨ ਕਾਸਤਰੋ ਨੇ ਸਰਕਾਰੀ ਮੀਡੀਏ ਨੂੰ ਕਿਹਾ ਕਿ ਬੁਸ਼ ਨੂੰ ਜਦ ਵੀ ਡਰ ਪੈਦਾ ਕਰਨਾ ਹੁੰਦਾ ਸੀ ਅਤੇ ਕੋਈ ਵੱਡੀ ਗੱਲ ਕਹਿਣੀ ਹੁੰਦੀ ਸੀ, ਠੀਕ ਉਸ ਸਮੇਂ ਲਾਦੇਨ ਐਲਾਨ ਕਰਦਾ ਸੀ ਕਿ ਉਹ ਕੀ ਕਰਨ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਬੁਸ਼ ਦੀ ਮਦਦ ਲਈ ਲਾਦੇਨ ਕਦੀ ਵੀ ਨਹੀਂ ਉਕਿਆ। ਕਾਸਤਰੋ ਨੇ ਆਪਣੀਆਂ ਗੱਲਾਂ ਦੀ ਪੁਸ਼ਟੀ ਲਈ ਹਾਲ ਹੀ ਵਿਚ ਅਫ਼ਗਾਨਿਸਤਾਨ ਯੁੱਧ ਨਾਲ ਸਬੰਧਤ ਦਸਤਾਵੇਜ਼ ਇੰਟਰਨੈਟ 'ਤੇ ਜਨਤਕ ਹੋਣ ਨਾਲ ਚਰਚਾ 'ਚ ਆਈ ਵੈਬਸਾਈਟ ਵਿਕੀਲੀਕਸ ਦਾ ਹਵਾਲਾ ਦਿੱਤਾ। ਉਨ੍ਹਾਂ ਕਿਹਾ ਕਿ ਇਸ ਵੈਬਸਾਈਟ ਤੋਂ ਸਿੱਧ ਹੁੰਦਾ ਹੈ ਕਿ ਲਾਦੇਨ ਸੀ ਆਈ ਏ ਦਾ ਏਜੰਟ ਸੀ।

## ਪੰਜਾਬੀ ਕੁੜੀ ਨੇ ਐਮੀ ਐਵਾਰਡ ਜਿੱਤਿਆ



**ਲਾਸ ਐਂਜਲਿਸ :** ਪੰਜਾਬੀ ਮੂਲ ਦੀ ਇਕ ਬਰਤਾਨਵੀਂ ਐਕਟਰਸ ਆਰਚੀ ਪੰਜਾਬੀ ਨੇ ਫਿਲਮ ''ਦਾ ਗੁੱਡਵਾਈਫ'' ਵਿਚ ਕਾਲਿੰਦਾ ਸ਼ਰਮਾ ਵਜੋਂ ਆਪਣੀ ਭੂਮਿਕਾ ਨਿਭਾਉਣ ਲਈ ਬੈਸਟ ਸਪੋਰਟਿੰਗ ਐਕਟਰਸ ਦੀ ਕੈਟਿਗਰੀ ਵਿਚ ਐਮੀ ਐਵਾਰਡ ਜਿੱਤਿਆ ਹੈ। 38 ਸਾਲਾ ਪੰਜਾਬੀ ਮੂਲ ਦੀ ਇਸ ਅਦਾਕਾਰਾ ਨੇ ਆਪਣੀ ਇਸ ਪ੍ਰਾਪਤੀ ਨੂੰ ਸੁਪਨੇ ਦੇ ਸੱਚ ਹੋਣ ਦਾ ਨਾਂ ਦਿੱਤਾ। ਯਾਦ ਰਹੇ ਬੀਤੇ ਦਿਨੀਂ ਲਾਸ ਐਂਜਲਸ ਵਿਚ 62ਵੇਂ ਐਮੀ ਐਵਾਰਡ ਦਾ ਐਲਾਨ ਕੀਤਾ ਗਿਆ ਹੈ।

ਆਰਚੀ ਦਾ ਜਨਮ ਪੱਛਮੀ ਲੰਡਨ ਦੇ ਇਕ ਸਿੱਖ ਪਰਿਵਾਰ ਵਿਚ ਹੋਇਆ। ਉਸ ਨੇ ਉਮ ਪੁੰਗ ਦੇ 'ਈਸਟ ਇਜ਼ ਈਸਟ' ਨਾਲ ਆਪਣਾ ਕੈਰੀਅਰ ਸ਼ੁਰੂ ਕੀਤਾ ਅਤੇ ਫਿਲਮ 'ਬੈਂਡ ਇਟ ਲਾਈਕ ਬੈਕਹੈਮ' ਅਤੇ ਐਕਾਡਮੀ ਐਵਾਰਡ ਲਈ ਨਾਮਜ਼ਦ ਫਿਲਮ 'ਦਾ ਕੌਨ ਸਟੈਂਟ ਗਾਰਡਨਰ' ਵਿਚ ਵੀ ਕੰਮ ਕੀਤਾ। ਉਹ ਏਸ਼ੀਅਨ ਮੂਲ ਦੇ ਕੁਝ ਕੁ ਕਲਾਕਾਰਾਂ 'ਚੋਂ ਇਕ ਹੈ ਜਿਨ੍ਹਾਂ ਨੇ ਇਹ ਇਨਾਮ ਜਿੱਤਿਆ ਹੈ।

ਬਰਤਾਨੀਆ ਦੀ ਵਸਨੀਕ ਇਹ ਐਕਟਰਸ ਰਾਜ ਨਿਰਲੀ ਪਾਂਡੀ ਨਾਲ ਵਿਆਹੀ ਹੋਈ ਹੈ ਅਤੇ ਉਸ ਨੇ ਫਿਲਮ ''ਏ ਸਾਈਟੀ ਹਾਰਟ'' ਵਿਚ ਐਂਜਲੀਨਾ ਜੋਲੀ ਨਾਲ ਵੀ ਕੰਮ ਕੀਤਾ ਹੈ।

## ਬੌਬੀ ਸੰਭਾਲਣਗੇ 300 ਕਰੋੜ ਦੀ ਜਾਇਦਾਦ



**ਮੁੰਬਈ :** ਬਾਲੀਵੁੱਡ ਸਟਾਰ ਬੌਬੀ ਦਿਓਲ 300 ਕਰੋੜ ਰੁਪਏ ਦੀ ਜਾਇਦਾਦ ਦਾ ਮਾਲਕ ਬਣਨ ਵਾਲਾ ਹੈ। ਇਹ ਕਮਾਈ ਨਾ ਤਾਂ ਉਸਦੀ ਕਿਸੇ ਫਿਲਮ ਦੀ ਹੈ ਅਤੇ ਨਾ ਹੀ ਕਿਸੇ ਹੋਰ ਕਾਰੋਬਾਰ ਦੀ ਬਲਕਿ ਇਹ ਉਸਦੇ ਸਹੁਰੇ ਅਤੇ ਸੈਂਚੁਰੀਅਨ ਬੈਂਕ ਦੇ ਸੰਸਥਾਪਕ ਦਵਿੰਦਰ ਅਹੂਜਾ ਦੀ ਹੈ ਜੋ ਪਰਿਵਾਰਿਕ ਫੁੱਟ ਦੇ ਨਤੀਜੇ ਵਜੋਂ ਅਤੇ ਅਹੂਜਾ ਦੀ ਵਸੀਅਤ ਅਨੁਸਾਰ ਬੌਬੀ ਅਤੇ ਉਸ ਦੀ ਪਤਨੀ ਤਾਨੀਆ ਦੇ ਹੱਥਾਂ ਵਿਚ ਆਉਣ ਵਾਲੀ ਹੈ।

ਜ਼ਿਕਰਯੋਗ ਹੈ ਕਿ ਪਰਿਵਾਰ ਵਿਚ ਫੁੱਟ ਪੈਣ 'ਤੇ ਦਵਿੰਦਰ ਅਹੂਜਾ ਨੇ 1996 ਵਿਚ ਆਪਣੇ ਤੋਂ 20 ਸਾਲ ਛੋਟੀ ਗਰਲਫਰੈਂਡ ਨਾਲ ਵੱਖਰਾ ਰਹਿਣਾ ਸ਼ੁਰੂ ਕਰ ਦਿੱਤਾ ਸੀ। ਉਸ ਸਮੇਂ ਤੋਂ ਉਸ ਦੇ ਆਪਣੀ ਪਤਨੀ ਮਾਰਲਿਨ ਅਤੇ ਬੇਟੇ ਵਿਕਰਮ ਨਾਲ ਸਬੰਧ ਵਿਗੜੇ ਹੋਏ ਸਨ। ਉਸਦੀ ਦੂਜੀ ਬੇਟੀ ਮਨੀਸ਼ਾ ਵੀ ਹੈ। ਦਵਿੰਦਰ ਦੇ ਆਪਣੇ ਜੁਆਈ ਬੌਬੀ ਅਤੇ ਬੇਟੀ ਤਾਨੀਆ ਨਾਲ ਗੂੜੇ ਸਬੰਧ ਸਨ ਅਤੇ ਉਸ ਨੇ ਆਪਣੀ ਵਸੀਅਤ ਵਿਚ ਨਾ ਸਿਰਫ ਉਨ੍ਹਾਂ ਨੂੰ ਆਪਣੀ ਜਾਇਦਾਦ ਦਾ ਵਾਰਿਸ ਬਣਾਇਆ ਬਲਕਿ ਆਪਣੇ ਬੇਟੇ ਵਿਕਰਮ ਲਈ ਤਾਂ ਇਹ ਹੁਕਮ ਦਿੱਤਾ ਗਿਆ ਕਿ ਉਸ ਨੂੰ ਉਸਦੀਆਂ ਅੰਤਿਮ ਰਸਮਾਂ ਵਿਚ ਸ਼ਾਮਲ ਨਾ ਹੋਣ ਦਿੱਤਾ ਜਾਵੇ। ਕੁਝ ਸਮਾਂ ਪਹਿਲਾਂ ਜਦੋਂ 74 ਸਾਲਾ ਇਸ ਬੈਂਕਰ ਦਾ ਦਿਹਾਂਤ ਹੋਇਆ ਤਾਂ ਉਸ ਦੀਆਂ ਅੰਤਿਮ ਰਸਮਾਂ ਬੌਬੀ ਦਿਓਲ ਨੇ ਹੀ ਅਦਾ ਕੀਤੀਆਂ ਸਨ, ਜਿਸ ਨਾਲ ਉਸ ਦੀ ਜਾਇਦਾਦ ਉਤੇ ਵੀ ਬੌਬੀ ਦਿਓਲ ਅਤੇ ਉਸ ਦੀ ਪਤਨੀ ਤਾਨੀਆ ਦੀ ਦਾਅਵੇਦਾਰੀ ਪੱਕੀ ਹੋ ਗਈ ਹੈ।

## 200 ਕਾਂਗੋ ਔਰਤਾਂ ਨਾਲ ਹੋਏ ਸਮੂਹਿਕ ਬਲਾਤਕਾਰ ਦਾ ਮਸਲਾ ਭਖਿਆ

**ਜਨੇਵਾ :** ਸੰਯੁਕਤ ਰਾਸ਼ਟਰ ਨੇ ਕਾਂਗੋ ਲੋਕਤੰਤਰਿਕ ਗਣਰਾਜ ਵਿਚ ਸੰਯੁਕਤ ਰਾਸ਼ਟਰ ਸ਼ਾਂਤੀ ਫੌਜ ਦੇ ਇਕ ਕੈਂਪ ਤੋਂ ਕੇਵਲ 30 ਕਿਲੋਮੀਟਰ ਦੀ ਦੂਰੀ 'ਤੇ 200 ਤੋਂ ਵਧ ਔਰਤਾਂ ਨਾਲ ਬਲਾਤਕਾਰ ਦੀ ਘਟਨਾ 'ਤੇ ਚਰਚਾ ਕਰਨ ਲਈ ਇਕ ਹੰਗਾਮੀ ਮੀਟਿੰਗ ਬੁਲਾਈ ਹੈ।

ਸੰਯੁਕਤ ਰਾਸ਼ਟਰ ਦੇ ਮੁੱਖ ਸਕੱਤਰ ਬਾਨ ਕੀ ਮੂਨ ਨੇ ਕਿਹਾ ਕਿ ਉਹ ਜਾਣਨਾ ਚਾਹੁੰਦੇ ਹਨ ਕਿ ਇਸ ਮਾਮਲੇ ਵਿਚ ਹੋਰ ਕੁਝ ਕੀਤਾ ਜਾ ਸਕਦਾ ਸੀ ਜਾਂ ਨਹੀਂ। ਮੂਨ ਨੇ ਕਿਹਾ ਕਿ ਪਿਛਲੇ ਸਾਲ ਪੂਰਬੀ ਕਾਂਗੋ ਵਿਚ ਸੈਕਸ ਹਿੰਸਾ ਦੀ ਇਸ ਅਣ-ਮਨੁੱਖੀ ਘਟਨਾ ਦੀਆਂ ਕੁਝ ਪੀੜਤ ਔਰਤਾਂ ਨੂੰ ਮਿਲਿਆ ਗਿਆ ਸੀ। ਔਰਤਾਂ ਤੇ ਬੱਚਿਆਂ ਨੂੰ ਬਲਾਤਕਾਰ ਦੀ ਦਹਿਸ਼ਤ ਵਿਚ ਨਹੀਂ ਜੀਣਾ ਚਾਹੀਦਾ ਅਤੇ ਸੈਕਸ ਹਿੰਸਾ ਦਾ ਸ਼ਿਕਾਰ ਹੋਏ ਲੋਕਾਂ ਦਾ ਇਸ ਤਰ੍ਹਾਂ ਅਪਮਾਨ ਨਹੀਂ ਹੋਣਾ ਚਾਹੀਦਾ, ਸਾਨੂੰ ਇਸ ਦੇ ਖਿਲਾਫ ਆਵਾਜ਼ ਉਠਾਉਣੀ ਚਾਹੀਦੀ ਹੈ ਅਤੇ ਇਨ੍ਹਾਂ ਔਰਤਾਂ ਦੀ ਸੁਰੱਖਿਆ ਲਈ ਲੋੜੀਂਦੀ ਕਾਰਵਾਈ ਕਰਨੀ ਚਾਹੀਦੀ ਹੈ। ਕਾਂਗੋ ਵਿਚ ਸ਼ਾਂਤੀ ਫੌਜ ਦਾ ਕਹਿਣਾ ਹੈ ਕਿ ਬਾਗੀਆਂ ਵਲੋਂ ਬਲਾਤਕਾਰ ਕੀਤੇ ਜਾਣ ਦੀ ਖ਼ਬਰ ਉਨ੍ਹਾਂ ਨੂੰ ਘਟਨਾ ਤੋਂ ਲੱਗਭਗ 10 ਦਿਨਾਂ ਬਾਅਦ ਮਿਲੀ ਸੀ, ਹਾਲਾਂਕਿ ਉਨ੍ਹਾਂ ਦਿਨਾਂ ਵਿਚ ਸ਼ਾਂਤੀ ਫੌਜ ਦੇ ਮੈਂਬਰ ਪੀੜਤਾਂ ਦੇ ਪਿੰਡ 'ਚੋਂ ਦੋ ਵਾਰ ਲੰਘੇ ਸਨ।

ਸੰਯੁਕਤ ਰਾਸ਼ਟਰ ਦੇ ਇਕ ਅਧਿਕਾਰੀ ਰੋਜਰ ਮਿਸੇ ਨੇ ਕਿਹਾ ਕਿ ਸੰਭਵ ਹੈ ਕਿ ਪੀੜਤ ਪਿੰਡ ਵਾਲੇ ਸ਼ਰਮ ਤੇ ਡਰ ਕਾਰਨ ਚੁੱਪ ਰਹੇ ਹੋਣ, ਪਰ ਇਹ ਸੰਪਰਕ-ਹੀਣਤਾ ਦੀ ਇਕ ਗੰਭੀਰ ਉਦਾਹਰਣ ਹੈ, ਕਿਉਂਕਿ ਸ਼ਾਂਤੀ ਕੈਂਪ ਸਥਾਪਤ ਕਰਨ ਦਾ ਮਕਸਦ ਇਹੀ ਸੀ ਕਿ ਸੰਯੁਕਤ ਰਾਸ਼ਟਰ ਅਤੇ ਆਮ ਨਾਗਰਿਕਾਂ ਵਿਚਾਲੇ ਜ਼ਿਆਦਾ ਤੋਂ ਜ਼ਿਆਦਾ ਸੰਪਰਕ ਹੋ ਸਕੇ। ਮਿਸੇ ਨੇ ਕਿਹਾ ਕਿ ਰਵਾਂਡਾ ਅਤੇ ਕਾਂਗੋ ਬਾਗੀਆਂ ਨੇ ਪਿਛਲੇ ਮਹੀਨੇ ਖਤਰਨਾਕ ਹਮਲਾ ਕੀਤਾ ਸੀ। ਉਨ੍ਹਾਂ ਕਿਹਾ ਕਿ ਕਾਂਗੋ ਵਿਚ ਬਲਾਤਕਾਰ ਨੂੰ ਆਮ ਹਥਿਆਰ ਦੀ ਤਰ੍ਹਾਂ ਵਰਤਿਆ ਜਾਂਦਾ ਹੈ। ਉਸ ਹਿਸਾਬ ਨਾਲ ਵੀ ਹੋਈ ਘਟਨਾ ਬਹੁਤ ਗੈਰ-ਮਨੁੱਖੀ ਸੀ। ਮਿਲੀ ਜਾਣਕਾਰੀ ਅਨੁਸਾਰ ਇਨ੍ਹਾਂ ਹਾਲਾਤਾਂ ਵਿਚ ਨਾਗਰਿਕਾਂ ਦੀ ਸੁਰੱਖਿਆ ਕਰਨ ਲਈ ਸੰਯੁਕਤ ਰਾਸ਼ਟਰ ਨੂੰ ਕਾਫੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ।

# ਅਮਰੀਕੀ ਵੀਜ਼ਾ ਫ਼ੀਸ ਵਧਣ ਦੇ ਕਾਰਨ ਭਾਰਤ ਚਿੰਤਤ

–ਗਗਨ ਸ਼ਰਮਾ

ਪਿਛਲੇ ਦੋ ਦਹਾਕਿਆਂ ਦੌਰਾਨ ਸੂਚਨਾ-ਤਕਨੀਕ ਉਦਯੋਗ ਨੇ ਭਾਰਤ ਦੀ ਆਰਥਿਕਤਾ ਨੂੰ ਇਕ ਵੱਡਾ ਹੁਲਾਰਾ ਦਿੱਤਾ ਹੈ। ਖੇਤੀ ਤੋਂ ਸਿੱਧੀ ਸੇਵਾ ਖੇਤਰ ਵਿਚ ਅਗੇ ਵਧੀ ਭਾਰਤੀ ਅਰਥਵਿਵਸਥਾ ਪੂਰੇ ਵਿਸ਼ਵ ਲਈ ਇਕ ਅਨੋਖੀ ਮਿਸਾਲ ਵੀ ਰਹੀ। ਫ਼ਿਰ ਉਦਯੋਗਿਕ ਖੇਤਰ ਅਤੇ ਅੰਤ ਵਿਚ ਸੇਵਾ ਖੇਤਰ ਦਾ ਵਿਕਾਸ ਹੁੰਦਾ ਹੈ। ਭਾਰਤ ਵਿਚ ਆਏ ਇਸ ਸੂਚਨਾ-ਤਕਨੀਕ ਉਛਾਲ ਦੇ ਕਾਰਨ ਹੀ 1997 ਤੋਂ ਮਗਰੋਂ ਦੇਸ਼ ਵਿਸ਼ਵ ਅਰਥਚਾਰੇ ਦੇ ਸੇਵਾ ਖੇਤਰ ਵਿਚ ਇਕ ਵੱਡੀ ਸ਼ਕਤੀ ਵਜੋਂ ਜਾਣਿਆ ਜਾਣ ਲੱਗਾ। ਇਨ੍ਹਾਂ ਸਮਿਆਂ ਵਿਚ ਹੀ ਭਾਰਤ ਦੀਆਂ ਸੂਚਨਾ-ਤਕਨੀਕ ਦੀਆਂ ਕੁਝ ਕੰਪਨੀਆਂ ਬਹੁ-ਕੌਮੀ ਕੰਪਨੀਆਂ ਦਾ ਦਰਜਾ ਪ੍ਰਾਪਤ ਕਰਨ ਵਿਚ ਕਾਮਯਾਬ ਹੋਈਆਂ। ਟਾਟਾ ਕੰਸਲਟੈਂਸੀ ਸਰਵਿਸਜ਼, ਇਨਫੋਸਿਸ, ਵਿਪਰੋ ਅਤੇ ਸੱਤਿਅਮ ਦੇ ਮਗਰੇ-ਮਗਰ ਸੌਫਟਵੇਅਰ ਕੰਪਨੀਆਂ ਦੀ ਇਕ ਅਜਿਹੀ ਡਾਰ ਉਡੀ ਜਿਸ ਨੇ ਵਿਸ਼ਵ ਬਾਜ਼ਾਰ ਦੇ ਪੂਰੇ ਆਕਾਸ਼ ਨੂੰ ਆਪਣਾ ਬਣਾ ਲਿਆ।

ਇਨ੍ਹਾਂ ਕੰਪਨੀਆਂ ਨੇ ਆਪਣੇ ਖੇਤਰ ਵਿਚ ਸਫ਼ਲਤਾ ਦੀਆਂ ਜੋ ਬੁਲੰਦੀਆਂ ਛੋਹੀਆਂ, ਉਨ੍ਹਾਂ ਨਾਲ ਵਿਕਸਿਤ ਦੇਸ਼ਾਂ ਨੂੰ ਖੁੱਲ੍ਹੇ ਵਪਾਰ ਦੀ ਆਪਣੀ ਚਾਲ ਪੁੱਠੀ ਪੈਂਦੀ ਜਾਪੀ ਕਿਉਂਕਿ ਉਨ੍ਹਾਂ ਦਾ ਵਿਸ਼ਵ ਬਾਜ਼ਾਰ 'ਤੇ ਕਬਜ਼ਾ ਕਰਨ ਦਾ ਸੁਪਨਾ ਘੱਟੋ-ਘੱਟ ਸੇਵਾ ਖੇਤਰ ਵਿਚ ਤਾਂ ਬੁਰੀ ਤਰ੍ਹਾਂ ਚਕਨਾਚੂਰ ਹੁੰਦਾ ਦਿਸਦਾ ਸੀ। ਹਾਲ ਦੇ ਸਾਲਾਂ ਵਿਚ ਵਿਕਸਿਤ ਦੇਸ਼ਾਂ ਦੇ ਝੰਡਾ-ਬਰਦਾਰ ਅਮਰੀਕਾ ਦੇ ਅਰਥਚਾਰੇ ਵਿਚ ਛਾਏ ਆਰਥਿਕ ਮੰਦੇ ਦੇ ਹਨੇਰੇ ਨੇ ਅਮਰੀਕਨ ਸਰਕਾਰ ਨੂੰ ਹਿਲਾ ਕੇ ਰੱਖ ਦਿੱਤਾ। ਇਸ ਘਟਨਾਕ੍ਰਮ ਨੇ ਅਮਰੀਕੀ ਸਰਕਾਰ ਨੂੰ ਇਸ ਕਦਰ ਝਟਕਾ ਦਿੱਤਾ ਕਿ ਖੁੱਲ੍ਹੇ ਵਪਾਰ ਦਾ ਸਭ ਤੋਂ ਵੱਡਾ ਮੁਦੱਈ ਬਣਿਆ ਅਮਰੀਕਾ ਆਪਣੇ ਬਣਾਏ ਰਸਤੇ ਤੋਂ ਹੀ ਪਿਛਾਂਹ ਮੁੜਨ ਲੱਗਿਆ। ਬਚਾਅ ਦੀ ਮੁਦਰਾ ਵਿਚ ਆ ਕੇ ਅਮਰੀਕਾ ਵਲੋਂ ਅਪਣਾਈਆਂ ਗਈਆਂ ਇਨ੍ਹਾਂ ਨੀਤੀਆਂ ਦੀ ਇਕ ਕੜੀ ਵਜੋਂ ਹੀ ਗਾਹੇ-ਬਗਾਹੇ ਅਮਰੀਕਾ ਤੋਂ ਬਾਹਰ ਦੀਆਂ ਕੰਪਨੀਆਂ ਉਤੇ ਬੰਦਿਸ਼ਾਂ ਲਗਾਈਆਂ ਜਾਂਦੀਆਂ ਰਹੀਆਂ।

ਹਾਲ ਹੀ ਵਿਚ ਅਮਰੀਕਾ ਵਲੋਂ 'ਐਚ-1 ਬੀ' ਅਤੇ 'ਐਲ-1' ਵੀਜ਼ਿਆਂ ਦੀਆਂ ਫ਼ੀਸਾਂ ਵਿਚ ਕੀਤਾ ਗਿਆ ਭਾਰੀ ਵਾਧਾ ਵੀ ਇਸੇ ਨੀਤੀ ਤਹਿਤ ਹੋਇਆ ਹੈ। ਜਿਥੇ 'ਐਚ' ਸ਼੍ਰੇਣੀ ਦਾ ਵੀਜ਼ਾ ਆਰਜ਼ੀ ਤੌਰ 'ਤੇ ਅਮਰੀਕਾ ਆਉਣ ਵਾਲੇ ਕਰਮਚਾਰੀਆਂ ਲਈ ਹੁੰਦਾ ਹੈ, ਉਥੇ 'ਐਲ' ਸ਼੍ਰੇਣੀ ਦਾ ਵੀਜ਼ਾ ਕਿਸੇ ਕੰਪਨੀ ਦੀ ਕਿਸੇ ਹੋਰ ਸ਼ਾਖਾ ਤੋਂ ਅਮਰੀਕਾ ਆਉਣ ਵਾਲੇ ਕਰਮਚਾਰੀਆਂ ਲਈ ਹੋਇਆ ਕਰਦਾ ਹੈ। ਫ਼ੀਸ ਦਾ ਇਹ ਵਾਧਾ ਬਾਹਰਲੇ ਮੁਲਕਾਂ ਤੋਂ ਅਮਰੀਕਾ ਆਉਣ ਵਾਲੇ ਕਰਮਚਾਰੀਆਂ ਨੂੰ ਨੱਥ ਪਾਉਣ ਲਈ ਕੀਤਾ ਗਿਆ। ਪਰ ਇਹ ਵਾਧਾ ਉਨ੍ਹਾਂ ਕੰਪਨੀਆਂ ਉਤੇ ਲਾਗੂ ਨਹੀਂ ਹੋਵੇਗਾ ਜਿਨ੍ਹਾਂ ਦੇ 50 ਫ਼ੀਸਦੀ ਤੋਂ ਵਧ ਕਰਮਚਾਰੀ ਅਮਰੀਕੀ ਨਾਗਰਿਕ ਹਨ।ਅਸਲ ਵਿਚ ਦੁਨੀਆਂ ਦੀਆਂ ਸਿਖਰਲੀਆਂ ਪੰਜ ਸੌ ਕੰਪਨੀਆਂ ਵਿਚੋਂ ਬਹੁਤੀਆਂ ਨੇ ਆਪਣਾ ਸੂਚਨਾ-ਤਕਨੀਕ ਜਾਂ ਗ੍ਰਾਹਕ ਸੇਵਾ ਦਾ ਕੰਮ ਭਾਰਤੀ ਕੰਪਨੀਆਂ ਨੂੰ 'ਆਊਟਸੋਰਸ' ਕੀਤਾ ਹੋਇਆ ਹੈ। ਇਸੇ ਕੰਮ ਦੀ ਬਦੌਲਤ ਭਾਰਤ ਵਿਚ ਇਨ੍ਹੀਂ ਦਿਨੀਂ 'ਕਾਲ ਸੈਂਟਰਾਂ' ਦੀ ਭਰਮਾਰ ਹੈ ਜੋ ਇਨ੍ਹਾਂ ਵੱਡੀਆਂ ਕੰਪਨੀਆਂ ਲਈ 'ਬੈਕ-ਆਫ਼ਿਸ' ਵਜੋਂ ਕੰਮ ਕਰਦੇ ਹਨ। ਇਸ ਤੋਂ ਇਲਾਵਾ ਇਹ ਸੇਵਾ ਪ੍ਰਦਾਨ ਕਰਨ ਵਾਲੀਆਂ ਭਾਰਤੀ ਕੰਪਨੀਆਂ ਇਨ੍ਹਾਂ ਵਿਦੇਸ਼ੀ ਅਦਾਰਿਆਂ ਦੀਆਂ ਮੁਸ਼ਕਿਲਾਂ ਨੂੰ ਉਥੇ ਜਾ ਕੇ ਹੱਲ ਕਰਨ ਬਾਬਤ ਆਪਣੇ ਮੁਲਾਜ਼ਮਾਂ ਨੂੰ ਉਥੇ ਵੀ ਭੇਜਦੀਆਂ ਹਨ ਜਿਸ ਲਈ ਇਨ੍ਹਾਂ ਨੂੰ 'ਐਚ' ਅਤੇ 'ਐਲ' ਸ਼੍ਰੇਣੀ ਦੇ ਵੀਜ਼ਿਆਂ ਦੀ ਜ਼ਰੂਰਤ ਪੈਂਦੀ ਹੈ। ਇਨ੍ਹਾਂ ਵੀਜ਼ਿਆਂ ਦੀ ਫ਼ੀਸ ਵਿਚ ਹੋਏ ਵਾਧੇ ਦੇ ਮਾਰੂ ਹੋਣ ਦਾ ਅੰਦਾਜ਼ਾ ਇਸੇ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਇਸ ਨਾਲ ਭਾਰਤੀ ਉਦਯੋਗ ਨੂੰ 250 ਮਿਲੀਅਨ ਡਾਲਰ (1250 ਕਰੋੜ ਰੁਪਏ) ਸਾਲਾਨਾ ਦਾ ਨੁਕਸਾਨ ਹੋਣ ਦੀ ਉਮੀਦ ਹੈ।

ਦੂਜੇ ਪਾਸੇ ਅਮਰੀਕੀ ਵਪਾਰਕ ਹਲਕਿਆਂ ਵਿਚ ਵੀ ਸਰਕਾਰ ਦੇ ਇਸ ਕਦਮ ਤੋਂ ਚਿੰਤਾ ਹੈ। ਇਨ੍ਹਾਂ ਵਪਾਰੀਆਂ ਦੀਆਂ ਕੰਪਨੀਆਂ ਦਾ ਫ਼ਿਕਰ ਇਸ ਗੱਲ ਤੋਂ ਪ੍ਰੇਰਿਤ ਹੈ ਕਿ ਅਮਰੀਕੀ ਸਰਕਾਰ ਦੇ ਇਸ ਕਦਮ ਦੇ ਮੁਕਾਬਲੇ ਵਿਚ ਕਿਧਰੇ ਭਾਰਤ ਅਤੇ ਦੁਨੀਆਂ ਦੇ ਹੋਰ ਮੁਲਕ ਵੀ ਅਜਿਹੀਆਂ ਨੀਤੀਆਂ ਅਪਣਾਉਣ ਦੇ ਰਾਹ ਹੀ ਨਾ ਪੈ ਜਾਣ। ਅਜਿਹਾ ਹੋਣ ਦੀ ਸੂਰਤ ਵਿਚ ਪਹਿਲਾਂ ਤੋਂ ਹੀ ਮੰਦਵਾੜੇ ਦੀ ਮਾਰ ਹੇਠ ਆਇਆ ਅਮਰੀਕੀ ਉਦਯੋਗ ਹੋਰ ਵੀ ਬੁਰੇ ਹਾਲਾਤ ਵਿਚ ਫਸ ਸਕਦਾ ਹੈ। ਇਸੇ ਡਰ ਕਾਰਨ ਅਮਰੀਕਾ-ਭਾਰਤ ਵਪਾਰਕ ਕੌਂਸਲ ਦੇ ਪ੍ਰਧਾਨ ਰੌਨ ਸੋਮਰਜ਼ ਅਤੇ ਅਮਰੀਕੀ ਇਮੀਗ੍ਰੇਸ਼ਨ ਲਾਇਰਜ਼ ਐਸੋਸੀਏਸ਼ਨ ਦੇ ਸਹਾਇਕ ਨਿਦੇਸ਼ਕ ਬੌਬ ਸਾਕੀਨਾਵਾ ਨੇ ਇਸ ਕਦਮ ਦਾ ਪੁਰਜ਼ੋਰ ਵਿਰੋਧ ਕੀਤਾ।

ਭਾਰਤ ਦੇ ਮੰਤਰੀ ਆਨੰਦ ਸ਼ਰਮਾ ਨੇ ਅਮਰੀਕੀ ਸਰਕਾਰ ਨੂੰ ਲਿਖੇ ਇਕ ਪੱਤਰ ਵਿਚ ਇਸ ਕਦਮ ਨੂੰ ਪੱਖਪਾਤੀ ਦੱਸਦੇ ਹੋਏ ਇਸ ਉੱਤੇ ਸਖ਼ਤ ਇਤਰਾਜ਼ ਕੀਤੇ ਹਨ। ਨਾਲੋ-ਨਾਲ ਭਾਰਤ ਸਰਕਾਰ ਇਸ ਮੁੱਦੇ ਨੂੰ ਵਿਸ਼ਵ ਵਪਾਰ ਸੰਸਥਾ ਵਿਚ ਉਠਾਉਣ ਬਾਰੇ ਵੀ ਵਿਚਾਰ ਕਰ ਰਹੀ ਹੈ।

ਦੂਜੇ ਪਾਸੇ ਭਾਰਤੀ ਸੂਚਨਾ-ਤਕਨੀਕ ਉਦਯੋਗ ਲਈ ਇਸ ਘਟਨਾਕ੍ਰਮ ਵਿਚੋਂ ਅਤਿ-ਜ਼ਰੂਰੀ ਸਿੱਖਿਆ ਨਿਕਲ ਕੇ ਆਉਂਦੀ ਹੈ। 1990ਵਿਆਂ ਦਾ ਭਾਰਤੀ ਸੂਚਨਾ-ਤਕਨੀਕ ਉਦਯੋਗ ਅਤੇ ਹੁਣ ਦਾ ਸੂਚਨਾ-ਤਕਨੀਕ ਉਦਯੋਗ ਇਕ ਦੂਜੇ ਤੋਂ ਵੱਡੇ ਪੱਧਰ 'ਤੇ ਭਿੰਨ ਹਨ। ਜਿਥੇ ਉਦੋਂ ਇਸ ਉਦਯੋਗ ਦੇ ਬਚਪਨੇ ਦੇ ਦਿਨ ਸਨ, ਉਥੇ ਹੁਣ ਇਹ ਭਰ-ਜਵਾਨ ਹੋਇਆ ਉਦਯੋਗ ਆਪਣੇ-ਆਪ ਪੱਕੇ ਪੈਰੀਂ ਹੋਇਆ ਫਿਰਦਾ ਹੈ। ਇਸੇ ਕਾਰਨ ਇਸ ਉਦਯੋਗ ਨੂੰ ਹੁਣ ਅਮਰੀਕਾ ਜਾਂ ਕਿਸੇ ਵੀ ਇਕੱਲੇ ਹੋਰ ਮੁਲਕ ਤੋਂ ਆਪਣੀ ਟੇਕ ਘਟਾਉਣੀ ਪਵੇਗੀ। ਹਾਲ ਦੀ ਆਰਥਿਕ ਮੰਦੀ ਤੋਂ ਭਾਰਤੀ ਸੂਚਨਾ-ਤਕਨੀਕ ਉਦਯੋਗ ਨੂੰ ਵੱਡੀ ਸੱਟ ਵੱਜਣ ਦਾ ਇਕ ਕਾਰਨ ਇਹ ਵੀ ਸੀ ਕਿ ਇਸ ਉਦਯੋਗ ਦੀ ਵਧੇਰੇ ਮੰਗ ਆਪਣੇ ਮੁਲਕ ਜਾਂ ਹੋਰ ਏਸ਼ਿਆਈ-ਅਫ਼ਰੀਕੀ ਦੇਸ਼ਾਂ 'ਚੋਂ ਨਾ ਆ ਕੇ ਅਮਰੀਕਾ ਜਿਹੇ ਦੇਸ਼ਾਂ ਤੋਂ ਆਉਂਦੀ ਸੀ। ਮੰਦੇ ਤੇ ਪਾਬੰਦੀ ਦੀਆਂ ਇਨ੍ਹਾਂ ਦੋਵਾਂ ਘਟਨਾਵਾਂ ਤੋਂ ਸਬਕ ਲੈਂਦੇ ਹੋਏ ਭਾਰਤੀ ਸੂਚਨਾ-ਤਕਨੀਕ ਉਦਯੋਗ ਲਈ ਇਹ ਬੇਹੱਦ ਜ਼ਰੂਰੀ ਹੋ ਜਾਂਦਾ ਹੈ ਕਿ ਅਮਰੀਕੀ ਬਾਜ਼ਾਰ ਦੇ ਨਾਲ-ਨਾਲ ਹੋਰ ਬਾਜ਼ਾਰਾਂ ਦੀ ਵੀ ਥਾਹ ਪਾਈ ਜਾਵੇ।

## ਭਾਰਤੀ ਵੀਜ਼ਾ ਲੈਣਾ ਅਮਰੀਕਾ ਜਿੰਨਾ ਔਖਾ

**ਨਵੀਂ ਦਿੱਲੀ :** ਪਾਕਿਸਤਾਨ ਦੇ ਮਸ਼ਹੂਰ ਗਾਇਕ ਸ਼ਫਕਤ ਅਮਾਨਤ ਅਲੀ ਖਾਨ ਦਾ ਕਹਿਣਾ ਹੈ ਕਿ ਭਾਰਤ ਦਾ ਵੀਜ਼ਾ ਲੈਣਾ ਵੀ ਅਮਰੀਕਾ ਦਾ ਵੀਜ਼ਾ ਲੈਣ ਜਿੰਨਾ ਹੀ ਮੁਸ਼ਕਿਲ ਹੈ। ਭਾਰਤ ਦੇ ਚਾਰ ਸ਼ਹਿਰਾਂ ਦੇ ਦੌਰੇ 'ਤੇ ਆਏ ਇਸ ਗਾਇਕ ਦਾ ਮੰਨਣਾ ਹੈ ਕਿ ਸੰਗੀਤ ਭਾਰਤ ਤੇ ਪਾਕਿਸਤਾਨ ਨੂੰ ਜੋੜਨ ਵਾਲੀ ਮਜ਼ਬੂਤ ਕੜੀ ਹੈ। ਇਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ 44 ਸਾਲਾ ਸ਼ਫਕਤ ਨੇ ਕਿਹਾ, "ਭਾਰਤ ਦਾ ਵੀਜ਼ਾ ਲੈਣਾ ਪਿਛਲੇ ਚਾਰ -ਪੰਜ ਮਹੀਨਿਆਂ ਤੋਂ ਕਾਫੀ ਔਖਾ ਹੋ ਗਿਆ ਹੈ। ਹੁਣ ਤਾਂ ਭਾਰਤੀ ਵੀਜ਼ਾ ਲੈਣਾ ਅਮਰੀਕਾ ਦਾ ਵੀਜ਼ਾ ਲੈਣ ਜਿੰਨਾ ਔਖਾ ਹੋ ਗਿਆ ਹੈ। ਆਸ ਹੈ ਕਿ ਹਾਲਾਤ ਛੇਤੀ ਸੁਧਰਨਗੇ। ਕਦੇ ਕਦੇ ਇੰਜ ਹੁੰਦਾ ਹੈ ਕਿ ਅਸੀਂ ਭਾਰਤੀ ਸਫਾਰਤਖਾਨੇ ਕੋਲ ਜਾ ਕੇ ਇਕ ਦਿਨ ਦਾ ਵੀਜ਼ਾ ਮੰਗਦੇ ਹਾਂ ਤਾਂ ਸਾਨੂੰ ਇਕ ਮਹੀਨੇ ਦਾ ਵੀਜ਼ਾ ਲੱਗ ਜਾਂਦਾ ਹੈ ਪਰ ਕਦੇ ਕਦੇ ਸਾਡੇ ਵਲੋਂ ਵੀਜ਼ਾ ਲੈਣ ਲਈ ਤਿਆਰ ਕੀਤੇ ਕਾਗਜ਼ ਮਹੀਨਿਆਂ-ਬੱਧੀ ਪਏ ਹੀ ਰਹਿੰਦੇ ਹਨ। ਅਸੀਂ ਇਹ ਵੀ ਦੱਸਦੇ ਹਾਂ ਕਿ ਜੇ ਭਾਰਤ ਨਾ ਗਏ ਤਾਂ ਸ਼ੋਅ ਕਰਵਾਉਣ ਵਾਲਾ ਦੀਵਾਲੀਆ ਹੋ ਜਾਵੇਗਾ ਪਰ ਵੀਜ਼ਾ ਨਹੀਂ ਲਗਦਾ।"



ਪਾਕਿਸਤਾਨ ਦੇ ਮਸ਼ੂਹਰ ਗਾਇਕ ਰਾਹਤ ਫਤਿਹ ਅਲੀ ਖਾਨ, ਜਿਨ੍ਹਾਂ ਨੇ ਬਾਲੀਵੁੱਡ 'ਚ 'ਤੇਰੀ ਓਰ' ਤੇ 'ਬੋਲ ਨਾ ਹਲਕੇ' ਵਰਗੇ ਗੀਤ ਗਾ ਕੇ ਨਾਮ ਖੱਟਿਆ ਹੈ, ਨੂੰ ਵੀ ਪਿਛਲੇ ਮਹੀਨੇ ਵੀਜ਼ਾ ਨਹੀਂ ਸੀ ਮਿਲਿਆ, ਜਿਸ ਕਰਕੇ ਉਨ੍ਹਾਂ ਦੇ ਗੁੜਗਾਉਂ 'ਚ ਹੋਣ ਵਾਲੇ ਪ੍ਰੋਗਰਾਮ ਦੀਆਂ ਤਰੀਕਾਂ ਨਵੇਂ ਸਿਰੇ ਤੋਂ ਤੈਅ ਕਰਨੀਆਂ ਪਈਆਂ ਸਨ। ਪਾਕਿਸਤਾਨ ਦੇ ਮਹਾਨ ਗਾਇਕ ਉਸਤਾਦ ਅਮਾਨਤ ਅਲੀ ਖਾਨ ਦਾ ਪੁੱਤਰ ਸ਼ਫਕਤ ਪਟਿਆਲਾ ਘਰਾਣੇ ਦੀ ਸੱਤਵੀਂ ਪੀੜੀ ਦੀ ਨੁਮਾਇੰਦਗੀ ਕਰਦਾ ਹੈ। ਉਸ ਨੇ ਲਾਹੌਰ ਦੇ ਸਰਕਾਰੀ ਕਾਲਜ ਤੋਂ ਗਰੈਜੂਏਸ਼ਨ ਕੀਤੀ ਹੈ ਤੇ ਸੰਗੀਤ ਵਿਚ ਰੋਲ ਆਫ ਆਨਰ ਪ੍ਰਾਪਤ ਕੀਤਾ ਹੈ। ਉਸ ਨੇ ਚਾਰ ਸਾਲ ਦੀ ਉਮਰ ਤੋਂ ਸ਼ਾਸਤਰੀ ਸੰਗੀਤ ਦੀ ਸਿੱਖਿਆ ਲੈਣੀ ਸ਼ੁਰੂ ਕਰ ਦਿੱਤੀ ਸੀ।

## ਵਿਕੀਲੀਕਸ ਵਲੋਂ ਗੁਪਤ ਦਸਤਾਵੇਜ਼ ਜਾਰੀ

**ਵਾਸ਼ਿੰਗਟਨ :** ਵੈਬਸਾਈਟ ਵਿਕੀਲੀਕਸ ਨੇ ਅਮਰੀਕਾ ਦੀ ਸੈਂਟਰਲ ਇੰਟੈਲੀਜੈਂਸ ਏਜੰਸੀ (ਸੀ ਆਈ ਏ) ਦੀ ਇਕ ਖੁਫੀਆ ਰਿਪੋਰਟ ਜਾਰੀ ਕੀਤੀ ਹੈ। ਤਿੰਨ ਸਫਿਆਂ ਦੀ ਰਿਪੋਰਟ ਵਿਚ ਸੀ ਆਈ ਏ ਨੇ ਖਦਸ਼ਾ ਪ੍ਰਗਟ ਕੀਤਾ ਹੈ ਕਿ ਘਰ 'ਚ ਪਲੇ ਡੇਵਿਡ ਹੈਡਲੀ ਵਰਗੇ ਅੱਤਵਾਦੀਆਂ ਦੀ ਵਧ ਰਹੀ ਗਿਣਤੀ ਤੇ ਘਟਨਾਵਾਂ ਦੇ ਕਾਰਨ ਹੋਰ ਦੇਸ਼ ਅਮਰੀਕਾ ਨੂੰ ਅੱਤਵਾਦ ਦੇ ਇਕ ਬਰਾਮਦਕਾਰ ਦੇਸ਼ ਦੇ ਰੂਪ ਵਿਚ ਦੇਖਣਗੇ ਅਤੇ ਅਮਰੀਕਾ ਨਾਲ ਆਪਣੇ ਸਹਿਯੋਗ ਨੂੰ ਘੱਟ ਕਰ ਸਕਦੇ ਹਨ। ਸੀ ਆਈ ਏ ਦਾ ਕਹਿਣਾ ਹੈ ਕਿ ਵਿਦੇਸ਼ੀ ਸਰਕਾਰਾਂ ਆਪਸੀ ਸੰਪਰਕ ਤੇ ਸੂਚਨਾਵਾਂ ਦੇ ਅਦਾਨ-ਪ੍ਰਦਾਨ ਪ੍ਰਤੀ ਸਹਿਯੋਗ ਨੂੰ ਘੱਟ ਕਰ ਸਕਦੀਆਂ ਹਨ, ਕਿਉਂਕਿ ਅਮਰੀਕਾ ਵਿਚ ਘਰ ਪਾਲੇ ਅੱਤਵਾਦੀਆਂ ਦੀ ਗਿਣਤੀ ਵਧ ਰਹੀ ਹੈ।

ਦਸਤਾਵੇਜ਼ ਵਿਚ ਕਿਹਾ ਗਿਆ ਹੈ ਕਿ ਮੁੱਖ ਤੌਰ 'ਤੇ ਅਸੀਂ ਅਲ-ਕਾਇਦਾ ਮੈਂਬਰਾਂ ਨੂੰ ਅਮਰੀਕਾ ਵਿਚ ਸਰਗਰਮ ਹੋਣ ਤੋਂ ਰੋਕਣ ਦੀ ਕੋਸ਼ਿਸ਼ ਕਰਦੇ ਹਾਂ, ਪਰ ਅਲ-ਕਾਇਦਾ ਅਮਰੀਕਾ ਵਿਚ ਹਮਲਿਆਂ ਲਈ ਅਮਰੀਕੀ ਨਾਗਰਿਕਾਂ ਨੂੰ ਵਰਤ ਸਕਦਾ ਹੈ। ਦਸਤਾਵੇਜ਼ ਵਿਚ ਲਸ਼ਕਰ-ਏ-ਤੋਇਬਾ ਦੇ ਅੱਤਵਾਦੀ ਹੈਡਲੀ ਦਾ ਹਵਾਲਾ ਦਿੰਦੇ ਹੋਏ ਕਿਹਾ ਗਿਆ ਹੈ ਕਿ ਲਕਸ਼ਰ ਨੇ ਉਸ ਨੂੰ ਦਾਊਦ ਗਿਲਾਨੀ ਤੋਂ ਆਪਣਾ ਨਾਂ ਬਦਲ ਕੇ ਡੇਵਿਡ ਹੈਡਲੀ ਰੱਖਣ ਲਈ ਪ੍ਰੇਰਿਆ ਸੀ ਤਾਂ ਕਿ ਉਹ ਅਮਰੀਕਾ, ਭਾਰਤ ਅਤੇ ਪਾਕਿਸਤਾਨ ਤੋਂ ਬਿਨਾਂ ਕਿਸੇ ਰੋਕ-ਟੋਕ ਤੋਂ ਆ-ਜਾ ਸਕੇ। ਹੇਡਲੀ ਨੇ ਮੁੰਬਈ ਹਮਲਿਆਂ ਵਿਚ ਲਸ਼ਕਰ ਦੀ ਭੂਮਿਕਾ ਕਬੂਲ ਕੀਤੀ ਹੈ।


ਮਰਦਾਨਾ ਕਮਜ਼ੋਰੀ ਦਾ ਹੱਲ ਆਯੁਰਵੈਦ ਦੇ ਸੰਗ

ਮਰਦਾਨਾ ਤਾਕਤ ਲਈ ਸਿਹਤ ਰੀਯੰਗ ਕੋਰਸ ਅਤੇ ਸ਼ਹਿਨਸ਼ਾਹੀ ਤਿੱਲਾ (ਸੁਪਰ ਪਾਵਰ)

ਇਕ ਹਫਤਾ ਦਵਾਈ ਖਾਣ ਤੋਂ ਬਾਅਦ ਤੁਸੀਂ ਗ੍ਰਿਹਸਥ ਜੀਵਨ ਦਾ ਭਰਪੂਰ ਅਨੰਦ ਉਠਾ ਸਕਦੇ ਹੋ। ਕਮਜ਼ੋਰੀ ਕਿਸੇ ਵੀ ਤਰ੍ਹਾਂ ਦੀ ਹੋਵੇ-ਗ਼ਲਤ ਕੰਮਾਂ ਦੇ ਕਾਰਨ, ਨਸ਼ੇ ਦੇ ਕਾਰਨ, ਸ਼ੂਗਰ ਦੇ ਕਾਰਨ ਜਾਂ ਵਧਦੀ ਉਮਰ ਦੇ ਕਾਰਨ।

ਚਿਹਰੇ ਦੀ ਸੁੰਦਰਤਾ | ਮੋਟਾਪਾ ਘਟਾਓ | ਸਿਹਤ ਬਣਾਓ

ਵਾਲਾਂ ਦਾ ਝੜਨਾ | ਸ਼ੂਗਰ ਕੰਟਰੋਲ | ਇਸਤਰੀ ਰੋਗ

ਪੰਜਾਬ ਦੀ ਸਭ ਤੋਂ ਮਸ਼ਹੂਰ ਫਾਰਮੇਸੀ ਜਿੱਥੇ ਮਰਦਾਂ ਅਤੇ ਔਰਤਾਂ ਦਾ ਪਿਛਲੇ 50 ਸਾਲਾਂ ਤੋਂ ਤਸੱਲੀਬਖਸ਼ ਇਲਾਜ ਕੀਤਾ ਜਾਂਦਾ ਹੈ।

ਨਸਾਂ ਦੀ ਕਮਜ਼ੋਰੀ ਦੂਰ ਕਰਨ ਲਈ ਖਾਸ ਤੌਰ 'ਤੇ ਸ਼ਹਿਨਸ਼ਾਹੀ (ਸੁਪਰ ਪਾਵਰ) ਤੇਲ ਤਿਆਰ ਕੀਤਾ ਗਿਆ ਹੈ ਜਿਸ ਦੀ ਵਰਤੋਂ ਨਾਲ ਮਰਦਾਨਾ ਕਮਜ਼ੋਰੀ ਠੀਕ ਹੋ ਜਾਂਦੀ ਹੈ।

ਬੁਢਾਪੇ ਵਿਚ ਜਵਾਨੀ ਵਰਗੀ ਤਾਕਤ ਦੁਬਾਰਾ ਹਾਸਿਲ ਕਰੋ।

ਪੂਰਾ ਕੋਰਸ ਕਰਨ ਤੋਂ ਬਾਅਦ ਦੁਬਾਰਾ ਦਵਾਈ ਖਾਣ ਦੀ ਲੋੜ ਨਹੀਂ ਪੈਂਦੀ।



ਡਾ. ਨੰਦ ਕਿਸ਼ੋਰ ਓਬਰਾਏ
ਆਯੁਰਵੈਦਿਕ ਰਤਨ
ਰਜਿ. ਨੰ. 59/AY/PB.

ਅੱਜਕਲ੍ਹ ਦੇ ਨੌਜਵਾਨ ਭੈੜੀਆਂ ਆਦਤਾਂ ਵਿਚ ਫਸ ਕੇ ਬੁਰੀ ਤਰ੍ਹਾਂ ਦੇ ਖਤਰਨਾਕ ਅਤੇ ਗੁਪਤ ਰੋਗਾਂ ਦਾ ਸ਼ਿਕਾਰ ਹੋ ਜਾਂਦੇ ਹਨ। ਔਰਤ ਦੇ ਕਾਬਿਲ ਨਾ ਰਹਿਣਾ, ਹਰ ਤਰ੍ਹਾਂ ਦੀ ਕਮਜ਼ੋਰੀ, ਮਸਾਨੇ ਦੀ ਗਰਮੀ, ਪਿਸ਼ਾਬ ਦਾ ਜ਼ਿਆਦਾ ਆਉਣਾ, ਖ਼ੂਨ ਨਾ ਬਣਨਾ, ਖਾਂਦਿਆਂ ਪੀਂਦਿਆਂ ਸੁੱਕਦੇ ਜਾਣਾ ਆਦਿ ਤਮਾਮ ਤਕਲੀਫਾਂ ਤੋਂ ਹਮੇਸ਼ਾ ਲਈ ਛੁਟਕਾਰਾ ਪਾਉਣ ਲਈ ਸਾਡੀ 50 ਸਾਲਾਂ ਤੋਂ ਅਜਮਾਈ ਹੋਈ ਦਵਾਈ ਅਤੇ ਸੁਪਰ ਪਾਵਰ ਤੇਲ ਦੇ ਕੋਰਸ ਦੀ ਵਰਤੋਂ ਕਰੋ। ਇਸ ਦੇ ਕੁਝ ਦਿਨ ਵਰਤਣ ਨਾਲ ਸੁਪਨਦੋਸ਼ ਬੰਦ ਹੋ ਜਾਂਦਾ ਹੈ। ਮਰਦਾਨਾ ਕਮਜ਼ੋਰੀ ਦੂਰ ਹੋ ਜਾਂਦੀ ਹੈ। ਇਸ ਦਵਾਈ ਦੀ ਵਰਤੋਂ ਨਾਲ ਗਏ ਗੁਜ਼ਰੇ ਨੌਜਵਾਨਾਂ ਨੂੰ ਫਿਰ ਤੋਂ ਜਵਾਨੀ ਦੀ ਝਲਕ ਦਿਖਾਈ ਦੇਣ ਲੱਗ ਪੈਂਦੀ ਹੈ।

Surajvanshi Pharmacy (R)

MANUFACTURE & EXPORTER OF HERBAL PRODUCTS

25, New Model Town, Jalandhar (Punjab) INDIA.
Contact : Dr. Shweat Oberoi E-mail : shweat077@yahoo.com
Mobile : 98155-33933 Fax : 0091-181-5062627



ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

ਸੈਕਰਾਮੈਂਟੋ, ਕੈਲੀਫੋਰਨੀਆ

National Truck Driving School

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਦਾ ਵੀ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ



Call For Special Price

Kashmir S. Thandi
Office: (866) 933-3038
Balhar S. Ranu
Cell:916-502-7733

4585 Pell Dr. Secramento CA, 95838

# ਕਰਜ਼ੇ ਦੀ ਪੰਡ ਦਾ ਕੋਈ ਭਾਰ ਨਹੀਂ ਵੰਡਾਉਂਦਾ

ਮੂੰਹ ਆਈ ਬਾਤ



ਮੇਜਰ ਕੁਲਾਰ ਬੋਪਾਰਾਏਕਲਾਂ
ਫੋਨ:916-273-2856
www.boparaikalan.com

ਕਿਸੇ ਨੇ ਆਪਣੀ ਮਾਂ ਨੂੰ ਆ ਕੇ ਕਿਹਾ, "ਮਾਂ ਬੋਤਾ ਵਿਕਦਾ ਏ, ਇਕ ਆਨੇ ਨੂੰ।" ਮਾਂ ਨੇ ਕੰਮ ਵਿਚ ਰੁੱਝੀ ਹੋਈ ਨੇ ਉਤਰ ਦਿੱਤਾ, "ਪੁੱਤ ਬਹੁਤਾ ਮਹਿੰਗਾ ਹੈ, ਅਸੀਂ ਨਹੀਂ ਖਰੀਦਣਾ।" ਥੋੜ੍ਹੇ ਸਾਲਾਂ ਬਾਅਦ ਪੁੱਤਰ ਨੇ ਫਿਰ ਕਿਹਾ, "ਮਾਂ ਬੋਤਾ ਵਿਕਦਾ ਏ, ਤੇਰਾਂ ਆਨਿਆਂ ਦਾ।" ਮਾਂ ਨੇ ਹੱਥਲਾ ਕੰਮ ਵਿੱਚੇ ਛੱਡ ਕੇ ਕਿਹਾ, "ਜਾ ਪੁੱਤ ਖਰੀਦ ਲਿਆ, ਭਾਵੇਂ ਦੋ ਲੈ ਆਵੀਂ।" ਪੁੱਤ ਨੇ ਹੈਰਾਨ ਹੁੰਦਿਆਂ ਪੁੱਛਿਆ, "ਮਾਂ ਜਦੋਂ ਇਕ ਆਨੇ ਦਾ ਬੋਤਾ ਮਿਲਦਾ ਸੀ, ਉਦੋਂ ਖਰੀਦਣ ਨਹੀਂ ਦਿੱਤਾ, ਹੁਣ ਤੇਰਾਂ ਆਨਿਆਂ ਦਾ ਬੋਤਾ ਖਰੀਦ ਲਿਆ।" ਮੈਨੂੰ ਸਮਝ ਨਹੀਂ ਲੱਗੀ।

"ਪੁੱਤ ਜਦੋਂ ਆਨੇ ਦਾ ਬੋਤਾ ਮਿਲਦਾ ਸੀ, ਉਸ ਸਮੇਂ ਸਾਡੇ ਕੋਲ ਇਕ ਆਨਾ ਵੀ ਨਹੀਂ ਸੀ। ਹੁਣ ਅਸੀਂ ਮਿਹਨਤ-ਮਜ਼ਦੂਰੀ ਕਰਕੇ ਚਾਰ ਪੈਸੇ ਇਕੱਠੇ ਕਰ ਲਏ, ਇਸ ਕਰਕੇ ਉਹੀ ਬੋਤਾ ਤੇਰਾਂ ਆਨਿਆਂ ਦਾ ਖਰੀਦਿਆਂ ਵੀ ਸਸਤਾ ਲੱਗਦਾ ਹੈ।" ਮਾਂ ਨੇ ਪੁੱਤ ਨੂੰ ਸਮਝਾਉਂਦਿਆਂ ਕਿਹਾ।

ਸਮਾਂ ਸਮਰੱਥ ਹੁੰਦਾ ਹੈ। ਮੇਲਾ ਜਿੰਨਾ ਮਰਜ਼ੀ ਭਰਿਆ ਹੋਵੇ ਜੇ ਆਪਣੀ ਜੇਬ ਖਾਲੀ ਹੈ ਤਾਂ ਸਭ ਕੁਝ ਉੱਜੜਿਆ ਲਗਦਾ ਹੈ। ਜੇਬਾਂ ਮੁੜ-ਮੁੜ ਉਹੀ ਫਰੋਲਦੇ ਨੇ, ਜਿਨ੍ਹਾਂ ਦੀਆਂ ਜੇਬਾਂ ਖਾਲੀ ਹੁੰਦੀਆਂ ਨੇ। ਭਰੀ ਹੋਈ ਜੇਬ 'ਤੇ ਚੋਰ ਦੀ ਹੀ ਅੱਖ ਹੁੰਦੀ ਹੈ। ਫੋਕੀ ਟੌਹਰ ਬਣਾਉਣ ਵਾਲਿਆਂ ਨੇ ਆੜ੍ਹਤੀਏ ਦੀ ਲਾਲ ਵਹੀ 'ਤੇ ਅੰਗੂਠੇ ਲਾ ਕੇ ਦਰੱਖਤਾਂ ਨਾਲ ਲਟਕਣ ਲਈ ਮੌਤ ਨਾਲ ਸੌਦੇ ਕੀਤੇ। ਚਾਦਰ ਵੇਖ ਕੇ ਪੈਰ ਪਸਾਰਨ ਵਾਲੇ ਲੋਕ ਕਦੇ ਕਰਜ਼ੇ ਦੀ ਪੰਡ ਥੱਲੇ ਨਹੀਂ ਆਉਂਦੇ। ਇਥੇ ਕਰੈਡਿਟ ਕਾਰਡ ਨੂੰ ਚਲਾਉਣਾ, ਪੰਜਾਬ ਵਿਚ ਆੜ੍ਹਤੀਏ ਨੂੰ ਬੁਲਾਉਣਾ, ਕਰਜ਼ਾ ਚੁੱਕਣ ਦੀ ਨਿਸ਼ਾਨੀ ਹੁੰਦੀ ਹੈ। ਬਿਮਾਰੀ, ਕਰਜ਼ਾ ਤੇ ਮੁਕੱਦਮਾ ਜਿਸ ਘਰ ਵੜ ਜਾਣ, ਉਸ ਘਰ ਦੇ ਚੁੱਲ੍ਹਿਆਂ ਵਿਚ ਘਾਹ ਕਿਸੇ ਤੋਂ ਪੁੱਛ ਕੇ ਨਹੀਂ ਉਗਦਾ। ਇਕ ਪਾਲ ਨਾਲ ਜਿਵੇਂ ਹੋਈ ਤੇ ਇਕ ਮੇਰੇ ਮਿੱਤਰ ਨਾਲ ਜਿਵੇਂ ਹੋ ਰਹੀ ਹੈ, ਉਹ ਸੁਣੋ:

ਪਾਲ, ਲਾਲ ਤੇ ਦਿਆਲ ਤਿੰਨ ਭਰਾ ਹਨ। ਇਨ੍ਹਾਂ ਦੀ ਮਾਂ ਇਨ੍ਹਾਂ ਦੇ ਛੋਟੇ ਹੁੰਦਿਆਂ ਹੀ ਰੱਬ ਨੂੰ ਪਿਆਰੀ ਹੋ ਗਈ। ਬਾਪੂ ਜੈਲੇ ਨੇ ਤਿੰਨਾਂ ਨੂੰ ਪਾਲਿਆ। ਪਾਲ ਸਭ ਤੋਂ ਵੱਡਾ ਹੋਣ ਕਰਕੇ ਜੈਲੇ ਨਾਲ ਖੇਤੀਬਾੜੀ ਵਿਚ ਹੱਥ ਵੰਡਾਉਂਦਾ ਹੋਇਆ ਸਕੂਲੋਂ ਵੀ ਖੁੰਝ ਗਿਆ।

ਲਾਲ ਤੇ ਦਿਆਲ ਨੂੰ ਸਕੂਲ ਭੇਜ ਦਿੱਤਾ। ਵਧੀਆ ਗੁਜ਼ਾਰੇ ਜੋਗੀ ਜ਼ਮੀਨ ਸੀ। ਸਿਆਣੀ ਸੋਚ ਨਾਲ ਜ਼ੈਲਾ ਕਬੀਲਦਾਰੀ ਦੀ ਗੱਡੀ ਇਕ ਪਹੀਏ ਨਾਲ ਹੀ ਤੋਰੀ ਜਾ ਰਿਹਾ ਸੀ। ਘਰ ਵਿਚ ਰੋਟੀ ਟੁੱਕ ਦਾ ਔਖਾ ਹੋਣ ਕਰਕੇ ਪਾਲ ਦਾ ਛੋਟੀ ਉਮਰ ਵਿਚ ਹੀ ਵਿਆਹ ਕਰ ਦਿੱਤਾ।

ਪਾਲ ਦੀ ਘਰ ਵਾਲੀ ਪਾਲੋ, ਧੀ ਤਾਂ ਗਰੀਬ ਘਰ ਦੀ ਸੀ ਪਰ ਸੋਹਣੀ ਬਹੁਤ ਸੀ। ਪਾਲ ਨਾਲੋਂ ਪੰਜ-ਸੱਤ ਸਾਲ ਵੱਡੀ ਸੀ। ਨਿਆਣੀ ਉਮਰ ਦਾ ਪਾਲ ਛੇਤੀ ਹੀ ਡੀਜ਼ਲ ਦੇ ਢੋਲ ਵਾਂਗ ਮੁੱਕਣ ਲੱਗਿਆ। ਕਿਸੇ ਦੀ ਮਾੜੀ ਸੋਚ ਤੇ ਸਲਾਹ ਨੇ ਪਾਲ ਨੂੰ ਅਫ਼ੀਮ ਖਾਣ ਲਾ ਦਿੱਤਾ। ਚੜ੍ਹਦੀ ਉਮਰ ਵਿਚ ਅਫੀਮ ਨੇ ਪਾਲ ਦਾ ਰੰਗ ਲਾਲ ਕਰ ਦਿੱਤਾ। ਪਰਮਾਤਮਾ ਨੇ ਮਿਹਰ ਕੀਤੀ ਤੇ ਪਾਲ ਦੇ ਦੋ ਪੁੱਤਰ ਹੋਏ। ਪਾਲੋ ਨਾਲ ਲਾਲ ਤੇ ਦਿਆਲ ਵੀ ਗੱਲਾਂ ਕਰਕੇ ਨਿਹਾਲ ਹੋਏ ਰਹਿੰਦੇ। ਮੇਲੇ ਤੋਂ ਵੱਖਰਾ-ਵੱਖਰਾ ਹਾਰ-ਸ਼ਿੰਗਾਰ ਪਾਲੋ ਨੂੰ ਲਿਆ ਕੇ ਦਿੰਦੇ। ਦੋਵੇਂ ਵੱਡੀ ਭਾਬੀ ਦਾ ਜ਼ਿਆਦਾ ਮੋਹ ਕਰਦੇ। ਤਾਸ਼ ਦੀ ਖੇਡ ਭਾਬੀ-ਦਿਓਰ ਵਾਂਗ, ਲਾਲ ਤੇ ਦਿਆਲ ਦੀ ਖੇਡ ਖਤਮ ਨਾ ਹੁੰਦੀ।

ਹੁਣ ਤਿੰਨਾਂ ਨੂੰ ਖੇਤੋਂ ਡਰ ਆਉਣ ਲੱਗਿਆ, ਆਲਸੀ ਹੋ ਕੇ ਘਰੇ ਹੀ ਮੰਜੇ ਭੰਨੀ ਜਾਂਦੇ। ਜੈਲਾ ਰੋਜ਼ ਫਿਕਰ ਕਰਦਾ ਕਿ ਮੁੰਡਿਆਂ ਨੂੰ ਕੀ ਹੋ ਗਿਆ, ਕੰਮ ਕਰਨੋ ਹਟ ਗਏ। ਜੇ ਮੱਕੀ ਬੀਜੀ ਤਾਂ ਛੱਲੀਆਂ ਕਾਂਵਾਂ, ਤੋਤਿਆਂ ਚੂੰਡ ਲਈ। ਜੇ ਕਣਕ ਬੀਜੀ ਤਾਂ ਅਵਾਰਾ ਫਿਰਦੀਆਂ ਗਾਂਵਾਂ ਖਾ ਛੱਡਦੀਆਂ। ਸਿਆਣੇ ਕਹਿੰਦੇ ਨੇ ਖੇਤ ਬੰਦੇ ਨਾਲ, ਘਰ ਤੀਵੀਂ ਨਾਲ ਸੋਂਹਦੇ ਨੇ, ਜੇ ਬੰਦੇ ਘਰ ਰਹਿਣ ਲੱਗ ਜਾਣ, ਤੀਵੀਂ ਖੇਤ ਬੈਠ ਜਾਵੇ ਤਾਂ ਘਰ ਉਜੜਨ ਲੱਗਿਆਂ ਗਵਾਂਢੀਆਂ ਨਾਲ ਸਲਾਹ ਨਹੀਂ ਕਰਦਾ। ਹੁਣ ਪੁੱਤਾਂ ਹੱਥੋਂ ਮਜਬੂਰ ਹੋਏ ਜੈਲੇ ਨੂੰ ਵੀ ਕਰਜ਼ਾ ਚੁੱਕਣ ਲਈ ਅੰਗੂਠਾ ਕਾਲਾ ਕਰਨਾ ਪਿਆ।

ਇਥੇ ਮੈਨੂੰ ਇਕ ਗੱਲ ਯਾਦ ਆਉਂਦੀ ਹੈ। ਮੇਰੇ ਦਾਦਾ ਜੀ ਕਿਹਾ ਕਰਦੇ ਸਨ ਕਿ ਜਿਹੜਾ ਜੱਟ ਜਿਮੀਂਦਾਰ ਇਕ ਵਾਰ ਜ਼ਮੀਨ ਵੇਚੀ ਤੋਂ ਜਗਰਾਵੀਂ ਜਾ ਕੇ ਅੰਗੂਠਾ ਲਾ ਆਇਆ, ਉਸ ਜਿਮੀਂਦਾਰ ਨੇ ਆਪਣੀ ਸਾਰੀ ਜ਼ਮੀਨ ਤੋਂ ਹੱਥ ਧੋ ਲਏ ਸਮਝੋ।

ਜੈਲੇ ਨੇ ਜ਼ਹਿਰ ਦਾ ਘੁੱਟ ਪੀ ਕੇ ਦੋ ਕਿੱਲਿਆਂ 'ਤੇ ਅੰਗੂਠਾ ਲਾ ਦਿੱਤਾ। ਪਾਲ ਹੋਰਾਂ ਨਵਾਂ ਘਰ ਬਣਾ ਲਿਆ। ਨਵਾਂ ਟਰੈਕਟਰ, ਟਰਾਲੀ ਬਣਾ ਲਏ। ਪਾਲੋ ਕਦੇ ਲਾਲ ਤੇ ਕਦੇ ਦਿਆਲ ਨਾਲ ਫੋਰਡ 'ਤੇ ਝੂਟੇ ਲੈਂਦੀ। ਚਾਰੇ ਪਾਸੇ ਪਾਲੋ-ਪਾਲੋ ਹੁੰਦੀ। ਕਿਤੇ ਮੱਸਿਆ ਜਾਣਾ ਜਾਂ ਪੁੰਨਿਆਂ 'ਤੇ ਜਾਣਾ ਤਾਂ ਚਲੋ 'ਪਾਲੋ ਕੀ ਟਰਾਲੀ' 'ਤੇ। ਲਾਲ ਤੇ ਦਿਆਲ ਨੇ ਕਦੇ ਕਿਸੇ ਪਿੰਡ ਦੀਆਂ ਖੇਡਾਂ ਨਹੀਂ ਛੱਡੀਆਂ। ਜਦੋ ਟਰਾਲੀ ਜੋੜ ਲੈਂਦੇ, ਟਰੈਕਟਰ ਵਿਚ ਤੇਲ ਵੀ ਆਪਣਾ ਫੂਕਣਾ ਤੇ ਘਸਾਈ ਵੀ ਸਿਰ ਪੈਂਦੀ। ਲੋਕਾਂ ਨੇ ਮਾਇਕੋ ਦੇ ਪੰਪ ਭਰੀ ਜਾਣੇ, ਬਈ ਲਾਲ ਹੋਰਾਂ ਦਾ ਦਿਲ ਦਰਿਆ ਹੈ, ਇਹ ਤਾਂ ਸਾਰੇ ਪਿੰਡਾਂ ਦੀਆਂ ਖੇਡਾਂ ਵਿਖਾਉਂਦੇ ਨੇ। ਲੋਕਾਂ ਪਹਿਲਾਂ ਪਾਲੇ ਤੋਂ ਅਫੀਮ ਖਾ ਲੈਣੀ, ਖੇਡਾਂ ਤੋਂ ਵਾਪਸੀ ਸਮੇਂ ਲਾਲ ਹੋਰਾਂ ਤੋਂ ਦਾਰੂ ਪੀ ਲੈਣੀ ਜਦੋਂ ਪਿੰਡ ਪਹੁੰਚਣਾ ਤਾਂ ਟਰਾਲੀ ਵਿਚੋਂ ਖੇਸ ਝਾੜ ਕੇ ਉਤਰ ਜਾਣਾ। ਲਾਲ ਹੋਰਾਂ ਦਾ ਹੌਲੀ-ਹੌਲੀ ਅੰਦਰੋ-ਅੰਦਰੀ ਬੁਰਾ ਹਾਲ ਹੋਣ ਲੱਗ ਗਿਆ। 'ਗਿੱਦੜ ਦੇ ਛੱਜ ਬੰਨ੍ਹੇ ਵਾਂਗ' ਦਿਲ ਦਰਿਆ ਵਾਲਾ ਛੱਜ ਬੰਨ੍ਹਿਆ ਹੋਇਆ ਹੋਣ ਕਰਕੇ ਵਾਧੂ ਦੀ ਆਵਾਜਾਈ ਤੋਂ ਗੁਰੇਜ਼ ਨਾ ਕਰਦੇ। ਹੁਣ ਤਿੰਨਾਂ ਨੇ ਆਖਰੀ ਦੋ ਕਿੱਲੇ ਵੀ ਵੇਚ ਦਿੱਤੇ। ਨਾਜਾਇਜ਼ ਖਰਚਾ, ਫੋਕੀ ਟੌਹਰ ਬਣਾਉਂਦਿਆਂ ਪੈਸੇ ਦੇ ਭਰੇ ਖੂਹ ਮੁੱਕ ਜਾਂਦੇ ਹਨ। ਜੈਲਾ ਅੰਗੂਠਾ ਕਾਲਾ ਕਰਦਾ ਹੋਇਆ ਖੁਦ ਸਿਵਿਆਂ ਦੀ ਰਾਖ ਹੋ ਗਿਆ। ਪਾਲ ਦੇ ਦੋਵੇਂ ਮੁੰਡੇ ਵੀ ਨਸ਼ੇ 'ਤੇ ਲੱਗ ਗਏ। ਹੁਣ ਲੋਕਾਂ ਦੇ ਕੋਠਿਆਂ ਉਪਰ ਕਬੂਤਰ ਉਡਾਉਂਦੇ ਰਹਿੰਦੇ ਹਨ। ਲਾਲ ਕਿਸੇ ਨਾਲ ਸਾਂਝੀ ਰਲ ਗਿਆ, ਦਿਆਲ ਪਤਾ ਨਹੀਂ ਕਿਵੇਂ ਡੁਬਈ ਪਹੁੰਚ ਗਿਆ। ਪਾਲ ਅੱਜ-ਕੱਲ੍ਹ ਮੁੱਲਾਂਪੁਰ ਗੁਦਾਮਾਂ ਵਿਚ ਚੌਂਕੀਦਾਰਾ ਕਰਕੇ ਅਫੀਮ ਜੋਗੇ ਬਣਾ ਲੈਂਦਾ ਹੈ। ਪਾਲ ਸਿਰ ਬਹੁਤ ਕਰਜ਼ਾ ਹੈ। ਇਸ ਕਰਜ਼ੇ ਦਾ ਹਿੱਸਾ ਨਾ ਲਾਲ ਲੈਣਾ ਚਾਹੁੰਦਾ ਹੈ, ਨਾ ਦਿਆਲ ਹੀ ਪਾਲ ਦਾ ਕਰਜ਼ਾ ਵੰਡਾਉਣ ਦੀ ਹਾਮੀ ਭਰਦਾ ਹੈ। ਪਾਲੋ ਨੂੰ ਵੀ ਹੁਣ ਕੋਈ ਮੱਸਿਆ, ਪੁੰਨਿਆਂ ਨਹੀਂ ਦਿਖਾਉਂਦਾ।

ਅੱਠ ਕੁ ਸਾਲ ਪਹਿਲਾਂ ਮੇਰੇ ਇਕ ਮਿੱਤਰ ਦਾ ਪਰਿਵਾਰ ਪੰਜਾਬ ਤੋਂ ਆਇਆ। ਉਸ ਦੀ ਘਰ ਵਾਲੀ, ਦੋ ਕੁੜੀਆਂ ਤੇ ਇਕ ਮੁੰਡਾ। ਪਰਿਵਾਰ ਨੂੰ ਮਿਲ ਕੇ ਮਿੱਤਰ ਬਾਗੋ-ਬਾਗ ਹੋ ਗਿਆ। ਪਰਮਾਤਮਾ ਦਾ ਲੱਖ-ਲੱਖ ਸ਼ੁਕਰਾਨਾ ਕਰਦਾ। ਸਮਾਂ ਬੀਤਦਾ ਗਿਆ। ਉਸ ਦੀ ਘਰ ਵਾਲੀ ਘੱਟ ਪੜ੍ਹੀ ਹੋਣ ਕਰਕੇ ਕੰਮ 'ਤੇ ਲਵਾਉਣ ਦੀ ਦਿੱਕਤ ਆਉਂਦੀ। ਬੱਚੇ ਸਕੂਲ ਚਲੇ ਜਾਂਦੇ, ਘਰ ਵਾਲੀ ਨਵੀਆਂ ਬਣਾਈਆਂ ਸਹੇਲੀਆਂ ਨਾਲ ਫੋਨ ਦੀ ਤਾਰ ਜੋੜੀ ਰੱਖਦੀ, ਮੇਰਾ ਮਿੱਤਰ ਬਾਰਾਂ-ਬਾਰਾਂ ਘੰਟੇ ਲਿੱਕਰ ਸਟੋਰ 'ਤੇ ਕੰਮ ਕਰਦਾ। ਕੰਜੂਸੀ ਨਾਲ ਚਾਰ ਡਾਲਰ ਇਕੱਠੇ ਕੀਤੇ ਹੋਏ ਸਨ। ਘਰ ਵਾਲੀ ਉਨ੍ਹਾਂ ਨੂੰ ਵੇਖ-ਵੇਖ ਘਰ ਖਰੀਦਣਾ ਚਾਹੁੰਦੀ ਸੀ।

ਘਰ ਵਾਲੀ ਲੋੜੋਂ ਵਧ ਚਲਾਕ ਬਣਨ ਦੀ ਕੋਸ਼ਿਸ਼ ਕਰਦੀ ਹੋਈ ਕਹਿੰਦੀ, "ਦੇਖੋ ਜੀ, ਸਿੱਧੀ ਗੱਲ ਏ, ਅਪਾਰਟਮੈਂਟ ਦਾ ਰੈਂਟ ਤਾਂ ਖੂਹ ਵਿਚ ਹੀ ਚਲਾ ਜਾਂਦਾ ਹੈ, ਜੇ ਆਪਾਂ ਵੀ ਘਰ ਖਰੀਦ ਲਈਏ ਤਾਂ ਕਿਸ਼ਤ ਵਾਲੇ ਪੈਸੇ ਆਪਣੇ ਅਰਥ ਲੱਗ ਜਾਣ। ਦੇਖੋ ਤਾਂ ਸਹੀ, ਭਿੰਦੀ, ਜੀਤੋ ਤੇ ਨਸੀਬੋ ਮੇਰੇ ਨਾਲੋਂ ਤਿੰਨ ਸਾਲ ਬਾਅਦ ਵਿਚ ਅਮਰੀਕਾ ਆਈਆਂ। ਆਉਂਦੀਆਂ ਨੇ ਘਰ ਲੈ ਲਏ। ਹੁਣ ਗੁਰਦੁਆਰੇ ਵਿਚ ਬੈਠੀਆਂ ਵੀ ਆਪਣੇ ਘਰ ਤੇ ਘਰ ਵਾਲੇ ਦੀਆਂ ਸਿਫਤਾਂ ਕਰਦੀਆਂ ਨੇ। ਬਾਬਾ ਨਾਮ ਜਪ ਕੇ ਰੱਬ ਨਾਲ ਜੁੜਨ ਦੀ ਕਥਾ ਸੁਣਾਉਂਦਾ ਹੈ, ਇਹ ਤਿੰਨੋ ਮੇਰਾ ਦਿਲ ਤੋੜ ਕੇ ਸੁਆਹ ਕਰ ਦਿੰਦੀਆਂ ਨੇ। ਮੈਨੂੰ ਨਹੀਂ ਪਤਾ ਆਪਾਂ ਘਰ ਲੈਣਾ ਹੈ।"

"ਘਰ ਲੈਣ ਨੂੰ ਕਿਸ ਦਾ ਦਿਲ ਨਹੀਂ ਕਰਦਾ ਪਰ ਕੋਲ ਡਾਲਰ ਵੀ ਚਾਹੀਦੇ ਨੇ।" ਮੇਰੇ ਮਿੱਤਰ ਨੇ ਚਾਹਤ ਅਤੇ ਮਜ਼ਬੂਰੀ ਦਾ ਸੁਮੇਲ ਕਰਕੇ ਉੱਤਰ ਦਿੱਤਾ। ਅਖੀਰ ਮਿੱਤਰ ਨੇ ਘਰ ਲੈਣ ਦਾ ਮਨ ਬਣਾ ਲਿਆ ਕਿਉਂਕਿ ਰੱਬ ਨਾਲੋਂ ਘਸੁੰਨ ਨੇੜੇ ਸੀ। ਘਰਵਾਲੀ ਦਾ ਪੱਕਾ ਕੀਤਾ ਹੋਇਆ ਮਿੱਤਰ ਮੇਰੇ ਕੋਲ ਘਰ ਲੈਣ ਦੀ ਸਲਾਹ ਲੈਣ ਆਇਆ। ਮੈਂ ਆਪਣੀ ਅਕਲ ਮੁਤਾਬਿਕ ਸਮਝਾਇਆ ਕਿ ਮਿੱਤਰਾ ਘਰ ਵਾਲੇ ਪੰਗੇ ਵਿਚ ਨਾ ਪਈਂ, ਤੇਰੇ ਇਕੱਲੇ ਦੀ ਕਮਾਈ ਨਾਲ ਕੁਝ ਨਹੀਂ ਬਣਨਾ।

ਤੇਰੀ ਘਰ ਵਾਲੀ ਜਿਨ੍ਹਾਂ ਦੀ ਗੱਲ ਕਰਦੀ ਹੈ, ਉਨ੍ਹਾਂ ਦੇ ਘਰ ਵੀਕ ਦੇ ਪੰਜ ਚੈੱਕ ਆਉਂਦੇ ਨੇ। ਘਰ ਉਸ ਟਾਈਮ ਤਰੱਕੀ ਕਰਦਾ ਹੈ ਜਦੋਂ ਘਰ ਵਿਚ ਇਤਫਾਕ ਹੋਵੇ, ਆਮਦਨ ਦੇ ਚੰਗੇ ਸਰੋਤ ਹੋਣ, ਵਾਧੂ ਦੀ ਆਵਾਜਾਈ ਤੇ ਵਾਧੂ ਦੇ ਖਰਚਿਆਂ ਤੋਂ ਬਚਿਆ ਜਾਵੇ। ਨਸ਼ਿਆਂ ਤੋਂ ਪ੍ਰਹੇਜ਼ ਹੋਵੇ, ਫਿਰ ਤੁਸੀਂ ਜਿਹੜੀ ਮਰਜ਼ੀ ਚੀਜ਼ ਵਸਤ ਖਰੀਦ ਸਕਦੇ ਹੋ। ਮੈਂ ਮਿੱਤਰ ਨੂੰ ਕਰਜ਼ੇ ਲਈ ਵਿਛਾਇਆ ਖੇਸ ਇਕੱਠਾ ਕਰਨ ਦੀ ਸਲਾਹ ਦਿੱਤੀ।

ਮਿੱਤਰ ਨੂੰ ਲੱਗਿਆ ਕਿ ਮੈਂ ਉਸ ਦੀ ਤਰੱਕੀ 'ਤੇ ਖੁਸ਼ ਨਹੀਂ ਹਾਂ। ਉਸ ਨੇ ਘਰ ਲੈ ਹੀ ਲਿਆ। ਜਿਸ ਦਿਨ ਘਰ ਵਿਚ ਸੁਖਮਨੀ ਸਾਹਿਬ ਦਾ ਪਾਠ ਕਰਵਾਇਆ, ਮੈਂ ਉਸ ਦਿਨ ਵੇਖਿਆ ਕਿ ਸਾਕ-ਸਬੰਧੀ, ਮਿੱਤਰ-ਦੋਸਤ ਕਾਫੀ ਆਏ ਹੋਏ ਸਨ। ਖਾਣੇ ਦੀ ਕੈਟਰਿੰਗ ਰੈਸਟੋਰੈਂਟ ਤੋਂ ਕਰਵਾਈ ਸੀ। ਮਿੱਤਰ ਤੇ ਉਸ ਦੀ ਘਰ ਵਾਲੀ ਹਰੇਕ ਆਏ ਹੋਏ ਮਹਿਮਾਨ ਨੂੰ ਘਰ ਦਾ ਇਕੱਲਾ-ਇਕੱਲਾ ਕਮਰਾ ਖੋਲ੍ਹ ਕੇ ਵਿਖਾ ਰਹੇ ਸਨ। ਮੈਨੂੰ ਵੇਖ-ਵੇਖ ਡਰ ਲਗਦਾ ਸੀ ਕਿ ਮਿੱਤਰ ਨੇ ਆਪਣੇ ਆਪ ਹੀ ਸੱਪ ਦੀ ਖੁੱਡ ਵਿਚ ਹੱਥ ਪਾ ਲਿਆ ਹੈ।

ਮਿੱਤਰ ਇਕ ਸਾਲ ਤਾਂ ਘਰ ਦੀਆਂ ਕਿਸ਼ਤਾਂ ਦਿੰਦਾ ਰਿਹਾ, ਡਰਦਾ ਕੁਝ ਦੱਸੇ ਵੀ ਨਾ। ਮੈਨੂੰ ਪਤਾ ਸੀ ਕਿ ਸਭ ਕੁਝ ਫੋੜੇ ਵਾਂਗ ਭਰਿਆ ਪਿਆ ਜਿਸ ਦਿਨ ਫਿੱਸ ਗਿਆ ਲੀੜੇ ਲਬੇੜੂ। ਉਹੀ ਗੱਲ ਹੋਈ, ਇਕ ਦਿਨ ਕਹਿੰਦਾ, "ਬਾਈ ਤਿੰਨ ਮਹੀਨੇ ਹੋ ਗਏ ਮਕਾਨ ਦੀ ਕਿਸ਼ਤ ਨਹੀਂ ਮੁੜੀ, ਕਰੈਡਿਟ ਕਾਰਡ ਤੋਂ ਫਰਨੀਚਰ ਚੁੱਕਿਆ ਸੀ, ਉਨ੍ਹਾਂ ਦਾ ਵਿਆਜ਼ ਹੀ ਮੋੜਦਾ ਹਾਂ। ਲਗਦਾ ਘਰ ਛੱਡਣਾ ਪੈਣਾ ਜਿਹੜਾ ਪੰਜਾਹ ਹਜ਼ਾਰ ਡਾਲਰ ਦਿੱਤਾ ਸੀ, ਉਹ ਵੀ ਚਲਿਆ ਜਾਊ ਤੇ ਰੈਕਰਡ ਵੀ ਖਰਾਬ ਹੋ ਜਾਊ। ਘਰ ਵਾਲੀ ਦੇ ਸਿਰ 'ਤੇ ਜੂੰ ਨਹੀਂ ਸਰਕਦੀ, ਮੇਰੀ ਜਾਨ ਨਿਕਲ ਰਹੀ ਹੈ। ਮਿੱਤਰ ਨੂੰ ਮੁੜ ਕੇ ਅਪਾਰਟਮੈਂਟ ਵਿਚ ਆਉਣਾ ਪਿਆ। ਪਹਿਲਾਂ ਡਾਲਰ ਦਾ ਨਿੱਘ ਸੀ, ਹੁਣ ਕਰਜ਼ੇ ਦੀ ਪੰਡ ਭਾਰੀ ਹੁੰਦੀ ਜਾਂਦੀ ਹੈ। ਮਿੱਤਰ ਜੇ ਗੁਰਦੁਆਰੇ ਮਿਲਦਾ ਹੈ ਤਾਂ ਮੂੰਹ ਨਾਲ ਨਹੀਂ, ਹੱਥਾਂ ਨਾਲ ਫਤਹਿ ਬੁਲਾਉਂਦਾ ਹੈ। ਮੈਂ ਸੋਚਦਾਂ ਕਿ ਜਿਹੜੇ ਬੇਲੋੜਾ ਕਰਜ਼ਾ ਚੁੱਕਦੇ ਹਨ, ਕੀ ਉਨ੍ਹਾਂ ਨਾਲ ਇਸ ਤਰ੍ਹਾਂ ਹੀ ਹੁੰਦੀ ਹੈ? ਰੱਬ ਰਾਖਾ।

## ਇਕ ਰੇਡ ਵੀਲ੍ਹ ਚੇਅਰ 'ਤੇ

14 ਅਗਸਤ ਦੇ ਪੰਜਾਬ ਟਾਈਮਜ਼ ਵਿਚ ਛਪੇ ਸੁਖਵੀਰ ਗਰੇਵਾਲ ਦੇ ਫੀਚਰ 'ਇਕ ਰੇਡ ਵੀਲ੍ਹ ਚੇਅਰ 'ਤੇ' ਨੂੰ ਪੜ੍ਹ ਕੇ ਬਹੁਤ ਵੱਡੀ ਗਿਣਤੀ ਵਿਚ ਪਾਠਕਾਂ ਨੇ ਇਸ ਫੀਚਰ ਦੀ ਨਾਇਕਾ ਜਸਪ੍ਰੀਤ ਕੌਰ ਨਾਲ ਨਾ ਸਿਰਫ ਹਮਦਰਦੀ ਹੀ ਜਤਾਈ ਹੈ ਸਗੋਂ ਉਸ ਨੂੰ ਯਥਾਯੋਗ ਮਾਲੀ ਮਦਦ ਦੇਣ ਦਾ ਭਰੋਸਾ ਵੀ ਦਿਵਾਇਆ ਹੈ। ਇਹ ਵੀ ਖੁਸ਼ੀ ਦੀ ਗੱਲ ਹੈ ਕਿ ਕਬੱਡੀ ਦੇ ਪ੍ਰਸ਼ੰਸਕਾਂ ਵਲੋਂ ਮਿਲੇ ਹੁੰਗਾਰੇ ਪਿਛੋਂ ਜਸਪ੍ਰੀਤ ਨੇ ਆਪਣੇ ਫੋਨ ਦੀ ਰਿੰਗ ਟੋਨ "ਜ਼ਿੰਦਗੀ ਕੀ ਤਲਾਸ਼ ਮੇ ਨਿਕਲੇ ਥੇ ਹਮ, ਮੌਤ ਕੇ ਕਿਤਨੇ ਕਰੀਬ ਆ ਗਏ ਹਮ" ਤੋਂ ਬਦਲ ਕੇ "ਸਾਈਂ ਵੇ ਸਾਈਂ ਬਾਹੋਂ ਫੜ੍ਹ ਬੇੜਾ ਬੰਨੇ ਲਾਈਂ" ਕਰ ਲਈ ਹੈ। ਪਾਠਕਾਂ ਦੀ ਮੰਗ 'ਤੇ ਅਸੀਂ ਜਸਪ੍ਰੀਤ ਅਤੇ ਉਸ ਜਿਹੇ ਹੋਰ ਖਿਡਾਰੀਆਂ ਦੀ ਮਦਦ ਲਈ ਵੱਖਰਾ ਫੰਡ ਕਾਇਮ ਕਰਨ ਦਾ ਫੈਸਲਾ ਲਿਆ ਹੈ। ਪਾਠਕ ਜਸਪ੍ਰੀਤ ਦੀ ਮਦਦ ਲਈ ਚੈਕ ਪੰਜਾਬ ਟਾਈਮਜ਼ ਦੇ ਨਾਂ ਜਸਪ੍ਰੀਤ ਫੰਡ ਦੇ ਵੇਰਵੇ ਨਾਲ ਭੇਜ ਸਕਦੇ ਹਨ। ਇਕੱਠੀ ਹੋਈ ਰਕਮ ਉਸ ਨੂੰ ਭੇਜ ਦਿੱਤੀ ਜਾਏਗੀ। *-ਸੰਪਾਦਕ*

# ਕਲਮਾਂ ਦਾ ਕਲਮਾਂ ਨਾਲ ਟਕਰਾਅ, ਸਾਹਿਤ ਲਈ ਵਿਕਾਸਕਾਰੀ ਜਾਂ ਵਿਨਾਸ਼ਕਾਰੀ?

**ਜਰਨੈਲ ਘੁਮਾਣ***

ਸਿਆਣੇ ਕਹਿੰਦੇ ਹਨ ਕਿ ਕਲਮਾਂ ਦਾ ਕਲਮਾਂ ਨਾਲ ਟਕਰਾਅ ਜਰੂਰ ਹੋਣਾ ਚਾਹੀਦਾ ਹੈ ਕਿਉਂਕਿ ਸ਼ਬਦਾਂ ਦੇ ਖਹਿਣ ਵਿਚੋਂ ਉਪਜਦੇ ਨਵੇਂ ਵਿਚਾਰ ਨਵੇਂ ਸਾਹਿਤ ਨੂੰ ਜਨਮ ਦਿੰਦੇ ਹਨ। ਤਰਕ ਨਾਲ ਕੀਤੀ ਆਲੋਚਨਾ ਸੁਧਾਰ ਦਾ ਬਾਇਸ ਬਣਦੀ ਹੈ। ਆਜ਼ਾਦੀ ਦਾ ਰਾਹ ਤਲਾਸ਼ਦੇ ਜੁਝਾਰੂਆਂ ਨੂੰ ਕਲਮਾਂ ਦੀ ਸਿਆਹੀ 'ਚੋਂ ਚੰਗਿਆੜੇ ਛੱਡਦੇ ਸ਼ਬਦ ਤੀਰਾਂ-ਤਲਵਾਰਾਂ ਨਾਲ, ਤੋਪਾਂ ਵਾਲਿਆਂ ਨਾਲ ਜਾ ਟਕਰਾਉਣ ਦਾ ਬਲ ਬਖਸ਼ ਦਿੰਦੇ ਹਨ। ਇਨਸਾਨੀ ਹੱਕਾਂ ਦੀ ਮੰਗ ਕਰਦਿਆਂ ਮੱਠੇ ਪੈਂਦੇ ਜਾ ਰਹੇ ਸੰਘਰਸ਼ਾਂ ਵਿਚ ਸ਼ਬਦ ਇਕ ਨਵੀਂ ਰੂਹ ਫੂਕ ਦਿੰਦੇ ਹਨ। ਅੰਧੇਰਿਆਂ ਵਿਚ ਭਟਕਦੀ ਇਨਸਾਨੀਅਤ ਨੂੰ ਚਾਨਣ ਦੇ ਰਾਹ ਵੀ ਕਲਮਾਂ 'ਚੋਂ ਫੁੱਟਦੇ ਸ਼ਬਦ ਹੀ ਵਿਖਾਉਂਦੇ ਹਨ।

ਸੋ ਇਹ ਇਕ ਅਟੱਲ ਸੱਚਾਈ ਹੈ ਕਿ ਕਲਮ ਦੀ ਤਾਕਤ ਤਲਵਾਰ ਦੀ ਤਾਕਤ ਨਾਲੋਂ ਕਿਤੇ ਵੱਡੀ ਹੈ। ਸਰਬੰਸਦਾਨੀ ਗੁਰੂ ਗੋਬਿੰਦ ਸਿੰਘ ਦੁਆਰਾ ਮੁਗ਼ਲ ਬਾਦਸ਼ਾਹ ਔਰੰਗਜ਼ੇਬ ਨੂੰ ਲਿਖੀ ਚਿੱਠੀ "ਜ਼ਫ਼ਰਨਾਮਾ" ਦਾ ਜ਼ਿਕਰ ਕਰਨਾ ਹੀ ਕਾਫ਼ੀ ਹੈ ਜਿਸ ਦੇ ਸ਼ਬਦਾਂ ਨੇ ਹੰਕਾਰੀ ਇਨਸਾਨ ਦੇ ਪੱਥਰ ਵਰਗੇ ਜ਼ੇਰੇ ਨੂੰ ਪਲਾਂ ਵਿਚ ਹੀ ਪਿਘਲਾ ਕੇ ਮੋਮ ਬਣਾ ਦਿੱਤਾ ਸੀ।

ਤਾਕਤਵਰ ਤੋਂ ਤਾਕਤਵਰ ਸਰਕਾਰਾਂ ਦੇ ਤਖ਼ਤ ਪਲਟਾਉਣ ਦੀ ਤਾਕਤ ਰੱਖਦੀਆਂ ਕੁਝ ਕੁ ਕਲਮਾਂ ਮੁੱਦਿਆਂ 'ਤੇ ਖਹਿਣ ਦੀ ਬਜਾਏ ਆਪਸ ਵਿਚ ਖਹਿੰਦੀਆਂ ਨਜ਼ਰੀਂ ਪੈਂਦੀਆਂ ਹਨ। ਕਦੇ ਕਦੇ ਲੱਗਣ ਲਗਦਾ ਹੈ ਕਿ ਕਲਮਾਂ 'ਚੋਂ ਉਪਜਦੇ ਅਨੇਕਾਂ ਵਿਚਾਰ ਕਿਸੇ ਅਜਿਹੀ ਧਿਰ ਦੀ ਪਿੱਠ ਠੋਕ ਰਹੇ ਹਨ ਜਿਸ ਬਾਰੇ ਆਮ ਜਨਤਾ ਦੀ ਰਾਇ, ਤੱਥ ਅਤੇ ਕਲਮ ਵਲੋਂ ਪ੍ਰਗਟਾਏ ਵਿਚਾਰ ਰੇਲ ਗੱਡੀ ਦੀਆਂ ਲੀਹਾਂ ਵਾਂਗ ਦੂਰ ਦੂਰ ਤੱਕ ਮੇਲ ਨਹੀਂ ਖਾਂਦੇ, ਫਿਰ ਵੀ ਕੁਝ ਕੁ ਕਲਮਾਂ 'ਸੱਚ' ਲਿਖਦੇ ਲਿਖਦੇ ਝੂਠ ਲਿਖ ਕੇ ਸਾਨੂੰ ਝੂਠ ਨੂੰ ਸੱਚ



ਪੜ੍ਹਨ ਲਈ ਕਹਿੰਦੀਆਂ ਜਾਪਦੀਆਂ ਹਨ। ਕੁਝ ਕੁ ਕਲਮਾਂ ਕਥਿਤ 'ਭਰੋਸੇਯੋਗ ਸੂਤਰਾਂ' ਦਾ ਹਵਾਲਾ ਦੇ ਕੇ 'ਝੂਠ ਨੂੰ ਸੱਚ ਅਤੇ ਸੱਚ ਨੂੰ ਝੂਠ' ਪੜ੍ਹਨ ਨੂੰ ਕਹਿ ਤਾਂ ਦਿੰਦੀਆਂ ਹਨ ਪਰੰਤੂ ਇਹ ਭਰੋਸੇਯੋਗ ਸੂਤਰ ਪਾਠਕਾਂ ਦਾ ਸਾਲਾਂ ਤੋਂ ਜਿੱਤਿਆ ਭਰੋਸਾ ਗੁਆਉਣ ਵਾਲਾ 'ਸੱਚ' ਬਣ ਜਾਂਦੇ ਹਨ।

ਸਾਡੇ ਮੁਲਕ ਦੀ ਸਿਆਸਤ ਕਲਮਾਂ 'ਤੇ ਵੀ ਭਾਰੂ ਹੋ ਚੁਕੀ ਹੈ। ਕਲਮਾਂ ਆਪਸੀ ਕਿੜ੍ਹਾਂ ਕੱਢਣ ਵਾਸਤੇ ਹਥਿਆਰ ਬਣਾ ਕੇ ਵਰਤੀਆਂ ਜਾਣ ਲੱਗੀਆਂ ਹਨ। ਇੰਜ ਲਗਦਾ ਹੈ ਜਿਵੇਂ ਹੋਛੀ ਸ਼ੋਹਰਤ ਲੋੜਦੇ ਇਨਸਾਨਾਂ ਨੇ ਵੀ ਕਲਮਾਂ ਦਾ ਕਲਮਾਂ ਨਾਲ ਟਕਰਾਅ ਕਰਵਾਉਣਾ ਸ਼ੁਰੂ ਕਰ ਦਿੱਤਾ ਹੈ। ਕੋਈ ਤਾਜ਼ਾ ਤਾਜ਼ਾ ਘੜੀ ਕਲਮ ਕਹਿੰਦੀ ਹੈ ਕਿ ਮਹਾਨ ਸ਼ਾਇਰ ਸ਼ਿਵ ਕੁਮਾਰ ਬਟਾਲਵੀ ਦੇ ਗੀਤ ਸ਼ਾਇਰ ਅਤੇ ਪੰਜਾਬੀ ਗਾਇਕ ਗੁਰਦਾਸ ਮਾਨ ਨੇ ਚੋਰੀ ਕਰਕੇ ਗਾ ਦਿੱਤੇ। ਕੋਈ ਕਲਮ ਕਹਿੰਦੀ ਹੈ ਕਿ ਨਹੀਂ ਜੀ ਨਹੀਂ, ਸ਼ਿਵ ਕੁਮਾਰ ਨੇ ਵੀ ਕਿਸੇ ਆਪਣੇ ਤੋਂ ਵੀ ਪੁਰਾਣੇ ਸ਼ਾਇਰ ਦੀਆਂ ਸਤਰਾਂ ਨੂੰ ਤਰੋੜਿਆ-ਮਰੋੜਿਆ ਹੈ। ਅੱਜਕੱਲ੍ਹ ਕਈ ਨਵੇਂ ਲਿਖਾਰੀ ਇਨ੍ਹਾਂ ਸ਼ਾਇਰਾਂ ਦੀ ਮਹਾਨਤਾ ਨੂੰ ਪੰਜਾਬੀ ਪ੍ਰੇਮੀਆਂ ਵਲੋਂ ਬਖਸ਼ੀਆਂ 'ਸ਼ੋਹਰਤਾਂ ਅਤੇ ਸਤਿਕਾਰ ਰੂਪੀ ਪੌਸ਼ਾਕਾਂ' ਦੀਆਂ ਕੰਨੀਆਂ ਖਿੱਚ ਖਿੱਚ ਬੇਪਰਦ ਕਰਨ ਦੀ ਨਾਕਾਮ ਕੋਸ਼ਿਸ਼ ਕਰਨ ਵਿਚ ਰੁੱਝੇ ਹੋਏ ਹਨ।

ਕੋਈ ਕਹਿੰਦਾ ਹੈ ਕਿ 'ਦੇਵ ਥਰੀਕੇ ਵਾਲੇ ਦੀਆਂ ਕਲੀਆਂ ਕਿੱਸਿਆਂ 'ਚੋਂ' ਨਕਲ ਕੀਤੀਆਂ ਹੋਈਆਂ ਸਨ। ਕੋਈ ਕਹਿ ਰਿਹਾ ਹੈ ਕਿ 'ਸੱਤ ਰੰਗੇ ਦੁਪੱਟਿਆਂ' ਦੇ ਰੰਗ ਵੀ ਵਿਦੇਸ਼ੀ ਸਨ ਅਤੇ ਕੋਈ ਕਹਿੰਦਾ ਹੈ ਕਿ 'ਨਹੀਂ, ਗੀਤਕਾਰੀ ਦੇ ਇਤਿਹਾਸ ਦੀ ਜਾਣਕਾਰੀ ਮੈਨੂੰ ਤੁਹਾਡੇ ਨਾਲੋ ਜ਼ਿਆਦਾ ਹੈ 'ਦੁਪੱਟੇ ਅਤੇ ਰੰਗ' ਦੋਨੋਂ ਦੇਸੀ ਹੀ ਸਨ।' ਕਈ ਕਲਮਾਂ ਵਲੋਂ 'ਜੱਜ ਸਾਹਿਬਾਂ' ਨਾਲ ਵੀ ਬੇਇਨਸਾਫ਼ੀ ਦੀਆਂ ਖ਼ਬਰਾਂ ਸੁਰਖੀਆਂ ਹਨ। ਆਖਿਰ ਇਹ ਕਾਂਵਾਂ ਰੌਲੀ ਕੀ ਹੈ? ਵਾਰ ਵਾਰ ਉਠਦਾ 'ਸ਼ਬਦੀ ਧੂੰਆਂ' ਅਜਿਹੀ ਕਿਹੜੀ ਅਗਨੀ ਦੇ ਭਾਂਬੜ ਬਣਨ ਦਾ ਸੰਕੇਤ ਦੇ ਰਿਹਾ ਹੈ ਜਿਹੜੀ ਹਾਲੇ ਅੰਦਰੋਂ ਅੰਦਰੀ ਧੁੱਖ ਤਾਂ ਰਹੀ ਹੈ ਪਰੰਤੂ ਕਿਸੇ ਹੋਰ 'ਸ਼ਬਦੀ ਹਵਾ ਦੇ ਇਸ਼ਾਰੇ' ਦਾ ਇੰਤਜ਼ਾਰ ਕਰ ਰਹੀ ਹੈ।

ਬੜਾ ਅਫ਼ਸੋਸ ਹੈ ਕਿ ਕਈ ਕਲਮਾਂ ਪੰਜਾਬੀ ਪਾਠਕਾਂ ਵਾਸਤੇ ਕੋਈ ਚਿਟਕਾਰੀਆਂ ਲੈ ਲੈ ਕੇ ਪੜ੍ਹਨ ਵਾਲੀ ਖ਼ਬਰ ਨਹੀਂ ਸਗੋਂ ਦੁੱਖ ਵਿਚ ਸੋਗ ਮਨਾਉਣ ਵਾਲੀ ਮੰਦਭਾਗੀ ਗੱਲ ਹੈ, ਕਿਉਂਕਿ ਸਾਡੇ ਸਾਹਿਤਕ ਵਿਹੜੇ ਕਿਸੇ ਸ਼ਾਇਰ ਦੀ ਔਲਾਦ ਨਾਲੋਂ ਵੀ ਪਿਆਰੀ ਰਚਨਾ ਦਾ ਕਤਲ ਹੋ ਗਿਆ ਹੈ ਜਾਂ ਇਹ ਕਹਾਂ ਕਿ ਸਾਡੇ ਮੁਹੱਲੇ ਦੀ ਹੀ, ਦੂਜੇ ਪਾਸੇ ਦੀ ਸ਼ਰਾਰਤੀ ਕਲਮ ਨੇ ਵੱਢ ਟੁੱਕ ਦਿੱਤੀ ਹੈ। ਅਸੀਂ ਕਿਉਂ ਕਿਸੇ ਦੀ ਸਾਲਾਂ ਦੀ ਕਮਾਈ, ਟਹਿਕਦੀ ਕਿਆਰੀ ਨੂੰ ਈਰਖਾਲੂ ਪੈਰਾਂ ਹੇਠ ਲਿਤਾੜ ਕੇ ਸ਼ਬਦੀ ਹੜ੍ਹਾਂ ਵਿਚ ਰੋੜ੍ਹਨ ਤੋਂ ਪਹਿਲਾਂ ਇਕ ਨਜ਼ਰ ਆਪਣੇ ਅੰਦਰ ਨਹੀਂ ਮਾਰਦੇ? ਕਿਉਂ ਨਹੀਂ ਸੋਚਦੇ ਕਿ ਜੇ ਏਦਾਂ ਕੋਈ ਦੂਜਾ ਮੇਰੀ ਰਚਨਾ ਨਾਲ ਕਰ ਜਾਵੇ ਤਾਂ ਮੇਰੀ ਆਤਮਾ ਕਿੰਨਾ ਕੁ ਕੁਰਲਾਵੇਗੀ? ਸੋਚੋ! ਭਲਾ ਕਿਹੋ ਜਿਹੀ ਹੋਵੇਗੀ ਇਹ ਕੁਰਲਾਹਟ?

ਇਲਜ਼ਾਮਾਂ ਦੇ ਘੇਰੇ ਵਿਚ ਆਈਆਂ ਕਲਮਾਂ ਦੀ ਸਿਆਹੀ ਸਪੱਸ਼ਟੀਕਰਨ ਦੇ ਚਾਰ ਅੱਖਰ ਝਰੀਟਣ ਵਾਸਤੇ ਕਿਉਂ ਸੁੱਕ ਜਾਂਦੀ ਹੈ? ਉਠ ਰਹੇ ਰਚਨਾ ਚੋਰੀ ਦੇ ਇਲਜ਼ਾਮ ਨੂੰ ਸੱਚ ਕੀ ਹੈ ਦੇ ਦੋ ਸ਼ਬਦ ਕਿਉਂ ਨਹੀਂ ਰੱਦ ਕਰਦੇ? ਗੱਲ ਮੇਰੀ ਸਮਝ ਤੋਂ ਬਾਹਰ ਹੈ ਜਾਂ ਇਲਜ਼ਾਮ ਝੱਲਣ ਵਾਲਿਆਂ ਦੀ। ਮੈਂ ਹਾਲੇ ਵੀ ਨਹੀਂ ਸਮਝ ਰਿਹਾ ਕਿ ਆਖਿਰ ਐਸੀ ਕਿਹੜੀ ਮਜਬੂਰੀ ਸੀ ਕਿ ਕਿਸੇ ਦੀ ਰਚਨਾ ਦਾ ਗਲਾ ਦਬਾ ਕੇ ਹੀ ਘਰ 'ਚ ਰੋਟੀ ਪੱਕਣੀ ਸੀ। ਜੇ ਇਲਜ਼ਾਮ ਗਲਤ ਹਨ ਤਾਂ ਹੁਣ ਇਲਜ਼ਾਮਾਂ ਦਾ ਖੰਡਨ ਕਰਨ ਲੱਗਿਆਂ ਕਿਹੜੀ ਆਫ਼ਤ ਆਉਣ ਲੱਗੀ ਐ ਕਿ ਖੰਡਨ ਵੀ ਨਹੀਂ ਕੀਤਾ ਜਾ ਸਕਦਾ। ਜੇ ਜਾਣੇ ਅਣਜਾਣੇ ਵਿਚ ਗਲਤੀ ਜਾਂ ਸ਼ਰਾਰਤ ਹੋ ਵੀ ਗਈ ਹੈ ਤਾਂ ਮੁਆਫ਼ੀ ਦੇ ਚਾਰ ਸ਼ਬਦ ਲਿਖਣ ਨੂੰ ਜ਼ਮੀਰ ਕਿਉਂ ਨਹੀਂ ਮੰਨਦੀ?

ਮੈਂ ਕਿਸੇ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਾਸਤੇ ਇਹ ਸਤਰਾਂ ਨਹੀਂ ਲਿਖੀਆਂ ਅਤੇ ਨਾ ਹੀ ਮੈਂ ਇਹ ਦਾਅਵਾ ਕਰਦਾ ਹਾਂ ਕਿ ਸੱਚ ਦਾ ਠੇਕਾ ਮੈਂ ਹੀ ਲੈ ਲਿਆ ਹੈ। ਪੜ੍ਹਨ/ਸੁਣਨ ਨੂੰ ਹਾਸੋਹੀਣੇ ਲੱਗਦੇ ਮੁੱਦੇ ਉਛਾਲ ਉਛਾਲ ਕੀ ਕਲਮਾਂ ਪੰਜਾਬੀ ਸਾਹਿਤ ਲਈ ਵਿਕਾਸਕਾਰੀ ਸਿੱਧ ਹੋਣਗੀਆਂ ਜਾਂ ਵਿਨਾਸ਼ਕਾਰੀ? ਮੈਂ ਭਾਵੇਂ ਸੂਝਵਾਨ ਸਾਹਿਤਕਾਰਾਂ ਜਾਂ ਗੀਤਕਾਰਾਂ ਨੂੰ ਕੋਈ ਵੀ ਮੱਤ ਦੇਣ ਦੇ ਕਾਬਿਲ ਤਾਂ ਨਹੀਂ ਫਿਰ ਵੀ ਬੱਸ ਏਨਾ ਹੀ ਕਹਾਂਗਾ ਕਿ :

ਸਮੇਂ ਦੇ ਹਾਣੀਓ!
ਲਿਖਾਰੀਓ, ਸਾਹਿਤਕਾਰੋ ਅਤੇ ਪੱਤਰਕਾਰੋ।
ਚੁੱਕੋ ਕਲਮ ਦਵਾਤ
ਜ਼ਰਾ ਇਕ ਹੰਭਲਾ ਮਾਰੋ।
ਨਿਘਰ ਗਏ ਸਮਾਜ ਨੇ
ਕੈਸਾ ਘਾਤਕ ਕੱਟਿਆ ਮੋੜ ਹੈ।
ਲੋੜ ਹੈ! ਮੇਰੇ ਲੋਕਾਂ ਨੂੰ
ਇਕ ਦਿਸ਼ਾ ਦੇਣ ਦੀ ਲੋੜ ਹੈ।
ਲੋੜ ਹੈ! ਮੇਰੇ ਲੋਕਾਂ ਨੂੰ
ਇਕ ਸੇਧ ਦੇਣ ਦੀ ਲੋੜ ਹੈ।

**ਫੋਨ:91-98885-05577*

# ਕੀ ਪਾਕਿਸਤਾਨ ਇਕ ਸਟੇਟ ਦੇ ਤੌਰ 'ਤੇ ਫੇਲ੍ਹ ਹੋਣ ਵਾਲਾ ਦੇਸ਼ ਹੈ?

**ਪ੍ਰੋ. ਕੁਲਵੰਤ ਸਿੰਘ ਰੋਮਾਣਾ**



ਪ੍ਰੋ. ਰੋਮਾਣਾ

ਰਾਜਨੀਤੀ ਸ਼ਾਸਤਰ ਅਨੁਸਾਰ ਧਰਤੀ ਦਾ ਕੋਈ ਵੀ ਹਿੱਸਾ ਆਪਣੇ ਆਪ ਨੂੰ ਸਟੇਟ ਜਾਂ ਰਿਆਸਤ ਤਾਂ ਹੀ ਅਖਵਾ ਸਕਦਾ ਹੈ ਜੇਕਰ ਉਥੇ ਲੋਕ ਵਸਦੇ ਹੋਣ, ਜਿਨ੍ਹਾਂ ਲਈ ਇਕ ਸਿਸਟਮ ਹੋਵੇ ਤੇ ਜਿਸ ਨੂੰ ਲਾਗੂ ਕਰਨ ਲਈ ਇਕ ਹਕੂਮਤ ਹੋਵੇ ਤੇ ਇਹ ਹਕੂਮਤ ਹਰ ਕਿਸਮ ਦੇ ਬਾਹਰੀ ਦਬਾਅ ਜਾਂ ਧੌਂਸ ਤੋਂ ਬਰੀ ਹੋਵੇ। ਭਾਵ ਧਰਤੀ, ਲੋਕ, ਸਰਕਾਰ ਤੇ ਪ੍ਰਭੂਸੱਤਾ ਇਕ ਸਟੇਟ ਦੇ ਚਾਰ ਨਿਹਾਇਤ ਜ਼ਰੂਰੀ ਅੰਗ ਹਨ ਜਿਨ੍ਹਾਂ 'ਚੋਂ ਕਿਸੇ ਵੀ ਇਕ ਅੰਗ ਦੀ ਅਣਹੋਂਦ ਇਸਦੀ ਹੋਂਦ ਹੀ ਮੁਕਾ ਦਿੰਦੀ ਹੈ। ਇਨ੍ਹਾਂ ਚਾਰਾਂ ਅੰਗਾਂ 'ਚੋਂ ਹਕੂਮਤ ਜਾਂ ਸਰਕਾਰ ਸਭ ਤੋਂ ਅਹਿਮ ਹੈ ਜਿਸ ਨੇ ਬਾਕੀ ਅੰਗਾਂ ਨੂੰ ਚਲਦਾ ਤੇ ਜੀਵਤ ਰੱਖਣਾ ਹੁੰਦਾ ਹੈ। ਇਸ ਨੇ ਹੀ ਇਕ ਐਸਾ ਨਿਜ਼ਾਮ ਉਸਾਰਨਾ ਹੁੰਦਾ ਹੈ ਜਿਥੇ ਕਾਨੂੰਨ ਦੀ ਬਾਲਾਤਰੀ ਪ੍ਰਤੱਖ ਤੇ ਨਿਰਪੱਖ ਹੋਵੇ। ਧਰਤੀ ਦੀ ਐਸੀ ਵਰਤੋਂ ਤੇ ਵਿਕਾਸ ਕਰਨਾ ਹੁੰਦਾ ਹੈ ਕਿ ਉਹ ਸਟੇਟ ਦੀਆਂ ਲੋੜਾਂ ਵੀ ਪੂਰੀਆਂ ਕਰੇ, ਦੇਸ਼ ਨੂੰ ਅਮੀਰ ਵੀ ਬਣਾਵੇ ਪਰ ਕਦੇ ਵੀ ਖੋਖਲੀ ਜਾਂ ਬੰਜਰ ਨਾ ਬਣੇ ਜਿਵੇਂ ਭਾਰਤ 'ਚ ਉੜੀਸਾ, ਛੱਤੀਸਗੜ੍ਹ, ਝਾਰਖੰਡ ਜਾਂ ਆਂਧਰਾ ਪ੍ਰਦੇਸ਼ 'ਚ ਰੈਡੀ ਭਰਾਵਾਂ ਵਰਗੇ ਲੋਕ ਤੇ ਜਾਂ ਉੜੀਸਾ 'ਚ ਵੇਦਾਂਤਾਂ ਵਰਗੀਆਂ ਕੰਪਨੀਆਂ ਕਰ ਰਹੀਆਂ ਹਨ। ਲੋਕਾਂ 'ਚ ਐਸੀਆਂ ਕਦਰਾਂ ਕੀਮਤਾਂ, ਸਭਿਆਚਾਰ ਤੇ ਕਿਰਦਾਰ ਦੀ ਉਸਾਰੀ ਕਰਨੀ ਹੁੰਦੀ ਹੈ ਕਿ ਸਮਾਜ ਇਕ ਹਾਂ-ਪੱਖੀ ਵਰਤਾਰੇ ਦਾ ਮੁਜੱਸਮਾ ਹੋਵੇ। ਸਰਕਾਰੀ ਅਹਿਲਕਾਰਾਂ, ਵਜ਼ੀਰਾਂ, ਮਸ਼ੀਰਾਂ ਲਈ ਕਾਨੂੰਨ ਦੇ ਐਸੇ ਪੱਕੇ ਬੈਰੀਕੇਡ ਉਸਾਰਨੇ ਹੁੰਦੇ ਹਨ ਕਿ ਜਦੋਂ ਵੀ ਕੋਈ ਹੱਦ ਲੰਘਣ ਦੀ ਕੋਸ਼ਿਸ਼ ਕਰੇ ਤਾਂ ਉਹ ਮੂੰਹ-ਭਾਰ ਜਾ ਪਵੇ। ਸੰਸਾਰ ਪੱਧਰ 'ਤੇ ਆਪਣੇ ਦੇਸ਼ ਦੇ ਵੱਕਾਰ ਤੇ ਇਤਬਾਰ ਨੂੰ ਬਣਾਈ ਰੱਖਣ ਅਤੇ ਹਰ ਕਿਸਮ ਦੀ ਧੌਂਸ ਜਾਂ ਰੋਹਬ ਤੋਂ ਰਹਿਤ ਰੱਖਣ ਦੀ ਡਿਊਟੀ ਵੀ ਹਕੂਮਤ ਦੀ ਹੀ ਹੈ। ਸਾਡੇ ਸਾਹਮਣੇ ਚੀਨ ਦੀ ਉਦਾਹਰਣ ਬੜਾ ਵੱਡਾ ਪ੍ਰਮਾਣ ਹੈ ਇਸ ਗੱਲ ਦਾ। 1949 ਤੋਂ ਪਹਿਲਾਂ ਦੇ ਚੀਨ ਬਾਰੇ ਸੰਸਾਰ ਇਹ ਸਮਝਦਾ ਸੀ ਕਿ ਇਥੇ ਅਫੀਮ ਦੇ ਅਮਲੀ ਵਸਦੇ ਹਨ ਜੋ ਭੁੱਖ ਲੱਗਣ 'ਤੇ ਕੀੜੇ ਮਕੌੜੇ ਵੀ ਖਾ ਲੈਂਦੇ ਹਨ। 1949 'ਚ ਹਕੂਮਤ ਬਦਲੀ ਤਾਂ ਉਹ ਹੀ ਚੀਨ ਹੈ ਜੋ ਅੱਜ ਖੇਡਾਂ, ਪੜ੍ਹਾਈ, ਉਤਪਾਦਨ, ਖੇਤੀ, ਰਾਜਨੀਤੀ ਜਾਂ ਫੌਜੀ ਸ਼ਕਤੀ ਦੇ ਹਿਸਾਬ ਨਾਲ ਕੁੱਲ ਦੁਨੀਆਂ ਤੋਂ ਅੱਗੇ ਲੰਘ ਗਿਆ ਜਾਪਦਾ ਹੈ। ਸੋ ਕਿਸੇ ਸਟੇਟ ਦੇ ਫੇਲ੍ਹ ਜਾਂ ਕਾਮਯਾਬ ਹੋਣ 'ਚ ਉਥੋਂ ਦੀ ਹਕੂਮਤ ਹੀ ਪੂਰੀ ਦੀ ਪੂਰੀ ਜ਼ਿੰਮੇਵਾਰੀ ਹੁੰਦੀ ਹੈ।

ਉਪਰੋਕਤ ਹਵਾਲੇ ਨਾਲ ਜੇ ਪਾਕਿਸਤਾਨ ਦੀ ਗੱਲ ਕਰੀਏ ਤਾਂ ਕਹਿ ਸਕਦੇ ਹਾਂ ਕਿ ਇਹ ਲਗਭਗ ਫੇਲ੍ਹ ਹੋਣ ਵਾਲੀ ਸਟੇਟ ਹੈ ਤੇ ਇਸਦਾ ਕਾਰਨ ਸਿਰਫ ਤੇ ਸਿਰਫ ਮੌਜੂਦਾ ਤੇ ਇਸੇ ਵਰਗੀਆਂ ਇਥੋਂ ਦੀਆਂ ਪਹਿਲੀਆਂ ਹਕੂਮਤਾਂ ਹਨ। ਇਥੇ ਇਸਲਾਮ ਸਰਕਾਰੀ ਮਜ਼ਹਬ ਹੈ ਪਰ ਇਥੇ ਕਿਸੇ ਵੀ ਹਕੂਮਤ ਨੇ ਇਸਲਾਮੀ ਨੇਮਾਂ ਅਨੁਸਾਰ ਲੋਕਾਂ ਨੂੰ ਸੱਚੀ-ਸੁੱਚੀ ਸਰਕਾਰ ਨਹੀਂ ਦਿੱਤੀ ਸਗੋਂ ਹਰ ਸਰਕਾਰ ਨੇ ਭ੍ਰਿਸ਼ਟਾਚਾਰ, ਝੂਠ, ਫਰੇਬ ਤੇ ਕਤਲੋਗਾਰਤ ਨੂੰ ਉਤਸ਼ਾਹਿਤ ਕੀਤਾ ਹੈ। ਬੇਨਜ਼ੀਰ ਦੀ ਪਹਿਲੀ ਸਰਕਾਰ ਤੋਂ ਲੈ ਕੇ ਤਾਂ ਇਥੋਂ ਦੇ ਵਜ਼ੀਰਾਂ ਤੇ ਅਹਿਲਕਾਰਾਂ 'ਚ ਇਕ ਨਵਾਂ ਰੁਝਾਨ ਪੈਦਾ ਹੋ ਗਿਆ ਹੈ ਕਿ ਰਾਜ ਭਾਗ ਦੌਰਾਨ ਇਥੋਂ ਵੱਧ ਤੋਂ ਵੱਧ ਧਨ ਇਕੱਠਾ ਕਰੋ ਤੇ ਇੰਗਲੈਂਡ, ਅਮਰੀਕਾ ਜਾਂ ਸਾਊਦੀ ਅਰਬ ਵਗੈਰਾ ਬਾਹਰਲੇ ਦੇਸ਼ਾਂ 'ਚ ਜਾਇਦਾਦਾਂ ਬਣਾਓ, ਬੈਂਕ ਖਾਤੇ ਖੁਲ੍ਹਵਾਓ, ਮਹਿਲ ਬਣਾਓ ਤੇ ਉਥੇ ਹੀ ਬੱਚੇ ਪੜ੍ਹਾਓ। ਜਦ ਹਕੂਮਤ ਖੁੱਸੇ ਤਾਂ ਕਿਸੇ ਜਵਾਬਦੇਹੀ ਜਾਂ ਗ੍ਰਿਫਤਾਰੀ ਦੀ ਬਜਾਇ ਟਪੂਸੀ ਮਾਰ ਕੇ ਅਮਰੀਕਾ/ਇੰਗਲੈਂਡ ਜਾ ਬੈਠੋ ਤੇ ਜਦੋਂ ਤੁਹਾਡੇ ਬਾਅਦ ਵਾਲੀ ਹਕੂਮਤ ਤੁਹਾਨੂੰ ਵੀ ਚੰਗਾ ਅਖਵਾ ਦੇਵੇ ਤਾਂ ਕੋਈ ਰਸਤਾ ਬਣਾ ਕੇ ਫਿਰ ਗੱਦੀ 'ਤੇ ਆਣ ਬੈਠੋ। ਇਹ ਇਜਾਦ ਜ਼ਰਦਾਰੀ ਦੀ ਹੈ ਜਿਸ ਨੇ ਉਸ ਵੇਲੇ ਦੀ ਪ੍ਰਧਾਨ ਮੰਤਰੀ ਦਾ ਪਤੀ ਹੋਣ ਨਾਤੇ ਇਸ ਚਮਤਕਾਰੀ ਰੁਝਾਨ ਦੀ ਕਾਢ ਕੱਢੀ ਸੀ।

ਐਸੀ ਸੋਚ ਤੇ ਸਮਝ ਵਾਲੀ ਕੋਈ ਵੀ ਹਕੂਮਤ ਕੀ ਕਿਸੇ ਸਟੇਟ ਨੂੰ ਡੁੱਬਣੋਂ ਬਚਾ ਸਕਦੀ ਹੈ? ਪਾਕਿਸਤਾਨ ਦੀ 17 ਕਰੋੜ ਦੀ ਆਬਾਦੀ ਵਿਚੋਂ 65 ਫੀਸਦੀ ਲੋਕ 35 ਸਾਲ ਤੋਂ ਘੱਟ ਉਮਰ ਦੇ ਹਨ ਤੇ ਕੁੱਲ ਆਬਾਦੀ ਦਾ 50 ਫੀਸਦੀ ਹਿੱਸਾ 20 ਸਾਲ ਤੋਂ ਘੱਟ ਉਮਰ ਦਾ ਹੈ। ਐਸੀ ਜਵਾਨ ਕੌਮ ਲਈ ਜ਼ਰੂਰੀ ਹੈ ਕਿ ਉਸ ਦੀ ਬੇਥਾਹ ਸ਼ਕਤੀ ਤੇ ਜੋਸ਼ ਨੂੰ ਸਮਾਜ ਦੇ ਭਲੇ ਲਈ ਵਰਤਣ ਲਈ ਉਸ ਵਾਸਤੇ ਚੰਗੇ ਤੇ ਅਗਾਂਹਵਧੂ ਪ੍ਰੋਗਰਾਮ ਬਣਾਏ ਜਾਣ ਪਰ ਸਰਕਾਰ ਦਾ ਇਸ ਤਰ੍ਹਾਂ ਦਾ ਕੋਈ ਪ੍ਰੋਗਰਾਮ ਹੀ ਨਹੀਂ ਜਿਸ ਕਰਕੇ ਧਾਰਮਿਕ ਤੇ ਇੰਤਹਾਪਸੰਦ ਅਦਾਰੇ ਇਸ ਜਵਾਨੀ ਨੂੰ ਆਪਣੇ ਵਲ ਖਿਚ ਰਹੇ ਹਨ ਤੇ ਦੇਸ਼ 'ਚ ਬਦਅਮਨੀ ਤੇ ਅਤਿਵਾਦ ਦਾ ਪਸਾਰਾ ਹੋ ਰਿਹਾ ਹੈ।

ਸਰਕਾਰੀ ਵਿਦਿਅਕ ਸਿਸਟਮ ਖੁਦ ਨਿਘਾਰ ਦਾ ਸ਼ਿਕਾਰ ਹੋ ਚੁੱਕਿਆ ਹੈ। 60 ਫੀਸਦੀ ਸਕੂਲਾਂ 'ਚ ਬਿਜਲੀ ਨਹੀਂ ਹੈ ਤੇ 34 ਫੀਸਦੀ ਸਕੂਲਾਂ 'ਚ ਪਾਣੀ ਦਾ ਕੋਈ ਪ੍ਰਬੰਧ ਨਹੀਂ ਹੈ। 35 ਫੀਸਦੀ ਬੱਚੇ ਸਕੂਲ ਜਾਂਦੇ ਹੀ ਨਹੀਂ ਅਤੇ 65 ਫੀਸਦੀ ਜੋ ਸਕੂਲ ਜਾਂਦੇ ਹਨ, ਉਨ੍ਹਾਂ ਨੂੰ ਤੀਜੀ ਜਮਾਤ ਤੱਕ ਇਕ ਹਿੰਦਸੇ ਦੀ ਜਮ੍ਹਾਂ-ਘਟਾਓ ਨਹੀਂ ਆਉਂਦੀ। 25 ਫੀਸਦੀ ਅਧਿਆਪਕ ਹਰ ਰੋਜ਼ ਸਕੂਲਾਂ 'ਚੋਂ ਗੈਰਹਾਜ਼ਰ ਰਹਿੰਦੇ ਹਨ। ਵਿਦਿਆ ਲਈ ਬਜਟ ਹਰ ਸਾਲ ਘਟਾ ਦਿੱਤਾ ਜਾਂਦਾ ਹੈ ਤੇ ਫੌਜ ਲਈ ਵਧਾ ਦਿੱਤਾ ਜਾਂਦਾ ਹੈ। ਇਹ ਬੱਚੇ ਜਿਨ੍ਹਾਂ ਦੀ ਠੀਕ ਸਾਂਭ-ਸੰਭਾਲ ਤੇ ਪੜ੍ਹਾਈ-ਲਿਖਾਈ ਨਹੀਂ ਹੋ ਰਹੀ ਜੋ ਕਿ ਹਕੂਮਤ ਦਾ ਫਰਜ਼ ਹੈ, ਫਿਰ ਜਵਾਨ ਹੋ ਕੇ ਦੇਸ਼ ਦੀਆਂ 26 ਪਾਬੰਦੀਸ਼ੁਦਾ ਤਨਜ਼ੀਮਾਂ 'ਚ ਰਲ ਕੇ ਕੁਝ ਅਜਿਹਾ ਕਰਦੇ ਹਨ ਜੋ ਨਾ ਦੇਸ਼ ਲਈ ਚੰਗਾ ਹੈ ਤੇ ਨਾ ਸੰਸਾਰ ਲਈ। ਇਸ ਵਿਚ ਕਸੂਰ ਤਾਂ ਹਕੂਮਤ ਦਾ ਹੀ ਹੈ। ਵਿਦਿਆ ਪੱਖੋਂ ਪਾਕਿਸਤਾਨ 177 ਦੇਸ਼ਾਂ 'ਚੋਂ 163ਵੇਂ ਨੰਬਰ 'ਤੇ ਹੈ।



ਜਿੱਥੋਂ ਤੱਕ ਦੇਸ਼ ਦੇ ਵਿਕਾਸ ਦਾ ਸਬੰਧ ਹੈ, ਉਸ ਦਾ ਹਾਲ ਵਿਦਿਅਕ ਢਾਂਚੇ ਨਾਲੋਂ ਵੀ ਮਾੜਾ ਹੈ। ਇਥੇ ਜ਼ਮੀਨ ਉਪਜਾਊ ਹੈ, ਧਰਤੀ ਕੁਦਰਤੀ ਧਨ ਜਿਵੇਂ ਲੋਹਾ, ਕੋਇਲਾ, ਤੇਲ, ਤਾਂਬਾ, ਕੁਦਰਤੀ ਗੈਸਾਂ ਆਦਿ ਨਾਲ ਮਾਲਾ-ਮਾਲ ਹੈ ਪਰ ਦੇਸ਼ ਨੇ ਦਰਾਮਦ ਤਾਂ ਕੀ ਕਰਨਾ ਸੀ, ਆਪਣੇ 17 ਕਰੋੜ ਲੋਕਾਂ ਦੀਆਂ ਲੋੜਾਂ ਪੂਰੀਆਂ ਕਰਨ ਲਈ ਕੋਈ ਤਰੱਦਦ ਨਹੀਂ ਕੀਤਾ ਗਿਆ। 1974 ਤੋਂ ਬਾਅਦ ਇਥੇ ਕੋਈ ਡੈਮ ਨਹੀਂ ਬਣਿਆ। ਅੰਗਰੇਜ਼ ਇਸ ਖਿੱਤੇ 'ਚ 972 ਕਿਲੋਮੀਟਰ ਰੇਲਵੇ ਟਰੈਕ ਛੱਡ ਕੇ ਗਏ ਸਨ, ਇਹ ਅੱਜ ਤਾਈਂ 973 ਕਿਲੋਮੀਟਰ ਨਹੀਂ ਹੋਇਆ। 70 ਫੀਸਦੀ ਇੰਜਣ ਚਲਣਯੋਗ ਨਹੀਂ ਹਨ ਤੇ ਉਨ੍ਹਾਂ ਦੀ ਮੁਰੰਮਤ ਕਰਵਾਉਣ ਦੀ ਬਜਾਇ ਲਗਾਤਾਰ ਗੱਡੀਆਂ ਬੰਦ ਕੀਤੀਆਂ ਜਾ ਰਹੀਆਂ ਹਨ। 90 ਫੀਸਦੀ ਪੁਲ ਵਰਤੋਯੋਗ ਨਹੀਂ ਹਨ ਪਰ ਕੰਮ ਚੱਲੀ ਜਾਂਦਾ ਹੈ।

1996 ਤੋਂ ਬਾਅਦ ਇਕ ਵੀ ਮੈਗਾਵਾਟ ਹੋਰ ਬਿਜਲੀ ਪੈਦਾ ਨਹੀਂ ਕੀਤੀ ਗਈ। ਦੇਸ਼ ਦੀ ਸਮਰੱਥਾ 19000 ਮੈਗਾਵਾਟ ਬਿਜਲੀ ਪੈਦਾ ਕਰਨ ਦੀ ਹੈ ਪਰ ਬਿਜਲੀ ਪੈਦਾ ਕੀਤੀ ਜਾ ਰਹੀ ਹੈ 7000 ਮੈਗਾਵਾਟ ਤੇ ਦੇਸ਼ ਦੀ ਜ਼ਰੂਰਤ ਹੈ 12000 ਮੈਗਾਵਾਟ। ਇਸ ਹਿਸਾਬ ਨਾਲ ਦੇਸ਼ 'ਚ ਅੱਠ ਘੰਟੇ ਦਾ ਕੱਟ ਲਗਣਾ ਚਾਹੀਦਾ ਸੀ ਪਰ ਲੱਗ ਰਿਹਾ ਹੈ 16 ਘੰਟੇ ਦਾ। ਕਾਰਨ ਹੈ ਵੱਡੇ ਲੋਕਾਂ ਵਲੋਂ ਬਿਜਲੀ ਚੋਰੀ। ਇਸ ਕਾਰਨ ਦੇਸ਼ ਦੀਆਂ ਫੈਕਟਰੀਆਂ ਬੰਦ ਹੋ ਰਹੀਆਂ ਹਨ, ਉਤਪਾਦਨ ਘਟ ਰਿਹਾ ਹੈ ਤੇ ਮਹਿੰਗਾਈ ਤੇ ਬੇਰੁਜ਼ਗਾਰੀ ਵਧ ਰਹੀ ਹੈ। ਹਕੂਮਤ ਨੇ ਇਸ ਸਬੰਧੀ ਕੁਝ ਕਰਨਾ ਤਾਂ ਕੀ ਸੀ ਸਗੋਂ ਸੋਚ ਵੀ ਨਹੀਂ ਰਹੀ। ਜ਼ਿਆ ਉਲ ਹੱਕ ਤੋਂ ਪਹਿਲਾਂ 3000 ਸਿਨੇਮਾ ਘਰ ਹੁੰਦੇ ਸਨ ਤੇ ਉਰਦੂ ਪੰਜਾਬੀ ਦੀਆਂ ਚੰਗੀਆਂ ਫਿਲਮਾਂ ਪਾਕਿਸਤਾਨ 'ਚ ਬਣਦੀਆਂ ਸਨ। ਅੱਜਕੱਲ੍ਹ ਸਾਰੇ ਦੇਸ਼ 'ਚ ਸਿਰਫ 200 ਸਿਨੇਮਾ ਘਰ ਹਨ ਜਿਨ੍ਹਾਂ 'ਚ 6-7 'ਚ ਹੀ ਨਵੀਂ ਫਿਲਮ ਚਲਦੀ ਹੈ। ਫਿਲਮ ਇੰਡਸਟਰੀ ਲਗਭਗ ਖਤਮ ਹੈ। ਲੋਕ ਕੇਬਲ ਰਾਹੀਂ ਭਾਰਤੀ ਫਿਲਮਾਂ ਤੇ ਨਾਟਕ ਹੀ ਵੇਖਦੇ ਹਨ।

ਖੇਡਾਂ ਪੱਖੋਂ ਭਾਰਤ ਵਾਂਗ ਇਥੇ ਵੀ ਭ੍ਰਿਸ਼ਟਾਚਾਰ ਭਾਰੂ ਹੈ ਪਰ ਵੱਖਰੀ ਗੱਲ ਇਹ ਹੈ ਕਿ ਸ੍ਰੀਲੰਕਾ ਕ੍ਰਿਕਟ ਟੀਮ 'ਤੇ ਅਤਿਵਾਦੀ ਹਮਲੇ ਤੋਂ ਬਾਅਦ ਕੋਈ ਵੀ ਦੇਸ਼, ਆਪਣਾ ਕੋਈ ਖਿਡਾਰੀ ਜਾਂ ਟੀਮ ਪਾਕਿਸਤਾਨ ਭੇਜਣ ਲਈ ਤਿਆਰ ਨਹੀਂ। ਪਿਛੇ ਜਿਹੇ ਇਥੇ ਡੇਵਿਸ ਕੱਪ ਹੋਣਾ ਸੀ ਪਰ ਟੀਮਾਂ ਦੇ ਇਨਕਾਰ ਕਰਨ ਕਰਕੇ ਇਹ ਨਿਊਜ਼ੀਲੈਂਡ ਕਰਵਾਉਣਾ ਪਿਆ। ਇਹ ਸਾਰੀਆਂ ਚੀਜ਼ਾਂ ਇਥੋਂ ਦੇ ਨੌਜਵਾਨਾਂ ਤੇ ਖਾਸ ਕਰਕੇ ਖਿਡਾਰੀਆਂ 'ਚ ਇਕ ਨਮੋਸ਼ੀ ਦਾ ਅਹਿਸਾਸ ਪੈਦਾ ਕਰਦੀਆਂ ਹਨ ਪਰ ਹਕੂਮਤ ਨੇ ਇਸਦਾ ਫਿਕਰ ਤਾਂ ਕੀ ਕਰਨਾ ਸੀ, ਕਦੇ ਬਿਆਨ ਤੱਕ ਨਹੀਂ ਦਿੱਤਾ।

ਮਹਿੰਗਾਈ ਤੇ ਬੇਰੁਜ਼ਗਾਰੀ ਦਾ ਗ੍ਰਾਫ ਉਪਰਲੇ ਸਿਰੇ 'ਤੇ ਪਹੁੰਚ ਗਿਆ ਹੈ ਜਿਸ ਦੇ ਸਿੱਟੇ ਵਜੋਂ ਲਾਕਾਨੂੰਨੀ, ਅਪਰਾਧ ਤੇ ਭ੍ਰਿਸ਼ਟਾਚਾਰ ਬੇਰੋਕ-ਟੋਕ ਵਧ ਰਹੇ ਹਨ। 70 ਫੀਸਦੀ ਪਾਕਿਸਤਾਨੀ ਹਰ ਰੋਜ਼ 150 ਰੁਪਏ ਤੋਂ ਵਧ ਨਹੀਂ ਕਮਾਉਂਦੇ ਜਦੋਂਕਿ ਹੜ੍ਹਾਂ ਤੋਂ ਪਹਿਲਾਂ ਆਟਾ 75 ਰੁਪਏ ਕਿਲੋ ਸੀ, ਖੰਡ 85 ਰੁਪਏ ਕਿਲੋ, ਟਮਾਟਰ 100 ਰੁਪਏ ਕਿਲੋ ਤੇ ਦਾਲਾਂ 160 ਰੁਪਏ ਕਿਲੋ। ਹੜ੍ਹਾਂ ਤੋਂ ਬਾਅਦ ਤਾਂ ਇਸ ਹਵਾਲੇ ਨਾਲ ਅੰਨ੍ਹੀ ਹੀ ਮੱਚੀ ਹੋਈ ਹੈ। ਬੱਸਾਂ ਦੇ ਕਿਰਾਏ ਏਨੇ ਵਧ ਗਏ ਹਨ ਕਿ ਲਾਹੌਰ ਤੇ ਕਰਾਚੀ 'ਚ ਬਾਹਰੋਂ ਦਿਹਾੜੀ ਕਰਨ ਵਾਲੇ ਮਜ਼ਦੂਰਾਂ ਨੂੰ ਆਪਣੀ ਦਿਹਾੜੀ ਦਾ ਤੀਜਾ ਹਿੱਸਾ ਸਿਰਫ ਬੱਸ ਕਿਰਾਏ 'ਤੇ ਖਰਚਣਾ ਪੈਂਦਾ ਹੈ। ਲਾ-ਕਾਨੂੰਨੀ ਦਾ ਇਹ ਹਾਲ ਹੈ ਕਿ ਕਰਾਚੀ 'ਚ ਹਰ ਰੋਜ਼ ਕਤਲ ਹੋ ਰਹੇ ਹਨ। ਲੋਕੀਂ ਮੋਟਰਸਾਈਕਲਾਂ 'ਤੇ ਆਉਂਦੇ ਹਨ ਤੇ ਆਪਣਾ ਨਿਸ਼ਾਨਾ ਫੁੰਡ ਕੇ ਨਿਕਲ ਜਾਂਦੇ ਹਨ। ਕਿਧਰੇ ਲਾਸ਼ਾਂ ਬੋਰੀਆਂ 'ਚੋਂ ਮਿਲ ਰਹੀਆਂ ਹਨ ਤੇ ਕਿਧਰੇ ਸੁੰਨਸਾਨ ਥਾਂਵਾਂ ਤੋਂ। ਕੋਈ ਵੀ ਗ੍ਰਿਫਤਾਰੀ ਨਹੀਂ ਹੋ ਰਹੀ। ਕਰਾਚੀ 'ਚ ਆਈ.ਜੀ. ਕਹਿ ਰਿਹਾ ਹੈ ਕਿ ਜਦੋਂ ਸਿਆਸੀ ਨੇਤਾਵਾਂ ਦੇ ਕਹਿਣ ਤੇ ਇਕ ਐਸ.ਐਚ.ਓ. ਹੀ ਸਿੱਧੀ ਭਰਤੀ ਕਰੀ ਜਾ ਰਿਹਾ ਹੈ ਤਾਂ ਉਹ ਇਸ ਲਾ-ਕਾਨੂੰਨੀ ਦਾ ਕੀ ਕਰ ਸਕਦਾ ਹੈ। ਸਿਰਫ ਜੂਨ-ਜੁਲਾਈ ਦੇ ਮਹੀਨੇ ਕਰਾਚੀ 'ਚ ਕੁਲ 700 ਕਤਲ ਹੋਏ ਜਿਨ੍ਹਾਂ 'ਚੋਂ 129 ਮਿਥ ਕੇ ਕੀਤੇ ਗਏ ਕਤਲ ਸਨ। ਪਾਕਿਸਤਾਨ ਦੇ ਇਕੱਲੇ ਪੰਜਾਬ ਸੂਬੇ 'ਚ 80,000 ਇਸ਼ਤਿਹਾਰੀ ਮੁਲਜ਼ਮ ਹਨ ਜੋ ਸ਼ਰੇਆਮ ਘੁੰਮ-ਫਿਰ ਰਹੇ ਹਨ। ਸਿਰਫ ਇਹੋ ਹੀ ਨਹੀਂ, ਸਰਕਾਰੇ-ਦਰਬਾਰੇ ਐਸੀਆਂ ਅਨੇਕਾਂ ਹਸਤੀਆਂ ਬਿਰਾਜਮਾਨ ਹਨ ਜੋ ਪਾਕਿਸਤਾਨ ਦੇ ਕਾਨੂੰਨ ਅਨੁਸਾਰ ਦੋਸ਼ੀ ਹਨ ਪਰ ਉਹ ਆਪਣੇ ਵਲ ਉਂਗਲ ਨਹੀਂ ਕਰਨ ਦਿੰਦੀਆਂ।

ਜ਼ਰਦਾਰੀ ਖਿਲਾਫ ਦੇਸ਼ ਦਾ 60 ਮਿਲੀਅਨ ਡਾਲਰ ਹਵਾਲੇ ਰਾਹੀਂ ਲਿਜਾ ਕੇ ਸਵਿਸ ਬੈਂਕ 'ਚ ਰੱਖਣ ਦਾ ਕੇਸ ਸੁਪਰੀਮ ਕੋਰਟ 'ਚ ਚੱਲ ਰਿਹਾ ਹੈ ਪਰ ਉਹ ਅਸਤੀਫਾ ਦੇਣ ਦੀ ਬਜਾਇ ਆਪਣੇ ਏਜੰਟਾਂ ਰਾਹੀਂ ਸੁਪਰੀਮ ਕੋਰਟ ਨੂੰ ਅੱਖਾਂ ਵਿਖਾ ਰਿਹਾ ਹੈ। 315 ਐਮ.ਪੀ. ਤੇ ਐਮ.ਐਲ.ਏ. ਦੀਆਂ ਡਿਗਰੀਆਂ ਜਾਅਲੀ ਦੱਸੀਆਂ ਜਾ ਰਹੀਆਂ ਹਨ ਜਿਨ੍ਹਾਂ 'ਚ ਜ਼ਰਦਾਰੀ ਤੇ ਉਸ ਦੇ ਕਈ ਵਜ਼ੀਰ ਤੇ ਸੂਬਿਆਂ ਦੇ ਕਈ ਵਜ਼ੀਰ ਵੀ ਸ਼ਾਮਿਲ ਹਨ। 51 ਡਿਗਰੀਆਂ ਜਾਅਲੀ ਸਿੱਧ ਹੋ ਚੁੱਕੀਆਂ ਹਨ। ਇਨ੍ਹਾਂ ਲੀਡਰਾਂ ਨੇ ਅਸਤੀਫੇ ਦੇਣ ਦੀ ਬਜਾਏ ਡਿਗਰੀਆਂ ਚੈਕ ਕਰਨ ਵਾਲੇ ਹਾਇਰ ਐਜੂਕੇਸ਼ਨ ਕਮਿਸ਼ਨ ਦੇ ਚੇਅਰਮੈਨ ਡਾ. ਜਾਵੇਦ ਲਗਾਰੀ ਦੇ ਭਰਾ ਫ਼ਰੂਕ ਲਗਾਰੀ ਨੂੰ ਬਿਨਾਂ ਕਿਸੇ ਕੇਸ ਦੇ ਚੁੱਕ ਕੇ ਅੰਦਰ ਤੁੰਨ ਦਿੱਤਾ ਹੈ ਤਾਂ ਕਿ ਡਾ. ਜਾਵੇਦ ਲਗਾਰੀ ਤੋਂ ਡਿਗਰੀਆਂ ਆਪਣੇ ਤਰੀਕੇ ਨਾਲ ਚੈਕ ਕਰਵਾਈਆਂ ਜਾਣ।

ਦੇਸ਼ ਦਾ ਆਰਥਿਕ ਢਾਂਚਾ ਇੰਨਾ ਡਾਵਾਂਡੋਲ ਹੈ ਕਿ ਢਾਈ ਸਾਲਾਂ 'ਚ ਚਾਰ ਖਜ਼ਾਨਾ ਮੰਤਰੀ ਬਦਲੇ ਜਾ ਚੁੱਕੇ ਹਨ। ਮੌਜੂਦਾ ਖਜ਼ਾਨਾ ਮੰਤਰੀ ਨੂੰ ਸਾਊਦੀ ਅਰਬ 'ਚੋਂ ਨੌਕਰੀ ਛੁਡਵਾ ਕੇ ਲਿਆਂਦਾ ਹੈ। ਪਹਿਲਾਂ ਉਸਨੂੰ ਸੈਨੇਟ ਦਾ ਮੈਂਬਰ ਬਣਾਇਆ ਤੇ ਫਿਰ ਖਜ਼ਾਨਾ ਮੰਤਰੀ ਪਰ ਬਜਟ ਤਿਆਰ ਕਰਨ ਵੇਲੇ ਉਸ ਦੀ ਵੀ ਇਕ ਨਹੀਂ ਚੱਲਣ ਦਿੱਤੀ। ਉਦਾਹਰਣ ਵਜੋਂ 2010 ਦੇ ਬਜਟ 'ਚ ਕੌਮੀ ਆਫਤਾਂ, ਜਿਵੇਂ ਹੜ੍ਹਾਂ ਆਦਿ ਨਾਲ ਨਜਿੱਠਣ ਲਈ ਸਾਲਾਨਾ 10 ਕਰੋੜ ਰੁਪਏ ਦੀ ਰਕਮ ਰੱਖੀ ਗਈ ਹੈ ਪਰ ਪ੍ਰਧਾਨ ਮੰਤਰੀ ਦੇ ਵਿਦੇਸ਼ੀ ਦੌਰਿਆਂ ਲਈ 120 ਕਰੋੜ ਰੁਪਏ ਸਾਲਾਨਾ ਰੱਖੇ ਗਏ ਹਨ। ਜੇ ਕੁਦਰਤੀ ਆਫਤਾਂ ਲਈ ਤਿੰਨ ਲੱਖ ਰੋਜ਼ਾਨਾ ਹੈ ਤਾਂ ਰਾਸ਼ਟਰਪਤੀ ਭਵਨ ਦੇ ਖਰਚੇ ਲਈ 10 ਲੱਖ ਰੁਪਏ ਰੋਜ਼ਾਨਾ ਰੱਖੇ ਗਏ ਹਨ। ਪ੍ਰਧਾਨ ਮੰਤਰੀ ਲਈ ਸਾਢੇ ਤੇਰਾਂ ਲੱਖ ਰੋਜ਼ ਦੇ ਖਰਚੇ ਦਾ ਪ੍ਰਬੰਧ ਹੈ। ਸੈਨੇਟ ਲਈ 25 ਲੱਖ ਰੁਪਏ ਰੋਜ਼ਾਨਾ ਤੇ ਕੌਮੀ ਅਸੈਂਬਲੀ (ਲੋਕ ਸਭਾ) ਲਈ 44 ਲੱਖ ਰੋਜ਼ ਦੇ ਰੱਖੇ ਗਏ ਹਨ। ਦੂਜੇ ਪਾਸੇ 900 ਅਰਬ ਰੁਪਏ ਦੀ ਸਾਲਾਨਾ ਕੁਰੱਪਸ਼ਨ ਹੁੰਦੀ ਹੈ। ਇੰਨਾ ਹੀ ਧਨ ਹਵਾਲੇ ਰਾਹੀਂ ਹਰ ਸਾਲ ਦੇਸ਼ 'ਚੋਂ ਬਾਹਰ ਚਲਾ ਜਾਂਦਾ ਹੈ। ਹਰ ਸਾਲ 750 ਅਰਬ ਰੁਪਏ ਦਾ ਟੈਕਸ ਚੋਰੀ ਹੁੰਦਾ ਹੈ। ਮੌਜੂਦਾ ਸਰਕਾਰ ਦੀ ਕਾਇਮੀ ਤੋਂ ਬਾਅਦ 2500 ਅਰਬ ਰੁਪਏ ਦਾ ਹੋਰ ਵਿਦੇਸ਼ੀ ਕਰਜ਼ਾ ਦੇਸ਼ ਸਿਰ ਚੜ੍ਹ ਗਿਆ ਹੈ ਜੋ ਹੁਣ 55.6 ਬਿਲੀਅਨ ਅਮਰੀਕੀ ਡਾਲਰ ਹੋ ਗਿਆ ਹੈ। ਇਹ ਕਰਜ਼ਾ 43 ਫੀਸਦੀ ਦੀ ਗਤੀ ਨਾਲ ਵਧ ਰਿਹਾ ਹੈ ਜੋ 2015-16 ਤੱਕ 73 ਬਿਲੀਅਨ ਅਮਰੀਕੀ ਡਾਲਰ ਹੋ ਜਾਣਾ ਹੈ। ਅਜੇ ਸਰਕਾਰ ਹੜ੍ਹਾਂ ਲਈ ਸੰਸਾਰ ਬੈਂਕ ਤੋਂ 3 ਬਿਲੀਅਨ ਅਮਰੀਕੀ ਡਾਲਰ ਕਰਜ਼ੇ ਦੀ ਹੋਰ ਮੰਗ ਕਰ ਰਹੀ ਹੈ ਜਦੋਂਕਿ ਅਮਰੀਕਾ ਸਲਾਹ ਦੇ ਰਿਹਾ ਹੈ ਕਿ ਸਹਾਇਤਾ ਮੰਗੋ, ਨਾ ਕਿ ਕਰਜ਼ਾ।

ਦੇਸ਼ ਦੀ ਅੰਦਰੂਨੀ ਹਾਲਤ ਤਾਂ ਇਸ ਤਰ੍ਹਾਂ ਦੀ ਹੈ ਪਰ ਹਾਕਮਾਂ ਦੇ ਬਾਹਰਲੇ ਬੈਂਕ-ਖਾਤੇ ਨੱਕੋ-ਨੱਕ ਭਰੇ ਹੋਏ ਹਨ। ਦੇਸ਼ ਦੇ ਸਾਬਕਾ ਰਾਸ਼ਟਰਪਤੀ ਪ੍ਰਵੇਜ਼ ਮੁਸ਼ੱਰਫ ਨੇ ਪਿਛਲੇ ਦਿਨੀਂ ਇੰਗਲੈਂਡ 'ਚ ਆਪਣੇ ਰਹਿਣ ਲਈ 15 ਮਿਲੀਅਨ ਪੌਂਡ ਦਾ ਇਕ ਘਰ ਖਰੀਦਿਆ ਹੈ। ਯੂਸਫ ਅਲੀ ਜ਼ਰਦਾਰੀ ਦੀ ਜਾਇਦਾਦ ਦਾ ਵੇਰਵਾ ਜੋ ਉਥੋਂ ਦੇ ਮੀਡੀਏ ਨੇ ਦਿੱਤਾ ਹੈ ਉਹ ਇਸ ਤਰ੍ਹਾਂ ਹੈ: 9 ਜਾਇਦਾਦਾਂ ਅਮਰੀਕਾ 'ਚ, ਇਕ-ਇਕ ਫਰਾਂਸ ਤੇ ਬੈਲਜੀਅਮ 'ਚ, 8 ਇੰਗਲੈਂਡ 'ਚ, 34 ਪਾਕਿਸਤਾਨ 'ਚ, 7 ਪਾਕਿਸਤਾਨੀ ਖੰਡ ਮਿੱਲਾਂ 'ਚ ਹਿੱਸੇਦਾਰੀ, ਵਿਦੇਸ਼ੀ ਬੈਂਕਾਂ 'ਚ 24 ਖਾਤੇ ਤੇ 24 ਹੀ ਕੰਪਨੀਆਂ ਰਜਿਸਟਰਡ ਹਨ। ਕੈਨੇਡਾ ਦੇ ਸ਼ਹਿਰ ਸਰੀ 'ਚ ਇਕ ਮਹਿਲ ਹੈ ਜੋ 365 ਏਕੜ ਦੇ ਪਲਾਟ 'ਤੇ ਬਣਿਆ ਹੋਇਆ ਹੈ ਜਿਸ ਵਿਚ ਇਕ ਸ਼ੀਸ਼ੇ ਦਾ 30 ਫੁੱਟ ਦਾ ਡਾਇਨਿੰਗ ਟੇਬਲ ਹੈ ਜਿਸ ਉਪਰ ਲੱਗੇ ਫਾਨੂਸਾਂ ਸਮੇਤ ਕੀਮਤ 1,80,000 ਡਾਲਰ ਹੈ। ਕੁਝ ਸਾਲ ਪਹਿਲਾਂ ਉਸਨੇ ਇਹ ਜਾਇਦਾਦ 7 ਮਿਲੀਅਨ ਡਾਲਰ 'ਚ ਖਰੀਦੀ ਸੀ ਜਿਸਦਾ 11.5 ਮਿਲੀਅਨ ਡਾਲਰ 'ਚ ਸੌਦਾ ਹੋਣ ਹੀ ਵਾਲਾ ਹੈ। ਸੁਣਿਆ ਹੈ ਕਿ ਕੋਈ ਕੈਨੇਡੀਅਨ ਪੰਜਾਬੀ ਖਰੀਦਣ ਦਾ ਚਾਹਵਾਨ ਹੈ। ਐਡਾ ਆਰਥਿਕ ਅਸਾਵਾਂਪਨ ਤੇ ਹਕੂਮਤ ਦਾ ਇਸ ਪੱਖੋਂ ਏਨਾ ਅਵੇਸਲਾਪਨ ਕਿੰਨਾ ਕੁ ਚਿਰ ਚਲਦਾ ਰਹੇਗਾ, ਸ਼ਾਇਦ ਬਹੁਤੀ ਦੇਰ ਨਹੀਂ।

ਜਿੱਥੋਂ ਤੱਕ ਸਰਕਾਰ ਦੀ ਖੁਦਮੁਖਤਾਰੀ ਤੇ ਕਿਸੇ ਕਿਸਮ ਦੇ ਬਾਹਰੀ ਜਾਂ ਅੰਦਰੂਨੀ ਪ੍ਰਭਾਵ ਤੋਂ ਰਹਿਤ ਹੋਣ ਦੀ ਗੱਲ ਹੈ, ਉਹ ਨਾਂਹ ਦੇ ਬਰਾਬਰ ਹੀ ਹੈ। ਅੰਦਰੂਨੀ ਤੌਰ 'ਤੇ ਇਹ ਸਰਕਾਰ ਨਾ ਫੌਜ ਦਾ ਹੁਕਮ ਟਾਲ ਸਕਦੀ ਹੈ ਤੇ ਨਾ ਹੀ ਤਾਲਿਬਾਨ ਦਾ, ਜਿਨ੍ਹਾਂ ਨੂੰ ਇਹ ਹਕੂਮਤ 'ਗੁੱਡ ਤਾਲਿਬਾਨ' ਕਹਿੰਦੀ ਹੈ। ਬਾਹਰੀ ਤੌਰ 'ਤੇ ਅਮਰੀਕਾ ਦੇ ਕਹਿਣ ਅਨੁਸਾਰ ਚੱਲਣ ਦੀ ਪਾਬੰਦੀ ਹੈ। ਭਾਵੇਂ ਅਫਗਾਨਿਸਤਾਨ ਨੂੰ ਭਾਰਤ ਨਾਲ ਵਪਾਰ ਲਈ ਜ਼ਮੀਨੀ ਰਸਤਾ ਦੇਣਾ ਹੋਵੇ ਜਾਂ ਮਨਮੋਹਨ ਸਿੰਘ ਵਲੋਂ ਭੇਜੀ ਪੰਜ ਮਿਲੀਅਨ ਡਾਲਰ ਸਹਾਇਤਾ ਪ੍ਰਵਾਨ ਕਰਨ ਦਾ ਮਸਲਾ। ਲੱਖ ਨਾਂਹ-ਨੁੱਕਰ ਦੇ ਬਾਵਜੂਦ ਅਮਰੀਕਾ ਦਾ ਕਿਹਾ ਮੰਨਣਾ ਹੀ ਪੈਂਦਾ ਹੈ। ਇਸ ਸਰਕਾਰ ਦਾ ਵੱਕਾਰ ਤੇ ਇਤਬਾਰ ਪੱਖੋਂ ਨਿਘਾਰ ਤਾਂ ਪਹਿਲਾਂ ਹੀ ਜੱਗ ਜ਼ਾਹਰ ਸੀ ਪਰ ਮੌਜੂਦਾ ਹੜ੍ਹਾਂ ਦੀ ਹਾਲਤ ਨੇ ਤਾਂ ਇਸ ਨੂੰ ਹੋਰ ਵੀ ਪ੍ਰਤੱਖ ਕਰ ਦਿੱਤਾ ਹੈ। ਨਾ ਕੋਈ ਦੇਸ਼ ਦਾ ਅਦਾਰਾ ਜਾਂ ਸ਼ਖਸ ਅਤੇ ਨਾ ਹੀ ਕੋਈ ਵਿਦੇਸ਼ੀ ਸਰਕਾਰ ਹੜ੍ਹ ਪੀੜਤਾਂ ਦੀ ਮਦਦ ਕਰਨਾ ਚਾਹੁੰਦੀ ਹੈ। ਇਹ ਇਸ ਕਰਕੇ ਨਹੀਂ ਕਰਨਾ ਚਾਹੁੰਦੇ ਕਿਉਂਕਿ ਹਰ ਇਕ ਨੂੰ ਯਕੀਨ ਵਰਗਾ ਸ਼ੱਕ ਹੈ ਕਿ ਜੋ ਕੁਝ ਵੀ ਇਨ੍ਹਾਂ ਵਜ਼ੀਰਾਂ-ਮਸ਼ੀਰਾਂ ਦੇ ਹੱਥ ਆ ਗਿਆ, ਉਹ ਹੜ੍ਹ ਪੀੜਤਾਂ ਤੱਕ ਕਦੇ ਨਹੀਂ ਪਹੁੰਚਣ ਲੱਗਾ। ਇਸੇ ਲਈ ਦੇਸ਼ ਦੇ ਲੋਕ ਸਹਾਇਤਾ ਰਾਸ਼ੀ ਜਮਾਤ-ਏ-ਦਾਵਾ ਜਾਂ ਜਮਾਤ-ਏ-ਇਸਲਾਮੀ ਵਰਗੀਆਂ ਜਥੇਬੰਦੀਆਂ ਨੂੰ ਦੇ ਰਹੇ ਹਨ ਅਤੇ ਵਿਦੇਸ਼ੀ ਸਰਕਾਰਾਂ ਕੋਈ ਪੈਸਾ ਦੇਣ ਤੋਂ ਪਹਿਲਾਂ ਕਿਸੇ ਪਾਰਦਰਸ਼ੀ ਇੰਤਜ਼ਾਮ ਦੇ ਹੋਣ ਦੀ ਮੰਗ ਕਰਦੀਆਂ ਹਨ।

ਅੱਜ ਅਸਲੀਅਤ ਇਹ ਹੈ ਕਿ ਪਾਕਿਸਤਾਨ 'ਚ ਜੇ ਕੋਈ ਹੜ੍ਹ ਪੀੜਤਾਂ ਦੀ ਮਦਦ ਕਰ ਰਿਹਾ ਹੈ ਤਾਂ ਉਹ ਹੈ ਫੌਜ ਜਾਂ ਜਮਾਤ-ਏ-ਦਾਵਾ ਜਾਂ ਜਮਾਤ-ਏ-ਇਸਲਾਮੀ ਤੇ ਜਾਂ ਹੋਰ ਐਸੀਆਂ ਗੈਰ-ਸਰਕਾਰੀ ਤਨਜ਼ੀਮਾਂ ਜੋ ਹੜ੍ਹ ਪੀੜਤਾਂ ਵਿਚ ਬੈਠੀਆਂ ਹੋਈਆਂ ਹਨ। ਸਰਕਾਰੀ ਵਜ਼ੀਰ ਤੇ ਪ੍ਰਧਾਨ ਮੰਤਰੀ ਤਾਂ ਹੈਲੀਕੈਪਟਰਾਂ 'ਚ ਬਹਿ ਕੇ ਅਤੇ ਪੱਤਰਕਾਰ ਤੇ ਕੈਮਰਾਮੈਨ ਨਾਲ ਲੈ ਕੇ ਆਕਾਸ਼ੀ ਚੱਕਰ ਲਾਉਣ ਤੇ ਬਿਆਨ ਦੇਣ ਤੋਂ ਬਿਨਾਂ ਕੁਝ ਨਹੀਂ ਕਰ ਰਹੇ। ਕਦੇ-ਕਦੇ ਹੈਲੀਕੈਪਟਰ 'ਚੋਂ ਰਾਸ਼ਨ ਦੀਆਂ ਥੈਲੀਆਂ ਸੁੱਟਦੇ ਵਿਖਾਈ ਦਿੰਦੇ ਹਨ ਜਿਵੇਂ ਚਿੜੀਆਂ ਨੂੰ ਚੋਗਾ ਪਾ ਰਹੇ ਹੋਣ। ਦੇਸ਼ ਦਾ ਰਾਸ਼ਟਰਪਤੀ ਤਾਂ ਹੜ੍ਹ ਆਉਣ ਤੋਂ ਫੌਰਨ ਬਾਅਦ ਬਿਨ ਬੁਲਾਏ ਜਰਮਨੀ, ਫਰਾਂਸ, ਇੰਗਲੈਂਡ ਆਦਿ ਦੇ ਦੌਰੇ 'ਤੇ ਨਿਕਲ ਗਿਆ ਸੀ। ਕੁਝ ਦਿਨਾਂ ਬਾਅਦ ਫਿਰ ਉਹ ਰੂਸ ਦੇ ਦੌਰੇ 'ਤੇ ਚਲਾ ਗਿਆ ਸੀ ਤੇ ਹੁਣ ਫਿਰ ਤਿਆਰੀ ਹੈ।

'ਟਾਈਮਜ਼' ਮੈਗਜ਼ੀਨ ਅਨੁਸਾਰ ਜੇ ਮਨਮੋਹਨ ਸਿੰਘ ਸੰਸਾਰ ਦੇ ਨੇਤਾਵਾਂ 'ਚ ਸਭ ਤੋਂ ਸਤਿਕਾਰਤ ਨੇਤਾ ਹੈ ਤਾਂ ਸਾਰੇ ਸੰਸਾਰ 'ਚ ਜ਼ਰਦਾਰੀ ਆਪਣੇ ਦੇਸ਼ 'ਚੋਂ ਸਭ ਤੋਂ ਵੱਧ ਗੈਰਹਾਜ਼ਰ ਰਹਿਣ ਵਾਲਾ ਆਗੂ ਹੈ। ਉਪਰੋਕਤ ਸਾਰੇ ਤੱਥਾਂ ਨੂੰ ਧਿਆਨ 'ਚ ਰੱਖਦੇ ਹੋਏ ਇਹ ਸਹਿਜੇ ਹੀ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਕੀ ਇਹ ਹਕੂਮਤ ਇਸ ਦੇਸ਼ ਨੂੰ ਇਕ ਸਟੇਟ ਦੇ ਤੌਰ 'ਤੇ ਚਲਦਾ ਰੱਖ ਸਕੇਗੀ? ਹੁਣ ਤਾਂ ਖੁਦ ਇਸ ਨਾਮਨਿਹਾਦ ਜਮਹੂਰੀਅਤ ਦੇ ਕੁਝ ਹਿੱਸੇਦਾਰ ਨੇਤਾ ਵੀ ਦੇਸ਼ ਨੂੰ ਫੌਜ ਦੇ ਹਵਾਲੇ ਕਰਨ ਦੀ ਗੱਲ ਕਰਨ ਲੱਗ ਪਏ ਹਨ ਤੇ ਕਹਿ ਰਹੇ ਹਨ ਕਿ ਇਨ੍ਹਾਂ ਹੜ੍ਹਾਂ 'ਚ ਮਾਲ-ਅਸਬਾਬ ਦੇ ਨਾਲ-ਨਾਲ ਹੋਰ ਬੜਾ ਕੁਝ ਰੁੜ੍ਹਨ ਵਾਲਾ ਹੈ, ਸ਼ਾਇਦ ਸਰਕਾਰ ਵੀ।

ਇਹ ਵੀ ਇਕ ਸੱਚਾਈ ਹੈ ਕਿ ਸੰਸਾਰ 'ਚ ਕਿਸੇ ਵੀ ਦੇਸ਼ ਦੀ ਸਰਕਾਰ ਆਪਣੇ ਦੇਸ਼ ਨੂੰ ਆਦਰਸ਼ ਸਟੇਟ ਦੇ ਤੌਰ 'ਤੇ ਪੇਸ਼ ਨਹੀਂ ਕਰ ਸਕਦੀ। ਭਾਵ ਕੋਈ ਵੀ ਹਕੂਮਤ ਸੋਲ੍ਹਾਂ ਕਲਾ ਸੰਪੂਰਨ ਨਹੀਂ ਹੈ। ਕੁਝ ਚੰਗੀਆਂ ਜ਼ਿਆਦਾ ਤੇ ਮਾੜੀਆਂ ਘੱਟ ਹਨ ਅਤੇ ਕੁਝ ਮਾੜੀਆਂ ਜ਼ਿਆਦਾ ਤੇ ਚੰਗੀਆਂ ਘੱਟ ਹਨ। ਭਾਰਤ ਦੀ ਉਦਾਹਰਣ ਹੀ ਲੈ ਲਓ ਜੇ ਇਥੇ ਕਲਮਾਡੀ ਟੋਲੇ ਵਰਗੇ ਸਿਆਸੀ ਗੈਂਗ ਹਨ ਜਾਂ ਮਧੂ ਕੌਡਾ, ਸਰਾਜਾ, ਸ਼ਿਬੂ ਸੋਰੇਨ ਜਾਂ ਬੂਟਾ ਸਿੰਘ ਵਰਗੇ ਭ੍ਰਿਸ਼ਟ ਨੇਤਾ ਹਨ ਜਾਂ ਰੈਡੀ ਭਰਾਵਾਂ ਤੇ ਵੇਦਾਂਤਾਂ ਵਰਗੀਆਂ ਲੋਟੂ ਕਾਰਪੋਰੇਸ਼ਨਾਂ ਹਨ ਤਾਂ ਇਥੇ ਮਨਮੋਹਨ ਸਿੰਘ, ਸੋਨੀਆ ਗਾਂਧੀ, ਪ੍ਰਣਾਬ ਬਾਬੂ, ਪੀ. ਚਿਦੰਬਰਮ ਜਾਂ ਕਪਿਲ ਸਿੱਬਲ ਵਰਗੇ ਨੇਤਾ ਵੀ ਹਨ ਤੇ ਮੌਨਟੇਕ ਸਿੰਘ ਵਰਗੇ ਅਫਸਰ ਵੀ ਹਨ ਜੋ ਚੰਗਾ ਸੋਚਦੇ ਤੇ ਕਰਦੇ ਹਨ। ਇਥੇ ਵੀ ਪਾਕਿਸਤਾਨ ਵਾਂਗ ਲਾਅ ਬਰੇਕਰ, ਲਾਅ ਮੇਕਰ ਬਣ ਜਾਂਦੇ ਹਨ। ਮੌਜੂਦਾ ਰਾਜ ਸਭਾ 'ਚ 100 ਦਾਗੀ ਮੈਂਬਰ ਹਨ ਤੇ ਲੋਕ ਸਭਾ 'ਚ 115 ਐਸੇ ਹਨ ਜਿਨ੍ਹਾਂ 'ਤੇ ਕਤਲ ਜਾਂ ਇਰਾਦਾ ਕਤਲ ਵਰਗੇ ਕੇਸ ਦਰਜ ਹਨ। 315 ਐਸੇ ਪਾਰਲੀਮੈਂਟ ਮੈਂਬਰ ਹਨ ਜੋ ਪਹਿਲੀ ਵਾਰ ਸਹੁੰ ਚੁੱਕਣ ਵੇਲੇ ਖਾਲੀ ਹੱਥ ਆਏ ਸਨ ਤੇ ਅੱਜ ਕਰੋੜਾਂ ਦੇ ਮਾਲਕ ਹਨ ਪਰ ਭਾਰਤ ਨੂੰ ਸਟੇਟ ਦੇ ਤੌਰ 'ਤੇ ਜਿੰਦਾ ਰੱਖਣ ਲਈ ਤੇ ਇਸਦੇ ਵਿਕਾਸ ਲਈ ਵੀ ਲਗਾਤਾਰ ਕੋਸ਼ਿਸ਼ਾਂ ਹੁੰਦੀਆਂ ਰਹਿੰਦੀਆਂ ਹਨ, ਇਹੋ ਇਸਦਾ ਪਲੱਸ ਪੁਆਇੰਟ ਹੈ।

# ਵਿਦਵਾਨ ਡਾ. ਤਾਰਨ ਸਿੰਘ ਦਾ ਸੁਨਹਿਰੀ ਸਮਾਂ

ਡਾ. ਗੁਰਨਾਮ ਕੌਰ



ਡਾ. ਗੁਰਨਾਮ ਕੌਰ

ਇਕ ਦਿਨ ਅਚਾਨਕ ਸੇਵਾਦਾਰ ਪ੍ਰੇਮ ਸਿੰਘ ਨੇ ਸੁਨੇਹਾ ਦਿੱਤਾ, "ਬੀਬੀ ਜੀ! ਆਪ ਜੀ ਨੂੰ ਮੁਖੀ ਸਾਬ੍ਹ ਨੇ ਬੁਲਾਇਆ ਹੈ।" ਮੈਂ ਡਾ. ਤਾਰਨ ਸਿੰਘ ਦੇ ਕਮਰੇ ਵਿਚ ਗਈ ਤਾਂ ਬੋਲੇ, "ਭਾਈ ਗੁਰਦਾਸ ਨੇ ਪਹਿਲੀ ਵਾਰ ਵਿਚ ਛੇ ਸ਼ਾਸਤਰਾਂ ਦਾ ਜ਼ਿਕਰ ਕੀਤਾ ਹੈ। ਇਨ੍ਹਾਂ 'ਤੇ ਖੋਜ ਕਰਨੀ ਹੈ। ਪਹਿਲੇ ਤਿੰਨ ਸ਼ਾਸਤਰਾਂ 'ਤੇ ਤੁਸੀਂ ਲਿਖੋਗੇ ਅਤੇ ਅਗਲੇ ਤਿੰਨ ਤੇ ਹਿੰਮਤ ਸਿੰਘ।"

ਮੈਂ ਭਾਈ ਗੁਰਦਾਸ 'ਤੇ ਜਿੰਨਾ ਕੁ ਪੜ੍ਹਨ ਨੂੰ ਮਿਲਿਆ/ਦੇਖਿਆ ਅਤੇ ਘੋਖਿਆ ਪਰ ਕੋਈ ਗੱਲ ਜਿਹੀ ਬਣਦੀ ਨਜ਼ਰ ਨਾ ਆਵੇ ਕਿਉਂਕਿ ਇਸ ਨਜ਼ਰੀਏ ਤੋਂ ਕੋਈ ਕੰਮ ਹੋਇਆ ਹੀ ਨਹੀਂ ਸੀ। ਫਿਰ ਮੈਂ ਗੁਰੂ ਗੋਬਿੰਦ ਸਿੰਘ ਭਵਨ ਦੀ ਲਾਇਬ੍ਰੇਰੀ ਵਿਚ ਗਈ ਕਿਉਂਕਿ ਧਰਮ ਨਾਲ ਸਬੰਧਤ ਸਾਰੀਆਂ ਕਿਤਾਬਾਂ ਇਥੇ ਹੀ ਰੱਖੀਆਂ ਹੋਈਆਂ ਹਨ। ਉਥੋਂ ਰਿਗ ਵੇਦ ਦਾ ਅੰਗਰੇਜ਼ੀ ਅਨੁਵਾਦ, ਰਿਗਵੇਦ ਨਾਲ ਸਬੰਧਤ ਉਪਨਿਸ਼ਦਾਂ ਦਾ ਅਨੁਵਾਦ ਅਤੇ ਨਿਆਏ ਸ਼ਾਸਤਰ ਨਾਲ ਸਬੰਧਿਤ ਸਮਗਰੀ ਲਿਆ ਕੇ ਪੜ੍ਹਨਾ ਸ਼ੁਰੂ ਕੀਤਾ। ਦੋ ਕੁ ਦਿਨ ਬਾਅਦ ਸੇਵਾਦਾਰ ਨੇ ਫਿਰ ਸੁਨੇਹਾ ਦਿੱਤਾ ਕਿ ਮੁਖੀ ਜੀ ਨੇ ਬੁਲਾਇਆ ਹੈ ਅਤੇ ਮੈਂ ਹਾਜ਼ਰ ਹੋ ਗਈ। ਡਾ. ਤਾਰਨ ਸਿੰਘ ਬੋਲੇ, "ਸੰਸਕ੍ਰਿਤ ਵਿਭਾਗ ਵਿਚ ਇੱਕ ਵਿਜ਼ਿਟਿੰਗ ਪ੍ਰੋਫੈਸਰ ਆਏ ਹਨ ਜੋ ਗੈਸਟ ਹਾਊਸ ਵਿਚ ਠਹਿਰੇ ਹੋਏ ਹਨ। ਮੈਂ ਉਨ੍ਹਾਂ ਤੋਂ ਸਵੇਰੇ ਨੌਂ ਵਜੇ ਦਾ ਸਮਾਂ ਲਿਆ ਹੈ। ਤੁਸਾਂ ਕਲ੍ਹ ਨੋਟ ਕਰਨ ਲਈ ਪੇਪਰ ਅਤੇ ਭਾਈ ਗੁਰਦਾਸ ਦੀਆਂ ਵਾਰਾਂ ਲੈ ਕੇ ਗੈਸਟ ਹਾਊਸ ਪਹੁੰਚ ਜਾਣਾ ਅਤੇ ਮੈਂ ਵੀ ਆ ਜਾਸਾਂ। ਉਨ੍ਹਾਂ ਨਾਲ ਇਸ ਵਿਸ਼ੇ 'ਤੇ ਗੱਲ ਕਰਨੀ ਏ।"

ਦੂਸਰੇ ਦਿਨ ਮੈਂ ਦੱਸੇ ਸਮੇਂ 'ਤੇ ਗੈਸਟ ਹਾਊਸ ਪਹੁੰਚ ਗਈ ਅਤੇ ਡਾ. ਤਾਰਨ ਸਿੰਘ ਵੀ ਆ ਗਏ। ਰਸਮੀ ਜਾਣ-ਪਛਾਣ ਤੋਂ ਬਾਅਦ ਡਾ. ਤਾਰਨ ਸਿੰਘ ਨੇ ਦਸਿਆ, "ਭਾਈ ਗੁਰਦਾਸ ਸਿੱਖ ਧਰਮ ਦੇ ਪਹਿਲੇ ਵਿਦਵਾਨ ਹਨ ਅਤੇ ਉਹ ਸੰਸਕ੍ਰਿਤ ਦੇ ਵੀ ਵਿਦਵਾਨ ਸਨ, ਜਿਨ੍ਹਾਂ ਦੀ ਸਿੱਖ ਧਰਮ ਵਿਚ ਬਹੁਤ ਮਾਨਤਾ ਹੈ। ਉਨ੍ਹਾਂ ਨੇ ਆਪਣੀ ਪਹਿਲੀ ਵਾਰ ਵਿਚ ਭਾਰਤੀ ਦਰਸ਼ਨ ਦੇ ਛੇ ਸ਼ਾਸਤਰਾਂ ਦਾ ਬਿਆਨ ਇਸ ਤਰ੍ਹਾਂ ਕੀਤਾ ਹੈ ਕਿ ਹਰ ਸ਼ਾਸਤਰ ਦੀ ਰਚਨਾ ਉਸ ਦੇ ਰਚਨ ਵਾਲੇ ਰਿਸ਼ੀ ਨੇ ਖਾਸ ਵੇਦ ਦਾ ਮੰਥਨ ਕਰਕੇ ਕੀਤੀ ਹੈ। ਅਸੀਂ ਇਸ ਤੱਥ ਦੀ ਖੋਜ ਕਰਨਾ ਚਾਹੁੰਦੇ ਹਾਂ। ਸਾਨੂੰ ਇਸ ਬਾਰੇ ਕੁੱਝ ਦਸੋ।"

ਉਹ ਪ੍ਰੋਫੈਸਰ, ਜੇ ਮੈਂ ਭੁਲਦੀ ਨਹੀਂ ਤਾਂ ਉਸਦਾ ਨਾਮ ਗੌਰੀ ਸ਼ੰਕਰ ਸੀ, ਇੱਕਦਮ ਬੋਲਿਆ, "ਯਹ ਕੈਸੇ ਹੋ ਸਕਤਾ ਹੈ? ਆਜ ਤਕ ਸੰਸਕ੍ਰਿਤ ਸਾਹਿਤ ਮੇ ਐਸਾ ਕਿਸੀ ਨੇ ਨਹੀ ਬੋਲਾ ਹੈ। ਹਰ ਏਕ ਵੇਦ ਕੇ ਅਪਨੇ ਉਪਨਿਸ਼ਦ ਤੋ ਹੈਂ ਲੇਕਿਨ ਕਿਸੀ ਖ਼ਾਸ ਸ਼ਾਸਤਰ ਕਾ ਕਿਸੀ ਖ਼ਾਸ ਵੇਦ ਕੇ ਸਾਥ ਸੰਬੰਧ ਹੋ, ਐਸਾ ਕਹੀਂ ਨਹੀਂ ਮਿਲਤਾ।" ਡਾ. ਸਾਹਿਬ ਬੋਲੇ, "ਪਰ ਭਾਈ ਗੁਰਦਾਸ ਨੇ ਐਸਾ ਲਿਖਾ ਹੈ। ਵੋ ਐਸੇ ਹੀ ਨਹੀਂ ਬੋਲ ਸਕਤੇ?।" ਪਰ ਉਹ ਪ੍ਰੋਫੈਸਰ ਸਾਡੀ ਗੱਲ ਨਾਲ ਸਹਿਮਤ ਨਹੀਂ ਹੋਇਆ ਅਤੇ ਅਸੀਂ ਵਾਪਸ ਆ ਗਏ।

ਡਾ. ਸਾਹਿਬ ਨੂੰ ਭਾਈ ਗੁਰਦਾਸ ਦੀ ਵਿਦਵਤਾ 'ਤੇ ਪੂਰਨ ਭਰੋਸਾ ਸੀ। ਉਹ ਮੈਨੂੰ ਫੇਰ ਬੋਲੇ, "ਭਾਈ ਗੁਰਦਾਸ ਵਰਗਾ ਬੰਦਾ ਗਲਤ ਨਹੀਂ ਕਹਿ ਸਕਦਾ। ਕੁਝ ਨਾ ਕੁਝ ਸੱਚਾਈ ਤੇ ਹੋਸੀ।"

ਮੈਂ ਕਿਹਾ, "ਡਾ. ਸਾਹਿਬ ਕੋਈ ਗੱਲ ਨਹੀਂ। ਉਪਨਿਸ਼ਦ ਵੇਦਾਂ ਦਾ ਦਰਸ਼ਨ ਭਾਗ ਹਨ। ਮੈਂ ਹਰ ਵੇਦ ਨਾਲ ਸਬੰਧਤ ਉਪਨਿਸ਼ਦ ਦੇਖਾਂਗੀ, ਫਿਰ ਸ਼ਾਸਤਰ ਦਾ ਅਧਿਐਨ ਕਰਾਂਗੀ। ਜੇ ਭਾਈ ਸਾਹਿਬ ਨੇ ਕਿਹਾ ਹੈ ਤਾਂ ਕੋਈ ਨਾ ਕੋਈ ਸੱਚਾਈ ਜ਼ਰੂਰ ਛਿਪੀ ਹੈ ਇਸ ਟਿਪਣੀ ਵਿਚ।"

ਮੈਂ ਰਿਗ ਵੇਦ, ਉਸਦੇ ਉਪਨਿਸ਼ਦਾਂ ਅਤੇ ਨਿਆਏ ਸ਼ਾਸਤਰ ਦੇ ਜਿਨ੍ਹਾਂ ਪਹਿਲੂਆਂ ਤੇ ਭਾਈ ਗੁਰਦਾਸ ਨੇ ਟਿਪਣੀ ਕੀਤੀ ਸੀ ਉਨ੍ਹਾਂ ਨਾਲ ਸਬੰਧਿਤ ਕੁਟੇਸ਼ਨਾਂ ਕੱਢ ਕੇ ਡਾ. ਨਿਰਾਕਾਰੀ ਨਾਲ ਚਰਚਾ ਕਰਨ ਦੀ ਸੋਚੀ। ਡਾ. ਨਿਰਾਕਾਰੀ ਫਿਲਾਸਫ਼ੀ ਵਿਭਾਗ ਵਿਚ ਭਾਰਤੀ ਦਰਸ਼ਨ ਅਤੇ ਤਰਕ ਸ਼ਾਸਤਰ ਪੜ੍ਹਾਉਂਦੇ ਸਨ। ਮੈਂ ਉਨ੍ਹਾਂ ਕੋਲ ਆਪਣੇ ਵਲੋਂ ਕੀਤਾ ਕੰਮ ਲੈ ਕੇ ਗਈ ਅਤੇ ਉਨ੍ਹਾਂ ਨੂੰ ਦਸਿਆ ਕਿ ਭਾਈ ਗੁਰਦਾਸ ਦੀ ਧਾਰਨਾ ਨੂੰ ਸਥਾਪਤ ਕਰਨ ਲਈ ਮੈਨੂੰ ਉਨ੍ਹਾਂ ਦੀ ਮਦਦ ਚਾਹੀਦੀ ਹੈ। ਉਹ ਬੋਲੇ, "ਮੇਰੇ ਕੋਲ ਸਾਰੇ ਉਪਨਿਸ਼ਦ ਅਤੇ ਸ਼ੰਕਰਾਚਾਰੀਆ ਦੀ ਉਪਨਿਸ਼ਦਾਂ ਦੀ ਕੀਤੀ ਵਿਆਖਿਆ ਸੰਸਕ੍ਰਿਤ ਵਿਚ ਘਰ ਮੌਜੂਦ ਹੈ। ਤੁਸੀਂ ਆ ਜਾਣਾ ਪਰ ਇੱਕ ਗੱਲ ਦਾ ਧਿਆਨ ਰੱਖਣਾ ਕਿ ਮੈਂ ਸਿਰਫ ਸੂਰਜ ਦੀ ਰੌਸ਼ਨੀ ਵਿਚ ਪੜ੍ਹਦਾ ਹਾਂ, ਉਸ ਤੋਂ ਬਾਅਦ ਨਹੀਂ।"

ਇਸ ਤਰ੍ਹਾਂ ਮੇਰੀਆਂ ਕਢੀਆਂ ਟੂਕਾਂ ਅਤੇ ਵਿਸ਼ੇ ਨਾਲ ਸਬੰਧਤ ਹੋਰ ਟੂਕਾਂ ਲੈ ਕੇ, ਫਿਰ ਸ਼ੰਕਰਾਚਾਰੀਆ ਦੇ ਕੀਤੇ ਟੀਕੇ ਦੀ ਵਿਆਖਿਆ ਦੀ ਸਹਾਇਤਾ ਨਾਲ ਉਨ੍ਹਾਂ ਨੇ ਭਾਈ ਗੁਰਦਾਸ ਦੇ ਕਥਨ ਦੀ ਸੱਚਾਈ ਨੂੰ ਸਾਬਤ ਕਰਨ ਵਿਚ ਮੇਰੀ ਸਹਾਇਤਾ ਕੀਤੀ। ਇੱਥੇ ਮਿਸਿਜ ਨਿਰਾਕਾਰੀ ਦਾ ਜ਼ਿਕਰ ਕਰਨਾ ਵੀ ਬਣਦਾ ਹੈ ਜੋ ਕੈਂਪਸ ਦੀਆਂ ਬਹੁਤ ਸੁਹਣੀਆਂ ਅਤੇ ਮਿਲਣਸਾਰ ਔਰਤਾਂ ਵਿਚੋਂ ਇੱਕ ਹੈ ਅਤੇ ਜਦੋਂ ਵੀ ਮੈਂ ਉਨ੍ਹਾਂ ਨੂੰ ਤੀਸਰੀ ਮੰਜ਼ਿਲ ਤੇ ਮਿਲੇ ਟੀਚਰਜ ਫਲੈਟ ਦੀ ਸੜਕ ਨੂੰ ਸਾਹਮਣੀ ਗੈਲਰੀ ਵਿਚ ਬੈਠ ਕੇ ਕੰਮ ਕਰ ਰਹੀ ਹੁੰਦੀ ਤਾਂ ਮੈਨੂੰ ਹਮੇਸ਼ਾ ਗਰਮ ਚਾਹ ਦਾ ਕੱਪ ਪੇਸ਼ ਕਰਦੀ ਅਤੇ ਆਪ ਵੀ ਪੀਂਦੀ। ਇਸ ਤਰ੍ਹਾਂ ਨਿਆਏ ਸ਼ਾਸਤਰ 'ਤੇ ਇੱਕ ਲੰਬਾ ਖੋਜ ਭਰਪੂਰ ਲੇਖ ਮੈਂ ਡਾ. ਤਾਰਨ ਸਿੰਘ ਨੂੰ ਦਿੱਤਾ ਤਾਂ ਉਹ ਬਹੁਤ ਖੁਸ਼ ਹੋਏ ਅਤੇ ਉਨ੍ਹਾਂ ਨੇ ਇੱਕ ਦਮ ਇਹ ਵਿਭਾਗ ਤੋਂ ਨਿਕਲਦੇ ਛਿਮਾਹੀ ਮੈਗਜ਼ੀਨ, "ਨਾਨਕ ਪ੍ਰਕਾਸ਼ ਪਤ੍ਰਿਕਾ" ਵਿਚ ਛਾਪ ਦਿੱਤਾ। ਇਸ ਦੀ ਪਹਿਲੀ ਸਰਾਹਨਾ ਪ੍ਰੋ. ਗੁਲਵੰਤ ਸਿੰਘ ਨੇ ਡਾ. ਬਲਕਾਰ ਸਿੰਘ ਕੋਲ ਕੀਤੀ। ਦੂਸਰਾ ਖੱਤ ਮੈਨੂੰ ਹਰਿੰਦਰ ਸਿੰਘ ਮਹਿਬੂਬ ਦਾ ਆਇਆ। ਮੇਰਾ ਇਸ ਨਾਲ ਬਹੁਤ ਹੌਂਸਲਾ ਵਧਿਆ। ਮੈਂ ਅਗਲੇ ਦੋਵੇਂ ਸ਼ਾਸਤਰਾਂ ਵੈਸ਼ੇਸ਼ਕ ਅਤੇ ਪੂਰਬ ਮੀਮਾਂਸਾ ਦਾ ਵੀ ਇਸੇ ਤਰ੍ਹਾਂ ਡਾ. ਨਿਰਾਕਾਰੀ ਦੀ ਰਹਿਨੁਮਾਈ ਵਿਚ ਅਧਿਐਨ ਕੀਤਾ ਅਤੇ ਇਹ ਛਪੇ ਹੋਏ ਰੂਪ ਵਿਚ ਤਕਰੀਬਨ ਇੱਕ ਸੌ ਤੀਹ-ਚਾਲੀ ਪੰਨੇ ਬਣ ਗਏ। ਇਹ, ਜੋ ਕਿ ਫੇਰ ਇੱਕ ਸਾਂਝਾ ਪ੍ਰਾਜੈਕਟ ਸੀ, ਮੈਗਜੀਨ ਵਿਚ ਛਪ ਗਿਆ, ਜੋ ਇੱਕ ਸੀਰੀਅਸ ਅਤੇ ਮਿਹਨਤ ਵਾਲਾ ਕੰਮ ਵੀ ਸੀ।

ਡਾ. ਤਾਰਨ ਸਿੰਘ ਦੇ ਸਵਰਗਵਾਸ ਹੋਣ ਤੋਂ ਬਾਅਦ ਇੱਕ ਵਾਰ ਵਾਈਸ ਚਾਂਸਲਰ ਡਾ. ਭਗਤ ਸਿੰਘ ਨੇ ਪੰਜਾਬੀ ਵਿਭਾਗ ਵਿਚੋਂ ਡਾ. ਗੁਰਚਰਨ ਸਿੰਘ ਨੂੰ, ਜਿਨ੍ਹਾਂ ਦਾ ਗੁਰਬਾਣੀ ਦੇ ਖੇਤਰ ਵਿਚ ਕਾਫੀ ਕੰਮ ਸੀ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿਭਾਗ ਦੇ ਮੁਖੀ ਲਾ ਦਿੱਤਾ। ਇੱਕ ਦਿਨ ਫਾਈਲਾਂ ਫੋਲਦਿਆਂ ਇਸ ਪ੍ਰਾਜੈਕਟ ਦੀ ਫਾਈਲ ਉਨ੍ਹਾਂ ਦੇ ਹੱਥ ਲੱਗ ਗਈ। ਉਨ੍ਹਾਂ ਨੇ ਮੈਨੂੰ ਦਫਤਰ ਵਿਚ ਸਦਿਆ ਅਤੇ ਬੋਲੇ, "ਗੁਰਨਾਮ ਜੀ ਬੇਟੇ! ਤੁਸੀਂ ਇਹ ਪ੍ਰਾਜੈਕਟ ਕਰ ਲਿਆ ਸੀ?" ਅੱਗੋਂ ਮੈਂ ਸੰਖੇਪ ਵਿਚ ਉਤਰ ਦਿੱਤਾ, "ਹਾਂ ਜੀ ਡਾ. ਸਾਹਿਬ ਮੈਂ ਤਿੰਨ ਸ਼ਾਸਤਰਾਂ 'ਤੇ ਕੰਮ ਕਰਨਾ ਸੀ ਜੋ ਪੂਰਾ ਹੋ ਗਿਆ ਸੀ ਅਤੇ ਨਾਨਕ ਪ੍ਰਕਾਸ਼ ਪਤ੍ਰਿਕਾ ਵਿਚ ਛਪ ਗਿਆ ਸੀ। ਉਹ ਅੱਗੋਂ ਬੋਲੇ, "ਲਿਆਉ ਛਪੇ ਹੋਏ ਆਰਟੀਕਲ ਦਿਖਾਉ।" ਮੈਂ ਉਸੇ ਵੇਲੇ ਕਲਰਕ ਤੋਂ ਕਢਵਾ ਕੇ ਮੈਗਜ਼ੀਨ ਦੇ ਤਿੰਨੇ ਅੰਕ ਸਾਹਮਣੇ ਰੱਖ ਦਿੱਤੇ। ਬੋਲੇ, "ਜੇ ਆਪਾਂ ਤੁਹਾਡਾ ਤੇ ਹਿੰਮਤ ਸਿੰਘ ਦਾ ਕੰਮ ਇਕੱਠਿਆਂ ਛਾਪ ਦੇਈਏ ਤਾਂ ਤੁਹਾਨੂੰ ਕੋਈ ਇਤਰਾਜ਼ ਤਾਂ ਨਹੀਂ।" ਮੈਂ ਕਿਹਾ, "ਨਹੀਂ ਜੀ। ਇਹ ਪ੍ਰਾਜੈਕਟ ਹੀ ਸਾਂਝਾ ਹੈ।" ਉਨ੍ਹਾਂ ਨੇ ਹਿੰਮਤ ਸਿੰਘ ਨੂੰ ਵੀ ਬੁਲਾ ਕੇ ਪੁੱਛਿਆ ਪਰ ਉਸ ਨੇ ਛਪਵਾਉਣ ਤੋਂ ਨਾਂਹ ਕਰ ਦਿੱਤੀ। ਵਿਭਾਗ ਦਾ ਵਿਧਾਨ ਸੀ ਕਿ ਪੁਸਤਕ ਰੂਪ ਵਿਚ ਛਪਣ ਤੋਂ ਪਹਿਲਾਂ ਖਰੜੇ ਦਾ ਉਸ ਖੇਤਰ ਦੇ ਕਿਸੇ ਵਿਦਵਾਨ ਤੋਂ ਮੁਲੰਕਣ ਕਰਾਇਆ ਜਾਂਦਾ ਸੀ ਅਤੇ ਇਹ ਮੁਲੰਕਣ ਗੁਪਤ ਹੁੰਦਾ ਸੀ। ਮਹੀਨੇ ਕੁ ਬਾਅਦ ਮੈਨੂੰ ਡਾ. ਗੁਰਚਰਨ ਸਿੰਘ ਨੇ ਫੇਰ ਬੁਲਾਇਆ ਅਤੇ ਬੋਲੇ, "ਬੇਟੇ! ਮੈਂ ਇਹ ਖਰੜਾ ਡਾ. ਪ੍ਰੇਮ ਪ੍ਰਕਾਸ਼ ਸਿੰਘ ਨੂੰ ਭੇਜਿਆ ਸੀ ਕਿਉਂਕਿ ਉਹ ਸੰਸਕ੍ਰਿਤ ਦੇ ਚੰਗੇ ਵਿਦਵਾਨ ਹਨ। ਉਨ੍ਹਾਂ ਨੇ ਕਿਹਾ ਹੈ ਕਿ ਤੁਸੀਂ ਜਿਹੜੇ ਵੇਦਾਂ ਅਤੇ ਉਪਨਿਸ਼ਦਾਂ ਦੇ ਹਵਾਲੇ ਦਿੱਤੇ ਨੇ ਉਹ ਸਾਰੇ ਉਨ੍ਹਾਂ ਕੋਲ ਲੈ ਕੇ ਜਾਉ।"

ਮੈਨੂੰ ਇਸ 'ਤੇ ਬਹੁਤ ਹੀ ਗੁੱਸਾ ਆਇਆ ਪਰ ਮੈਂ ਡਾ. ਗੁਰਚਰਨ ਸਿੰਘ ਦਾ ਬਹੁਤ ਸਤਿਕਾਰ ਕਰਦੀ ਸੀ ਸੋ ਉਤਰ ਦਿੱਤਾ, "ਡਾ. ਸਾਹਿਬ! ਡਾ. ਪ੍ਰੇਮ ਪ੍ਰਕਾਸ਼ ਸਿੰਘ ਮੇਰੇ ਤੋਂ ਬਹੁਤ ਸੀਨੀਅਰ ਹਨ। ਇਹ ਮੁਲੰਕਣ ਕਰਨ ਵਾਲੇ ਵਿਦਵਾਨ ਦਾ ਫ਼ਰਜ਼ ਹੁੰਦਾ ਹੈ ਕਿ ਜੇ ਉਸਨੂੰ ਕਿਤੇ ਸ਼ੱਕ ਹੈ ਤਾਂ ਉਹ ਸਬੰਧਤ ਹਵਾਲੇ ਦੀ ਛਾਣਬੀਣ ਆਪ ਕਰੇ। ਮੈਂ ਏਨੀਆਂ ਕਿਤਾਬਾਂ ਚੁੱਕੀ ਉਨ੍ਹਾਂ ਕੋਲ ਕਿਉਂ ਜਾਵਾਂ? ਇਹ ਵੈਸੇ ਵੀ ਅਸੂਲ ਦੇ ਖਿਲਾਫ ਹੈ ਕਿਉਂਕਿ ਇਹ ਮੁਲੰਕਣ ਗੁਪਤ ਹੁੰਦਾ ਹੈ। ਉਹ

## ਰੰਗ-ਬੇਰੰਗ

ਆਪ ਦੇਖਣ। ਮੈਂ ਨਹੀਂ ਜਾਣਾ, ਕਿਤਾਬ ਛਪੇ ਜਾਂ ਨਾ ਛਪੇ।" ਡਾ. ਸਾਹਿਬ ਨੇ ਮੈਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਪਰ ਮੈਂ ਸਾਫ ਨਾਂਹ ਕਰ ਦਿੱਤੀ।

ਡਾ. ਬਲਬੀਰ ਸਿੰਘ (ਭਾਈ ਵੀਰ ਸਿੰਘ ਦੇ ਛੋਟੇ ਭਰਾ) ਵਿਭਾਗ ਦੇ ਆਨਰੇਰੀ ਪ੍ਰੋਫੈਸਰ ਸਨ ਅਤੇ ਦੇਹਰਾਦੂਨ ਉਹ 'ਨਿਰੁਕਤ ਸ੍ਰੀ ਗੁਰੂ ਗ੍ਰੰਥ ਸਾਹਿਬ' ਪ੍ਰਾਜੈਕਟ 'ਤੇ ਕੰਮ ਕਰ ਰਹੇ ਸਨ, ਜੋ ਕਿ ਗੁਰੂ ਗ੍ਰੰਥ ਸਾਹਿਬ ਵਿਭਾਗ ਦਾ ਪ੍ਰਾਜੈਕਟ ਸੀ ਅਤੇ ਵਿਭਾਗ ਵਲੋਂ ਹੀ ਛਪ ਰਿਹਾ ਸੀ। ਯੂਨੀਵਰਸਿਟੀ ਵਲੋਂ ਉਨ੍ਹਾਂ ਨੇ ਉਥੇ ਕੁਝ ਕਰਮਚਾਰੀ ਅਤੇ ਖੋਜ ਅਮਲਾ ਵੀ ਭਰਤੀ ਕੀਤਾ ਹੋਇਆ ਸੀ ਜਿਸ ਨੂੰ ਉਨ੍ਹਾਂ ਦੇ ਸਵਰਗਵਾਸ ਤੋਂ ਬਾਅਦ ਡਾ. ਤਾਰਨ ਸਿੰਘ ਦੀ ਸਲਾਹ ਨਾਲ 1975 ਵਿਚ ਯੂਨੀਵਰਸਿਟੀ ਨੇ ਵਿਭਾਗ ਵਿਚ ਪਟਿਆਲੇ ਬੁਲਾ ਲਿਆ। ਇਨ੍ਹਾਂ ਵਿਚ ਡਾ. ਜੀ.ਐਸ. ਅਨੰਦ ਬਹੁਤ ਸਕੀਮੀ ਬੰਦਾ ਸੀ ਜਿਸ ਨੇ ਡਾ. ਤਾਰਨ ਸਿੰਘ ਨੂੰ ਯੂਨੀਵਰਸਿਟੀ ਵਿਚ ਗੁਰਦੁਆਰਾ ਸਥਾਪਤ ਕਰਨ ਦੀ ਸਲਾਹ ਦਿੱਤੀ। ਭਾਵੇਂ ਕਈ ਪਾਸਿਆਂ ਤੋਂ ਇਸ ਦੀ ਵਿਰੋਧਤਾ ਹੋਈ ਪਰ ਸਿੰਡੀਕੇਟ ਨੇ ਅਗਿਆ ਦੇ ਦਿੱਤੀ ਅਤੇ ਦੂਸਰੀ ਤਰਫੋਂ ਮੰਗ ਆਉਣ 'ਤੇ ਗੀਤਾ ਮੰਦਿਰ ਬਣਾਉਣ ਦੀ ਵੀ ਆਗਿਆ ਦੇ ਦਿੱਤੀ। ਡਾ. ਤਾਰਨ ਸਿੰਘ ਨੇ ਬਹੁਤ ਹੀ ਮਿਹਨਤ ਨਾਲ ਦੇਸ਼-ਵਿਦੇਸ਼ ਤੋਂ ਇਮਾਰਤ ਬਣਾਉਣ ਲਈ ਪੈਸਾ ਇਕੱਠਾ ਕੀਤਾ। 14 ਸਤੰਬਰ 1980 ਨੂੰ ਇਮਾਰਤ ਤਿਆਰ ਹੋ ਗਈ ਅਤੇ ਡਾ. ਤਾਰਨ ਸਿੰਘ ਦੀ ਅਗਵਾਈ ਵਿਚ ਇਸ ਦਾ ਉਦਘਾਟਨ ਕੀਤਾ ਗਿਆ ਜਿਸ ਵਿਚ ਕੈਂਪਸ ਦੇ ਸਾਰੇ ਮਾਈ-ਭਾਈ ਅਤੇ ਸ਼ਹਿਰ ਵਿਚ ਰਹਿਣ ਵਾਲੇ ਅਧਿਆਪਕ ਵੀ ਸ਼ਾਮਲ ਹੋਏ। ਡਾ. ਸਾਹਿਬ ਨੇ ਆਪਣੇ ਸਾਰੇ ਖੋਜ ਅਮਲੇ ਤੋਂ ਫ਼ਾਰਮ ਭਰਵਾਏ ਜਿਸ ਰਾਹੀਂ ਹਰ ਮਹੀਨੇ ਹਰ ਇੱਕ ਦੀ ਤਨਖਾਹ ਵਿਚੋਂ ਗਿਆਰਾਂ ਰੁਪਏ ਗੁਰਦੁਆਰਾ ਸਾਹਿਬ ਦੇ ਖਾਤੇ ਵਿਚ ਜਾਇਆ ਕਰਨੇ ਸਨ ਅਤੇ ਸਭ ਨੇ ਇਸ ਹੁਕਮ ਨੂੰ ਹੱਸ ਕੇ ਕਬੂਲ ਕੀਤਾ।

28 ਸਤੰਬਰ 1980 ਨੂੰ ਮੇਰੇ ਵੱਡੇ ਬੇਟੇ ਦਾ ਜਨਮ ਰਾਜਿੰਦਰਾ ਹਸਪਤਾਲ ਵਿਚ ਹੋਇਆ ਤਾਂ ਡਾ. ਤਾਰਨ ਸਿੰਘ ਨੇ ਮੇਰੀ ਕੁਲੀਗ ਗੁਰਦੇਵ ਕੌਰ ਕੋਲ ਫ਼ਾਰਮ ਭੇਜਿਆ ਅਤੇ ਅਖਵਾ ਭੇਜਿਆ, "ਵਾਹਿਗੁਰੂ ਨੇ ਤੁਹਾਨੂੰ ਖੁਸ਼ੀ ਬਖਸ਼ੀ ਹੈ ਇਸ ਲਈ ਗਿਆਰਾਂ ਦੀ ਥਾਂ ਰਕਮ ਵਧਾ ਕੇ ਇੱਕੀ ਰੁਪਏ ਕਰ ਦਿਉ।" ਅਤੇ ਨਾਲ ਹੀ ਉਨ੍ਹਾਂ ਸਾਰੇ ਸਟਾਫ ਨੂੰ ਕਿਹਾ, "ਜਿਵੇਂ ਜਿਵੇਂ ਕੋਈ ਪ੍ਰਾਪਤੀ ਹੁੰਦੀ ਜਾਵੇਗੀ, ਤਿਵੇਂ ਤਿਵੇਂ ਹਰ ਇੱਕ ਨੇ ਪੈਸੇ ਵਧਾਉਂਦੇ ਰਹਿਣਾ ਹੈ।" ਇਸੇ ਲਈ ਜਦੋਂ ਮੈਂ ਪੀ.ਐਚ.ਡੀ ਕੀਤੀ, ਭਾਵੇਂ ਉਦੋਂ ਡਾ. ਤਾਰਨ ਸਿੰਘ ਇਸ ਸੰਸਾਰ 'ਤੇ ਨਹੀਂ ਸਨ ਰਹੇ ਪਰ ਮੈਂ ਆਪਣਾ ਹਿੱਸਾ ਵੱਧਾ ਦਿੱਤਾ।

ਡਾ. ਤਾਰਨ ਸਿੰਘ ਨੇ ਹੀ ਮੈਨੂੰ ਪਹਿਲੀ ਵਾਰ ਸੈਮੀਨਾਰ ਵਿਚ ਪਰਚਾ ਪੜ੍ਹਨ ਲਈ ਸਟੇਜ 'ਤੇ ਲਿਆਂਦਾ। ਹੋਇਆ ਇਸ ਤਰ੍ਹਾਂ ਕਿ ਪ੍ਰੋ. ਗੁਰਬਚਨ ਸਿੰਘ ਤਾਲਿਬ ਦੇ ਸੇਵਾ ਮੁਕਤ ਹੋਣ ਉਪਰੰਤ ਡਾ. ਤਾਰਨ ਸਿੰਘ ਬਤੌਰ ਫੈਕਲਟੀ ਡੀਨ ਗੁਰੂ ਗੋਬਿੰਦ ਸਿੰਘ ਧਰਮ ਅਧਿਐਨ ਵਿਭਾਗ ਦੇ ਵੀ ਮੁਖੀ ਬਣ ਗਏ। ਇਸੇ ਵਿਭਾਗ ਵਲੋਂ ਉਨ੍ਹਾਂ ਨੇ ਯੂ.ਜੀ.ਸੀ. ਸੈਮੀਨਾਰ ਕਰਵਾਇਆ ਜਿਸ ਵਿਚ ਮੈਨੂੰ ਵੀ 'ਸਿੱਖ ਧਰਮ ਵਿਚ ਮੁਕਤੀ ਦਾ ਸਿਧਾਂਤ' ਵਿਸ਼ੇ 'ਤੇ ਪਰਚਾ ਪੜ੍ਹਨ ਲਈ ਕਿਹਾ। ਪਹਿਲਾਂ 'ਫੈਕਲਟੀ ਆਫ ਹਿਉਮੈਨਟੀਜ ਐਂਡ ਰਿਲੀਜੀਅਸ ਸਟੱਡੀਜ਼' ਅਲੱਗ ਹੁੰਦੀ ਸੀ ਪਰ ਜਦੋਂ ਡਾ. ਜਸਬੀਰ ਸਿੰਘ ਆਹਲੂਵਾਲੀਆ ਵਾਈਸ ਚਾਂਸਲਰ ਬਣੇ ਤਾਂ ਇਸ ਨੂੰ ਤੋੜ ਕੇ ਸੋਸ਼ਲ ਸਾਇੰਸਜ ਵਿਚ ਸ਼ਾਮਲ ਕਰ ਦਿੱਤਾ ਗਿਆ ਭਾਵੇਂ ਮੈਂ ਬਤੌਰ ਡੀਨ ਕਮੇਟੀ ਵਿਚ ਸ਼ਾਮਲ ਸਾਂ। ਕਮੇਟੀ ਦੇ ਚੇਅਰਮੈਨ ਡਾ. ਆਰ.ਐਨ. ਪਾਲ ਪ੍ਰੋ-ਵਾਈਸ ਚਾਂਸਲਰ ਅਤੇ ਵੀ.ਸੀ. ਦੀ ਆਪਸੀ ਖਹਿਬਾਜ਼ੀ ਕਾਰਨ ਇਹ ਫੈਕਲਟੀ ਰਾਜਨੀਤੀ ਦੀ ਭੇਟ ਚੜ੍ਹ ਗਈ। ਕਹਿੰਦੇ ਹਨ ਕਿ ਬੋਹੜ ਦੇ ਨੀਚੇ ਹੋਰ ਕੋਈ ਦਰੱਖਤ ਨਹੀਂ ਉਗਦਾ। ਇਹੀ ਹਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਭਾਗ ਦਾ ਹੋਇਆ। ਡਾ. ਤਾਰਨ ਸਿੰਘ ਦਾ ਕੋਈ ਵੀ ਉਤਰ-ਅਧਿਕਾਰੀ ਉਨ੍ਹਾਂ ਦੇ ਹੁੰਦਿਆਂ ਪੈਦਾ ਨਹੀਂ ਸੀ ਹੋ ਸਕਿਆ ਜਿਹੜਾ ਉਨ੍ਹਾਂ ਦੇ ਅਚਾਨਕ ਅਕਾਲ-ਚਲਾਣੇ ਤੋਂ ਬਾਅਦ ਵਿਭਾਗ ਨੂੰ ਸੰਭਾਲ ਸਕਣ ਦੀ ਪੋਜੀਸ਼ਨ ਵਿਚ ਹੁੰਦਾ ਕਿਉਂਕਿ ਸਾਰੇ ਉਦੋਂ ਲੈਕਚਰਰ ਗਰੇਡ ਵਿਚ ਸਨ। ਇਸਦੀ ਬਹੁਤ ਕੀਮਤ ਤਾਰਨੀ ਪਈ ਅਤੇ ਤਿੰਨ ਸਾਲ ਇਸ ਦਾ ਖਮਿਆਜਾ ਘਟੀਆ ਅਤੇ ਨੀਚ ਕਿਸਮ ਦੀ ਅੰਦਰੂਨੀ ਪੌਲੀਟਿਕਸ ਦੇ ਰੂਪ ਵਿਚ ਭੁਗਤਣਾ ਪਿਆ।

ਜਦੋਂ ਪਿਛਲੇ ਦਰਵਾਜ਼ੇ ਰਾਹੀਂ ਉਹ ਲੋਕ ਵਿਭਾਗਾਂ ਵਿਚ ਭਰਤੀ ਹੋ ਜਾਂਦੇ ਹਨ ਜਿਹੜੇ ਉਸ ਪੋਸਟ ਤੇ ਲੱਗਣ ਦੀ ਯੋਗਤਾ ਨਹੀਂ ਰੱਖਦੇ ਤਾਂ ਉਨ੍ਹਾਂ ਨੇ ਕੋਈ ਕੰਮ ਤੇ ਕਰਨਾ ਨਹੀਂ ਹੁੰਦਾ, ਕਿਉਂਕਿ ਉਨ੍ਹਾਂ ਵਿਚ ਨਾ ਤੇ ਕੰਮ ਕਰਨ ਦੀ ਯੋਗਤਾ ਹੁੰਦੀ ਹੈ ਅਤੇ ਨਾ ਹੀ ਸਮਰੱਥਾ, ਉਹ ਫਿਰ ਇਸ ਕਿਸਮ ਦੀ ਘਟੀਆ ਸਕੀਮਾਂ ਘੜਨ ਵਾਲੀ, ਗੱਲਾਂ ਬਣਾਉਣ ਵਾਲੀ ਰਾਜਨੀਤੀ ਕਰਦੇ ਹਨ ਜਿਸ ਰਾਹੀਂ ਦੂਸਰਿਆਂ ਦੀਆਂ ਜੜ੍ਹਾਂ ਵਿਚ ਤੇਲ ਦਿੱਤਾ ਜਾ ਸਕੇ। ਯੂਨੀਵਰਸਿਟੀ ਨਿਯਮਾਂ ਮੁਤਾਬਿਕ, ਵਿਭਾਗ ਵਿਚ ਕੋਈ ਰੀਡਰ ਜਾਂ ਪ੍ਰੋਫੈਸਰ ਨਾ ਹੋਣ ਕਰਕੇ, ਫੈਕਲਟੀ ਦੇ ਡੀਨ ਡਾ. ਅਵਤਾਰ ਸਿੰਘ ਨੂੰ ਵਿਭਾਗ ਦਾ ਮੁਖੀ ਲਾ ਦਿੱਤਾ ਗਿਆ ਜੋ ਉਸ ਵੇਲੇ ਫ਼ਿਲਾਸਫ਼ੀ ਵਿਭਾਗ ਵਿਚ ਪ੍ਰੋਫੈਸਰ ਸਨ। 'ਨਾਨਕ ਪ੍ਰਕਾਸ਼ ਪਤ੍ਰਿਕਾ' ਦੀ ਡੰਮੀ ਪਹਿਲਾਂ ਹੀ ਪ੍ਰੈਸ ਨੂੰ ਭੇਜੀ ਹੋਈ ਸੀ। ਅਸੂਲ ਮੁਤਾਬਿਕ ਮੁਖੀ ਨੇ ਉਸ ਦਾ ਸੰਪਾਦਕ ਹੋਣਾ ਸੀ ਅਤੇ ਡਾ. ਤਾਰਨ ਸਿੰਘ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਗਏ ਸਨ। ਸਵਰਗਵਾਸੀ ਬੰਦਾ ਸੰਪਾਦਕ ਕਿਵੇਂ ਬਣਦਾ? ਡਾ. ਅਵਤਾਰ ਸਿੰਘ ਨੇ ਬਤੌਰ ਮੁਖੀ ਉਸਦੀ ਸੰਪਾਦਕੀ ਲਿਖੀ ਅਤੇ ਨਾਲ ਹੀ ਡਾ. ਤਰਨ ਸਿੰਘ ਦਾ ਫੋਟੋ ਸਮੇਤ ਸ਼ੋਕ ਸਮਾਚਾਰ ਛਾਪਿਆ। ਡੀਨ ਦਾ ਹਰ ਵਕਤ ਬਤੌਰ ਮੁਖੀ ਦੂਸਰੇ ਵਿਭਾਗ ਵਿਚ ਬੈਠਣਾ ਸੰਭਵ ਨਹੀਂ ਹੁੰਦਾ। ਇਸ ਲਈ ਉਨ੍ਹਾਂ ਨੇ ਡਾ. ਬਲਕਾਰ ਸਿੰਘ ਨੂੰ ਸੀਨੀਅਰਮੋਸਟ ਲੈਕਚਰਰ ਹੋਣ ਦੇ ਨਾਤੇ ਅੰਦਰੂਨੀ ਇੰਚਾਰਜ ਬਣਾ ਦਿੱਤਾ ਤਾਂ ਕਿ ਉਹ ਵਿਭਾਗ ਦੀ ਦੇਖ-ਭਾਲ ਕਰੇ ਅਤੇ ਵਕਤ ਨਾ ਹੋਣ ਵੇਲੇ ਜ਼ਰੂਰੀ ਡਾਕ ਫ਼ਿਲਾਸਫ਼ੀ ਵਿਭਾਗ ਵਿਚ ਜਾ ਕੇ ਕਢਾ ਲਈ ਜਾਵੇ। ਇਹ ਪ੍ਰਬੰਧ ਸਾਡੇ ਇੱਕ ਸੀਨੀਅਰ ਪਰ ਰਿਟਾਇਰਮੈਂਟ ਉਪਰੰਤ ਵਾਧੂ ਸੇਵਾ ਨਿਭਾ ਰਹੇ ਬੰਦੇ ਨੂੰ ਬਿਲਕੁਲ ਪਸੰਦ ਨਹੀਂ ਸੀ। ਉਸ ਨੇ ਕੋਸ਼ਿਸ਼ ਕੀਤੀ ਕਿ ਉਹ ਆਪ ਇੰਚਾਰਜ ਬਣੇ ਪਰ ਜਦੋਂ ਜਵਾਬ ਮਿਲ ਗਿਆ ਕਿ ਸੇਵਾਮੁਕਤ ਐਕਸਟੈਂਸ਼ਨ 'ਤੇ ਬੰਦਾ ਇੰਚਾਰਜ ਨਹੀਂ ਬਣ ਸਕਦਾ ਤਾਂ ਉਸ ਨੇ ਇੱਕ ਹੋਰ ਬੀਬੀ ਜਿਸਦੀ ਉਸ ਨਾਲ ਬਹੁਤ ਬਣਦੀ ਸੀ, ਨੂੰ ਚੁੱਕ ਦਿੱਤਾ ਕਿ "ਤੂੰ ਇੰਚਾਰਜ ਬਣ ਸਕਦੀ ਹੈਂ।" ਕਿਉਂਕਿ ਉਹ ਵਿਭਾਗ ਵਿਚ ਬਲਕਾਰ ਸਿੰਘ ਤੋਂ ਤਿੰਨ ਸਾਲ ਪਹਿਲਾਂ ਆਈ ਸੀ। ਉਸ ਨੂੰ ਇਹ ਗੱਲ ਭੁੱਲ ਗਈ ਕਿ ਸੀਨੀਆਰਤਾ ਸਾਲਾਂ ਮੁਤਾਬਿਕ ਨਹੀਂ, ਗਰੇਡ ਮੁਤਾਬਿਕ ਨਿਰਧਾਰਤ ਹੁੰਦੀ ਹੈ। ਇਸੇ ਤਰ੍ਹਾਂ ਹਿੰਮਤ ਸਿੰਘ ਸਾਰੀ ਉਮਰ ਇਸੇ ਗੱਲ 'ਤੇ ਲੜੀ ਗਿਆ ਕਿ ਉਹ ਵਿਭਾਗ ਵਿਚ ਸੀਨੀਅਰ ਹੈ ਕਿਉਂਕਿ ਉਹ ਤਕਰੀਬਨ ਡਾ. ਤਾਰਨ ਸਿੰਘ ਦੇ ਨਾਲ ਹੀ ਭਰਤੀ ਹੋਇਆ ਸੀ ਪਰ ਉਹ ਇਹ ਗੱਲ ਚੇਤੇ ਨਹੀਂ ਸੀ ਰੱਖਦਾ ਕਿ ਉਹ ਮਹਿਜ 250 ਰੁਪਏ ਮਹੀਨਾ ਫਿਕਸ ਤਨਖਾਹ 'ਤੇ ਭਰਤੀ ਹੋਇਆ ਸੀ। ਸੋ ਇਸ ਤਰ੍ਹਾਂ ਇਨ੍ਹਾਂ ਚਾਰ ਬੰਦਿਆਂ ਨੇ ਰਲ ਕੇ ਲੜਾਈ ਦਾ ਮੁਢ ਡਾ. ਅਵਤਾਰ ਸਿੰਘ ਦੀ ਇਹ ਸ਼ਿਕਾਇਤ ਕਰਕੇ ਵਿਢਿਆ ਕਿ ਉਨ੍ਹਾਂ ਨੇ ਮੈਗਜ਼ੀਨ ਦੇ ਸੰਪਾਦਕ ਬਣ ਕੇ ਅਕਾਦਮਿਕ ਚੋਰੀ ਕੀਤੀ ਹੈ।

(ਚਲਦਾ...)

***ਜਦੋਂ ਪਿਛਲੇ ਦਰਵਾਜ਼ੇ ਰਾਹੀਂ ਉਹ ਲੋਕ ਵਿਭਾਗਾਂ ਵਿਚ ਭਰਤੀ ਹੋ ਜਾਂਦੇ ਹਨ ਜਿਹੜੇ ਉਸ ਪੋਸਟ ਤੇ ਲੱਗਣ ਦੀ ਯੋਗਤਾ ਨਹੀਂ ਰੱਖਦੇ ਤਾਂ ਉਨ੍ਹਾਂ ਨੇ ਕੋਈ ਕੰਮ ਤੇ ਕਰਨਾ ਨਹੀਂ ਹੁੰਦਾ, ਕਿਉਂਕਿ ਉਨ੍ਹਾਂ ਵਿਚ ਨਾ ਤੇ ਕੰਮ ਕਰਨ ਦੀ ਯੋਗਤਾ ਹੁੰਦੀ ਹੈ ਅਤੇ ਨਾ ਹੀ ਸਮਰੱਥਾ, ਉਹ ਫਿਰ ਇਸ ਕਿਸਮ ਦੀ ਘਟੀਆ ਸਕੀਮਾਂ ਘੜਨ ਵਾਲੀ, ਗੱਲਾਂ ਬਣਾਉਣ ਵਾਲੀ ਰਾਜਨੀਤੀ ਕਰਦੇ ਹਨ ਜਿਸ ਰਾਹੀਂ ਦੂਸਰਿਆਂ ਦੀਆਂ ਜੜ੍ਹਾਂ ਵਿਚ ਤੇਲ ਦਿੱਤਾ ਜਾ ਸਕੇ।***

## ਸਿਆਣਿਆਂ ਦਾ ਕਿਹਾ

(1) ਗੁਰੂ ਦਾ ਖਾਲਸਾ ਲਗਾਤਾਰ ਆਪਣੀ ਮੰਜ਼ਿਲ ਦੀ ਪ੍ਰਾਪਤੀ ਲਈ ਆਪਣਾ ਸਭ ਕੁਝ ਨਿਛਾਵਰ ਕਰਦਾ ਆਇਆ ਹੈ।

(2) ਗੁਰਮਤਿ ਦੀ ਜੁਗਤਿ ਦੇ ਵਰਤਾਰੇ ਦੇ ਫਲਸਫੇ ਦਾ ਨਾਂ ਹੀ ਖਾਲਿਸਤਾਨ ਹੈ।

(3) ਰਾਜ ਕਰੇਗਾ ਖਾਲਸਾ, ਸਿੱਖ ਦੀ ਦਿੱਖ ਅਤੇ ਹਸਤੀ ਦਾ ਰੋਲ ਮਾਡਲ ਵੀ ਹੈ।

(4) ਸਿੰਘ ਸਭਾ ਲਹਿਰ ਗੁਰਦੁਆਰਿਆਂ ਵਿਚੋਂ ਮੂਰਤੀਆਂ ਅਤੇ ਮੰਹਤਾਂ ਨੂੰ ਤਾਂ ਕੱਢ ਸਕੀ ਹੈ ਪਰ ਸਿੱਖ ਦੀ ਸੋਚਣੀ ਅਤੇ ਆਚਰਣ ਵਿਚੋਂ ਬ੍ਰਾਹਮਣ ਨੂੰ ਕੱਢਣ ਹਿੱਤ ਕੋਈ ਉਪਰਾਲਾ ਨਾ ਕਰ ਸਕੀ।

(5) ਸਿੱਖ ਕੌਮ ਦੀਆਂ ਦੁਸ਼ਮਣ ਤਾਕਤਾਂ, ਸਿੱਖਾਂ ਵਿਚ ਅਤੇ ਬਾਹਰ ਬੈਠ ਕੇ ਵੀ ਆਪਣੀ ਇਸ ਕੋਸ਼ਿਸ਼ ਵਿਚ ਸਫਲ ਹੁੰਦੀਆਂ ਦਿਖਦੀਆਂ ਹਨ ਕਿ ਸਿੱਖਾਂ ਵਿਚੋਂ ਬੌਧਿਕਤਾ ਉਤਮਤਾ ਅਤੇ ਖਾਲਸਾਈ ਤੱਤ ਨੂੰ ਮੁਕੰਮਲ ਤੌਰ 'ਤੇ ਖਤਮ ਕਰ ਦਿੱਤਾ ਜਾਵੇ ਤਾਂ ਜੋ ਖਾਲਸੇ ਦਾ ਹਸ਼ਰ ਵੀ ਜੈਨ ਅਤੇ ਬੁੱਧ ਮਤ ਵਾਲਾ ਹੋ ਜਾਵੇ।

(6) ਬਲਦੀ ਅੱਗ ਨਾਲੋਂ ਧੁਖਦੀ ਅੱਗ ਕਿਤੇ ਵੱਧ ਖਤਰਨਾਕ ਹੁੰਦੀ ਹੈ।

(7) ਭਾਰਤ ਅੰਦਰ ਸਿੱਖਾਂ ਦੇ ਕਤਲੇਆਮ ਲਈ ਅਤੇ ਪੰਜਾਬ ਦੀ ਧੌਣ ਦਬਾ ਕੇ ਰੱਖਣ ਵਿਚ ਹਿੰਦੂ ਅਤਿਵਾਦੀਆਂ ਦੇ ਨਾਲ ਨਾਲ ਅਕਾਲੀ ਲੀਡਰ ਵੀ ਬਰਾਬਰ ਦੇ ਜ਼ਿੰਮੇਵਾਰ ਹਨ।

(8) ਕਿਸੇ ਘਟਗਿਣਤੀ ਨੂੰ ਘੱਟ ਗਿਣਤੀ ਨਾ ਸਮਝੋ, ਚੁਆਤੀ ਦੀ ਸ਼ਕਤੀ ਭਾਬੜਾਂ ਦੀ ਮਾਂ ਹੁੰਦੀ ਹੈ।

(9) ਜਿੱਥੇ ਜ਼ੁਲਮ ਅਤੇ ਅਨਿਆਂ ਵਾਪਰੇਗਾ ਉਥੇ ਹਾਹਾਕਾਰ ਮਚੇਗੀ।

(10) ਭਾਰਤੀ ਸਿਆਸੀ ਲੀਡਰਾਂ ਵਲੋਂ ਪੰਜਾਬ ਦਾ ਉਲਝਾਇਆ ਮਾਮਲਾ, ਭਾਰਤ ਨੂੰ ਤਾਕਤ ਨਹੀਂ ਬਲਕਿ ਖੇਰੂੰ ਖੇਰੂੰ ਕਰਨ ਦਾ ਮੁੱਖ ਕਾਰਨ ਬਣਦਾ ਜਾ ਰਿਹਾ ਹੈ।

(11) ਭਾਰਤੀਆਂ ਦੇ ਸਰਕਾਰੀ ਅਤੇ ਗੈਰ-ਸਰਕਾਰੀ ਪੱਧਰ 'ਤੇ ਮਾੜੇ ਵਤੀਰੇ ਕਾਰਨ ਸਿੱਖਾਂ ਅੰਦਰ ਖਾਲਿਸਤਾਨ ਦੀ ਆਜ਼ਾਦੀ ਲਈ ਤਾਂਘ ਪੈਦਾ ਹੋਈ ਹੈ।

(12) ਆਪਣੇ ਆਪ ਨੂੰ ਭੀੜ ਵਿਚ ਗੁਆਚ ਜਾਣ ਦੇ ਨਹੀਂ-ਬਲਕਿ ਭੀੜ ਦੀ ਅਗਵਾਈ ਕਰਨ ਦੇ ਕਾਬਲ ਬਣਾਉ ।

(13) ਲੰਮੇ ਕਾਫਲੇ ਨਾਲ ਰਲਣ ਵਾਲੇ ਪੁਰਾਣੇ ਬੰਦੇ-ਆਪਣੀਆਂ ਪੁਰਾਣੀਆਂ ਮੁਸ਼ਕਲਾਂ ਵੀ ਨਾਲ ਹੀ ਲਿਆਉਂਦੇ ਹਨ।

(14) ਪੈਸੇ ਨਾਲ ਨਿਸ਼ਾਨ ਤਾਂ ਮਿਟ ਸਕਦਾ ਹੈ ਪਰ ਦਿਲ ਦਾ ਦਰਦ ਨਹੀਂ।

(15) ਸ਼ੇਰ ਅਖਵਾਉਣਾ ਸੌਖਾ ਹੈ ਪਰ ਸੀਸ ਤਲੀ ਧਰਨਾ ਔਖਾ ਹੈ।

(16) ਜੋ ਹਮੇਸ਼ਾ ਕਰਦੇ ਨੇ ਧਰਮ ਦਾ ਪ੍ਰਚਾਰ-ਉਨ੍ਹਾਂ ਦਾ ਵਧਦਾ ਹੈ ਕਿਰਦਾਰ।

(17) ਕਾਫਲੇ 'ਚ ਚਲਣ ਵਾਲਿਆਂ 'ਚੋਂ ਥੱਕਣ ਵਾਲੇ ਦੀ ਮਦਦ ਕਰੋ-ਅੱਕਣ ਵਾਲੇ ਤੋਂ ਬਚ ਕੇ ਰਹੋ।

(18) ਆਪਣਾ ਅੱਜ ਸੰਭਾਲੋ-ਤੁਹਾਡਾ ਕੱਲ ਸੁਰਖਿਅਤ ਹੋ ਜਾਵੇਗਾ।

(19) ਕਿਸੇ ਨੂੰ ਇਤਨਾ ਦੁੱਖ ਨਾ ਦਿਉ ਕਿ ਉਹ ਆਪਣੇ ਇੱਕ ਇੱਕ ਹੰਝੂ ਦਾ ਬਦਲਾ ਤੁਹਾਡੇ ਖੂਨ ਦੀ ਇੱਕ ਇੱਕ ਬੂੰਦ ਤੋਂ ਲਵੇ।

(20) ਸ਼ਬਦਾਂ ਦੇ ਵਾਰ ਤਲਵਾਰ ਦੇ ਵਾਰ ਨਾਲੋਂ ਵਧੇਰੇ ਖਤਰਨਾਕ ਹਨ।

(21) ਪਿੰਜਰੇ ਵਿਚ ਕੈਦ ਪੰਛੀ ਕਦੇ ਵੀ ਖੁਸੀਂ ਦੇ ਗੀਤ ਨਹੀਂ ਗਾਉਂਦਾ।

(22) ਇਲਜ਼ਾਮ ਲੱਗਣ ਅਤੇ ਇਲਜ਼ਾਮ ਸਾਬਤ ਹੋਣ ਵਿਚ ਬਹੁਤ ਅੰਤਰ ਹੈ।

(23) ਜਿੱਤਣ ਵਾਲੇ ਕੋਈ ਵੱਖਰਾ ਕੰਮ ਨਹੀਂ ਕਰਦੇ, ਸਗੋਂ ਉਹ ਕੰਮ ਨੂੰ ਹੀ ਵੱਖਰੇ ਢੰਗ ਨਾਲ ਕਰਦੇ ਹਨ।

(24) ਸਫਲਤਾ ਦਾ ਅਰਥ ਪੂਰਨ ਯੁੱਧ ਜਿੱਤਣਾ ਹੈ, ਨਾ ਕਿ ਇੱਕਾ ਦੁੱਕਾ ਲੜਾਈਆਂ।

(25) ਪ੍ਰਬੰਧਕਾਂ ਦੇ ਸੋਚਣ ਦਾ ਢੰਗ ਵਧੀਆ ਹੋਵੇ ਤਾਂ ਵਰਕਰ ਆਪਣੇ ਆਪ ਹੀ ਮੇਲ ਮਿਲਾਪ ਨਾਲ ਇੱਕ ਜੁੱਟ ਹੋ ਕੇ ਕੰਮ ਵਧੀਆ ਕਰਦੇ ਹਨ।

(26) ਮੁੱਲਵਾਨ ਉਹ ਚੀਜ਼ ਹੈ ਜਿਹੜੀ ਆਪਣੇ ਅੰਦਰ ਹੈ ਅਤੇ ਜਿਹੜੀ ਚੀਜ ਆਪਾਂ ਨੂੰ ਉਪਰ ਚੁਕਦੀ ਹੈ ਉਹ ਆਪਣਾ ਦ੍ਰਿਸ਼ਟੀਕੋਣ ਹੈ।

(27) ਮਨੁੱਖ ਆਪਣੀ ਸੋਚ ਬਦਲ ਕੇ ਆਪਣੀ ਜ਼ਿੰਦਗੀ ਨੂੰ ਨਵੇਂ ਸਿਰਿਉਂ ਬਦਲ ਸਕਦਾ ਹੈ।

*ਪੇਸ਼ਕਾਰ-ਪਰਮਜੀਤ ਸਿੰਘ ਦਾਖਾ*

# ਬੜੇ ਔਖੇ ਫੜ੍ਹਨੇ ਨੇ-ਸ਼ੇਰ ਦਾ ਲੱਕ, ਮਿਰਗ ਦੀ ਲੱਤ, ਸਿਰੀ ਤੋਂ ਸੱਪ

ਗੱਲੀਂ-ਬਾਤੀਂ




ਐਸ. ਅਸ਼ੋਕ ਭੌਰਾ

ਫੋਨ:510-277-2592


*ਜ਼ਿੰਦਗੀ ਵਿਚ ਕਈ ਬੰਦਿਆਂ ਨੂੰ ਕਿਤੇ ਵੀ ਘਾਟਾ ਨਹੀਂ ਪਿਆ ਪਰ ਵਿਆਹ 'ਚ ਅਜਿਹੇ ਘਾਟੇ ਪਏ ਕਿ ਦੁਹਾਈਆਂ ਦੇ ਕੇ ਆਖਦੇ ਰਹੇ ਸਾਰੀ ਉਮਰ ਗਵਾ ਲਈ ਤੂੰ ਜ਼ਿੰਦੜੀਏ ਕੁਝ ਨਾ ਜਹਾਨ ਵਿਚੋਂ ਖੱਟਿਆ। ਆਲੋਚਨਾ ਅਤੇ ਨੁਕਤਾਚੀਨੀ ਤੋਂ ਘਬਰਾਉਣਾ ਨਹੀਂ ਚਾਹੀਦਾ, ਕਿਉਂਕਿ ਇਹ ਤਾਂ ਤੁਹਾਡੀ ਪ੍ਰਸਿੱਧੀ 'ਤੇ ਵਿਆਜ ਲੱਗ ਰਿਹਾ ਹੁੰਦਾ ਹੈ। ਕਈਆਂ ਨੇ ਭਾਵੇਂ ਕਦੇ ਘੁੱਟ ਨਾ ਲਾਈ ਹੋਵੇ ਪਰ ਉਨ੍ਹਾਂ ਨੂੰ ਪਤਾ ਉਦੋਂ ਲਗਦੈ ਕਿ ਪਹਿਲੇ ਤੋੜ ਦੀ ਦਾ ਨਸ਼ਾ ਕੀ ਹੁੰਦੈ, ਜਦੋਂ ਪ੍ਰੇਮਿਕਾ ਮੁਸਕਰਾ ਕੇ ਚੁੰਨੀ ਦੀ ਕਿਨਾਰੀ ਦੰਦਾਂ ਹੇਠ ਦੇ ਲਵੇ। ਪ੍ਰੇਮੀ ਜਦੋਂ ਪਤੀ ਬਣ ਜਾਂਦਾ ਹੈ ਤਾਂ ਫਿਰ ਉਹਨੂੰ ਅਹਿਸਾਸ ਹੁੰਦਾ ਕਿ ਪਿਆਰ 'ਚੋਂ ਰੀੜ੍ਹ ਦੀ ਹੱਡੀ ਕੱਢ ਲਈ ਗਈ ਹੈ। ਜਾਦੂਗਰਾਂ ਕੋਲ ਹੱਥ ਦੀ ਸਫਾਈ ਵੀ ਹੁੰਦੀ ਹੈ ਤੇ ਨਜ਼ਰਾਂ ਦੀ ਚਲਾਕੀ ਵੀ। ਉਹ ਨਜ਼ਰਾਂ ਨਾਲ ਨਜ਼ਰ ਦੀ ਲੜਾਈ ਲੜ ਰਿਹਾ ਹੁੰਦਾ ਹੈ। ਤੁਹਾਨੂੰ ਸ਼ਾਇਦ ਪਤਾ ਨਾ ਹੋਵੇ ਕਿ ਨਿਓਲੇ ਦਾ ਸ਼ਿਕਾਰ ਸੱਪ ਇਸ ਕਰਕੇ ਬਣ ਗਿਆ ਹੈ ਕਿ ਸੱਪ ਨੇ ਇਕ ਵਾਰ ਉਹਨੂੰ ਸਮੁੰਦਰ ਪਾਰ ਕਰਾਉਣ ਦਾ ਲਾਲਚ ਦੇ ਕੇ ਵਿਚਾਲੇ ਡੋਬ ਦਿੱਤਾ ਸੀ। ਬਹੁਤ ਸਾਰੇ ਲੋਕ ਧਨਵਾਨ ਤਾਂ ਬਣ ਗਏ ਪਰ ਅਮੀਰ ਨਹੀਂ ਬਣ ਸਕੇ ਤਦ ਹੀ ਉਨ੍ਹਾਂ ਨਾਲ ਮਣੀ ਦੇ ਸੱਪ ਦੀ ਅੱਲ ਪੈ ਗਈ। ਕਈ ਵਾਰ ਪਤਾ ਨਹੀਂ ਲਗਦਾ, ਜਦੋਂ ਬੰਦਾ ਤਾਂ ਸੋਚਦੈ ਉਹਦਾ ਭਲਾ ਹੋਣ ਲੱਗਾ ਹੈ ਪਰ ਉਹ ਜਾਣ ਨਹੀਂ ਸਕਦਾ ਕਿ ਇਹ ਕੰਮ ਠੱਗਾਂ ਨੇ ਕਦੇ ਨਹੀਂ ਕਰਨਾ ਹੁੰਦਾ। ਜਿਸ ਬੰਦੇ ਦਾ ਮਖੌਲੀਆਂ ਨਾਂ ਨਹੀਂ ਪੈਂਦਾ ਸਮਝੋ ਉਹਦੀ ਸਮਾਜ 'ਚ ਥਾਂ ਬਣਨੀ ਹਾਲੇ ਬਾਕੀ ਹੈ। ਸੁਦਾਮ ਹੁਸੈਨ ਨੂੰ ਜੇ ਪਤਾ ਹੁੰਦਾ ਕਿ ਤਾਕਤ ਦੇ ਨਸ਼ੇ ਵਿਚ ਫੜ੍ਹ ਮਾਰਨਾ ਬੜਾ ਮਹਿੰਗਾ ਹੁੰਦੈ ਤਾਂ ਉਹ ਕਦੇ ਨਾ ਆਖਦਾ ਕਿ ਸਾਡੇ ਕੋਲ ਨਾਗਾਸਾਕੀ ਤੇ ਹੀਰੋਸ਼ੀਮਾ ਵਰਗੀ ਤਬਾਹੀ ਦਾ ਮਾਲ ਹੈ। ਜ਼ਿਮੀਂਦਾਰ ਰੱਬ ਦੀਆਂ ਗੱਲਾਂ ਇਸ ਕਰਕੇ ਵੱਧ ਕਰਦੇ ਹਨ ਕਿ ਜਿਸ ਮੌਸਮ ਨਾਲ ਉਨ੍ਹਾਂ ਦਾ ਕਾਰੋਬਾਰ ਚਲਦੈ, ਉਹਦੀ ਚਾਬੀ ਉਹਦੇ ਹੀ ਹੱਥ 'ਚ ਹੈ। ਜੰਗ ਦੇ ਮੈਦਾਨ 'ਚ ਕਮਾਂਡਰ ਨੇ ਅੱਗੇ ਵਧਣਾ ਹੁੰਦਾ ਹੈ, ਉਹ ਇਹ ਨਹੀਂ ਦੇਖਦਾ ਕਿ ਕੌਣ ਸ਼ਹੀਦ ਹੋ ਗਿਆ ਹੈ? ਕਿਉਂਕਿ ਇਹ ਕੰਮ ਕੌਮ ਦਾ ਹੈ। ਚਲੋ ਤੰਗ-ਫੰਗ ਹੋ ਕੇ ਸ਼ੇਰ, ਮਿਰਗ ਤੇ ਸੱਪ ਤਾਂ ਫੜ੍ਹ ਲਵਾਂਗੇ ਪਰ ਉਜਾਗਰ ਵਰਗੇ ਬੰਦੇ ਤੁਹਾਡੀਆਂ ਨਜ਼ਰਾਂ ਸਾਹਮਣੇ ਬਹੁਤ ਤੁਰੇ ਫਿਰਦੇ ਹਨ।*

ਸਿਆਣੇ ਕਹਿੰਦੇ ਨੇ ਕਈ ਲੋਕ ਆਪ ਵੀ ਵਿਗੜ ਜਾਂਦੇ ਨੇ, ਔਲਾਦ ਵੀ ਵਿਗਾੜ ਲੈਂਦੇ ਨੇ ਪਰ ਸਮਾਜ ਨੂੰ ਸੁਧਾਰਨ ਦੇ ਠੇਕੇ ਦਾ ਠੋਕ ਕੇ ਟੈਂਡਰ ਭਰਨ ਲੱਗ ਪੈਂਦੇ ਨੇ। ਲਾਲਚ 'ਚ ਗ੍ਰਸੇ ਆਦਮੀ ਦੀ ਹਾਲਤ ਉਹੀ ਹੁੰਦੀ ਹੈ ਜਿਵੇਂ ਅੰਨ੍ਹਾ ਬੰਦਾ ਮੱਸਿਆ ਦੀ ਰਾਤ ਵਿਚ ਹੱਥ ਪੈਰ ਮਾਰ ਰਿਹਾ ਹੋਵੇ। ਲੋਭ ਉਸ ਸਥਿਤੀ ਦਾ ਨਾਂ ਹੈ ਜਦੋਂ ਅੱਖਾਂ ਤਾਂ ਖੁੱਲ੍ਹੀਆਂ ਹੋਣ ਪਰ ਦਿਸਣੋਂ ਹਟ ਗਿਆ ਹੋਵੇ। ਤੇ ਜਦੋਂ ਲਾਲਚ 'ਤੇ ਲੋਭ 'ਕੱਠੇ ਮੌਰਾਂ 'ਤੇ ਬੈਠ ਜਾਣ ਤਾਂ ਨਜ਼ਰਾਂ ਏਨੀਆਂ ਟੀਰੀਆਂ ਹੋ ਜਾਂਦੀਆਂ ਨੇ ਕਿ ਇਕ ਦੇ ਦੋ-ਦੋ ਦਿਸਣੇ ਕੋਈ ਖਾਸ ਗੱਲ ਨਹੀਂ ਹੁੰਦੀ। ਸ਼ਮੀ ਜਲੰਧਰੀ ਨੇ ਇਕ ਕਵਿਤਾ ਭੇਜੀ ਹੈ ਜਿਹੜੀ ਲਗਦੈ ਥੋਨੂੰ ਵੀ ਚੰਗੀ ਲੱਗੇਗੀ:

ਅੱਖਾਂ ਦੀ ਜ਼ੁਬਾਨ ਨਹੀਂ ਹੁੰਦੀ
ਫਿਰ ਵੀ ਬੋਲਦੀਆਂ ਨੇ
ਭੇਦ ਖੋਲ੍ਹਦੀਆਂ ਨੇ...
ਅੱਖਾਂ ਖੁੱਲ੍ਹੀਆਂ ਹੋਣ ਤਾਂ ਰਾਹ ਦੱਸਦੀਆਂ ਨੇ
ਰੋਂਦੀਆਂ ਹੋਣ ਤਾਂ ਦੁੱਖ
ਲੱਗ ਜਾਣ ਤਾਂ ਇਸ਼ਕ ਹੁੰਦਾ ਹੈ
ਬਦਲ ਜਾਣ ਤਾਂ ਬੇਵਫਾਈ
ਵੱਜ ਜਾਣ ਤਾਂ ਖਤਾ
ਮਟਕ ਜਾਣ ਤਾਂ ਅਦਾ
ਗੁੱਸਾ ਹੋਵੇ ਤਾਂ ਲਾਲ ਹੋ ਜਾਂਦੀਆਂ ਨੇ
ਹਾਲੋਂ ਬੇਹਾਲ ਹੋ ਜਾਂਦੀਆਂ ਨੇ
ਚੜ੍ਹ ਜਾਣ ਤਾਂ ਸਰੂਰ
ਪੀਤੀ ਹੋਵੇ ਤਾਂ ਅੱਖਾਂ 'ਚ ਸਰੂਰ
ਸਹਿਮ ਜਾਣ ਤਾਂ ਡਰ
ਪਥਰਾ ਜਾਣ ਤਾਂ ਸਦਮਾ
ਬੰਦ ਹੋਣ ਤਾਂ ਬੰਦਗੀ
ਜਾਂ ਫਿਰ ਗੂੜ੍ਹੀ ਨੀਂਦ
ਮੀਟੀਆਂ ਜਾਣ ਤਾਂ ਮੌਤ...

ਤੇ ਇਸੇ ਲਈ ਕਹਿੰਦੇ ਨੇ ਅੱਖਾਂ 'ਚ ਛੇਤੀ ਕਸੂਰ ਨਹੀਂ ਕੱਢਣਾ ਚਾਹੀਦਾ ਕਿਉਂਕਿ ਅੱਖਾਂ ਦੀ ਕਹਾਣੀ ਨੂੰ ਸਮਝਣਾ ਆਮ ਆਦਮੀ ਦੇ ਵਸ ਦੀ ਗੱਲ ਨਹੀਂ ਹੁੰਦੀ। ਅੱਖਾਂ 'ਚ ਕਾਲਾ ਮੋਤੀਆ ਹੀ ਨਹੀਂ, ਫੋਲਾ ਉਦੋਂ ਪੈਂਦਾ ਹੈ ਜਦੋਂ ਨਜ਼ਰਾਂ ਬੇਈਮਾਨੀ 'ਚ ਕੁੱਬੀਆਂ ਹੋਣ। ਅੱਖ ਕਈ ਵਾਰ ਇਕ ਗ਼ਲਤੀ ਕਰਦੀ ਹੈ ਪਰ ਹਰਜਾਨਾ ਪਤਾ ਨਹੀਂ ਹੋਰ ਕਿੰਨੀਆਂ ਅੱਖਾਂ ਨੂੰ ਭਰਨਾ ਪੈਂਦਾ ਹੈ। ਸੁਆਰਥ ਤੇ ਲੋਭ 'ਚ ਤੁੰਨ ਹੋਏ ਲੋਕਾਂ ਦੇ ਸਰਦੀਆਂ 'ਚ ਵੀ ਪਿੱਤ ਨਿਕਲ ਆਉਣ ਦੀ ਸੰਭਾਵਨਾ ਬਣ ਜਾਂਦੀ ਹੈ। ਇਕ ਗੀਤ ਸੀ ਕਿ 'ਲਾਲਚ ਵਸਦੇ ਮਹਿਲ ਉਜਾੜੇ ਤੇ ਲਾਲਚ ਕਤਲ ਕਰਾਵੇ...।' ਪਰ ਅਜਿਹੇ ਲਾਲਚ ਦਾ ਮੁਕੱਦਮਾ ਸੁਣਾਉਣ ਲੱਗਾ ਹਾਂ ਤੇ ਉਚ ਅਦਾਲਤ ਵਾਂਗ ਫੈਸਲਾ ਮੁਨਸਿਫ ਬਣ ਕੇ ਆਪ ਕਰ ਲਿਓ।

ਮਾਲਵੇ ਦਾ ਇਕ ਪਿੰਡ ਤੇ ਪਿੰਡ 'ਚ ਵਸਦਾ ਸੀ ਬਾਹਰਲੇ ਪੰਦਰਾਂ ਵਿੱਘੇ ਵਾਲੇ ਖੂਹ 'ਤੇ ਉਜਾਗਰ ਸਿੰਘ। ਪਰ ਕਰਤੂਤਾਂ ਨੇ ਏਹਾ ਪਾਸਾ ਸੁੱਟਿਆ ਕਿ ਲੋਭ ਦੇ ਚੱਕਰ ਵਿਚ ਖੂਨੀ ਬਣ ਗਿਆ। ਗੱਲ ਓਸ ਵਕਤ ਦੀ ਹੈ ਜਦੋਂ ਹਾਲਤਾਂ ਨੇ ਬੰਦੇ ਦਾ ਨਹੀਂ ਪੰਜਾਬ ਦਾ ਪਿੰਡਾ ਪਿੱਤ ਨਾਲ ਲਾਲ ਕੀਤਾ ਹੋਇਆ ਸੀ। ਪਿੰਡੋਂ ਦੋ ਕੋਹ ਦੂਰ ਸੁੰਨ-ਸਾਨ ਥਾਂ 'ਤੇ ਖੂਹ ਹੋਣ ਕਰਕੇ ਖਾੜਕੂ ਪੁਲਿਸ ਨਾਲ ਲੁਕਣਮੀਚੀ ਖੇਡਣ ਦੇ ਚੱਕਰ ਵਿਚ ਤੇ ਲੰਗਰ-ਪਾਣੀ ਛਕਣ ਲਈ ਉਜਾਗਰ ਸਿੰਘ ਦੇ ਘਰ ਆ ਜਾਂਦੇ। ਅਜਿਹਾ ਕਦੇ ਕਦਾਈਂ ਨਹੀਂ ਅਕਸਰ ਚਲਦਾ ਰਹਿੰਦਾ ਸੀ। ਇਕ ਦਿਨ ਅਜਿਹਾ ਆਇਆ ਕਿ ਤਿੰਨ ਖਾੜਕੂ ਆਪਣੀਆਂ ਦੋ ਅਸਾਲਟਾਂ ਤੇ ਕਰੀਬ ਪੰਝੀ ਲੱਖ ਰੁਪਿਆ ਉਜਾਗਰ ਸਿੰਘ ਨੂੰ ਇਹ ਕਹਿ ਕੇ ਸੌਂਪ ਗਏ ਕਿ ਭਲਕੇ-ਪਰਸੋਂ ਲੈ ਜਾਵਾਂਗੇ। ਰੱਬ ਦੀ ਕਰਨੀ ਇਹ ਹੋਈ ਕਿ ਉਹ ਅੱਗੇ ਪੁਲਿਸ ਦੇ ਹੱਥ ਲੱਗ ਗਏ ਤੇ ਹੋਇਆ ਉਹੀ ਜੋ ਉਨ੍ਹਾਂ ਦਿਨਾਂ ਵਿਚ ਹੁੰਦਾ ਸੀ ਮੌਤ ਨੇ ਘੇਰ ਲਏ। ਭੇਦ ਫਿਰ ਲਾਲਚ ਵਿਚ ਬਦਲ ਗਿਆ ਤੇ ਏਡੀ ਵੱਡੀ ਰਾਸ਼ੀ ਦਾ ਮਾਲਕ ਉਜਾਗਰ ਸਿੰਘ। ਨਜ਼ਰਾਂ ਹੇਰਾ-ਫੇਰੀ 'ਚ ਫਸ ਗਈਆਂ।

ਸਮਾਂ ਗੁਜ਼ਰਦਾ ਗਿਆ ਪਰ ਉਜਾਗਰ ਸਿੰਘ ਨੂੰ ਸਮਝ ਨਾ ਪਵੇ ਕਿ ਉਹ ਕਰੇ ਤਾਂ ਕੀ ਕਰੇ। ਸ਼ੈਤਾਨ ਦੀ ਅੱਖ ਖੁਲ੍ਹ ਹੀ ਗਈ। ਆੜ੍ਹਤੀਏ ਕੋਲ ਫਰੇਬ ਦੀ ਝੂਠੀ ਕਹਾਣੀ ਕਹਿ ਸੁਣਾਈ ਕਿ ਉਸ ਦੇ ਇਕ ਦੋਸਤ ਨੇ ਪੰਝੀ ਲੱਖ ਰੁਪਿਆ ਭੇਜਿਆ ਹੈ ਹੁੰਡੀ ਰਾਹੀਂ, ਬਿਜ਼ਨਸ ਕਿਹੜਾ ਕੀਤਾ ਜਾ ਸਕਦਾ ਹੈ। ਆੜ੍ਹਤੀਆ ਲਾਲਚ ਨਾਲ ਘਿਓ-ਖਿਚੜੀ ਹੋ ਗਿਆ। ਉਹਨੇ ਜੁਗਤ ਬਣਾਈ ਕਿ ਜਿਵੇਂ ਪੈਸਾ ਨਚਾਊ ਨੱਚੀ ਚੱਲੀਂ, ਬੱਸ ਸਮਝੀਂ ਵਾਰੇ-ਨਿਆਰੇ। ਬੋਗਸ ਚਿੱਟ ਫੰਡ ਕੰਪਨੀ ਖੋਲ੍ਹ ਲਈ ਤੇ ਲੋਕਾਂ ਨੂੰ ਤਿੰਨ ਸਾਲ 'ਚ ਦੁਗਣੀ ਰਕਮ ਕਰਨ ਦੀਆਂ ਲਾਲਚ ਵਾਲੀਆਂ ਬੁਰਕੀਆਂ ਸੁੱਟ ਦਿੱਤੀਆਂ। ਫਿਰ ਕੀ? ਉਡਦੇ ਪਰਿੰਦੇ ਚੋਗ ਚੁਗਣ ਲੱਗ ਪਏ। ਤਿੰਨ ਸਾਲ ਪਿੱਛੋਂ ਪੈਸੇ ਦੁਗਣੇ ਕਰਕੇ ਵਾਪਿਸ ਵੀ ਮੋੜਨੇ ਸ਼ੁਰੂ ਕਰ ਦਿੱਤੇ। ਵਿਸ਼ਵਾਸ ਦਾ ਐਸਾ ਚੌਕਾ ਪੂਰਿਆ ਗਿਆ ਕਿ ਅਗਲੇ ਸਾਲਾਂ 'ਚ ਪੜ੍ਹੇ ਲਿਖੇ ਵੀ ਮੁਹੰਮਦ ਤੁਗਲਕ ਬਣ ਗਏ। ਚਾਲ ਸ਼ੁਕਨੀ ਵਾਂਗ ਲੱਖਾਂ ਦੀ ਖੇਡੀ ਸੀ, ਬਾਜੀ ਕਰੋੜਾਂ 'ਚ ਜਿੱਤੀ ਜਾਣ ਲੱਗ ਪਈ।

ਸੁਭੈਕੀ ਇਹ ਵਾਪਰਿਆ ਕਿ ਪਿੰਡ ਦੇ ਮਰਾਸੀਆਂ ਦਾ ਬੀਰੂ ਰਾਮ ਇਕ ਦੁਰਘਟਨਾ ਵਿਚ ਰੱਬ ਦੇ ਗਲ ਬਾਹਾਂ ਪਾ ਗਿਆ। ਤਿੰਨ ਧੀਆਂ ਤੇ ਇਕ ਜੁਆਕ। ਨਿੱਕੇ ਨਿੱਕੇ ਚਾਰ ਬਲੂੰਗੜੇ ਬਿੱਲੀ ਵਾਂਗ ਹਿੱਕ ਨਾਲ ਲਾ ਕੇ ਬੀਰੂ ਦੀ ਵਹੁਟੀ ਭਾਨੋ ਰਾਹਾਂ-ਗਲੀਆਂ 'ਚ ਰੋਂਦੀ-ਕੁਰਲਾਉਂਦੀ ਫਿਰੇ। ਪਿੰਡ ਦੀ ਹੀ ਨੌਜਵਾਨ ਸਭਾ ਭਾਨੋ ਦੀ ਭਲਾਈ ਤੇ ਪਰਿਵਾਰ ਵਸੇਬੇ ਲਈ ਅੱਗੇ ਆਈ। ਦੋ ਤਿੰਨ ਅਮਰੀਕਾ ਤੋਂ ਗਏ ਪਿੰਡ ਦੇ ਮੁੰਡਿਆਂ ਨੇ ਹੰਭਲਾ ਮਾਰਿਆ ਤੇ ਸਵਾ ਕੁ ਲੱਖ ਰੁਪਿਆ 'ਕੱਠਾ ਕਰ ਲਿਆ।

ਮੁੰਡਿਆਂ ਨੇ ਸੋਚਿਆ ਕਿ ਭਾਨੋ ਦਾ ਜੁਆਕ-ਜੱਲਾ ਤਾਂ ਹਾਲੇ ਸੁੱਖ ਨਾਲ ਗਿੱਲਾ ਪੀਣ੍ਹ ਹੈ, ਸਿਰ ਗਿਲੇ ਨੇ ਕਿਉਂ ਨਾ ਇਸ ਪਵਿੱਤਰ ਕਾਰਜ ਨੂੰ ਹੋਰ ਪਵਿੱਤਰ ਕਰਨ ਲਈ ਗੰਗਾ ਜਲ ਦੇ ਛਿੱਟੇ ਦਿੱਤੇ ਜਾਣ। ਪੈਸੇ ਉਜਾਗਰ ਸਿੰਘ ਕੋਲ ਦੁਗਣੇ ਕਰਨ ਲਈ ਜਮ੍ਹਾਂ ਕਰਵਾ ਦਿੰਦੇ ਆ ਤੇ ਨੌਂ ਕੁ ਸਾਲਾਂ ਤੱਕ ਜਦੋਂ ਨੂੰ ਵਿਆਹ-ਮੁਕਲਾਵੇ ਤੋਰਨੇ ਆਂ ਰੁਪਿਆ ਸਵਾ ਲੱਖ ਤੋਂ ਦਸ ਲੱਖ ਬਣ ਜੂ। ਸਰਬ ਸੰਮਤੀ ਦੇ ਮਤੇ ਵਾਂਗ ਗੱਲ ਸਾਰਿਆਂ ਦੇ ਮਨ ਨੂੰ ਲੱਗ ਗਈ। ਚਲੇ ਗਏ ਸੁਦਾਮ ਦੀ ਭੋਰੇ ਹੇਠਲੀ ਰਿਜ਼ਰਵ ਬੈਂਕ ਕੋਲ ਨੂੰ।

'ਲੈ ਬਈ ਤਾਇਆ ਤੈਨੂੰ ਪਤਾ ਈ ਐ ਕਿ ਆਪਣਾ ਬੀਰੂ ਫਾਨੀ ਦੁਨੀਆਂ ਨੂੰ ਫਤਿਹ ਬੁਲਾ ਗਿਆ। ਆਹ ਅਸੀਂ ਫੰਡ 'ਕੱਠਾ ਕੀਤਾ ਸਵਾ ਲੱਖ। ਕਰਦੇ ਇਹਦੀ ਤਿੰਨ ਸਾਲਾਂ ਲਈ ਐਫ.ਡੀ।' ਮੁੰਡਿਆਂ ਨੇ ਬੇਨਤੀ ਕੀਤੀ।'

''ਹੱਦ ਹੋ ਗਈ ਗੱਭਰੂਓ ਪੰਝੀ ਹਜ਼ਾਰ ਮੈਂ ਪਾ ਦੇਨੈ ਪੂਰਾ ਡੂਢ ਕਰ ਦਿੰਨੇ ਆਂ।'' ਤੇ ਉਹਨੇ ਸਵਾ ਲੱਖ ਲੈ ਕੇ ਪੂਰੇ ਡੇਢ ਦੀ ਪਰਚੀ ਹੱਥ ਫੜਾ 'ਤੀ।

ਤੇ ਫਿਰ ਚਲਾਕੀਆਂ ਦਾ ਚਰਖਾ ਚੱਪਾ ਚੱਪਾ ਕਰਕੇ ਚੱਲਣ ਲੱਗ ਪਿਆ। ਪੰਜਾਹ ਲੱਖ ਦੀ ਵੇਚੀ ਪੈਲੀ ਤੇ ਖਾੜਕੂਆਂ ਦੇ ਪੰਝੀ ਲੱਖ ਨਾਲ 'ਕੱਠਾ ਕੀਤਾ ਪੰਜ ਕਰੋੜ ਲੈ ਕੇ, ਰਿਜ਼ਰਵ ਬੈਂਕ ਦਾ ਗੱਲਾ ਲੈ ਕੇ 'ਹੁਣ ਕਿੱਥੇ ਮੇਲੇ ਹੋਣਗੇ' ਕਹਿ ਕੇ, ਸਣੇ ਆਲ੍ਹਣੇ ਦੇ ਬੋਟ ਲੈ ਕੇ ਉਜਾਗਰ ਸਿੰਘ ਲੰਬੀ ਉਡਾਰੀ ਮਾਰ ਸਿੰਗਾਪੁਰ ਖਿਸਕ ਗਿਆ, ਚਾਰੇ ਧੀਆਂ ਤੇ ਪਤਨੀ ਚਰਨ ਕੌਰ ਨਾਲ।

ਉਜਾਗਰ ਸਿੰਘ ਐਸਾ ਕਮੀਨਾ ਲਾਲਚ ਕਰ ਬੈਠਾ ਕਿ ਪੈਸੇ ਵਾਲੀ ਤਿਜੌਰੀ ਲੁਕੋ ਕੇ ਕੁੰਜੀ ਜੇਬ 'ਚ ਪਾ ਲਈ। ਧੀਆਂ ਤੇ ਪਤਨੀ ਬੇਖਬਰ ਸਨ ਕਿ ਕਾਰੂ ਬਾਦਸ਼ਾਹ ਦਾ ਖਜ਼ਾਨਾ ਕਿਹੜੇ ਭੋਰੇ 'ਚ ਦੱਬ ਲਿਆ ਹੈ।

ਬੱਸ ਮਹੀਨੇ ਕੁ ਪਿੱਛੋਂ ਹੀ 'ਲਾ-ਲਾ-ਹੋ ਗਈ।' ਪੁਲਿਸ ਲੱਭੇ, ਲੋਕ ਲੱਭਣ ਪਰ ਛੱਪੜ 'ਚ ਵੜੀਆਂ ਮੱਝਾਂ ਲਿਬੜੇ ਬਗੈਰ ਨਿਕਲ ਕਿਵੇਂ ਸਕਦੀਆਂ ਹਨ। ਖਬਰ ਜਾ ਪਹੁੰਚੀ ਭਾਨੋ ਦੇ ਘਰ। ਬਿਨਾਂ ਮੌਤ ਤੋਂ ਘੁੱਗੀਆਂ ਵਿਹੜੇ ਵਿਚ ਪਿੱਟਣ ਲੱਗ ਪਈਆਂ। ਬਥੇਰੇ ਲੋਕ ਸਮਝਾਉਣ, ''ਭਾਨੋ ਫਿਕਰ ਨਾ ਕਰ, ਵਿਆਹ ਦਿਆਂਗੇ ਤੇਰੀਆਂ ਧੀਆਂ...।'' ਪਰ ਉਹ ਤਾਂ ਜਦੋਂ ਦੰਦ-ਛਿੱਕਲ ਟੁੱਟੇ, ਦੁਹੱਥੜੀ ਪਿੱਟਦੀ ਵਾਹ ਸ਼ੇਰ! ਕਹਿ ਕੇ ਲੱਗ ਪਿਆ ਕਰੇ ਦੁਹਾਈਆਂ ਦੇਣ। 'ਵੇ ਉਜੜਿਆ ਉਜਾਗਰਾ ਤੇਰਾ ਡੁੱਬੇ ਬੇੜਾ ਭਰ ਕੇ, ਕਹਾਰਾਂ ਨੇ ਡੋਲੀ ਲੁੱਟ ਲਈ, ਵੇ ਕੰਜਰਾ, ਲੁੱਚਿਆ ਬਨਾਰਸ ਦਿਆ ਠਗਾ, ਤੂੰ ਵਿਆਹ ਤੋਂ ਪਹਿਲਾਂ ਹੀ ਮੇਰੀਆਂ ਧੀਆਂ ਦੇ ਰੰਗਲੇ ਚੂੜੇ ਤੋੜ ਕੇ ਉਜੜ ਗਿਐਂ, ਹਾਏ ਵੇ ਤੇਰਾ ਕੱਖ ਨਾ ਰਹੇ।'

ਪਿੰਡ ਵਾਲਿਆਂ ਨੂੰ ਵੀ ਸਭ ਤੋਂ ਵੱਡਾ ਦੁੱਖ ਇਹੋ ਸੀ ਕਿ ਦੁਨੀਆਂ ਤਾਂ ਪਤੰਦਰ ਲੁੱਟ ਲੈਂਦਾ, ਪਰ ਸੁਦਾਮੇ ਦੇ ਘਰ ਤਾਂ ਡਾਕਾ ਨਾ ਮਾਰਦਾ। ਦੁੱਗਣੇ-ਤਿੱਗਣੇ ਤਾਂ ਨਾ ਵੀ ਮਿਲਦੇ ਮੂਲ ਤਾਂ ਕੁੱਤਾ ਮੋੜ ਜਾਂਦਾ।

ਉਜਾਗਰ ਦਾ ਸਾਰਾ ਪਿੰਡ ਔੜ ਦਾ ਸਤਾਇਆ ਛੱਪੜ ਕੰਢੇ ਖੁਆਜੇ ਪੀਰ ਦਾ ਦਲੀਆ ਵੰਡ ਕੇ ਗੁਰਦੁਆਰੇ ਪੁੱਜ ਗਿਆ। ਤੇ ਸਭ ਦੇ ਮੂੰਹ 'ਤੇ ਹੈਰਾਨੀ ਦੀਆਂ ਉਂਗਲਾਂ ਉਦੋਂ ਧਰੀਆਂ ਗਈਆਂ ਜਦੋਂ ਭਾਈ ਨੇ ਗਲ 'ਚ ਪੀਲਾ ਪਟਕਾ ਪਾ ਕੇ ਹੱਥ ਜੋੜ ਕੇ ਅਰਦਾਸ ਕਰਦਿਆਂ ਆਖਰੀ ਸਤਰਾਂ ਕਹੀਆਂ, ''ਹੇ ਸੱਚਿਆ ਪਾਤਸ਼ਾਹ' ਬਰਸਾਤ ਇਸ ਵਾਰ ਨਾ ਵੀ ਪਵੇ ਤਾਂ ਝੱਲ ਲਵਾਂਗੇ ਪਰ ਪਿੰਡ ਦੀ ਗਰੀਬਣੀ ਭਾਨੋ ਵਿਚਾਰੀ ਦੀ ਸੁਣੀਂ, ਬੂੰਦ ਬੂੰਦ ਕਰਕੇ ਭਰਿਆ ਗਿਲਾਸ ਇਹਦੇ ਹੱਥੋਂ ਜਿਹੜਾ ਖੋਹ ਕੇ ਲੈ ਗਿਆ ਜਾਂ ਤਾਂ ਫਿਰ ਉਹ ਵਾਪਿਸ ਆ ਜਾਵੇ ਤੇ ਜਾਂ ਫਿਰ ਆਵੇ ਹੀ ਨਾ।' ਦੋ ਦਰਜਨ ਤੋਂ ਵੱਧ ਇਸੇ ਰੋਗ ਦੇ ਮਾਰੇ ਮਰੀਜ਼ ਦੋਵੇਂ ਬਾਹਾਂ ਖੜ੍ਹੀਆਂ ਕਰਕੇ ਜੈਕਾਰੇ ਬੁਲਾਉਣ ਲੱਗ ਪਏ।

ਤੇ ਰੀਲ੍ਹ ਦੀਆਂ ਫਿਰਕੀਆਂ ਪੁੱਠੀਆਂ ਘੁੰਮਦੀਆਂ ਦੇਖੋ। ਸਿੰਘਾਪੁਰ ਤੋਂ ਸਾਲ ਕੁ ਟਿਕੇ ਰਹਿਣ ਤੋਂ ਪਿੱਛੋਂ ਉਜਾਗਰ ਸਿੰਘ ਆਪਣੀਆਂ ਧੀਆਂ ਤੇ ਪਤਨੀ ਨੂੰ ਲੈ ਕੇ ਉਸ ਮੁਲਕ ਵਿਚ ਪਹੁੰਚਣ ਵਿਚ ਸ਼ਾਮਿਲ ਹੋ ਗਿਆ ਜਿਸ ਨੂੰ ਦੁਨੀਆਂ ਮਹਾਂਸ਼ਕਤੀ ਮੰਨਦੀ ਹੈ।

ਪਿੰਡ ਦੀਆਂ ਤੇ ਹਲਕੇ ਦੀਆਂ ਸਾਰੀਆਂ ਖਬਰਾਂ ਉਜਾਗਰ ਸਿੰਘ ਤੇ ਉਹਦੇ ਪਰਿਵਾਰ ਤੱਕ ਪੁੱਜਦੀਆਂ ਰਹੀਆਂ। ਇਕ ਦਿਨ ਅੱਕੀ ਪਈ ਚਰਨੋ ਨੇ ਉਹਨੂੰ ਪੁੱਛਿਆ 'ਸੋਨੇ ਦੀ ਲੰਕਾ ਢਾਹ ਕੇ ਅਹਿਮਦ ਸ਼ਾਹ ਅਬਦਾਲੀ ਵਾਂਗ ਭੋਲੇ ਲੋਕਾਂ ਨੂੰ ਲੁੱਟ ਕੇ ਆ ਤਾਂ ਗਿਆ, ਜੰਗਲਾਂ ਵਿਚ ਪਰ ਉਹ ਸਾਰਾ ਖਜ਼ਾਨਾ ਹੈ ਕਿਹੜੇ ਸੁਰੱਖਿਆ ਦੇ ਪਹਿਰੇ ਹੇਠ।'

ਤੇ ਢਿੱਲੇ ਹੱਥਾਂ ਨਾਲ ਮੂੰਹ 'ਤੇ ਪਈ ਚੁਪੇੜ ਨਾਲ ਬੇਸੁਰਤ ਹੋਈ ਚਰਨੋ ਨੂੰ ਏਨੇ ਕੁ ਸ਼ਬਦ ਹੀ ਸੁਣੇ ਸਨ' ਤੈਂ ਕੰਜਰ ਦੀਏ ਪਿੰਨੀਆਂ ਲੈਣੀਆਂ ਕਿਥੇ ਆ? ਹੁਣ ਤਾਂ ਖਰੀਦ ਲਾਂ 'ਗੇ ਓਸ਼ੋ ਵਾਲੇ ਵਿਕੇ ਫਾਰਮ ਤੇ ਰੌਲਜ਼ ਰੋਇਸ ਕਾਰਾਂ।'

ਤੇ ਪੰਜ ਇਸਤਰੀ ਪਾਤਰ ਪਤੀ ਤੇ ਬਾਪ ਨਾਲ ਰਹਿੰਦਿਆਂ ਹਟਕੋਰਿਆਂ ਦੀ ਘੁੱਟਾਬਾਟੀ ਜ਼ਿੰਦਗੀ ਬਸਰ ਕਰਦੇ ਰਹੇ।

ਉਜਾਗਰ ਦੇ ਪੇਟ 'ਚ ਇਕ ਦਿਨ ਦਰਦ ਤਾਂ ਮੱਠਾ-ਮੱਠਾ ਸ਼ੁਰੂ ਹੋਇਆ ਸੀ ਪਰ ਫਿਰ ਇਹ ਅਸਹਿ ਬਣ ਗਿਆ। ਲਾਲਚ ਤੇ ਉਹਦੀਆਂ ਖਤਰਨਾਕ ਚਲਾਕੀਆਂ ਦੇ ਰਾਮ ਰੌਲੇ ਤੋਂ ਬੇਖਬਰ ਆਪਣੇ ਇਕ ਮਿੱਤਰ ਨੂੰ ਕਾਲ ਕੀਤੀ ਕਿ 'ਡਾਕਟਰ ਤੱਕ ਲੈ ਕੇ ਚੱਲ।'

ਤੇ ਉਹ ਵਿਚਾਰਾ ਵਿੱਚੇ ਕੰਮ ਛੱਡ ਕੇ ਉਹਨੂੰ ਚੁੱਕ ਕੇ ਹਸਪਤਾਲ ਚਲੇ ਗਿਆ। ਡਾਕਟਰਾਂ ਦੀ ਨਜ਼ਰ ਦਾ ਹਾਲੇ ਪਹਿਲਾ ਗੇੜ ਹੀ ਮੁੱਕਿਆ ਸੀ ਕਿ ਐਮਰਜੈਂਸੀ ਦੀਆਂ ਬੱਤੀਆਂ ਜਗ੍ਹਾ ਦਿੱਤੀਆਂ ਗਈਆਂ। ਡਾਕਟਰਾਂ ਨੇ ਐਲਾਨ ਕਰ ਦਿੱਤਾ ਕਿ ਇਹ ਪਲਾਸਟਿਕ ਪਲਸ ਅਨੀਮੀਏ ਦਾ ਸ਼ਿਕਾਰ ਹੋ ਗਿਆ ਹੈ ਤੇ ਇਸ ਬਿਮਾਰੀ 'ਚ ਖੂਨ ਬਣਨਾ ਬੰਦ ਹੋ ਜਾਂਦਾ ਹੈ।

ਚਰਨੋ ਨੂੰ ਆ ਲੈਣ ਦਿਓ, ਮੇਰੀ ਬੀਵੀ ਨੂੰ ਆ ਲੈਣ ਦਿਓ ਦੀ ਦੁਹਾਈ ਦਿੰਦੇ ਉਜਾਗਰ ਦੇ ਆਪਰੇਸ਼ਨ ਲਈ ਵੱਢ-ਟੁੱਕ ਹੋਣੀ ਸ਼ੁਰੂ ਹੋ ਗਈ। ਤੇ ਜਦੋਂ ਤੱਕ ਉਹਦਾ ਟੱਬਰ ਜਾਣੀ ਕਿ ਧੀਆਂ ਤੇ ਪਤਨੀ ਪਹੁੰਚੀ ਉਹ ਪੂਰੀ ਬੇਹੋਸ਼ੀ ਦੀ ਹਾਲਤ ਵਿਚ ਚਲੇ ਗਿਆ। ਫਿਰ ਕੋਮਾਂ 'ਚ ਤੇ ਫਿਰ ਮਹੀਨੇ ਪਿੱਛੋਂ ਉਸੇ ਠਿਕਾਣੇ 'ਤੇ ਜਿਥੇ ਬੀਰੂ ਰਾਮ ਗਿਆ ਹੋਇਆ ਸੀ।

ਬੇਵੱਸ ਹੋਈ ਚਰਨੋ ਪਿੱਟ ਪਿੱਟ ਕੇ ਧਰਤੀ-ਅੰਬਰ ਇਕ ਕਰਦਿਆਂ ਚੀਖ ਰਹੀ ਸੀ' ਬੇਈਮਾਨਾਂ ਜੇ ਜਾਣਾ ਸੀ ਤਾਂ ਇਹ ਤਾਂ ਦੱਸ ਦੇਂਦਾ ਕਿ ਉਹ ਨੋਟਾਂ ਦੀਆਂ ਪੰਡਾਂ ਹੈਨ ਕਿਥੇ ਜਿਹਦੇ ਕਰਕੇ ਘਰ-ਬਾਰ ਤੇ ਮੁਲਕ ਛੱਡਿਆ ਸੀ। ਵੇ ਪਾਪੀਆ ਮੈਂ ਵਸਦੀ ਉਜੜ ਗਈ...।'

ਹੁਣ ਇਸ ਪਰਿਵਾਰ ਲਈ ਅੱਗੇ ਅਤੇ ਪਿੱਛੇ ਦਾ ਫਾਸਲਾ ਇਕੋ ਜਿਹਾ ਹੈ। ਲਾਲਚ ਦੀਆਂ ਛੁਰੀਆਂ ਨਾਲ ਜ਼ਖਮੀ ਪਤਨੀ ਤੇ ਧੀਆਂ ਦਿਹਾੜੀਦਾਰ ਇਸ ਕਰਕੇ ਬਣ ਗਈਆਂ ਹਨ ਕਿ ਉਨ੍ਹਾਂ ਕੋਲ ਹੈ ਕੁਝ ਨਹੀਂ ਤੇ ਪਿੱਛੇ ਇਸ ਕਰਕੇ ਨਹੀਂ ਜਾ ਸਕਦੀਆਂ ਕਿ ਦੇਣ ਨੂੰ ਕੁਝ ਨਹੀਂ।

ਹਲਵਾਈ ਦੀ ਦੁਕਾਨ 'ਤੇ ਮੂੰਹ ਪਾਣੀ ਨਾਲ ਵੀ ਭਰਿਆ ਹੋਵੇ ਪਰ ਮਠਿਆਈ ਖਾਣ ਦੀ ਹਿੰਮਤ ਨਹੀਂ ਹੁੰਦੀ ਕਿਉਂਕਿ ਡਾਕਟਰਾਂ ਦੀ ਹਦਾਇਤ ਹੁੰਦੀ ਐ 'ਸ਼ੂਗਰ 'ਚ ਸ਼ੂਗਰ ਖਾਣਾ ਸਖਤ ਮਨ੍ਹਾ ਹੈ।'

## ਜਰਾ ਹਟ ਕੇ -ਮਨਵੀਰ

### ਬਫੇ ਬੰਦ

ਦੋ ਦੋਸਤ ਸਰੀਰਕ ਪੱਖੋਂ ਇਥੋਂ ਤੱਕ ਇਕੋ ਜਿਹੇ ਸਨ ਕਿ ਦੋਹਾਂ ਨੂੰ ਆਪਣੇ ਪੈਰ ਨਹੀਂ ਦਿਸਦੇ ਸਨ। ਕੰਮ ਵੀ ਇਕੋ, ਉਮਰ ਵੀ ਇਕੋ ਮਾੜੀਆਂ ਆਦਤਾਂ ਵੀ ਉਹੀ ਤੇ ਜਿਥੇ ਜਾਣ ਮੀਲ ਤੋਂ ਪਛਾਣੇ ਜਾਣ। ਕਿਤੇ ਚੀਨੀਆਂ ਨੇ ਫੈਸਲਾ ਕਰ ਲਿਆ ਕਿ 'ਸੀ ਫੂਡ' ਦੇ ਬਫੇ ਸੱਤ ਨੜਿਨਵੇਂ ਨੂੰ।

ਖਬਰ ਦੋਹਾਂ ਮਿੱਤਰਾਂ ਤੱਕ ਚਲੀ ਗਈ। ਫਿਰ ਦੋਹਾਂ ਵਿਚ ਇਕ ਹੋਰ ਸਾਂਝ ਪੈ ਗਈ ਚੀਨੀ ਰੈਸਟੋਰੈਂਟ 'ਤੇ ਦੁਪਹਿਰ ਦਾ ਖਾਣਾ ਖਾਣ ਦੀ।

ਦੋਵੇਂ ਝੋਟੇ ਵਰਗੇ ਪਲੇਟਾਂ ਚੁੱਕਦੇ ਤੇ ਸ਼ਰਿੰਪਾਂ ਤੋਂ ਪਰੇ ਅੱਖ ਨਾ ਕਰਦੇ। ਸ਼ਰਿੰਪਾਂ ਦੀਆਂ ਸੱਤ-ਸੱਤ, ਅੱਠ-ਅੱਠ ਪਲੇਟਾਂ ਛਕਦੇ, ਢਿੱਡ 'ਤੇ ਹੱਥ ਫੇਰਦੇ ਤੇ ਜੈਕਾਰਾ ਛੱਡਦੇ 'ਲੰਗਰ ਲਾਉਣ ਲਈ ਚੀਨੀਓ ਤੁਹਾਡਾ ਧੰਨਵਾਦ।'

ਦੋ ਕੁ ਮਹੀਨੇ ਐਂ ਈ ਚਲਦਾ ਰਿਹਾ। ਫਿਰ ਬਾਰ 'ਚ ਫੱਟੀ ਚਿਪਕਾ ਦਿੱਤੀ ਗਈ 'ਬਫੇ ਬੰਦ।'

ਕਿਸੇ ਨੇ ਮੈਨੇਜਰ ਨੂੰ ਪੁੱਛਿਆ 'ਐਂ ਕਿਉਂ ਕਰਤਾ?'

ਅਸੀਂ ਤਾਂ ਸੋਚਿਆ ਸੀ 'ਪੰਜਾਬੀ ਚੰਗੇ ਹੀ ਨਹੀਂ ਬੰਦੇ ਵੀ ਹੁੰਦੇ ਐਂ।'

ਤੇ ਦੋਵੇਂ ਜਣੇ ਬੁੱਲ੍ਹਾਂ 'ਚ ਹੱਸ ਕੇ ਹੱਥ 'ਤੇ ਹੱਥ ਮਾਰਨ ਲੱਗੇ।







# ਗੁਰਮਤਿ ਵਿਚਾਰਧਾਰਾ ਤੇ ਗਿਆਨੀ ਦਿੱਤ ਸਿੰਘ ਦੀ ਭੂਮਿਕਾ

**ਇੰਦਰਜੀਤ ਸਿੰਘ ਗੋਗੋਆਣੀ**

ਗਿਆਨੀ ਦਿੱਤ ਸਿੰਘ ਦਾ ਜੀਵਨ-ਕਾਲ 21 ਅਪਰੈਲ 1850 ਤੋਂ ਸ਼ੁਰੂ ਹੋ ਕੇ 6 ਸਤੰਬਰ 1901 ਨੂੰ ਸਮਾਪਤ ਹੋ ਜਾਂਦਾ ਹੈ ਪਰ ਇਤਿਹਾਸ ਦੇ ਪੰਨਿਆਂ 'ਤੇ ਉਨ੍ਹਾਂ ਦੀਆਂ ਪੈੜਾਂ ਦੇ ਨਿਸ਼ਾਨ ਗਹਿਰੇ ਹਨ ਜੋ ਪੰਥਕ ਪਿੜ ਅੰਦਰ ਕਾਰਜਸ਼ੀਲ ਪੰਥ-ਦਰਦੀਆਂ ਲਈ ਪ੍ਰੇਰਨਾ-ਸ੍ਰੋਤ ਰਹੇ ਅਤੇ ਰਹਿਣਗੇ। ਭਾਈ ਦੀਵਾਨ ਸਿੰਘ ਦੇ ਗ੍ਰਹਿ ਮਾਤਾ ਰਾਮ ਕੌਰ ਦੀ ਕੁੱਖੋਂ, ਪਿੰਡ ਕਲੌੜ (ਪਹਿਲਾਂ ਰਿਆਸਤ ਪਟਿਆਲਾ, ਹੁਣ ਜ਼ਿਲ੍ਹਾ ਫਤਿਹਗੜ੍ਹ ਸਾਹਿਬ) ਵਿਖੇ ਰਾਮਦਾਸੀਆ ਬਰਾਦਰੀ 'ਚ ਜਨਮੇ ਇਸ ਬਾਲਕ ਦਾ ਪਹਿਲਾ ਨਾਉਂ ਰਾਮ ਦਿੱਤਾ ਸੀ ਜੋ ਸਿੰਘ ਸਭਾ ਲਹਿਰ ਵਿਚ ਪ੍ਰਵੇਸ਼ ਕਰਨ ਤੋਂ ਬਾਅਦ ਦਿੱਤ ਸਿੰਘ ਹੋਇਆ।

ਵਕਤ ਨਾਲ ਉਨ੍ਹਾਂ ਦੀ ਉਚ ਦੁਮਾਲੜੀ ਸ਼ਖ਼ਸੀਅਤ ਸਮਕਾਲੀ ਚੁਣੌਤੀਆਂ ਦੇ ਸਨਮੁਖ ਅਨੇਕ ਤਰ੍ਹਾਂ ਨਾਲ ਪ੍ਰਕਾਸ਼ਮਾਨ ਹੋਈ। 19ਵੀਂ ਸਦੀ ਦੇ ਅੰਤਲੇ ਦਹਾਕਿਆਂ ਵਿਚ ਸਮੇਂ ਦੀਆਂ ਸੁਵਿਧਾਵਾਂ ਤੇ ਸਾਧਨਾਂ ਉਪਰ ਨਜ਼ਰ ਮਾਰੀਏ ਤਾਂ ਉਨ੍ਹਾਂ ਸਮਿਆਂ ਵਿਚ ਗਿਆਨੀ ਜੀ ਦਾ ਕਾਰਜ ਬੜਾ ਅਹਿਮ ਸਥਾਨ ਰੱਖਦਾ ਹੈ। ਅਨੇਕ ਪ੍ਰਕਾਰ ਦੀਆਂ ਰੁਕਾਵਟਾਂ ਵੀ ਉਨ੍ਹਾਂ ਨੂੰ ਆਪਣੇ ਮਾਰਗ ਤੋਂ ਅਟਕਾ ਨਹੀਂ ਸਕੀਆਂ। ਜੇਕਰ ਗਿਆਨੀ ਜੀ ਦੀ ਉਮਰ ਨੂੰ ਸਾਲਾਂ ਨਾਲ ਮਾਪੀਏ ਤਾਂ ਪੰਜ ਦਹਾਕਿਆਂ ਦੇ ਕਰੀਬ ਹੈ ਪਰੰਤੂ ਜੇ ਸਰਗਰਮੀਆਂ ਨੂੰ ਦੇਖੀਏ ਤਾਂ ਉਨ੍ਹਾਂ ਦੀ ਸ੍ਵੈ-ਜੀਵਨੀ ਅਨੁਸਾਰ ਉਨ੍ਹਾਂ ਨੇ 8-9 ਸਾਲ ਦੀ ਉਮਰੇ ਬਤੌਰ ਪ੍ਰਚਾਰਕ ਵਿਚਰਨਾ ਸ਼ੁਰੂ ਕੀਤਾ, ਨਾਲ-ਨਾਲ ਵਿਦਿਆ ਪ੍ਰਾਪਤੀ, ਅਨੇਕ ਪੁਸਤਕਾਂ ਦੇ ਰਚੈਤਾ, 13 ਜੂਨ 1886 ਤੋਂ ਸਤੰਬਰ 1901 ਤੱਕ ਖ਼ਾਲਸਾ ਅਖ਼ਬਾਰ ਲਾਹੌਰ ਦੀ ਸੰਪਾਦਨਾ, ਅਨੇਕਾਂ ਲੜੀਵਾਰ ਕਾਲਮ, ਦੂਰ-ਦੂਰ ਤੱਕ ਪ੍ਰਚਾਰ ਦੌਰੇ, ਗੋਸ਼ਟੀਆਂ, ਸਿੱਖ ਪੰਥ ਨੂੰ ਕੁਝ ਕਰਨ ਦੇ ਸੁਝਾਉ, ਪਾਠਕਾਂ ਦੇ ਪ੍ਰਸ਼ਨਾਂ ਦੇ ਉਤਰ, ਦਿਨ-ਰਾਤ ਗਹਿਰੀ ਮੁਸ਼ੱਕਤ, ਰੋਜ਼ਗਾਰ ਲਈ ਓਰੀਐਂਟਲ ਕਾਲਜ, ਲਾਹੌਰ ਦੀ ਅਧਿਆਪਕੀ ਅਤੇ ਧਰਮ ਪ੍ਰਚਾਰ ਲਈ ਮਿਸ਼ਨਰੀ ਸਪਿਰਟ ਉਨ੍ਹਾਂ ਦੀ ਪੰਥਕ ਭਾਵਨਾ ਦਾ ਪ੍ਰਤਖ ਪ੍ਰਮਾਣ ਹਨ।

ਸ੍ਰੀ ਗੁਰੂ ਸਿੰਘ ਸਭਾ ਲਾਹੌਰ ਵਿਚ ਪ੍ਰਵੇਸ਼ ਕਰਨ ਤੋਂ ਬਾਅਦ ਦਾ ਹਰ ਪਲ ਗੁਰੂ ਗ੍ਰੰਥ ਤੇ ਗੁਰੂ-ਪੰਥ ਨੂੰ ਸਮਰਪਿਤ ਸੀ। ਇਹ ਵੀ ਹਕੀਕਤ ਹੈ ਕਿ ਐਸੇ ਚਿੰਤਕ ਭਵਿੱਖਮੁਖੀ ਹੁੰਦੇ ਹਨ ਪਰ ਸਧਾਰਨ ਵਰਗ ਸਮਾਂ ਪਾ ਕੇ ਹੀ ਉਨ੍ਹਾਂ ਦੇ ਵਿਚਾਰਾਂ ਦੀ ਸਮਝ ਤੱਕ ਪਹੁੰਚਦਾ ਹੈ। ਜੇਕਰ ਉਨ੍ਹਾਂ ਨੇ ਸ਼ਹੀਦੀ ਪ੍ਰਸੰਗ ਕਾਵਿ ਰੂਪ ਵਿਚ ਲਿਖੇ ਤਾਂ ਅੰਤ ਆਪਣੀ ਕੌਮ ਨੂੰ ਸੁਨੇਹਾ ਦਿੰਦਿਆਂ ਪਤਿਤਪੁਣੇ ਤੋਂ ਵਰਜਿਆ ਹੈ। ਉਹ ਇਸ ਤਰ੍ਹਾਂ ਪ੍ਰਕਰਣ ਸਿਰਜਦੇ ਸਨ ਕਿ ਪੜ੍ਹਨ-ਸੁਣਨ ਵਾਲਾ ਸੋਚਣ ਲਈ ਮਜਬੂਰ ਹੋ ਜਾਂਦਾ ਹੈ। ਪ੍ਰਸੰਗ ਲਿਖਦਿਆਂ ਵੀ ਪੰਥ ਨੂੰ ਹਰ ਪੱਖੋਂ ਸੁਚੇਤ ਕੀਤਾ ਹੈ। ਹਰ ਪ੍ਰਸੰਗ ਦਾ ਤੱਤਸਾਰ ਬਤੌਰ ਉਪਦੇਸ਼ ਸਵਾਲ ਕਰਦਾ ਹੈ, ਜਿਵੇਂ:

'ਪਰ ਜੋ ਅੱਜਕਲ੍ਹ ਦੇ ਬਾਂਕੇ,
ਮੋਢਿਆਂ 'ਤੇ ਥੁੱਕ ਪਾਉਨ।
ਨਾਲ ਕੈਂਚੀਆਂ ਬੈਠ ਚੁਬਾਰੇ,
ਆਪੇ ਸੀਸ ਮੁੰਡਾਉਨ।
ਰਤੀ ਸ਼ਰਮ ਨਾ ਕਰਦੇ ਮਨ ਵਿਚ,
ਸਿੱਖੀ ਦੇ ਹੋ ਵੈਰੀ।
ਕਹੋ ਭਲਾ ਫਿਰ ਕਦ ਹੋਵੇਗੀ,
ਐਸਿਯਾਂ ਤਾਈਂ ਖ਼ੈਰੀ?
ਜੀਵਨ ਮਰਨ ਤਿਨਾ ਦਾ ਦਿਸਦਾ
ਜਗ ਵਿਚ ਇਕੋ ਜੇਹਾ।
ਕਹੋ ਭਲਾ ਫਿਰ ਫ਼ਖ਼ਰ ਉਨ੍ਹਾਂ ਦਾ
ਕੌਮ ਪੰਥ ਨੂੰ ਕੇਹਾ?'

*(ਭਾਈ ਤਾਰੂ ਸਿੰਘ ਸ਼ਹੀਦ)*

ਇਸ ਤਰ੍ਹਾਂ ਇਹ ਸ਼ਹੀਦੀ ਪ੍ਰਸੰਗ ਖ਼ਾਲਸਾ ਅਖ਼ਬਾਰ ਲਾਹੌਰ ਵਿਚ ਵੀ ਛਪਦੇ ਰਹੇ ਤੇ ਬਾਅਦ ਵਿਚ ਛੋਟੇ ਅਕਾਰ ਦੀਆਂ ਪੁਸਤਕਾਂ ਵੀ ਛਪੀਆਂ ਤੇ ਫਿਰ ਸ਼ਹੀਦੀ ਪ੍ਰਸੰਗਾਂ ਦੀ ਵੱਡ-ਅਕਾਰੀ ਪੁਸਤਕ ਵੀ ਬਣੀ। ਗਿਆਨੀ ਜੀ ਕੌਮ ਨੂੰ ਪ੍ਰੇਰਦੇ ਸਨ ਕਿ ਪੰਥ ਆਪਣੇ ਤਖ਼ਤਾਂ ਦੀ ਸ਼ਕਤੀ ਨਾਲ ਜੁੜ ਕੇ ਮੀਰੀ ਗੁਣਾਂ ਦਾ ਧਾਰਨੀ ਹੋ ਸਕਦਾ ਹੈ ਕਿਉਂਕਿ ਇਹ ਗੁਰੂ ਸਾਹਿਬਾਨ ਦੀ ਬਖ਼ਸ਼ਿਸ਼ ਹੈ। ਭਾਵੇਂ ਅਜੋਕੇ ਸਮੇਂ ਵਿਚ ਗਿਆਨੀ ਦਿੱਤ ਸਿੰਘ ਦੇ ਨਾਂ ਉਤੇ ਨਵੀਆਂ ਲਹਿਰਾਂ ਚਲਾਉਣ ਦੀਆਂ ਗੱਲਾਂ ਕਰਨ ਵਾਲੇ ਤਖ਼ਤਾਂ ਬਾਰੇ ਚੰਗੀ ਭਾਵਨਾ ਨਹੀਂ ਰੱਖਦੇ ਪਰ ਗਿਆਨੀ ਜੀ ਦੀ ਭਾਵਨਾ ਸੀ:

'ਗੁਰਬਾਣੀ ਤੋਂ ਬੇਮੁੱਖ ਹੁੰਦੇ,
ਸੱਸੀ ਪੁੰਨੂੰ ਗਾਵਨ।
ਤਖ਼ਤਾਂ ਦੀ ਉਹ ਛੱਡ ਯਾਤ੍ਰਾ,
ਗੰਗਾ ਵਲ ਉਠ ਧਾਵਨ।
ਛੱਡ ਗੁਰੂ ਦੀ ਦੇਗ ਪਿਆਰੀ,
ਸਰਵਰ ਰੋਟ ਪਕਾਂਦੇ।
ਸਿੱਖਾਂ ਨੂੰ ਨਾ ਦੇਨ ਗ੍ਰਾਹੀ,
ਭੈਰੋਂ ਸ੍ਵਾਨ ਰਜਾਂਦੇ।'

*(ਭਾਈ ਬੋਤਾ ਸਿੰਘ ਸ਼ਹੀਦੀ)*

ਇਸ ਤੋਂ ਇਲਾਵਾ 'ਦਸਮ ਗ੍ਰੰਥ' ਸੰਬੰਧੀ ਅਨੇਕਾਂ ਸ਼ੰਕਿਆਂ ਦੇ ਉਤਰ ਉਨ੍ਹਾਂ ਨੇ ਆਪਣੀ ਵੱਡ-ਅਕਾਰੀ ਪੁਸਤਕ 'ਦੁਰਗਾ ਪ੍ਰਬੋਧ' ਵਿਚ ਦਿੱਤੇ ਹਨ ਜੋ ਸਤੰਬਰ 1899 'ਚ ਪ੍ਰਕਾਸ਼ਤ ਹੋਈ। ਜਦ ਦੁਰਗਾ ਭਗਤ 'ਪ੍ਰਿਥਮ ਭਗੌਤੀ ਸਿਮਰਿ ਕੈ' ਅਤੇ 'ਨਮਸਕਾਰ ਸ੍ਰੀ ਖੜਗ ਕਉ' ਦੇ ਖੜਗ ਸ਼ਬਦ ਨੂੰ ਦੁਰਗਾ ਪੂਜਾ ਨਾਲ ਜੋੜਦਾ ਹੈ ਤਾਂ ਅੱਗੋਂ ਉਤਰ ਹੈ:

'ਪੁਨ ਇਹ ਖੜਗ ਨਾਮ ਹੈ ਜੋਈ॥
ਈਸੂਰ ਗੁਣ ਵਾਚਕ ਹੈ ਸੋਈ॥'

'ਜੇ ਤਲਵਾਰ ਨੂੰ ਹੀ ਇਸ਼ਟ ਮੰਨਿਆ ਜਾਏ ਤਾਂ ਅੱਗੇ ਖੜਗ ਦੇ ਗੁਣ ਦੱਸੇ ਹਨ ਜੋ ਉਸ ਵਿਚ ਨਹੀਂ ਪਾਏ ਜਾਂਦੇ, ਕਿੰਤੂ ਉਹ ਖੜਗ ਕੇਤ ਅਰਥਾਤ ਅਕਾਲ ਦੇ ਵਿਚ ਹੀ ਪਾਏ ਜਾਣਗੇ॥'

(ਦੁਰਗਾ ਪ੍ਰਬੋਧ)

ਉਨ੍ਹਾਂ ਦੀਆਂ ਰਚਿਤ ਪੁਸਤਕਾਂ ਇਤਿਹਾਸਕ ਜੀਵਨੀਆਂ, ਸਿੱਖ ਸ਼ਹਾਦਤਾਂ, ਧਰਮ ਤੇ ਫ਼ਲਸਫ਼ਾ, ਵਿਅੰਗ ਤੇ ਆਲੋਚਨਾ, ਨੀਤੀ ਸ਼ਾਸਤਰ, ਗੁਰਬਾਣੀ ਵਿਆਖਿਆ, ਕਿੱਸਾ ਕਾਵਿ ਤੇ ਗੁਲਾਬ ਦਾਸੀ ਸਾਹਿਤ ਨਾਲ ਸੰਬੰਧਿਤ ਹਨ। ਮੂਲ ਮਿਸ਼ਨ ਸਭਨਾਂ ਦਾ ਪ੍ਰਚਾਰ ਤੇ ਸੁਧਾਰ ਹੈ। ਜਦ ਉਹ ਸਮਕਾਲੀ ਸਿੱਖ ਸਮਾਜ ਦੀ ਧਰਮ ਪੱਖੋਂ ਗਿਰਾਵਟ ਦੇਖਦੇ ਤਾਂ ਉਨ੍ਹਾਂ ਦੇ ਮਨ ਵਿਚ ਹੂਕ ਉਠਦੀ ਕਿ ਸਿੱਖਾਂ ਦੀ ਧਰਮ ਪ੍ਰਤੀ ਲਾਪਰਵਾਹੀ ਘਾਤਕ ਹੈ।

ਸਿਕਲੀਗਰਾਂ ਸੰਬੰਧੀ ਅੱਜ ਵੀ ਬਹੁਤ ਸਾਰੇ ਪੰਥ-ਦਰਦੀ ਕਾਰਜਸ਼ੀਲ ਹਨ। ਆਪਣਾ ਕੌਮੀ ਫਰਜ਼ ਸਮਝ ਕੇ ਉਨ੍ਹਾਂ ਲਈ ਕੁਝ ਨਾ ਕੁਝ ਕਰੀ ਜਾ ਰਹੇ ਹਨ। ਇਸ ਸੰਬੰਧੀ ਗਿਆਨੀ ਦਿੱਤ ਸਿੰਘ ਵੀ ਸਿੱਖ ਪੰਥ ਨੂੰ ਕੁਝ ਕਰਨ ਲਈ ਪ੍ਰੇਰਦੇ ਰਹੇ ਜੋ ਉਨ੍ਹਾਂ ਦਾ ਕੌਮੀ ਪਿਆਰ ਹੈ:

'ਤੀਸਰਾ ਸਿਕਲੀਗਰ ਜੋ ਮਾਰਵਾੜੀ ਖ਼ਾਲਸਾ ਹੈ, ਸੋ ਵਿਚਾਰੇ ਝੁੱਗੀਆਂ ਪਾ ਕੇ ਬਾਹਰ ਬੈਠੇ ਰਹਿੰਦੇ ਹਨ ਅਰ ਇਨ੍ਹਾਂ ਦਾ ਕੰਮ ਸਸਤਰ ਬਨਾ ਕੇ ਵੇਚਨੇ ਅਰ ਸ਼ਕਾਰ ਮਾਰ ਕੇ ਨਿਰਬਾਹ ਕਰਨਾ ਹੈ ਪਰੰਤੂ ਖ਼ਾਲਸਾ ਧਰਮ ਵਿਚ ਏਹ ਲੋਗ ਬਹੁਤ ਹੀ ਪੱਕੇ ਪਾਏ ਗਏ ਹਨ ਜੋ ਕੈਂਚੀ ਯਾ ਉਸਤ੍ਰਾ ਸਿਰ ਨੂੰ ਲਾਉਣਾ ਆਪਣੀ ਮੌਤ ਦਾ ਨਮੂਨਾ ਜਾਨਦੇ ਹਨ। ਇਨ੍ਹਾਂ ਤਰਫ ਭੀ ਖ਼ਾਲਸਾ ਨੇ ਕੋਈ ਖ਼ਿਆਲ ਨਹੀਂ ਕੀਤਾ।'

(26 ਅਗਸਤ 1898, ਖ਼ਾਲਸਾ ਅਖ਼ਬਾਰ, ਲਾਹੌਰ)

ਕਈ ਵਾਰ ਉਨ੍ਹਾਂ ਨੇ ਕੌਮ ਦੇ ਉਪਦੇਸ਼ਕਾਂ ਨੂੰ ਵੀ ਨਹੀਂ ਬਖ਼ਸ਼ਿਆ। ਬਹੁਤੇ ਉਪਦੇਸ਼ਕ ਉਨ੍ਹਾਂ ਦੀ ਕਸਵੱਟੀ 'ਤੇ ਖਰੇ ਨਹੀਂ ਸਨ ਉਤਰਦੇ। ਫਿਰ ਪੰਥ ਸਾਹਵੇਂ ਇਸ ਸੱਚਾਈ ਨੂੰ ਪੇਸ਼ ਕਰਨ ਲੱਗਿਆਂ ਗਿਆਨੀ ਜੀ ਨੇ ਝਿਜਕ ਮਹਿਸੂਸ ਨਹੀਂ ਕੀਤੀ:



'ਜਦ ਅਸੀਂ ਖ਼ਾਲਸਾ ਪੰਥ ਦੇ ਉਪਦੇਸ਼ਕਾਂ ਵਲ ਭੀ ਖ਼ਯਾਲ ਕਰਦੇ ਹਾਂ, ਤਦ ਉਨ੍ਹਾਂ ਨੂੰ ਭੀ ਭੰਡ ਭਗਤੀਆਂ ਵਾਂਗ ਪਾਉਂਦੇ ਹਾਂ, ਜਿਸ ਤੇ ਉਹ ਅਪਨਾ ਉਪਦੇਸ਼ ਕਰਕੇ ਖਾਲੀ ਪੇਟ ਵਜਾਉਨ ਲੱਗ ਜਾਂਦੇ ਹਨ ਅਤੇ ਕਈ ਪੁਰਖਾਂ ਨੇ ਇਸੇ ਉਪਦੇਸ਼ ਦੀ ਆੜ ਵਿਚ ਕਈ ਸਭਾਵਾਂ ਵਿਚੋਂ ਚੰਦੇ ਕੱਠੇ ਕੀਤੇ ਅਰ ਅਪਨੇ ਗੁਰਡੱਫੇ ਉਡਾਏ ਹਨ, ਫਿਰ ਅਜਿਹੇ ਮਦਾਰੀ ਦੇ ਤਮਾਸ਼ੇ ਕਰਨੇ ਵਾਲੇ ਉਪਦੇਸ਼ਕਾਂ ਤੋਂ ਕਦੇ ਪੰਥ ਦਾ ਸੁਧਾਰ ਹੋ ਸਕਦਾ ਹੈ ਯਾ ਧਰਮ ਦੀ ਉਨਤੀ ਹੋ ਸਕਦੀ ਹੈ?'

(23 ਜੂਨ 1899, ਖ਼ਾਲਸਾ ਅਖ਼ਬਾਰ, ਲਾਹੌਰ)

ਗਿਆਨੀ ਜੀ ਸਿੱਖ ਪੰਥ ਦੀ ਸਿਧਾਂਤਕ ਮੌਲਿਕਤਾ ਤੇ ਸਮਾਜਿਕ ਏਕਤਾ ਨੂੰ ਦੂਸ਼ਿਤ ਹੋਣ ਤੋਂ ਬਚਾਉਣ ਲਈ ਸਦਾ ਤਤਪਰ ਰਹੇ। ਉਨ੍ਹਾਂ ਅਨੁਸਾਰ ਸਿੱਖ ਪੰਥ ਦਾ ਮਿਲਗੋਭਾ ਹੋ ਜਾਣਾ ਹੀ ਕਈ ਬਖੇੜਿਆਂ ਦਾ ਕਾਰਨ ਬਣਿਆ। ਉਹ ਆਪਣੇ ਖ਼ਿਆਲ ਕਾਵਿ ਰੂਪ ਵਿਚ ਪ੍ਰਗਟ ਕਰਦੇ ਹਨ:

'ਜਦ ਤਕ ਪੰਥ ਗੁਰੂ ਦਾ ਪਿਆਰਾ।
ਅਨਮਤਾਂ ਤੇ ਰਿਹਾ ਨਯਾਰਾ॥
ਤਦ ਤੱਕ ਏਹ ਸਾਰੀ ਬੁਰਿਆਈ।
ਨਹੀਂ ਪੰਥ ਅੰਦਰ ਸੀ ਆਈ॥
ਪਰ ਮਿਲਗੋਭਾ ਹੋ ਗਿਆ।
ਗੁਰਮਤ ਤਯਾਗ ਏਸ ਨੇ ਦਿਆ॥
ਤਦ ਤੋਂ ਐਸੇ ਕਈ ਬਖੇੜੇ।
ਆ ਕੇ ਪਏ ਨਿਕੰਮੇ ਝੇੜੇ॥'

(ਗੁਰਮਤਿ ਆਰਤੀ ਪ੍ਰਬੋਧ)

ਗਿਆਨੀ ਦਿੱਤ ਸਿੰਘ ਕੌਮੀ ਉਨਤੀ ਲਈ ਕੌਮ ਦੀਆਂ ਇਸਤਰੀਆਂ ਨੂੰ ਵੀ ਧਰਮ-ਕਰਮ ਵਿਚ ਪਰਪੱਕ ਦੇਖਣ ਦੇ ਚਾਹਵਾਨ ਸਨ। ਉਨ੍ਹਾਂ ਦੀ ਵਿਚਾਰਧਾਰਾ ਸੀ ਕਿ ਇਸਤਰੀਆਂ ਦਾ ਧਰਮ ਵਿਚ ਦ੍ਰਿੜ੍ਹ ਤੇ ਵਿਸ਼ਵਾਸੀ ਹੋਣਾ ਅਤਿ ਜ਼ਰੂਰੀ ਹੈ। ਉਨ੍ਹਾਂ ਦੀ ਇਕ ਸੰਪਾਦਕੀ 'ਸਾਡੀਆਂ ਸਿੰਘਣੀਆਂ ਦੀ ਉਨਤੀ ਲਈ ਇਕ ਬੇਨਤੀ' ਉਨ੍ਹਾਂ ਦੇ ਕੌਮੀ ਦਰਦ ਦਾ ਪ੍ਰਤੱਖ ਪ੍ਰਗਟਾਵਾ ਹੈ:

'ਜਿਸ ਕੌਮ ਦੀਆਂ ਇਸਤਰੀਆਂ ਧਰਮ ਪਰ ਦ੍ਰਿੜ ਅਤੇ ਸ੍ਰੇਸ਼ਟਾਚਾਰ ਵਿਖੇ ਪ੍ਰੇਮ ਰੱਖਦੀਆਂ ਹੋਣ, ਉਸ ਕੌਮ ਦੇ ਹੋਣਹਾਰ ਬੱਚੇ ਭੀ ਛੋਟੀ ਉਮਰ ਤੋਂ ਹੀ ਧਰਮ ਦੇ ਨਿਸਚੇ ਵਾਲੇ ਹੁੰਦੇ ਹਨ। ਕਾਰਣ ਇਹ ਹੈ ਕਿ ਉਹ ਛੋਟੀ ਉਮਰ ਤੋਂ ਹੀ ਧਰਮ ਦੀਆਂ ਗੱਲਾਂ ਆਪਣੀ ਮਾਈ ਪਾਸੋਂ ਸੁਣਦੇ ਰਹਿੰਦੇ ਹਨ, ਜਿਸ 'ਤੇ ਉਨ੍ਹਾਂ ਦੇ ਹਿਰਦਿਆਂ ਵਿਚ ਧਰਮ ਦਾ ਅੰਕੁਰ ਦ੍ਰਿੜ੍ਹ ਹੋ ਜਾਂਦਾ ਹੈ ਪਰੰਤੂ ਜਿਸ ਕੌਮ ਦੀਆਂ ਇਸਤ੍ਰੀਆਂ ਧਰਮ-ਕਰਮ ਵਿਚ ਪ੍ਰੇਮ ਨਾ ਰੱਖਦੀਆਂ ਹੋਣ, ਉਹ ਕੌਮਾਂ ਕਦੇ ਭੀ ਆਪਣੀ ਉਨਤੀ ਨਹੀਂ ਕਰ ਸਕਦੀਆਂ।'

(9 ਅਗਸਤ 1901, ਖ਼ਾਲਸਾ ਅਖ਼ਬਾਰ, ਲਾਹੌਰ)

ਉਹ ਕੌਮੀ ਉਨਤੀ ਲਈ ਸਮੇਂ-ਸਮੇਂ ਗੁਰਦੁਆਰਿਆਂ ਵਿਚ ਬਿਹਤਰ ਸਹੂਲਤਾਂ, ਉਪਦੇਸ਼ਕ ਫੰਡ ਲਈ ਮਾਇਆ, ਬਿਹੰਗਮ ਸਿੰਘਾਂ ਲਈ ਪ੍ਰਸ਼ਾਦੇ ਦਾ ਪ੍ਰਬੰਧ, ਧਰਮ ਪ੍ਰਚਾਰ ਲਈ ਅਖ਼ਬਾਰ ਤੇ ਪ੍ਰੈਸ, ਵਿੱਦਿਆ ਲਈ ਸਕੂਲਾਂ ਤੇ ਕਾਲਜਾਂ ਦੀ ਲੋੜ ਸੰਬੰਧੀ ਚਰਚਾ ਕਰਦੇ ਰਹਿੰਦੇ ਸਨ। ਕਈ ਵਾਰ ਕੌਮ ਨੂੰ ਉਲਾਂਭਾ ਵੀ ਦਿੰਦੇ ਸਨ ਕਿ ਖ਼ਾਲਸੇ ਪਾਸ ਸਭ ਕੁਝ ਹੈ ਪਰ ਉਸ ਦੇ ਵਰਤਣ ਦੀ ਤਰਤੀਬ ਨਹੀਂ ਹੈ। ਉਨ੍ਹਾਂ ਨੇ ਸਿੱਖ ਪੰਥ ਨੂੰ ਇਕ ਕੌਮੀ ਫੰਡ ਕਾਇਮ ਕਰਨ ਦੀ ਤਜਵੀਜ਼ ਦਿੱਤੀ ਅਤੇ ਨਾਲ-ਨਾਲ ਕੌਮ ਵਲੋਂ ਬੇਲੋੜੇ ਖਰਚਿਆਂ ਦਾ ਹਵਾਲਾ ਵੀ ਦਿੱਤਾ ਕਿ ਕਿਸ ਤਰ੍ਹਾਂ ਹੋਰ ਰੀਤਾਂ-ਰਸਮਾਂ 'ਤੇ ਫਜ਼ੂਲ ਖਰਚਾ ਕੀਤਾ ਜਾਂਦਾ ਹੈ:

'ਸਭ ਤੇ ਪਹਿਲਾ ਜਨਮ ਸੰਸਕਾਰ ਹੈ, ਉਸ ਸਮਯ ਜਿਤਨਾ ਰੁਪਯਾ ਖ਼ਾਲਸਾ ਖ਼ੁਸ਼ੀ ਵਿਚ ਅਨਮਤੀਆਂ ਨੂੰ ਦੇਨ ਪਰ ਖਰਚ ਕਰਦਾ ਹੈ, ਉਸ ਥੋਂ ਅੱਧਾ ਭੀ ਗੁਰ ਮਰਯਾਦਾ ਪਰ ਖਰਚ ਕਰੇ, ਤਦ ਸਭ ਕੁਛ ਸਿੱਧ ਹੋ ਸਕਦਾ ਹੈ। ਇਸੇ ਤਰ੍ਹਾਂ ਬਯਾਹ ਅਤੇ ਚਲਾਣੇ ਪਰ ਭੀ ਜੋ ਰੁਪੈਯਾ ਅਨਮਤੀਆਂ ਨੂੰ ਦਿੱਤਾ ਜਾਂਦਾ ਹੈ, ਸੋ ਸਭ ਪੰਥ ਦੇ ਉਤਮ ਕੰਮਾਂ ਲਈ ਗੋਲਕ ਵਿਚ ਰਖਿਆ ਜਾਏ ਅਰ ਇਹ ਗੋਲਕ ਹਰ ਨਗਰ ਵਿਚ ਖੋਲੇ ਜਾਨ ਅਤੇ ਹਰ ਇਕ ਸਿੰਘ ਸ਼ਾਦੀ ਗਮੀ ਦੇ ਸਮਯ ਪਰ ਇਨ੍ਹਾਂ ਵਿਚ ਅਪਨਾ ਦਾਨ ਪਾਉਂਦਾ ਰਹੇ, ਜਿਸਤੇ ਸਾਲ ਮਗਰੋਂ ਉਸ ਨੂੰ ਖੋਲ ਕੇ ਜਦ ਦੇਖਿਆ ਜਾਵੇ, ਤਦ ਸੈਂਕੜਿਆਂ ਤਕ ਨੌਬਤ ਹੋਵੇਗੀ ਜਿਸਨੂੰ ਉਸ ਨਗਰ ਦੇ ਮੁਖੀਏ ਸਿੰਘ ਉਸ ਦੇ ਹਿੱਸੇ ਕਰ ਦਿਆ ਕਰਨ, ਜਿਨ੍ਹਾਂ ਵਿਚੋਂ ਇਕ ਗੁਰਦੁਆਰਿਆਂ ਦਾ, ਦੂਜਾ ਉਪਦੇਸ਼ਕਾਂ ਦਾ, ਤੀਜਾ ਕਾਲਜ ਯਾ ਸਕੂਲਾਂ ਦਾ ਅਤੇ ਚੌਥਾ ਅਖ਼ਬਾਰ ਨੂੰ ਦਿੱਤਾ ਜਾਵੇ। ਇਸ ਰੀਤੀ ਦੇ ਪ੍ਰਚਲਤ ਹੋਣ ਤੇ ਆਸ਼ਾ ਪੈਂਦੀ ਹੈ ਜੋ ਸਾਰੇ ਮਨੋਰਥ ਸਿੱਧ ਹੋ ਸਕਦੇ ਹਨ।'

(9 ਮਾਰਚ 1900, ਖ਼ਾਲਸਾ ਅਖ਼ਬਾਰ, ਲਾਹੌਰ)

ਗਿਆਨੀ ਜੀ ਸਿੱਖ ਸਮਾਜ ਵਿਚ ਫੈਲੇ ਫੋਕਟ ਕਰਮ-ਕਾਂਡ, ਵਹਿਮਾਂ-ਭਰਮਾਂ ਤੇ ਅੰਧ-ਵਿਸ਼ਵਾਸਾਂ ਨੂੰ ਕੌਮੀ ਵਿਕਾਸ ਦੇ ਮਾਰਗ ਵਿਚ ਬਹੁਤ ਵੱਡਾ ਅੜਿੱਕਾ ਸਮਝਦੇ ਸਨ। ਉਸ ਸਮੇਂ ਸਿੱਖ ਸਮਾਜ ਵਿਚ ਗੁੱਗਾ ਪੀਰ ਤੇ ਸਖੀ ਸਰਵਰ ਦੀ ਪੂਜਾ ਪ੍ਰਚਲਤ ਸੀ। ਗਿਆਨੀ ਜੀ ਨੇ ਇਨ੍ਹਾਂ ਵਿਸ਼ਿਆਂ ਉਪਰ ਲੇਖ ਅਤੇ ਪੁਸਤਕਾਂ ਲਿਖ ਕੇ ਵੀ ਸਿੱਖ ਸਮਾਜ ਨੂੰ ਜਾਗਰੂਕ ਕਰਨ ਦੀ ਕੋਸ਼ਿਸ਼ ਕੀਤੀ। ਇਸ ਸਬੰਧੀ ਜਾਗ੍ਰਤ ਹੋਏ ਲੋਕਾਂ ਦੇ ਵੱਖ-ਵੱਖ ਇਲਾਕਿਆਂ ਤੋਂ ਖ਼ਾਲਸਾ ਅਖ਼ਬਾਰ, ਲਾਹੌਰ ਵਿਚ ਛਪੇ ਪਾਠਕਾਂ ਦੇ ਪੱਤਰ ਇਸ ਦੇ ਗਵਾਹ ਹਨ। ਉਹ ਆਪਣੇ ਪ੍ਰਚਾਰ-ਦੌਰਿਆਂ ਸਮੇਂ ਵੀ ਇਨ੍ਹਾਂ ਫੋਕਟ ਕਰਮਾਂ ਦਾ ਭਰਪੂਰ ਖੰਡਨ ਕਰਦੇ ਸਨ। ਗੁਰਬਾਣੀ ਉਪਰ ਗਿਆਨੀ ਜੀ ਦਾ ਅਟੱਲ ਨਿਸ਼ਚਾ ਸੀ ਅਤੇ ਇਕ ਅਕਾਲ ਦੀ ਪੂਜਾ ਉਹ ਸਦਾ ਦ੍ਰਿੜ੍ਹ ਕਰਵਾਉਂਦੇ ਸਨ। ਮੜ੍ਹੀ-ਮਸਾਣ, ਕਬਰਾਂ ਤੇ ਭੈਰੋਂ ਭੂਤ ਦੀ ਪੂਜਾ ਵਲੋਂ ਉਹ ਸਿੱਖ ਸਮਾਜ ਨੂੰ ਸਖ਼ਤੀ ਨਾਲ ਵਰਜਦੇ ਸਨ:

'ਏਹ ਸਗਲ ਜੋਇ ਪਖੰਡ ਜਗ ਮਹਿ
ਆਇ ਕਰ ਫੈਲੇ ਵਡੇ॥
ਸਭ ਮੜੀ ਔਰ ਮਸਾਨ,
ਗੁੱਗਾ ਭੈਰੋਂ ਭੂਤ ਨਾ ਮਨ ਗਡੇ॥
ਏਹ ਉਡੇ ਧਰਤ ਤੇ ਪਾਇ
ਤਬ ਬਲ ਛੁਟੇ ਲੋਗ ਅਜੋਗ ਸੇ॥
ਇਕ ਪੂਜ ਪੁਰਖ ਅਕਾਲ ਕੋ
ਫਿਰ ਮੁਕਤ ਪਾਵਹਿ ਰੋਗ ਸੇ॥'

*(ਗੁੱਗਾ ਗੱਪੜਾ)*

ਇਸੇ ਤਰ੍ਹਾਂ ਵੱਖ-ਵੱਖ ਪਾਖੰਡ-ਕਰਮ ਕਰਕੇ ਸਰੀਰਾਂ ਦੀ ਪੂਜਾ ਕਰਵਾਉਣ ਵਾਲਿਆਂ ਤੇ ਕੰਨਾਂ ਵਿਚ ਮੰਤਰ ਦੇਣ ਵਾਲਿਆਂ ਨੂੰ, ਗਿਆਨੀ ਜੀ ਬਨਾਰਸ ਦੇ ਠੱਗ ਅਤੇ ਪੰਥ-ਦੋਖੀ ਪ੍ਰਚਾਰ ਕੇ ਆਪਣੀ ਕੌਮ ਨੂੰ ਸੁਚੇਤ ਕਰਦੇ ਸਨ। ਉਨ੍ਹਾਂ ਦੀਆਂ ਕਾਵਿ ਰੂਪ ਵਿਚ ਰਚੀਆਂ ਪੰਕਤੀਆਂ ਤਾਂ ਅਜੋਕੇ ਸਮੇਂ ਦੀ ਵੀ ਸਹੀ ਤਸਵੀਰ ਪੇਸ਼ ਕਰ ਜਾਂਦੀਆਂ ਹਨ:

'ਕੰਨ ਵਿਚ ਜੋ ਮੰਤ੍ਰ ਦੇ ਹੈਂ।
ਪੁਨ ਆਗੈ ਹੋ ਕੇ ਜੋ ਲੈ ਹੈਂ॥
ਪਹਿਲਾ ਠੱਗ ਬਨਾਰਸ ਭਾਰਾ।
ਦੂਜਾ ਧੋਖੇ ਵਿਚ ਵਿਚਾਰਾ॥
ਓਹ ਜਾਣੈ ਮੈਂ ਬੁੱਧੂ ਕੀਤਾ।
ਦੂਜਾ ਸਮਝੇ ਗੁਰ ਧਰ ਲੀਤਾ॥
ਮੰਤਰ ਦਾਤਾ ਲੋਭ ਗ੍ਰਸਿਆ।
ਦੂਜਾ ਮੂਰਖ ਪੰਛੀ ਫਸਿਆ॥'

(11 ਸਤੰਬਰ 1893, ਖ਼ਾਲਸਾ ਅਖ਼ਬਾਰ, ਲਾਹੌਰ)

ਜਦ ਉਨ੍ਹਾਂ ਕੌਮੀ ਸ਼ਕਤੀ ਨੂੰ ਖੇਰੂੰ-ਖੇਰੂੰ ਹੋਈ ਦੇਖਿਆ ਤਾਂ ਗਿਆਨੀ ਜੀ ਨੇ ਇਕਜੁਟ ਹੋਣ ਵਾਸਤੇ ਬਹੁਤ ਦਲੀਲਾਂ ਨਾਲ ਸਮਝਾਇਆ। ਨਵੀਆਂ ਸਿੰਘ ਸਭਾਵਾਂ ਦੇ ਬਨਣ 'ਤੇ ਵਧਾਈ ਦੇਣਾ ਅਤੇ ਫਿਰ ਪ੍ਰਚਾਰ-ਦੌਰਿਆਂ 'ਤੇ ਜਾ ਕੇ ਉਤਸ਼ਾਹਤ ਕਰਨਾ ਉਨ੍ਹਾਂ ਦੀਆਂ ਜੀਵਨ-ਸਰਗਰਮੀਆਂ ਸਨ। ਵਿੱਦਿਆ ਦੇ ਪ੍ਰਚਾਰ ਲਈ ਦਲੀਲਾਂ, ਉਦਮ, ਖ਼ਾਲਸਾ ਕਾਲਜ ਦੇ ਸ਼ੁਰੂ ਹੋਣ 'ਤੇ ਅਤਿਅੰਤ ਖ਼ੁਸ਼ੀ ਦਾ ਪ੍ਰਗਟਾਵਾ ਕੀਤਾ ਅਤੇ ਕਾਲਜ ਵਿਦਿਆਰਥੀਆਂ ਲਈ ਪੁਸਤਕਾਂ ਲਿਖੀਆਂ। ਉਹ ਖੇਮ ਸਿੰਘ ਬੇਦੀ ਧੜੇ ਨੂੰ 'ਗਦੈਲਾ ਦਾਸੀਏ' ਲਿਖਦੇ ਸਨ ਤੇ 'ਸ੍ਵਪਨ ਨਾਟਕ' ਵਿਰੋਧੀ ਧੜਿਆਂ ਉਪਰ ਪ੍ਰਸ਼ਨ ਚਿੰਨ੍ਹ ਲਾਉਂਦੇ ਸਨ। ਉਹ ਪਹਿਲੀ ਉਮਰੇ ਗੁਲਾਬ ਦਾਸੀ ਸੰਪਰਦਾ ਨਾਲ ਸੰਬੰਧ ਰੱਖਦੇ ਸਨ ਤੇ ਉਨ੍ਹਾਂ ਦੇ ਪ੍ਰਚਾਰਕ ਵੀ ਰਹੇ ਪਰ 'ਆਰੀਆ ਸਮਾਜ' ਦੇ ਪ੍ਰਚਾਰਕ ਹੋਣ ਦਾ ਲੇਬਲ ਉਨ੍ਹਾਂ ਉਪਰ ਗਲਤ ਲਗਾਇਆ ਗਿਆ ਹੈ। ਇਸ ਸੰਬੰਧੀ ਉਨ੍ਹਾਂ ਦੇ ਸੰਪਾਦਕੀ ਲੇਖ ਗਵਾਹ ਹਨ। 'ਸਿੱਖ ਰਹਿਤ ਮਰਯਾਦਾ' ਨਾਲ ਸੰਬੰਧਿਤ ਸਵਾਲ ਅਤੇ 'ਹਮ ਹਿੰਦੂ ਨਹੀਂ' ਪੁਸਤਕ ਦਾ ਕਾਫੀ ਹਵਾਲਾ ਗਿਆਨੀ ਜੀ ਦੇ ਲੇਖਾਂ ਤੇ ਪ੍ਰਸ਼ਨਾਂ ਦੇ ਉਤਰਾਂ ਵਿਚੋਂ ਮਿਲਦਾ ਹੈ। ਉਹ ਕਹਿਣੀ ਤੇ ਕਰਨੀ ਦੇ ਪੂਰੇ-ਸੂਰੇ ਸਨ। ਗਿਆਨੀ ਜੀ ਨੇ ਆਪਣੇ ਵਿਚਾਰ ਸਾਂਝੇ ਕਰਦਿਆਂ ਜੋ ਮਨੁੱਖੀ ਜੀਵਨ ਦਾ ਮਨੋਰਥ ਦਿੱਤਾ ਹੈ, ਉਹ ਸਭਨਾਂ ਲਈ ਪ੍ਰੇਰਨਾਸ੍ਰੋਤ ਹੈ:

'ਮਨੁੱਖਾ ਜਨਮ ਦਾ ਫਲ ਨਿਰਾ ਢਾਈ ਸੇਰ ਅੰਨ ਗੰਦਾ ਕਰਨਾ ਹੀ ਨਹੀਂ ਹੈ ਕਿੰਤੂ ਇਸ ਤੋਂ ਬਿਨਾਂ ਪਰਉਪਕਾਰਤਾ ਭੀ ਇਸ ਦੇ ਜੀਵਨ ਦਾ ਮੁੱਖ ਫਲ ਸਮਝਿਆ ਜਾਂਦਾ ਹੈ, ਜਿਸ ਵਿਚ ਇਹ ਸ਼ੁਭ ਗੁਣ ਨਹੀਂ ਹਨ ਸੋ ਪੁਰਖ ਦੇਖਨ ਮਾਤ੍ਰ ਹੀ ਆਦਮੀ ਦੀ ਸੂਰਤ ਹੈ ਪਰੰਤੂ ਅਸਲ ਵਿਚ ਉਹ ਚਿਤਰਕਾਰੀ ਦੇ ਦੀਵੇ ਦੀ ਤਰ੍ਹਾਂ ਹੈ ਜੋ ਦੀਵਾਰ ਪਰ ਰਹਿ ਕੇ ਭੀ ਕੁਝ ਲਾਭ ਨਹੀਂ ਪਹੁੰਚਾ ਸਕਦਾ, ਕਿੰਤੂ ਕੇਵਲ ਨਾਮ ਮਾਤ੍ਰ ਹੀ ਦੀਪਕ ਹੈ, ਏਹ ਹਾਲ ਉਸ ਆਦਮੀ ਦਾ ਹੈ ਜੋ ਪੇਟ ਭਰਨੇ ਵਾਲਾ ਪਾਮਰ ਹੈ।' (25 ਸਤੰਬਰ, 1896, ਖ਼ਾਲਸਾ ਅਖ਼ਬਾਰ, ਲਾਹੌਰ)

## ਖ਼ਾਲਸਾ ਪੰਥ

ਕਵਿਤਾ

## ਦਰੀਂ ਢੱਠਿਆਂ ਦੇ ਮੁੱਲ ਪੈਂਦੇ

-ਸਤਿਨਾਮ ਸਿੰਘ 'ਕੋਮਲ'

ਗੁਰੂ ਤੁੱਠਦੈ ਕਰਮ ਕਰਦੈ, ਦਰੀਂ ਢੱਠਿਆਂ ਦੇ ਮੁੱਲ ਪੈਂਦੇ।
ਇਹ ਰੁਤਬੇ ਪਾਤਸ਼ਾਹੀਆਂ ਸਭ, ਗੁਰੂ ਮੁੱਖ ਤੋਂ ਨੇ ਡੁੱਲ੍ਹ ਪੈਂਦੇ।

ਜੇ ਲਹਿਣਾ ਆ ਗਿਆ ਦਰ 'ਤੇ, ਹੈ ਲਹਿਣੇਦਾਰ ਕਰ ਦਿੱਤਾ,
ਜਿਨ੍ਹਾਂ ਸਭ ਸੌਂਪਿਆ ਗੁਰੂ ਨੂੰ, ਛਤਰ ਉਨ੍ਹਾਂ 'ਤੇ ਝੁੱਲ ਪੈਂਦੇ।

ਗੁਰੂ ਤਾਂ ਹੈ ਸਦਾ ਸਿੱਖ ਦਾ, ਜੇ ਸਿੱਖ ਵੀ ਹੋ ਜਾਏ ਗੁਰੂ ਦਾ,
ਤਾਂ ਮੁੱਲ ਕੌਡੀ ਦੇ ਗੁਰੂ ਦਰ 'ਤੇ, ਸਦਾ ਹੀਰੇ ਦੇ ਤੁੱਲ ਪੈਂਦੇ।

ਕਦੇ ਕਰ ਵੇਖ ਅਰਪਨ ਤੂੰ, ਇਹ ਆਪਾ ਵੀ ਗੁਰੂ ਦਰ ਨੂੰ,
ਤੇ ਅਕਲਾਂ ਤੋਂ ਵੀ ਅੱਗੇ ਦੇ ਜੋ ਦਰ ਬੰਦ ਨੇ, ਉਹ ਖੁੱਲ੍ਹ ਪੈਂਦੇ।

ਹੁਕਮ 'ਉਸ ਦਾ' ਬਣੇ ਜੀਵਨ, ਰਜ਼ਾ ਉਸ ਦੀ 'ਚ ਨਿਤ ਰਹਿੰਦਾ,
ਨਿਵਾਜੇ ਰਹਿਮਤੀਂ ਸਤਿਗੁਰ, ਉਮੀਦਾਂ ਨੂੰ ਜੋ ਫੁੱਲ ਪੈਂਦੇ।


ਗੁਰੂ ਬੋਲਾਂ ਦਾ ਹਿਰਦੇ ਵਿਚ ਤੇ ਵੱਸ ਜਾਣਾ ਹੀ ਕਾਫੀ ਹੈ,
'ਸ਼ੁਕਰ' ਤੇ 'ਸਬਰ' ਦੇ ਸਫ਼ਰੀਂ, ਓਹਦੇ ਰਾਹਵਾਂ 'ਚ ਪੁਲ ਪੈਂਦੇ।

ਕੋਈ ਰੁਤਬਾ ਕੋਈ ਪਦਵੀ, ਨਾ ਬਹੁਤੇ ਅਰਥ ਰੱਖਦੀ ਹੈ,
ਉਹ ਰੱਖਦੇ ਯਾਦ ਸਤਿਗੁਰ ਨੂੰ, ਤੇ ਸਾਰੇ ਜੱਗ ਨੂੰ ਭੁੱਲ ਪੈਂਦੇ।

ਕਦਮ ਸਾਬਤ ਉਠੇ ਗੁਰੂ ਵਲ, ਹੁਕਮ ਪ੍ਰਵਾਨਦਾ ਹਰ ਦਮ,
ਗੁਰੂ ਅੰਗਦ ਹੈ ਸਿੱਖ ਬਣਿਆ, ਨੇ ਇੰਞ ਸਿੱਖੀ ਦੇ ਮੁੱਲ ਪੈਂਦੇ।

ਤਲਾਸ਼ੀਂ ਤੂੰ ਵੀ ਆਪਣੇ 'ਚੋਂ, ਗੁਰੂ ਨਾਲ ਸਾਂਝ ਕਿੰਨੀ ਹੈ,
ਸਿਤਾਰੇ ਅੰਬਰੀਂ ਬਣਦੇ, ਓਹਦੇ ਦਰ 'ਤੇ ਜੋ ਰੁਲ ਪੈਂਦੇ।

ਜੋ ਤੇਰੀ ਕਲਮ ਨੇ 'ਕੋਮਲ', ਇਹ ਚਿਤਰੇ ਬੋਲ ਸ਼ਰਧਾ ਦੇ,
ਸਿਆਣਪ ਨਾ ਇਹ ਤੇਰੀ ਹੈ, ਧੁਰੋਂ ਇਹ ਲਫ਼ਜ਼ ਡੁੱਲ੍ਹ ਪੈਂਦੇ।



# ਬੰਦੇ ਦੀ ਹਸਤੀ ਨੂੰ ਲੱਭਦਾ ਪਾਗਲ ਹੋਇਆ ਨੀਤਸ਼ੇ

## ਪ੍ਰਤਿਭਾ ਦਾ ਦੁਖਾਂਤ




ਦੇਵਿੰਦਰ ਸੈਫ਼ੀ (ਡਾ.)

''ਮਨੁੱਖ ਯੁੱਧ ਇਸ ਲਈ ਕਰਦਾ ਹੈ ਕਿ ਉਹ ਕਮਜ਼ੋਰ ਇੱਛਾ ਸ਼ਕਤੀ ਵਾਲਾ ਹੁੰਦਾ ਹੈ। ਰਚਨਾਤਮਕ ਸ਼ਕਤੀ ਦੇ ਅਭਾਵ ਵਿਚ ਉਹ ਹਥਿਆਰ ਉਠਾਉਂਦਾ ਹੈ। ਆਦਮੀ ਮਰਨ ਤੋਂ ਮਗਰੋਂ ਸਵਰਗ ਜਾਣ ਲਈ ਤਥਾਕਥਿਤ ਚੰਗੇ ਕੰਮ ਇਸ ਲਈ ਕਰਦਾ ਹੈ ਕਿ ਉਹ ਜਿਉਂਦੇ ਜੀਅ ਆਪਣੇ ਆਪ ਨੂੰ ਕਮਜ਼ੋਰ ਵੇਖਦਾ ਹੈ।'' ਇਸ ਤਰ੍ਹਾਂ ਦੇ ਵਿਚਾਰ ਰੱਖਣ ਵਾਲਾ ਪ੍ਰਸਿਧ ਦਾਰਸ਼ਨਿਕ ਫਰੈਡਰਿਕ ਨੀਤਸ਼ੇ 15 ਅਕਤੂਬਰ, 1849 ਈ. ਨੂੰ ਪਰਸ਼ੀਆ ਵਿਚ ਪੈਦਾ ਹੋਇਆ। ਸਬੱਬ ਨਾਲ ਇਸ ਦਿਨ ਪਰਸ਼ੀਆ 'ਤੇ ਸ਼ਾਸਨ ਕਰ ਰਹੇ ਰਾਜੇ ਫਰੈਡਰਿਕ ਵਿਲੀਅਮ ਚੌਥੇ ਦਾ ਜਨਮ ਦਿਨ ਸੀ। ਉਸਦੇ ਪਿਤਾ ਨੇ ਰਾਜ ਪਰਿਵਾਰ ਦੇ ਕਈ ਮੈਂਬਰਾਂ ਨੂੰ ਪੜ੍ਹਾਇਆ ਸੀ। ਦੇਸ਼ ਭਗਤੀ ਨਾਲ ਉਸਨੇ ਇਸ ਲੜਕੇ ਦਾ ਨਾਮ ਵੀ ਰਾਜੇ ਦੇ ਨਾਮ 'ਤੇ ਰੱਖਿਆ। ਪਿਤਾ ਦੀ ਮੌਤ ਛੇਤੀ ਹੋਣ ਕਾਰਨ ਉਸਦਾ ਬਚਪਨ ਧਾਰਮਿਕ ਭਾਵਨਾਵਾਂ ਰੱਖਣ ਵਾਲੀਆਂ ਇਸਤਰੀਆਂ ਵਿਚ ਬੀਤਿਆ। ਇਸ ਲਈ ਉਸ ਦੀ ਤਬੀਅਤ ਵੀ ਇਸਤਰੀਆਂ ਵਰਗੀ ਸੋਹਲ ਬਣ ਗਈ। ਉਹ ਆਪਣੇ ਹਾਣ ਦੇ ਮੁੰਡਿਆਂ ਦੀਆਂ ਖੇਡਾਂ ਤੇ ਸ਼ਰਾਰਤਾਂ ਨੂੰ ਪਸੰਦ ਨਹੀਂ ਕਰਦਾ ਸੀ। ਛੋਟਾ ਹੁੰਦਾ ਉਹ ਇਕਾਂਤ ਵਿਚ ਬਾਈਬਲ ਪੜ੍ਹਨ ਬੈਠ ਜਾਂਦਾ। ਦੂਜਿਆਂ ਨੂੰ ਇੰਨੀ ਭਾਵਨਾ ਨਾਲ ਸੁਣਾਉਂਦਾ ਕਿ ਸੁਣਨ ਵਾਲੇ ਦੀਆਂ ਅੱਖਾਂ ਵਿਚ ਅੱਥਰੂ ਆ ਜਾਂਦੇ।

ਅਠਾਰਾਂ ਸਾਲ ਦੀ ਉਮਰ ਵਿਚ ਉਸ ਅੰਦਰੋਂ ਆਪਣੇ ਪੁਰਖਿਆਂ ਵਾਲੇ ਈਸ਼ਵਰ ਵਿਚੋਂ ਵਿਸ਼ਵਾਸ ਜਾਂਦਾ ਰਿਹਾ। ਬਾਕੀ ਦੀ ਸਾਰੀ ਉਮਰ ਉਸਨੇ ਪਰਮ-ਮਨੁੱਖ 'ਮਹਾ-ਮਾਨਵ' ਦੀ ਭਾਲ ਵਿਚ ਲਗਾ ਦਿੱਤੀ। ਉਸ ਅਨੁਸਾਰ ਉਸਨੂੰ ਇਹ ਮਹਾ-ਮਾਨਵ ਲੱਭ ਵੀ ਗਿਆ ਸੀ। ਜਵਾਨੀ ਵਿਚ ਉਸਨੇ ਕੁਝ ਸਮਾਂ ਮਰਦਾਵੇਂ ਹੁਨਰ ਵੀ ਪਾਲੇ। ਪਰ ਛੇਤੀ ਹੀ ਉਸਨੂੰ ਸ਼ਰਾਬ, ਇਸਤਰੀ ਤੇ ਤੰਬਾਕੂ ਆਦਿ ਤੋਂ ਨਫਰਤ ਹੋ ਗਈ। ਇਸੇ ਸਮੇਂ ਦੌਰਾਨ ਉਸਨੂੰ ਸ਼ਾਪਨਹਾਰ ਦੀ ਰਚਨਾ 'ਇੱਛਾ ਅਤੇ ਵਿਚਾਰ ਰੂਪ ਸੰਸਾਰ' ਲੱਭ ਗਈ ਜਿਸ ਨੇ ਉਸਦੇ ਜੀਵਨ 'ਤੇ ਬਹੁਤ ਜ਼ਿਆਦਾ ਪ੍ਰਭਾਵ ਪਾਇਆ। ਉਸ ਅਨੁਸਾਰ ਇਸ ਰਚਨਾ ਦੀ ਹਰ ਸਤਰ ਤਿਆਗ, ਸਵੈ-ਕਾਬੂ, ਆਤਮ-ਸਮਰਪਣ ਲਈ ਉੱਚੀ ਪੁਕਾਰ ਰਹੀ ਸੀ।

ਤੇਈ ਸਾਲ ਦੀ ਉਮਰ ਵਿਚ ਉਸਨੂੰ ਜਬਰੀ ਸੈਨਿਕ ਭਰਤੀ ਕੀਤਾ ਗਿਆ। ਕਿਸੇ ਘੋੜੇ ਤੋਂ ਡਿੱਗ ਪੈਣ ਨਾਲ ਉਸ ਦੀਆਂ ਪਸਲੀਆਂ ਨੂੰ ਏਨੀ ਚੋਟ ਆਈ ਕਿ ਫੌਜ ਵਾਲੇ ਉਹਨੂੰ ਛੱਡਣ ਲਈ ਮਜਬੂਰ ਹੋ ਗਏ। ਹੁਣ ਉਹ ਭਾਸ਼ਾ ਵਿਗਿਆਨੀ ਬਣ ਗਿਆ। ਪੱਚੀਆਂ ਸਾਲਾਂ ਦੀ ਉਮਰ ਵਿਚ ਉਸਨੂੰ ਬਾਸਲ ਯੂਨੀਵਰਸਿਟੀ ਵਿਚ ਪੁਰਾਤਨ ਭਾਸ਼ਾ ਵਿਗਿਆਨ ਦਾ ਪ੍ਰੋਫੈਸਰ ਨਿਯੁਕਤ ਕੀਤਾ ਗਿਆ। ਇਸੇ ਸਮੇਂ ਦੌਰਾਨ ਉਸਦੀ ਰੁਚੀ ਡਾਕਟਰੀ ਤੇ ਸੰਗੀਤ ਵਲ ਹੋਈ ਤੇ ਕੁਝ ਗੀਤ ਵੀ ਲਿਖੇ। ਉਹ ਕਹਿੰਦਾ ਹੈ, ''ਸੰਗੀਤ ਵਿਹੂਣਾ ਜੀਵਨ ਇਕ ਗਲਤੀ ਹੋਵੇਗਾ।'' ਉਸਨੇ ਮਹਾਨ ਸੰਗੀਤਕਾਰ ਵੈਗਨਰ ਤੋਂ ਸੰਗੀਤ ਸਿੱਖਿਆ। ਵੈਗਨਰ ਦੇ ਪ੍ਰਭਾਵ ਤੋਂ ਹੀ ਉਸ ਨੇ ਆਪਣੀ ਪਹਿਲੀ ਪੁਸਤਕ ਲਿਖਣੀ ਸ਼ੁਰੂ ਕੀਤੀ। ਰੌਲੇ-ਰੱਪੇ ਤੋਂ ਦੂਰ ਰਹਿ ਕੇ ਸ਼ਾਂਤੀ ਨਾਲ ਲਿਖਣ ਲਈ ਉਹ ਐਲਪਸ ਦੇ ਪਹਾੜਾਂ ਉਪਰ ਚਲਾ ਗਿਆ। 1870 ਵਿਚ ਜਰਮਨ ਤੇ ਫਰਾਂਸ ਦਾ ਯੁੱਧ ਛਿੜ ਪਿਆ। ਉਹ ਜ਼ਖ਼ਮੀਆਂ ਦੇ ਮਰਹਮ ਪੱਟੀ ਕਰਦਾ ਰਿਹਾ। ਲਹੂ ਦੇ ਦ੍ਰਿਸ਼ਾਂ ਨੇ ਉਸਦੀ ਤਬੀਅਤ ਖਰਾਬ ਕਰ ਦਿੱਤੀ। ਇਥੋਂ ਉਹ ਘਰ ਚਲਾ ਗਿਆ।

1872 ਦੇ ਸ਼ੁਰੂ ਵਿਚ ਉਸਨੇ ਆਪਣੀ ਪਹਿਲੀ ਤੇ ਸੰਪੂਰਨ ਪੁਸਤਕ ਪ੍ਰਕਾਸ਼ਿਤ ਕਰਵਾਈ 'ਸੰਗੀਤਕ ਸਪਿਰਿਟ ਵਿਚੋਂ ਦੁਖਾਂਤ ਦਾ ਜਨਮ'। ਕਾਫੀ ਸਮਾਂ ਵੈਗਨਰ ਨਾਲ ਗੁਜ਼ਾਰਨ ਤੇ ਫਿਰ ਉਸ ਦੇ ਜਰਮਨ ਜਾਣ ਤੋਂ ਬਾਅਦ ਨੀਤਸ਼ੇ ਨੂੰ ਮੁੜ ਇਕੱਲਿਆਂ ਰਹਿਣਾ ਪਿਆ। ਨੀਤਸ਼ੇ ਦਾ ਹੋਰ ਕੋਈ ਦੋਸਤ ਨਹੀਂ ਸੀ। ਲੜਕੀਆਂ ਦੇ ਪ੍ਰਤੀ ਉਸਦੀ ਰੁਚੀ ਨਹੀਂ ਸੀ, ਸਗੋਂ ਲੜਕੀਆਂ ਤੋਂ ਉਹ ਚਿੜ੍ਹਦਾ ਸੀ। ਇਸ ਦੀ ਵਜ੍ਹਾ ਇਹ ਦੱਸੀ ਜਾਂਦੀ ਹੈ ਕਿ ਜਿਨ੍ਹਾਂ ਦਿਨਾਂ ਵਿਚ ਉਹ ਪੜ੍ਹਦਾ ਸੀ, ਉਹ ਆਪਣੇ ਕੁਝ ਦੋਸਤਾਂ ਨਾਲ ਵੇਸਵਾ-ਘਰ ਗਿਆ ਸੀ ਅਤੇ ਕੁਝ ਦਿਨਾਂ ਬਾਅਦ ਜਦ ਬਿਮਾਰ ਪੈ ਗਿਆ ਤਾਂ ਇਕੱਲੇ ਨੂੰ ਕਿਤੇ ਜਾ ਕੇ ਇਲਾਜ ਕਰਵਾਉਣਾ ਪਿਆ। ਇਨ੍ਹਾਂ ਦਿਨਾਂ ਵਿਚ ਇਹ ਰੋਗ ਭਿਆਨਕ ਸੀ। ਇਸੇ ਦਿਨ ਤੋਂ ਹੀ ਸ਼ਾਇਦ ਉਸਨੂੰ ਔਰਤ ਨਾਲ ਨਫਰਤ ਹੋ ਗਈ ਸੀ। ਉਸਨੇ ਕਦੇ ਵਿਆਹ ਨਹੀਂ ਕਰਵਾਇਆ। ਕਈ ਵਾਰ ਉਹ ਆਪਣੇ-ਆਪ ਨੂੰ ਤਕਲੀਫ ਦੇਣ ਦੀ ਕੋਸ਼ਿਸ਼ ਕਰਦਾ, ਕਈ ਦਿਨ ਖਾਣਾ ਨਾ ਖਾਂਦਾ, ਠੰਢ ਵਿਚ ਠਰਦਾ ਰਹਿੰਦਾ। 1876 ਵਿਚ ਉਸਨੇ ਪੜ੍ਹਾਉਣਾ ਛੱਡ ਦਿੱਤਾ, ਲਿਖਣਾ ਜਾਰੀ ਰੱਖਿਆ। ਮਨੋਵਿਗਿਆਨਕ ਦ੍ਰਿਸ਼ਟੀ ਨਾਲ ਅਕਸਰ ਹੀ ਅਜਿਹਾ ਕੁਝ ਲਿਖ ਦਿੰਦਾ, ਜਿਸਨੂੰ ਪੜ੍ਹ ਕੇ ਲੋਕ ਚਕਾਚੌਂਧ ਹੋ ਜਾਂਦੇ। ਵਧੇਰੇ ਲੋਕ ਉਸਦੀਆਂ ਲਿਖਤਾਂ ਨੂੰ ਸਵੀਕਾਰ ਨਹੀਂ ਕਰ ਰਹੇ ਸਨ। ਇਸ ਸਮੇਂ ਦੌਰਾਨ ਹੀ ਉਸਨੇ ਸਭ ਤੋਂ ਪ੍ਰਸਿਧ ਪੁਸਤਕ 'ਜਰਥੁਸ਼ਟਰ ਨੇ ਕਿਹਾ' ਲਿਖੀ, ਇਸਦੇ ਚਾਰ ਖੰਡ ਛਪੇ। ਇਸ ਵਿਚ ਨੀਤਸ਼ੇ ਚੰਗਿਆਈ, ਬੁਰਾਈ, ਕਦਰਾਂ-ਕੀਮਤਾਂ, ਮਰਿਆਦਾਵਾਂ, ਨੈਤਿਕ ਪ੍ਰਸ਼ਨਾਂ ਵਿਚ ਜ਼ਿਆਦਾ ਉਲਝਿਆ ਰਿਹਾ। ਇਸ ਪੁਸਤਕ ਦਾ ਮੁੱਖ-ਪਾਤਰ ਜਰਥੁਸ਼ਟਰ ਮਹਾ-ਮਾਨਵ ਹੈ। ਜਰਥੁਸ਼ਟਰ 30 ਵਰ੍ਹਿਆਂ ਦੀ ਉਮਰ ਵਿਚ ਜੰਗਲਾਂ ਵਿਚ ਚਲਾ ਜਾਂਦਾ ਹੈ। ਉਥੇ ਉਹ ਦਸ ਸਾਲ ਇਕੱਲਿਆਂ ਸੁੱਖ ਨਾਲ ਜਿਉਂਦਾ ਹੈ। ਇਥੇ ਹੀ ਉਹ ਇਕ ਦਿਨ ਸੂਰਜ ਨਾਲ ਸੰਵਾਦ ਰਚਾਉਂਦਾ ਹੈ।



''ਉਹ ਮਹਾਨ ਸਿਤਾਰੇ, ਕੀ ਹੋਵੇਗੀ ਤੇਰੀ ਖੁਸ਼ੀ ਜੇ ਉਹ ਹੀ ਨਾ ਹੁੰਦੇ ਜਿਨ੍ਹਾਂ ਲਈ ਤੂੰ ਚਮਕਦਾ ਹੈਂ?'' ਮੈਂ ਆਪਣੀ ਸਿਆਣਪ ਤੋਂ ਅੱਕ ਗਿਆ ਹਾਂ, ਸ਼ਹਿਦ ਦੀ ਮੱਖੀ ਵਾਂਗ, ਜਿਸਨੇ ਬਹੁਤ ਜ਼ਿਆਦਾ ਸ਼ਹਿਦ ਇਕੱਠਾ ਕੀਤਾ ਹੋਵੇ। ਮੈਨੂੰ ਲੋੜ ਹੈ ਹੱਥਾਂ ਦੀ, ਜਿਹੜੇ ਮੇਰੇ ਤੱਕ ਪਹੁੰਚ ਜਾਣ।''

ਇਸ ਪੁਸਤਕ ਵਿਚ ਨੀਤਸ਼ੇ ਦਾ ਮਹਾ-ਮਾਨਵ ਖਤਰਿਆਂ ਵਿਚ ਜਿਉਣ ਦੀ ਸਿੱਖਿਆ ਦਿੰਦਾ ਹੈ। ਉਹ ਅਵਿਸ਼ਵਾਸ ਕਰਨ 'ਤੇ ਜ਼ੋਰ ਦਿੰਦਾ ਹੈ। ਜਰਥੁਸ਼ਟਰ ਪਹਾੜ ਤੋਂ ਹੇਠਾਂ ਆ ਕੇ ਇਕ ਬਿਰਧ ਸਾਧੂ ਨਾਲ ਗੱਲ ਕਰਦਾ ਹੋਇਆ ਰੱਬ ਦੀ ਮੌਤ ਵਲ ਇਸ਼ਾਰਾ ਕਰਦਾ ਹੈ। ਉਸ ਅਨੁਸਾਰ ਜੋ ਲੋਕ-ਪ੍ਰਲੋਕ ਦੀਆਂ ਗੱਲਾਂ ਕਰਦੇ ਹਨ, ਉੱਥੋਂ ਦੇ ਸੁੰਦਰ ਸੁਪਨੇ ਦਿਖਾਉਣ ਦੀਆਂ ਗੱਲਾਂ ਕਰਦੇ ਹਨ, ਉਹ ਜ਼ਹਿਰ ਦੇਣ ਵਾਲੇ ਹਨ। ਉਸ ਅਨੁਸਾਰ ਜਿਸ ਨੇ ਵੀ ਸਚਾਈ ਦਾ ਪ੍ਰਚਾਰ ਕਰਨਾ ਹੈ, ਉਸਨੂੰ ਪਹਿਲਾਂ ਵਿਨਾਸ਼ਕਾਰੀ ਹੋਣਾ ਪਵੇਗਾ ਭਾਵ ਪੁਰਾਣੀਆਂ ਜਰਜਰੀਆਂ ਕੀਮਤਾਂ ਨੂੰ ਹਟਾਉਣਾ ਪਵੇਗਾ। ਉਹ ਮਨੁੱਖ ਨੂੰ ਸਭ ਤੋਂ ਵਧ ਬੇਤਰਸ ਪਸ਼ੂ ਦੱਸਦਾ ਹੈ ਕਿਉਂਕਿ ਮਨੁੱਖ ਸਾਨ੍ਹਾਂ ਦੀਆਂ ਲੜਾਈਆਂ, ਸੂਲੀ ਦੇ ਨਜ਼ਾਰੇ ਵੇਖ ਕੇ ਖੁਸ਼ ਹੁੰਦਾ ਹੈ। ਇਸੇ ਲਈ ਉਸ ਨੇ ਨਰਕ ਦਾ ਆਵਿਸ਼ਕਾਰ ਕੀਤਾ। ਨੀਤਸ਼ੇ ਬਲਵਾਨ ਵਿਅਕਤੀ ਦੇ ਵਿਕਸਤ ਹੋਣ ਦੀ ਗੱਲ ਕਰਦਾ ਹੈ। ਮਨੁੱਖ ਜਾਤੀ ਦਾ ਅੰਤਿਮ ਉਦੇਸ਼ ਪਰਮ ਮਨੁੱਖ ਹੋਣਾ ਚਾਹੀਦਾ ਹੈ। ਨੀਤਸ਼ੇ ਪ੍ਰੇਮੀਆਂ ਨੂੰ ਵਿਆਹ ਕਰਨ ਦੀ ਖੁੱਲ੍ਹ ਨਹੀਂ ਦਿੰਦਾ ਕਿਉਂਕਿ ਜ਼ਰੂਰੀ ਨਹੀਂ ਕਿ ਮਨੁੱਖ ਪਿਆਰ ਵੀ ਕਰੇ ਤੇ ਸਿਆਣਾ ਵੀ ਹੋਵੇ। ਵਿਆਹ ਕੇਵਲ ਸ੍ਰੇਸ਼ਟ ਇਸਤਰੀ-ਪੁਰਸ਼ਾਂ ਲਈ ਹੋਣਾ ਚਾਹੀਦਾ ਹੈ।

ਜਰਥੁਸ਼ਟਰ ਪੁੱਛਦਾ ਹੈ, ''ਤੁਸੀਂ ਨਵਯੁਵਕ ਹੋ, ਸ਼ਾਦੀ ਕਰਕੇ ਸੰਤਾਨ ਦੀ ਇੱਛਾ ਰੱਖਦੇ ਹੋ, ਪਰ ਮੈਂ ਤੁਹਾਨੂੰ ਪੁੱਛਦਾ ਹਾਂ ਕਿ ਕੀ ਤੁਸੀਂ ਆਪਣੇ ਆਪ ਨੂੰ ਜਿੱਤ ਲਿਆ ਹੈ? ਆਪਣੀਆਂ ਇੰਦਰੀਆਂ 'ਤੇ ਕਾਬੂ ਪਾ ਲਿਆ ਹੈ? ਜਾਂ ਕੀ ਤੁਹਾਡੀ ਇੱਛਾ, ਵਾਸ਼ਨਾ ਅੰਦਰ ਪਸ਼ੂ ਬੋਲਦਾ ਹੈ? ਤੁਹਾਨੂੰ ਆਪਣੇ ਤੋਂ ਉਚੇਰਾ ਕੁਝ ਪੈਦਾ ਕਰਨਾ ਚਾਹੀਦਾ ਹੈ।'' ਇਸਪ੍ਰਕਾਰ ਉਹ ਕਹਿੰਦਾ ਹੈ ਕਿ ਸਾਊਪੁਣਾ ਜਾਂ ਸ੍ਰੇਸ਼ਟਤਾ ਉਹ ਹੀ ਹੈ ਜੋ ਮਨੁੱਖ ਦੇ ਅੰਦਰ ਦੇ ਭਾਵ, ਬਲ ਤੇ ਸੰਕਲਪ ਨੂੰ ਵਧਾਏ, ਉਹ ਕ੍ਰਾਂਤੀ ਨੂੰ ਬਹੁਤ ਚੰਗਾ ਸਮਝਦਾ ਹੈ।

ਨੀਤਸ਼ੇ ਦਾ ਪਰਮ ਮਨੁੱਖ ਸ਼ਕਤੀ, ਬੁੱਧੀ ਤੇ ਸਵੈਮਾਣ ਨਾਲ ਬਣਦਾ ਹੈ। ਇਨ੍ਹਾਂ ਵਿਚ ਇਕਸੁਰਤਾ ਹੋਣੀ ਚਾਹੀਦੀ ਹੈ। ਜਜ਼ਬੇ ਉਦੋਂ ਹੀ ਸ਼ਕਤੀ ਬਣਦੇ ਹਨ, ਜਦੋਂ ਕਿਸੇ ਮਹਾਨ ਉਦੇਸ਼ ਲਈ ਚੁਣੇ ਜਾਂਦੇ ਹਨ। ਆਦਮੀ ਦੂਜਿਆਂ ਪ੍ਰਤੀ ਸਖ਼ਤ ਹੋਵੇ ਤੇ ਸਭ ਤੋਂ ਵਧ ਕੇ ਆਪਣੇ ਪ੍ਰਤੀ ਕੋਈ ਅਜਿਹਾ ਪ੍ਰਯੋਜਨ ਰੱਖੇ, ਜਿਸ ਲਈ ਉਹ ਸਿਵਾਏ ਕਿਸੇ ਮਿੱਤਰ ਨਾਲ ਧੋਖਾ ਕਰਨ ਦੇ ਕੋਈ ਵੀ ਕੰਮ ਕਰਨ ਨੂੰ ਤਿਆਰ ਹੋ ਜਾਵੇ। ਸਾਡਾ ਸਭ ਦਾ ਕੋਈ ਇਹੋ ਜਿਹਾ ਉਦੇਸ਼ ਹੋਣਾ ਚਾਹੀਦਾ ਹੈ ਜਿਸ ਦੀ ਖਾਤਰ ਅਸੀਂ ਇਕ ਦੂਜੇ ਨੂੰ ਪਿਆਰ ਕਰ ਸਕਦੇ ਹਾਂ। ਕੁਦਰਤ ਸਮਾਨਤਾ ਨੂੰ ਘਿਰਣਾ ਕਰਦੀ ਹੈ ਤੇ ਵਿਅਕਤੀਆਂ, ਸ੍ਰੇਣੀਆਂ ਤੇ ਜੀਵ ਜੰਤੂਆਂ ਦੀਆਂ ਜਾਤੀਆਂ ਦੀ ਵਿਭਿੰਨਤਾ ਨੂੰ ਪਿਆਰ ਕਰਦੀ ਹੈ।

ਨੀਤਸ਼ੇ ਪੂੰਜੀਵਾਦੀ ਲੋਕਾਂ ਦੀ ਮੱਧ ਸ੍ਰੇਣੀ ਨੂੰ ਲੰਗੂਰਾਂ ਦੀ ਸ੍ਰੇਣੀ ਕਹਿੰਦਾ ਹੈ ਜੋ ਕਿ ਇਕ ਦੂਜੇ 'ਤੇ ਸਵਾਰ ਹੋ ਕੇ, ਆਪਣੇ ਆਪ ਨੂੰ ਚਿੱਕੜ ਵਿਚ ਧੱਕ ਲਿਜਾਂਦੇ ਹਨ। ਅਜਿਹੇ ਲੋਕਾਂ ਪਾਸ ਧਨ-ਸੰਪਤੀ ਹੋਣ ਦਾ ਕੋਈ ਲਾਭ ਨਹੀਂ ਹੁੰਦਾ ਕਿਉਂ ਜੋ ਉਹ ਇਸ ਦੀ ਸੁਚੱਜੀ ਵਰਤੋਂ ਅਰਥਾਤ ਸਾਹਿਤ ਅਤੇ ਕਲਾ ਲਈ ਨਹੀਂ ਕਰਦੇ। ਅਜਿਹੇ ਧਨੀ ਮਨੁੱਖ ਸ਼ਿਕਾਰੀ ਬਣ ਜਾਂਦੇ ਹਨ, ਉਹ ਹਮੇਸ਼ਾ ਤਾਕ ਵਿਚ ਰਹਿੰਦੇ ਹਨ, ਫਰੇਬ ਨਾਲ ਪਦਾਰਥ ਪ੍ਰਾਪਤ ਕਰਦੇ ਹਨ, ਹਰੇਕ ਭਾਂਤ ਦੇ ਕੂੜੇ-ਕਰਕਟ ਵਿਚੋਂ ਛੋਟੇ-ਛੋਟੇ ਮੁਨਾਫੇ ਲੱਭਦੇ ਫਿਰਦੇ ਹਨ। ਨੀਤਸ਼ੇ ਉਨ੍ਹਾਂ ਲੋਕਾਂ ਲਈ ਜੰਗ ਜ਼ਰੂਰੀ ਦੱਸਦਾ ਹੈ ਜਿਹੜੇ ਕਮਜ਼ੋਰ ਸੁੱਖ-ਰਹਿਣੇ ਤੇ ਘ੍ਰਿਣਾਯੋਗ ਬਣਦੇ ਜਾ ਰਹੇ ਹੋਣ। ਉਸ ਅਨੁਸਾਰ ਜੰਗ ਲੋਕਤੰਤਰਿਕ ਹਿਜੜੇਪਣ ਲਈ ਬਹੁਤ ਜ਼ਰੂਰੀ ਦਵਾਈ ਹੈ। ਰਾਜਨੀਤੀ ਬਾਰੇ ਗੱਲ ਕਰਦਾ ਹੋਇਆ ਨੀਤਸ਼ੇ ਫਿਰ ਲਿਖਦਾ ਹੈ ਕਿ ਵਧੀਕ ਸੁਲਝੇ ਹੋਏ ਮਨੁੱਖ ਦਾ ਹੀ ਸ਼ਾਸਨ ਕਰਨ ਦਾ ਅਧਿਕਾਰ ਹੁੰਦਾ ਹੈ। ਜਿਉਂਦੀਆਂ ਵਸਤਾਂ ਦਾ ਇਹੋ ਨਿਯਮ ਹੈ। ਨੀਤਸ਼ੇ ਦੀਆਂ ਚਿੰਤਨਸ਼ੀਲ ਗੱਲਾਂ ਇਕਦਮ ਚਕਾਚੌਂਧ ਕਰ ਦਿੰਦੀਆਂ ਹਨ ਜਿਵੇਂ;

'ਸਮਝਦਾਰ ਆਦਮੀ ਨਾ ਸਿਰਫ ਆਪਣੇ ਦੁਸ਼ਮਣ ਨੂੰ ਪਿਆਰ ਕਰਦੇ ਹਨ ਬਲਕਿ ਆਪਣੇ ਦੋਸਤ ਨੂੰ ਵੀ ਨਫਰਤ ਕਰਦੇ ਹਨ।'

'ਅਗਰ ਪੌੜੀਆਂ ਤੁਹਾਡੇ ਲਾਇਕ ਨਾ ਹੋਣ ਤਾਂ ਤੁਸੀਂ ਆਪਣੇ ਸਿਰ ਤੇ ਚੜ੍ਹੋ ਤੇ ਆਪਣੇ ਆਪ ਨੂੰ ਉਚਾਈ ਤੋਂ ਵੇਖੋ।'

'ਵੇਖੋ ਮੇਰੇ ਪਿੱਛੇ ਖੁਸ਼ੀ ਭੱਜ ਕੇ ਆਈ ਹੈ। ਮੈਂ ਔਰਤ ਦੇ ਪਿੱਛੇ ਨਹੀਂ ਭੱਜਦਾ, ਇਸੇ ਲਈ ਔਰਤ ਮੇਰੇ ਪਿੱਛੇ ਭੱਜ ਕੇ ਆਈ ਹੈ ਕਿਉਂਕਿ ਖੁਸ਼ੀ ਵੀ ਇਕ ਔਰਤ ਹੈ।'

'ਇਬਾਦਤ ਕਰਨਾ ਸ਼ਰਮਨਾਕ ਹੈ, ਸਭ ਵਾਸਤੇ ਨਹੀਂ ਮੇਰੇ ਵਰਗੇ ਲੋਕਾਂ ਲਈ, ਕਿਉਂਕਿ ਤੁਸੀਂ ਕਾਇਰ ਹੋ ਇਸ ਲਈ ਤੁਹਾਨੂੰ ਲਗਦਾ ਹੈ ਤੁਹਾਡੇ ਅੰਦਰ ਸ਼ੈਤਾਨ ਵੜਿਆ ਬੈਠਾ ਹੈ, ਉਹੀ ਤੁਹਾਨੂੰ ਮਜਬੂਰ ਕਰਦਾ ਹੈ ਕਿ ਤੁਸੀਂ ਇਬਾਦਤ ਕਰੋ। ਯਾਦ ਰੱਖੋ ਤੁਸੀਂ ਰੌਸ਼ਨੀ ਤੋਂ ਡਰਨ ਵਾਲੇ ਲੋਕਾਂ ਵਿਚੋਂ ਹੋ। ਤੁਹਾਡੇ ਤੋਂ ਰੌਸ਼ਨੀ ਕੰਨੀ ਕਤਰਾਉਂਦੀ ਰਹੇਗੀ।'

'ਵਿਚਾਰ ਤੇ ਵਿਚਾਰ ਲੋਕ ਖਾਂਦੇ ਰਹੇ, ਇਸੇ ਲਈ ਲੋਕਾਂ ਦਾ ਪੇਟ ਖਰਾਬ ਹੋ ਗਿਆ।'

'ਮੈਂ ਗਿਰਜਾਘਰਾਂ ਦੇ ਨਾਲ ਈਸ਼ਵਰ ਦੀ ਕਬਰ ਨਾਲ ਵੀ ਪਿਆਰ ਕਰ ਸਕਦਾ ਹਾਂ, ਸ਼ਰਤ ਇਹ ਹੈ ਕਿ ਈਸ਼ਵਰ ਗਿਰਜਾਘਰਾਂ ਦੀਆਂ ਛੱਤਾਂ ਤੋਂ ਕੁਝ ਸ਼ੁੱਧ ਅੱਖਾਂ ਨਾਲ ਹੇਠਾਂ ਦੇਖਣ ਦੀ ਕੋਸ਼ਿਸ਼ ਕਰੇ।'

'ਅੱਜ ਰੱਬ ਕਬਰ ਵਿਚ ਦਫਨ ਹੈ ਅਤੇ ਤੁਸੀਂ ਜਿਉਂਦੇ ਹੋ। ਹੁਣ ਮਹਾਂ-ਮਾਨਵ ਹੀ ਸਵਾਮੀ ਹੋਵੇਗਾ।'

'ਜੇ ਤੁਸੀਂ ਉਪਰ ਜਾਣਾ ਹੈ ਤਾਂ ਆਪਣੀਆਂ ਲੱਤਾਂ ਦਾ ਇਸਤੇਮਾਲ ਕਰੋ। ਇਸ ਤਰ੍ਹਾਂ ਨਾ ਚਾਹੋ ਕਿ ਕੋਈ ਦੂਜਾ ਤੁਹਾਨੂੰ ਉਪਰ ਲੈ ਜਾਵੇ। ਲੋਕਾਂ ਦੇ ਮੋਢਿਆਂ 'ਤੇ ਨਾ ਬੈਠੋ।'

'ਜੋ ਸਿੱਖਿਆ ਹੈ, ਉਸਨੂੰ ਭੁੱਲ ਜਾਉ। ਉਹ ਸਭ ਕੁਝ ਭੁੱਲ ਜਾਉ, ਜੋ ਤੁਹਾਨੂੰ ਹਰ ਚੀਜ਼ ਦਾ ਕਾਰਨ ਜਾਂ ਹਰ ਚੀਜ਼ ਦੀ ਮਰਿਆਦਾ ਸਮਝਾਉਂਦਾ ਹੈ।'

'ਆਪਣੇ ਪੂਰਵਜਾਂ ਦੇ ਪਦਚਿੰਨ੍ਹਾਂ 'ਤੇ ਚੱਲੋਗੇ ਤਾਂ ਇਹ ਦੱਸੋ ਕਿ ਉਨ੍ਹਾਂ ਤੋਂ ਉਪਰ ਕਿਸ ਤਰ੍ਹਾਂ ਉਠੋਗੇ?'

'ਮੈਨੂੰ ਤੁਹਾਡਾ ਸਵਰਗ ਨਹੀਂ ਚਾਹੀਦਾ। ਮੈਂ ਮਨੁੱਖ ਹੋ ਗਿਆ ਹਾਂ ਅਤੇ ਧਰਤੀ 'ਤੇ ਹੀ ਜੀਵਾਂਗਾ।'

'ਪ੍ਰਸ਼ਨਾਂ ਤੋਂ ਇੰਨਾ ਪਰਹੇਜ਼ ਕਿਤੇ ਨਹੀਂ ਹੁੰਦਾ ਜਿੰਨਾ ਕਿ ਧਾਰਮਿਕ ਖੇਤਰ ਵਿਚ। ਇਸ ਦੇ ਬਾਵਜੂਦ ਆਮ ਲੋਕਾਂ ਨੂੰ ਹੀ ਨਹੀਂ ਸਗੋਂ ਦਾਰਸ਼ਨਿਕਾਂ ਨੂੰ ਵੀ ਇਹਨੇ ਆਕਰਸ਼ਿਤ ਕੀਤਾ ਹੈ ਤੇ ਇਨ੍ਹਾਂ ਸਾਰਿਆਂ ਨੇ ਮਿਲਕੇ ਬੇਹੂਦਗੀ ਤੇ ਅੰਧ ਵਿਸ਼ਵਾਸ ਦੇ ਕੂੜੇ ਦੇ ਉਚੇ-ਉਚੇ ਢੇਰ ਲਾ ਦਿੱਤੇ ਹਨ।'

'ਸਿਰਫ਼ ਉਹ ਹੀ ਆਦਮੀ ਅੱਛੇ ਤੇ ਬੁਰੇ ਦਾ ਨਿਰਮਾਤਾ ਹੋ ਸਕਦਾ ਹੈ ਜੋ ਆਦਮੀ ਦੀ ਮੰਜ਼ਿਲ ਦੀ ਰਚਨਾ ਕਰ ਸਕੇ ਅਤੇ ਦੁਨੀਆ ਨੂੰ ਉਸ ਦਾ ਅਰਥ ਤੇ ਭਵਿੱਖ ਦੇ ਸਕੇ।'

'ਜੋ ਸੱਭਿਅਤਾ ਨੂੰ ਅੱਗੇ ਲੈ ਕੇ ਜਾਣ ਦਾ ਯਤਨ ਕਰਦਾ ਹੈ, ਉਸਨੂੰ ਹੀ ਆਪਣੀ ਬਲੀ ਦੇਣੀ ਪੈਂਦੀ ਹੈ।'

'ਸਾਡੇ ਵਿਚਾਰ ਕਿਉਂਕਿ ਤਾਜ਼ੇ ਤੇ ਨਵੇਂ ਹੁੰਦੇ ਹਨ, ਇਸ ਲਈ ਉਹ ਪੁਜਾਰੀਆਂ ਨੂੰ ਤਾਜ਼ੇ ਬੱਕਰੇ ਦੇ ਗੋਸ਼ਤ ਵਰਗੇ ਚੰਗੇ ਲਗਦੇ ਹਨ। ਮੈਨੂੰ ਅਜਿਹੇ ਲੋਕਾਂ ਨਾਲ ਹੀ ਪਿਆਰ ਹੈ ਜੋ ਇਸ ਤਰ੍ਹਾਂ ਮਰਨ ਤੋਂ ਨਹੀਂ ਡਰਦੇ।'

'ਇਕ ਪੁਰਾਣਾ ਵਹਿਮ ਹੈ-ਪਾਪ ਤੇ ਪੁੰਨ। ਇਸਦੇ ਚਾਰੇ ਪਾਸੇ ਭਵਿੱਖ ਦੱਸਣ ਵਾਲੇ ਪੁਜਾਰੀ ਤੇ ਜੋਤਸ਼ੀ ਚੱਕਰ ਕੱਟਦੇ ਹਨ।'

'ਜੋ ਤੁਹਾਨੂੰ ਇਹ ਕਹਿੰਦੇ ਨੇ ਕਿ ਚੋਰੀ ਨਾ ਕਰੋ, ਹੱਤਿਆ ਨਾ ਕਰੋ, ਉਨ੍ਹਾਂ ਅੱਗੇ ਜੁੱਤੀਆਂ ਲਾਹ ਕੇ ਸਿਰ ਝੁਕਾਉਂਦੇ ਹੋ। ਮੈਂ ਪੁੱਛਦਾ ਹਾਂ ਕਿ ਕੀ ਇਹ ਉਹ ਲੋਕ ਨਹੀਂ ਜਿਹਨਾਂ ਨੇ ਤੁਹਾਨੂੰ ਲੁੱਟਿਆ ਹੈ, ਤੁਹਾਡੀ ਹੱਤਿਆ ਕੀਤੀ ਹੈ। ਓ ਭੋਲੇ-ਭਾਲੇ ਲੋਕੋ, ਮੈਂ ਕਹਿੰਦਾ ਹਾਂ ਕਿ ਤੋੜ ਦਿਉ ਪੁਰਾਣੀਆਂ ਇਬਾਰਤਾਂ, ਮਿਟਾ ਦਿਉ।'

'ਹਿੰਮਤ ਹੀ ਸਭ ਤੋਂ ਵੱਡਾ ਹਥਿਆਰ ਹੈ। ਹਿੰਮਤ ਨਾਲ ਤੁਸੀਂ ਆਪਣੀ ਹਾਰ ਨੂੰ ਵੀ ਮਾਰ ਸਕੋਗੇ।'

ਨੀਤਸ਼ੇ ਇਸਾਈ ਮਤ ਦਾ ਗਹਿਰਾ ਆਲੋਚਕ ਸੀ ਤੇ ਉਸਨੇ ਵਿਅੰਗ ਕੀਤਾ ਹੈ ਕਿ ਇਸਾਈ ਆਪਣੇ ਦੁਸ਼ਮਣ ਨੂੰ ਇਸੇ ਲਈ ਪਿਆਰ ਕਰਦਾ ਹੈ ਕਿ ਉਹ ਚਾਹੁੰਦਾ ਹੈ ਕਿ ਇਸੇ ਆਧਾਰ 'ਤੇ ਉਸਨੂੰ ਸਵਰਗ ਮਿਲ ਜਾਵੇ ਤੇ ਦੁਸ਼ਮਣਾਂ ਨੂੰ ਨਰਕ ਦੀ ਅੱਗ ਵਿਚ ਸੜਦਾ ਵੇਖ ਸਕੇ। ਉਸਨੇ ਤਕਰੀਬਨ ਸਾਡੇ ਸਾਰੇ ਸਮਾਜਿਕ ਮੁੱਲਾਂ ਤੇ ਨੈਤਿਕ ਮਰਿਆਦਾਵਾਂ ਉਤੇ ਪ੍ਰਸ਼ਨ ਚਿੰਨ੍ਹ ਲਗਾਇਆ ਹੈ। 1886 ਵਿਚ ਉਸਨੇ ਇਕ ਹੋਰ ਪੁਸਤਕ ''ਅੱਛਾਈ ਅਤੇ ਦੁਸ਼ਮਣਾਂ ਤੋਂ ਪਰੇ'' ਲਿਖੀ। ਉਸਨੇ ਅੱਛੇ ਤੇ ਬੁਰੇ, ਅੱਛੇ ਤੇ ਦੁਸ਼ਟ ਵਿਚ ਅੰਤਰ ਦੱਸਿਆ। ''ਨੈਤਿਕਤਾ ਦੀ ਵੰਸ਼ਾਵਲੀ'' ਪੁਸਤਕ ਉਸ ਨੇ ਅਗਲੇ ਸਾਲ ਪ੍ਰਕਾਸ਼ਿਤ ਕਰਵਾਈ।

''ਮੂਰਤੀਆਂ ਦਾ ਧੁੰਦਲਕਾ'' ਅਤੇ ''ਆਪਣੀ ਗੱਲ'' ਵਿਚ ਬੇਹੱਦ ਵਿਅੰਗ ਹੈ। ਇਸੇ ਸਮੇਂ ਦੌਰਾਨ ਉਸਨੇ ਸਭ ਤੋਂ ਵਧ ਵਿਵਾਦਗ੍ਰਸਤ ''ਈਸਾ ਵਿਰੁਧ'' ਲਿਖੀ ਜਿਸ ਵਿਚ ਉਸ ਨੇ ਇਸਾਈ ਨੈਤਿਕਤਾ ਦੀ ਖੁੱਲ੍ਹ ਕੇ ਆਲੋਚਨਾ ਕੀਤੀ। ਇਸ ਤੋਂ ਇਲਾਵਾ ਉਸਨੇ ਸ਼ਾਪਨਹਾਵਰ 'ਤੇ ਰਚਨਾ ਕੀਤੀ। ਹਿਟਲਰ ਨੇ ਉਸਦੇ ਵਿਚਾਰਾਂ ਨੂੰ ਤੋੜ-ਮਰੋੜ ਕੇ ਆਪਣੇ ਹਿਤਾਂ ਲਈ ਵਰਤਿਆ। ਨੀਤਸ਼ੇ ਨੇ ਵੱਡੇ ਪੱਧਰ 'ਤੇ ਬੁੱਧੀਜੀਵੀਆਂ ਨੂੰ ਪ੍ਰਭਾਵਿਤ ਕੀਤਾ। ਫਰਾਇਡ ਨੇ ਵੀ ਉਸਨੂੰ ਮਨੋਵਿਗਿਆਨ ਦੀ ਗਹਿਰੀ ਸਮਝ ਰੱਖਣ ਵਾਲਾ ਸਮਝਿਆ ਹੈ। ਆਧੁਨਿਕ ਚਿੰਤਕ ਅਚਾਰੀਆ ਰਜਨੀਸ਼ ਨੇ ਉਸਨੂੰ ਮਹਾਤਮਾ ਬੁੱਧ ਦੇ ਬਰਾਬਰ ਦਾ ਦਾਰਸ਼ਨਿਕ ਮੰਨਿਆ ਹੈ।

ਨੀਤਸ਼ੇ ਦੀ ਵਿਚਾਰ ਤੀਬਰਤਾ ਨੇ ਉਸਨੂੰ ਸਮੇਂ ਤੋਂ ਪਹਿਲਾਂ ਹੀ ਜਰਜਰਾ ਕਰ ਦਿੱਤਾ। ਅਸਲ ਵਿਚ ਉਸਦਾ ਹਾਸਾ ਵੀ ਦਿਮਾਗੀ ਵਿਗਾੜ ਵਾਲਾ ਹੋ ਗਿਆ। ਉਸ ਨੇ ਇਸੇ ਸਥਿਤੀ ਵਿਚ ਕਿਹਾ, ''ਮਨੁੱਖ ਹੀ ਇੱਕੋ-ਇਕ ਅਜਿਹਾ ਪਸ਼ੂ ਹੈ ਜਿਹੜਾ ਹੱਸ ਸਕਦਾ ਹੈ। ਕੇਵਲ ਉਹ ਹੀ ਇੰਨਾ ਅਸਹਿ ਤੇ ਅਕਹਿ ਕਸ਼ਟ ਸਹਾਰਦਾ ਹੈ ਕਿ ਉਸਨੂੰ ਮਜਬੂਰ ਹੋ ਕੇ ਹਾਸੇ ਦਾ ਆਵਿਸ਼ਕਾਰ ਕਰਨਾ ਪਿਆ।'' ਨੀਤਸ਼ੇ ਦੀ ਜਦੋਂ ਨਜ਼ਰ ਜਾ ਰਹੀ ਸੀ ਤਾਂ ਉਸ ਦੇ ਇਕ ਪ੍ਰਸ਼ੰਸਕ ਨੇ 400 ਡਾਲਰ ਦਾ ਚੈਕ ਭੇਜਿਆ।

ਪਰ ਇਹ ਸਭ ਕੁਝ ਬੜਾ ਲੇਟ ਹੋ ਚੁੱਕਿਆ ਸੀ। ਇਸੇ ਸਮੇਂ ਉਹ ਪਾਗਲਾਂ ਵਾਂਗ ਵੈਗਨਰ ਅਤੇ ਐਡੀਸਨ ਨੂੰ ਚਿੱਠੀਆਂ ਭਰੀਟਣ ਲੱਗਿਆ। ਉਸਨੂੰ ਇਕ ਪਾਗਲਖਾਨੇ ਵਿਚ ਲੈ ਕੇ ਗਏ ਪਰ ਛੇਤੀ ਹੀ ਉਸਦੀ ਬਿਰਧ ਮਾਤਾ ਉਥੋਂ ਉਸ ਨੂੰ ਲੈਣ ਆ ਗਈ। 1897 ਵਿਚ ਉਸ ਦੀ ਮਾਤਾ ਵੀ ਚਲਾਣਾ ਕਰ ਗਈ। ਹੁਣ ਨੀਤਸ਼ੇ ਦੀ ਇਕ ਭੈਣ ਉਸ ਨੂੰ ਆਪਣੇ ਕੋਲ ਲੈ ਗਈ। ਇਥੇ ਇਕ ਕਲਾਕਾਰ ਕਰੇਮਨ ਨੇ ਉਸਦਾ ਬੁੱਤ ਬਣਾ ਦਿੱਤਾ। ਇਸੇ ਵਕਤ ਜਦੋਂ ਉਸ ਦੀ ਭੈਣ ਰੋ ਰਹੀ ਸੀ ਤਾਂ ਉਸਨੇ ਕਿਹਾ ''ਤੂੰ ਰੋਂਦੀ ਕਿਉਂ ਹੈਂ, ਕੀ ਅਸੀਂ ਪ੍ਰਸੰਨ ਨਹੀਂ?'' ਕਿਤਾਬਾਂ ਬਾਰੇ ਗੱਲ ਹੁੰਦਿਆਂ ਉਸਦਾ ਚਿਹਰਾ ਚਮਕ ਉਠਿਆ ਤੇ ਉਸਨੇ ਕਿਹਾ, ''ਵਾਹ ਜੀ ਵਾਹ! ਮੈਂ ਕੁਝ ਚੰਗੀਆਂ ਪੁਸਤਕਾਂ ਲਿਖੀਆਂ ਹਨ।'' ਅਤੇ ਇਹ ਕਹਿੰਦਿਆਂ ਹੋਇਆ ਇਹ ਮਹਾਨ ਪ੍ਰਤਿਭਾ ਦੁਨੀਆ ਤੋਂ ਰੁਖ਼ਸਤ ਹੋਈ। ਇਹ 1900 ਦਾ ਸਾਲ ਸੀ ਪ੍ਰੰਤੂ ਉਹ ਆਦਮੀ ਨੂੰ ਆਦਮੀ ਤੋਂ ਕੁਝ ਵਧ ਬਣਾਉਣ ਲਈ ਬਹੁਤ ਕੁਝ ਕਰ ਗਿਆ।

---

## ਨਜ਼ਮ: ਕੋਈ ਨਾਮ ਨਾ ਰੱਖਣਾ

-ਸੁਦਰਸ਼ਨ ਵਾਲੀਆ

ਕੋਈ ਨਾਮ ਨਾ ਰੱਖਣਾ
ਉਹਨਾਂ ਰਿਸ਼ਤਿਆਂ ਦਾ
ਜੋ ਅਣਬੋਲ ਹੀ ਜਾਂ
ਮੱਲੋ-ਮੱਲੀ, ਉਗ ਆਉਂਦੇ
ਬਰਸਾਤ ਦੀਆਂ ਖੁੰਬਾਂ ਵਾਂਗ
ਜਾਂ ਫਿਰ
ਨਾਦੀਨ ਬਣ ਚੂਸ ਜਾਂਦੇ ਨੇ
ਦਿਲਾਂ ਦੀ ਧਰਤ ਦੀ ਲਹਿਲਹਾਉਂਦੀ ਫ਼ਸਲ
ਤੇ ਘਰ ਗ੍ਰਹਿਸਥੀ ਦੇ ਪਲਰਦੇ ਅੰਕੁਰਾਂ ਨੂੰ

ਉਨ੍ਹਾਂ ਰਿਸ਼ਤਿਆਂ ਨੂੰ
ਕੁਝ ਵੀ ਨਾਮ ਨਾ ਦੇਣਾ

ਜੋ ਉਕਰੇ ਜਾਂਦੇ ਨੇ ਮਨ-ਮਸਤਕ 'ਤੇ
ਟੈਟੂ ਵਾਂਗਰਾਂ
ਕਦੇ ਸੁਹਜ ਵਧਾਉਂਦੇ ਤੇ
ਕਦੇ ਬਦਨੁਮਾ ਦਾਗ ਬਣ ਜਾਂਦੇ ਨੇ।
ਕੁਲ ਹਯਾਤੀ ਵਾਸਤੇ
ਤੇ ਮੌਤ ਤੱਕ ਪਿੱਛਾ ਕਰਦੇ ਨੇ
ਹਰ ਬਦ-ਨਸੀਬੀ ਵਾਂਗਰਾਂ

ਗੁਰੇਜ਼ ਕਰਨਾ ਕੋਈ ਵੀ ਨਾਮ ਦੇਣ ਤੋਂ
ਉਨ੍ਹਾਂ ਰਿਸ਼ਤਿਆਂ ਨੂੰ
ਜੋ ਜਬਰਦਸਤੀ ਲੰਘ ਆਉਂਦੇ ਨੇ
ਮਨ ਦੇ ਦਰਾਂ ਦੀਆਂ ਝੀਥਾਂ ਵਿਚ ਦੀ

ਤੇ ਜਤਾਉਂਦੇ ਨੇ ਅਣਚਾਹੀ ਹੋਂਦ ਆਪਣੀ
ਫੈਲ ਜਾਂਦੇ ਨੇ ਘਰੋੜਿਆਂ ਵਿਚ ਨੇਰ੍ਹ ਬਣ ਕੇ
ਤੇ ਭਰ ਦੇਂਦੇ ਨੇ ਜ਼ਿੰਦਗੀ ਵਿਚ
ਉਜੜੀਆਂ ਉਜਾੜਾ ਵਰਗੀ ਇਕਾਂਤ ਤੇ
ਕੰਡਿਆਲੀਆਂ ਥੋਹਰਾਂ
ਮਨ ਦੀ ਆਬਾਦੀ ਤੋਂ ਦੂਰ
ਲੈ ਜਾ ਕੇ ਫਿਰ ਸੁੱਟ ਦੇਂਦੇ ਨੇ
ਥਲਾਂ ਵਰਗੀ ਤਪਸ਼ ਭਰੀ ਦੇ ਉਤੇ

ਇਹ ਉਹ ਰਿਸ਼ਤੇ ਨਹੀਂ ਹੁੰਦੇ
ਜਿਹਨਾਂ ਦਾ ਪਿਆਰ ਭਾਲਦੇ ਹੋ
ਤੋੜ ਕੇ ਵੰਗ ਦੇ ਟੋਟਿਆਂ ਨੂੰ
ਇਹ ਤਾਂ ਬੱਦਲੀ ਦੀ ਛਾਇਆ ਵਾਂਗ
ਪਲ 'ਚ ਏਥੇ ਤੇ ਪਲ 'ਚ ਓਥੇ
ਕਦੋਂ ਬਣ ਸਕਦੇ ਨੇ ਕਦੇ ਜਿਊਣ ਜੋਗੇ
ਪਿਆਜ ਦੇ ਛਿਲਕਿਆਂ ਵਾਂਗ
ਪਰਤ-ਦਰ-ਪਰਤ ਉਤਰਦੇ ਇਨ੍ਹਾਂ ਦੇ ਨਕਾਬ
ਮਤਲਬ-ਪ੍ਰਸਤੀਆਂ, ਧਾਂਦਲੀਆਂ

ਵਿਕੀ ਹੋਈ ਜ਼ਮੀਨ ਜਦ ਹੋ ਜਾਂਦੀ ਹੈ ਬੇਨਕਾਬ
ਤਾਂ ਫਿਰ ਮੌਕੇ ਦੀ ਨਜ਼ਾਕਤ ਦੇਖ

ਖੁਰ ਜਾਂਦੇ ਨੇ ਕੱਕੀ ਰੇਤ 'ਤੇ ਰੱਖੀ
ਬਰਫ ਦੀ ਡਲੀ ਵਾਂਗਰ
ਇਹ ਕਸੁੰਭੇ ਦੇ ਰੰਗ ਵਰਗੇ
ਤੇ ਕੱਚੀਆਂ ਤੰਦਾਂ ਜਿਹੇ ਰਿਸ਼ਤੇ
ਕਦੇ ਟੁੱਟਦੇ, ਉਲਝਦੇ
ਬਾਰ-ਬਾਰ ਉਲਝਾਉਂਦੇ
ਸ਼ਾਇਦ ਹੀ ਕਦੀ ਸਾਰਥਕ ਹੋ ਨਿਭਣ
ਵਰਨਾ ਦੇ ਜਾਂਦੇ ਨੇ 'ਦਰਸ਼ਨ'
ਉਮਰਾਂ ਦੇ ਰੋਣਿਆਂ ਤੋਂ ਸਿਵਾ
ਕੁਝ ਵੀ ਨਹੀਂ
ਕੁਝ ਵੀ ਨਹੀਂ
ਕੁਝ ਵੀ ਨਹੀਂ।

## ਕਹਾਣੀ

# ਦੁੱਧ ਦੇਣ ਵਾਲੀ ਮੱਝ

**ਬਲਜੀਤ ਬਾਸੀ**

ਗੰਗੂ ਕਿਆਂ ਦੇ ਵਾਰੇ ਨਿਆਰੇ ਸਨ। ਸਾਲੋ ਸਾਲ ਘਰ ਦੀਆਂ ਸਹੂਲਤਾਂ ਵਿਚ ਵਾਧਾ ਹੋਈ ਜਾਂਦਾ ਸੀ। ਪੱਖੇ, ਕੂਲਰ, ਟੀ.ਵੀ., ਫਰਿੱਜ, ਗੈਸ ਦੇ ਚੁੱਲ੍ਹੇ, ਸਕੂਟਰ-ਵਾਰੀ ਸਿਰ ਘਰ ਆਉਂਦੇ ਗਏ। ਇੱਟ ਤਾਂ ਖੜਕਦੀ ਹੀ ਰਹਿੰਦੀ ਸੀ, ਕਦੇ ਹੋਰ ਖਣ ਛੱਤ ਲਏ, ਕਦੇ ਕਿਚਨ ਬਣਾ ਲਿਆ, ਕਦੇ ਬਾਥਰੂਮ ਤੇ ਕਦੇ ਹੋਰ ਚੁਬਾਰਾ ਪਾ ਲਿਆ। ਖੇਤੀ ਪਲਟਾ ਖਾ ਗਈ, ਮਸ਼ੀਨਾਂ ਆਉਣ ਲੱਗੀਆਂ, ਮਾਲ ਡੰਗਰ ਕਿਧਰੇ ਗਿਆ, ਭਈਆ ਪ੍ਰਗਟ ਹੋ ਗਿਆ। ਮੱਝ ਖੂਹ ਤੋਂ ਲਿਆ ਕੇ ਘਰ ਵਿਹੜੇ ਬੰਨ੍ਹ ਦਿੱਤੀ। ਜੈਲੀ ਦੇ ਪੀਣ ਦਾ ਸਟੈਂਡਰਡ ਚੜ੍ਹਦਾ ਚੜ੍ਹਦਾ ਸੋਲਨ ਨੰਬਰ ਵੰਨ 'ਤੇ ਪਹੁੰਚ ਗਿਆ। ਪਰਿਵਾਰ ਦੀ ਜ਼ਿੰਦਗੀ ਨਿਰੰਤਰ ਘਰ-ਉਨਮੁਖ ਹੁੰਦੀ ਗਈ।

ਪਿੰਡ ਦੇ ਕਈ ਹੋਰ ਘਰਾਂ ਵਿਚ ਕੁਝ ਹੱਦ ਤੱਕ ਏਹੀ ਹੋ ਰਿਹਾ ਸੀ, ਰਫ਼ਤਾ ਰਫ਼ਤਾ ਪਿੰਡ ਦੀ ਨੁਹਾਰ ਬਦਲ ਰਹੀ ਸੀ ਪਰ ਜੈਲੀ ਦੇ ਘਰ ਬਹੁਤੀ ਮਾਇਆ ਆਉਣ ਦਾ ਇਕ ਕਾਰਨ ਉਸ ਦੇ ਵੱਡੇ ਭਰਾ ਭੀਰੂ ਦਾ ਕੈਨੇਡਾ ਚਲੇ ਜਾਣਾ ਸੀ। ਘਰ ਵਿਚ ਨਵੀਂ ਸਹੂਲਤ ਦਾ ਆ ਜਾਣਾ ਕਈ ਵਾਰੀ ਭੀਰੂ ਦੀ ਮਿਹਰ ਸਦਕਾ ਤੇ ਉਸਦੇ ਪਰਿਵਾਰ ਦੇ ਸੁਖ ਨਿਮਿਤ ਹੀ ਹੁੰਦਾ ਸੀ ਪਰ ਇਸਦਾ ਅਸਲ ਲਾਭ ਤਾਂ ਜੈਲੀ ਤੇ ਉਸ ਦੇ ਪਰਿਵਾਰ ਨੂੰ ਹੀ ਮਿਲਦਾ। ਭੀਰਾ ਉਨ੍ਹਾਂ ਲਈ ਇਕ ਤਰ੍ਹਾਂ ਦੁਧ ਦੇਣ ਵਾਲੀ ਮੱਝ ਸੀ। ਉਹ ਇਕੱਲਾ ਜਾਂ ਪਰਿਵਾਰ ਸਮੇਤ ਦੂਏ-ਤੀਏ ਸਾਲ ਗੇੜਾ ਮਾਰੀ ਰੱਖਦਾ। ਹੁਣ ਵੀ ਹਫਤੇ ਖੰਡ ਤਾਈਂ ਏਥੇ ਦਿਸਨਾ ਸੀ।

ਘਰ ਵਿਚ ਇਸ ਵਾਰੀ ਟਾਇਲਟ ਬਣਾਉਣ ਦੀ ਚਰਚਾ ਛਿੜ ਗਈ। ਭੀਰੇ ਨੇ ਇਸ ਕੰਮ ਲਈ ਉਚੇਚੇ ਪੈਸੇ ਭੇਜੇ ਸਨ। ਉਸ ਦੇ ਬੱਚੇ ਹੁਣ ਪੋਤੜਿਆਂ ਤੋਂ ਉਪਰ ਉਠ ਚੁੱਕੇ ਸਨ, ਹੋਰ ਅੱਗੇ ਤੋਂ ਉਨ੍ਹਾਂ ਦੇ ਪਾਖਾਨੇ ਲਈ ਲੁਹਾਂਡੇ ਦੀ ਵਰਤੋਂ ਨਹੀਂ ਸੀ ਕੀਤੀ ਜਾ ਸਕਦੀ। ਭੀਰਾ ਤੇ ਉਸਦੀ ਪਤਨੀ ਖੁਦ ਹੁਣ ਇੰਡੀਆ ਦੇ ਤੌਰ ਤਰੀਕੇ ਵਿਸਾਰ ਚੁੱਕੇ ਸਨ। ਖੇਤਿਆਂ ਵਿਚ ਮੱਖੀਆਂ ਨਾਲ ਲੜਾਈ, ਫਿਰ ਢੀਮਾਂ ਦੀ ਘਸਾਈ ਤੇ ਅਖੀਰ ਆੜ ਜਾਂ ਛੱਪੜ ਦੇ ਪਾਣੀ ਨਾਲ ਸਫ਼ਾਈ ਆਦਿ ਹੁਣ ਪੱਥਰ ਯੁਗ ਦੀਆਂ ਗੱਲਾਂ ਲੱਗਦੀਆਂ ਸਨ। ਭੀਰੇ ਨੇ ਇਕ ਦਿਨ ਹਾਸੇ ਵਿਚ ਹੀ ਜੈਲੀ ਨੂੰ ਚਿਤਾਰਿਆ ਸੀ ਕਿ ਆਪਾਂ ਬਚਪਨ ਵਿਚ ਕਿਵੇਂ ਫਿਰਨੀ ਉਤੇ ਘੀਸੀ ਘੀਸੀ ਦਾ ਮੁਕਾਬਲਾ ਕਰਿਆ ਕਰਦੇ ਸਾਂ। ਭੀਰੇ ਤੇ ਉਸਦੀ ਪਤਨੀ ਨੂੰ ਇਸ ਪ੍ਰਚਲਨ ਤੋਂ ਹੁਣ ਕੁਰਹਿਤ ਆਉਣ ਲੱਗ ਪਈ ਸੀ।


ਪਰ ਘਰ ਦੇ ਬਜ਼ੁਰਗਾਂ ਨੇ ਟਾਇਲਟ ਦੇ ਇਸ ਨਵੇਂ ਤਜਵੀਜ਼ੇ ਕੁੱਤੇ ਕੰਮ ਦੇ ਖਿਲਾਫ ਆਢਾ ਲਾਈ ਰੱਖਿਆ ਸੀ। ਉਹ ਇਸ 'ਬਾਹਰ ਵਾਲੇ ਕੰਮ' ਨੂੰ ਘਰ ਵਾੜਨ ਤੋਂ ਉਕਾ ਇਨਕਾਰੀ ਸਨ। ਉਨ੍ਹਾਂ ਦਾ ਪਹਿਲਾ ਤੇ ਮੁਖ ਇਤਰਾਜ਼ ਸੀ ਕਿ ਘਰ ਵਿਚ ਉਨ੍ਹਾਂ ਦੀ 'ਉਤਰੇਗੀ' ਕਿਵੇਂ? ਉਨ੍ਹਾਂ ਦੇ ਸਰੀਰ ਬਾਹਰ ਜਾਣ ਦੇ ਆਦੀ ਹੋ ਚੁਕੇ ਸਨ। ਇਸ ਵਿਚ ਕੋਈ ਵੀ ਵਿਘਨ ਜਾਂ ਛੇੜ ਛਾੜ ਉਨ੍ਹਾਂ ਨੂੰ ਆਪਣੀ ਹੋਣੀ ਲਈ ਖਤਰੇ ਦੀ ਘੰਟੀ ਪ੍ਰਤੀਤ ਹੁੰਦਾ ਸੀ। ਫਿਰ 'ਖੜਕੇ' ਦੀ ਸੰਭਾਵਨਾ ਦੇ ਇਸਦੇ ਭਿਅੰਕਰ ਨਤੀਜਿਆਂ ਕਾਰਨ ਉਨ੍ਹਾਂ ਨੂੰ ਕੰਬਣੀ ਛਿੜ ਰਹੀ ਸੀ। ਘਰ ਵਿਚ ਜਵਾਨ ਵਹੁਟੀ ਕੁੜੀ ਦੇ ਹੁੰਦਿਆਂ ਟਾਇਲਟ ਵਿਚ ਹੁੰਦਾ ਖੜਕਾ ਉਨ੍ਹਾਂ ਲਈ ਡੁੱਬ ਮਰਨ ਵਾਲੀ ਗੱਲ ਸੀ। ਗਲੀ ਗਵਾਂਢ ਦੇ ਲੋਕ ਵੀ ਖਾਮੋਸ਼ ਜਾਂ ਬੋਲ ਕੇ ਬਜ਼ੁਰਗਾਂ ਦੀ ਪਿੱਠ ਠੋਕ ਰਹੇ ਸਨ। ਇਸ ਰੱਫੜ ਕਾਰਨ ਟਾਇਲਟ ਲਈ ਖੂਹੀ ਪੁਟਣ ਦਾ ਕੰਮ ਅੱਗੇ ਹੀ ਅੱਗੇ ਪੈਂਦਾ ਗਿਆ।

ਇਸ ਅੜਿੱਕੇ ਨੂੰ ਖਤਮ ਕਰਨ ਲਈ ਜੈਲੀ ਤੇ ਉਸਦੀ ਪਤਨੀ ਨੂੰ ਬਹੁਤ ਜਦੋਜਹਿਦ ਕਰਨੀ ਪਈ। ਬਜ਼ੁਰਗਾਂ ਨੂੰ ਗੁੱਝੀਆਂ ਧਮਕੀਆਂ ਦਿੱਤੀਆਂ ਗਈਆਂ-ਤੁਸੀਂ ਹੁੰਦੇ ਕੌਣ ਹੋ ਇਸ ਕੰਮ 'ਚ ਅੜਿੱਕਾ ਡਾਹੁਣ ਵਾਲੇ? ਹਰ ਨਵੇਂ ਕੰਮ ਦਾ ਵਿਰੋਧ, ਬਾਹਲੀ ਗੱਲ ਹੈ ਤਾਂ ਖੂਹ ਤੇ ਆਪਣੀ ਕੁੱਲੀ ਪਾ ਲਓ, ਆਦਿ ਆਦਿ। ਬਜ਼ੁਰਗਾਂ ਨੂੰ ਆਪਣਾ ਜੀਣਾ ਹੀ ਬੇਕਾਰ ਲੱਗਣ ਲੱਗ ਪਿਆ, ਹਾਰ ਕੇ ਉਨ੍ਹਾਂ ਕੁਦ ਕੁਦ ਪੈਂਦੇ ਟੱਬਰ ਅੱਗੇ ਗੋਡੇ ਟੇਕ ਦਿੱਤੇ। ਇਸ ਤਰ੍ਹਾਂ ਘਰੇਲੂ ਵਿਰੋਧਤਾਈਆਂ ਨੂੰ ਸੁਲਝਾ ਲਿਆ ਗਿਆ। ਅਕਸਰ ਜ਼ਮਾਨਾ ਬਦਲ ਰਿਹਾ ਸੀ ਤੇ ਇਸਦਾ ਝੁਕਾਅ 'ਬਾਹਰ' ਨੂੰ ਅੰਦਰ ਲਿਆਉਣ ਵੱਲ ਸੀ। ਨਾਲੇ ਭੀਰਾ ਪਰਿਵਾਰ ਸਹਿਤ ਬਾਹਰੋਂ ਆ ਰਿਹਾ ਸੀ, ਇਸ ਕੰਮ ਲਈ ਉਸਨੇ ਉਚੇਚੇ ਪੈਸੇ ਭੇਜੇ ਸਨ।

ਘਰ ਤੋਂ ਕਾਫੀ ਪਰੇ ਵਿਹੜੇ ਦਾ ਇਕ ਖੂੰਜਾ ਟਾਇਲਟ ਲਈ ਚੁਣ ਲਿਆ ਗਿਆ। ਇਸ ਨਾਲ ਖੜਕੇ ਦੀ ਸਮੱਸਿਆ ਕਾਫੀ ਹੱਦ ਤੱਕ ਹੱਲ ਹੋ ਗਈ। ਉਤਰਨ ਦੀ ਸਮੱਸਿਆ ਭਾਵੇਂ ਬਰਕਰਾਰ ਸੀ ਪਰ ਬੁੜ੍ਹਿਆਂ ਨੂੰ ਘਰ ਵਿਚ ਜੰਗਲ ਪਾਣੀ ਜਾਣ ਦੀ ਕੋਈ ਬਾਨ੍ਹ ਥੋੜੀ ਸੀ, ਉਨ੍ਹਾਂ ਨੂੰ ਘਰ ਬੈਠਣ ਲਈ ਕਹਿੰਦਾ ਹੀ ਕੌਣ ਸੀ? ਬਾਹਰ ਦੇ ਲੋਕਾਂ ਨੂੰ ਗੰਗੂਕਿਆਂ ਦੇ ਘਰ ਵਿਚ ਹੋ ਰਹੇ ਇਸ ਨਵੇਂ ਪਰਿਵਰਤਨ ਵਿਚ ਅਵੈੜੀ ਦਿਲਚਸਪੀ ਸੀ। ਉਹ ਆਉਂਦੇ-ਜਾਂਦੇ ਘੁਸਰ-ਮੁਸਰ ਕਰਦੇ ਰਹਿੰਦੇ: ਪਹਿਲਾਂ ਇਸ ਟੱਬਰ ਨੇ ਮੱਝ ਘਰ ਲਿਆ ਕੇ ਗਲੀ-ਗੁਆਂਢ ਗੰਦ ਪਾਇਆ, ਹੁਣ ਆਹ ਨਵਾਂ ਕੰਮ ਸ਼ੁਰੂ ਕਰਨ ਲੱਗੇ ਆ, ਘਰ ਦਾ ਮੁਸ਼ਕ ਸਾਰੇ ਪਿੰਡ ਵਿਚ ਖਲਾਰਨਗੇ। ...ਇਨ੍ਹਾਂ ਦੇ ਸਿਰ ਨੂੰ ਬਾਹਲੀ ਵਲੈਤ ਚੜ੍ਹੀ ਹੋਈ ਹੈ...ਪਰ ਇਹ ਗੰਗੂਕਿਆਂ ਦੇ ਘਰ ਦਾ ਆਪਣਾ ਸਵਾਲ ਸੀ, ਉਨ੍ਹਾਂ ਦੇ ਜੀਣ-ਥੀਣ ਦਾ ਮਸਲਾ ਸੀ, ਉਹ ਕੀ ਸਮਝਦੇ ਸਨ ਲੋਕਾਂ ਦੇ ਬੋਲ-ਕਬੋਲਾਂ ਨੂੰ।

ਕੁਝ ਹੀ ਦਿਨਾਂ ਵਿਚ ਚੋਭੇ, ਮਜ਼ਦੂਰ ਤੇ ਘਰ ਦੇ ਭਈਏ ਨੇ ਰਲ ਕੇ ਕੰਮ ਚੁੱਕ 'ਤਾ। ਲੋਕ ਗਲੀ ਵਿਚੀਂ ਲੰਘਦੇ, ਕਨੱਖੀ ਦੇਖਦੇ, ਕਚੀਚੀਆਂ ਵੱਟਦੇ ਤੇ ਮਨ ਵਿਚ ਭਾਰੀ ਜਿਹੀ ਗਾਲ ਕੱਢਦੇ, "ਇਨਾਂ ਦਾ ਵੱਸ ਚੱਲੇ ਤਾਂ ਚੂਏ 'ਚ ਪਿੱਪਲ ਉਗਾ ਲੈਣ।" ਕਦੇ ਰਾਹ 'ਚ ਮਿਲਦੇ ਕਿਸੇ ਦੂਜੇ ਨਾਲ ਤਕਲੀਫ ਸਾਂਝੀ ਕਰਦੇ, "ਇਹ ਟੱਟੀ ਦਾ ਪੰਗਾ ਵਲੈਤੀਏ ਕਰਕੇ ਹੀ ਪਾਇਆ ਹੋਇਆ, ਉਹ ਤਾਂ ਸੁਣਿਆਂ ਹੱਥ ਪਾਣੀ ਵੀ ਨਹੀਂ ਕਰਦੇ।"

"ਹੋਰ ਜੀ, ਹੁਣ ਦੇਖੋ ਪੁੱਠਾ ਹੀ ਕੰਮ ਚੱਲ ਪਿਆ, ਲੋਕ ਟੱਟੀਆਂ ਘਰ ਬਣਾਉਣ ਡਹਿ ਪਏ, ਇਨ੍ਹਾਂ ਭਾਣੇ ਖੂਹ ਖੱਤੇ ਸਾਫ਼ ਰੱਖੋ ਤੇ ਘਰ ਗੰਦ ਪਾਓ।"



ਉਸ ਦਿਨ ਢਲਦੀ ਦੁਪਹਿਰ ਤਕ 4 ਫੁੱਟ ਵਿਆਸ ਵਾਲੀ 16 ਫੁਟ ਤੱਕ ਡੂੰਘੀ ਖੂਹੀ ਪੁੱਟ ਲਈ ਗਈ। ਬੱਸ ਇਕ ਦੋ ਫੁੱਟ ਹੀ ਹੋਰ ਪੁੱਟਣ ਦਾ ਕੰਮ ਰਹਿ ਗਿਆ ਸੀ ਕਿ ਰੋਟੀ ਪਾਣੀ ਦਾ ਟੈਮ ਹੋ ਗਿਆ। ਜੈਲੀ ਦਾ ਧਿਆਨ ਮੱਝ ਵੱਲ ਗਿਆ। ਦੂਹੋ ਦੂਹ ਚਲਦੇ ਕੰਮ ਕਾਰਨ ਭਈਆ ਵਿਹੜੇ ਵਿਚ ਬੱਝੀ ਮੱਝ ਨੂੰ ਪੱਠੇ ਪਾਉਣੇ ਤਾਂ ਇਕ ਪਾਸੇ ਪਾਣੀ ਡਾਹੁਣਾ ਵੀ ਭੁੱਲ ਗਿਆ ਸੀ। ਭੁਖਣ ਭਾਣੀ ਡੈਂਬਰੀ ਮੱਝ ਕੀਲੇ ਤੁੜਾਉਣ ਨੂੰ ਫਿਰਦੀ ਸੀ। ਭਈਏ ਦਾ ਕੰਮ ਚਾਰੇ ਪਾਸੇ ਨਿਗਾਹ ਰੱਖਣਾ ਹੈ, ਮਾਲਕਾਂ ਨੂੰ ਤਾਂ ਸੌ ਸੋਚਾਂ ਘੇਰੀ ਰੱਖਦੀਆਂ ਹਨ।

ਇਸ ਕੁਤਾਹੀ ਕਾਰਨ ਜੈਲੀ ਨੇ ਉਸਦੀ ਖੂਬ ਤੋਏ ਤੋਏ ਕੀਤੀ। "ਚੁੰਨ੍ਹਿਆਂ ਜਿਹਾ ਤੈਨੂੰ ਦੀਹਦਾ ਨਹੀਂ, ਮੱਝ ਹੌਕਣ ਡਹੀ, ਗਿਠ ਗਿਠ ਜੀਭ ਬਾਹਰ ਲਮਕਣ ਲੱਗੀ ਪਈ ਹੈ। ਆਪ ਸਾਲਾ ਕਦੀ ਏਧਰ ਭੱਜਾ ਫਿਰਦਾ ਕਦੀ ਉਧਰ।" ਭਿਜੀ ਬਿੱਲੀ ਬਣਿਆ ਖੜਾ ਭਈਆ ਮੱਝ ਖੋਲ੍ਹਣ ਖੁਰਲੀ ਵੱਲ ਨੂੰ ਦੌੜਿਆ ਪਰ ਜੈਲੀ ਨੇ ਉਸਨੂੰ ਟੋਕਿਆ, "ਸਾਲਿਆ, ਪਹਿਲੇ ਦਵਾ ਸੱਟ ਨਲਕੇ ਥੱਲੇ ਕੜਾਹੀਆ ਰੱਖ ਕੇ ਪਾਣੀ ਭਰ, ਫੇਰ ਮੱਝ ਖੋਲ ਲਿਆਈਂ, ਘਰੋਂ ਖਾ ਕੇ ਕੌਣ ਇਨ੍ਹਾਂ ਭਈਆਂ ਨੂੰ ਮੱਤਾਂ ਦੇਵੇ।" ਬੁੜ ਬੁੜ ਕਰਦਾ ਆਖਰ ਜੈਲੀ ਚੌਂਕਾ ਪੈ ਗਿਆ, ਐਡੀ ਵੀ ਕਿਹੜੀ ਗੱਲ ਸੀ, ਤੋਕੜ ਹੋਈ ਪਈ ਸੀ ਮੱਝ। ਸਾਰਾ ਟੱਬਰ ਮੁਸਕੜੀਏਂ ਹੱਸਦਾ ਅੰਦਰ ਵੜ ਗਿਆ।

ਕੜਾਹੀਆ ਪਾਣੀ ਨਾਲ ਭਰ ਕੇ ਭਈਏ ਨੇ ਮੱਝ ਖੋਲ੍ਹੀ ਹੀ ਸੀ ਕਿ ਉਹ ਸੰਗਲ ਛੁਡਾ ਕੇ ਖੌਰੂ ਪਾਉਂਦੀ ਨਲਕੇ ਵੱਲ ਭਜਣ ਲੱਗੀ ਪਰ ਰਾਹ ਵਿਚ ਤਾਜ਼ਾ ਪੁੱਟੀ ਖੂਹੀ ਸੀ ਜਿਸ ਦੇ ਕਿਨਾਰੇ ਮਿੱਟੀ ਦੇ ਢੇਰ 'ਚ ਉਲਝ ਕੇ ਉਹ ਤਿਲਕਦੀ ਤਿਲਕਦੀ ਪਿਛਲੇ ਖੁਰਾਂ ਭਾਰ ਖੂਹ ਵਿਚ ਜਾ ਪਈ। ਸ਼ਾਇਦ ਮੱਝ ਨੂੰ ਖੂਹੀ ਦੇ ਮਲ-ਤਿਆਗਣ ਦੇ ਪ੍ਰਯੋਜਨ ਦੀ ਖੁੜਕ ਸੀ ਇਸ ਲਈ ਡਿਗਦਿਆਂ ਸਾਰ ਉਸ ਕੋਲੋਂ ਪਹਿਲਾ ਕੰਮ ਇਹੋ ਸਰਿਆ: ਖੂਹੀ ਦਾ ਥੱਲਾ ਮੋਕ ਤੇ ਮੂਤਰਾਲ ਨਾਲ ਗੜੁੱਚ ਹੋ ਗਿਆ।

ਮੱਝ ਦੇ ਡਿਗਣ ਨਾਲ ਭੁਚਾਲ ਜਿਹਾ ਖੜਾਕਾ ਹੋਇਆ। ਰੋਟੀ ਖਾਂਦੇ ਘਰ ਦੇ ਜੀਅ ਤੇ ਮਜ਼ਦੂਰ ਸਭ ਤੋਂ ਪਹਿਲਾਂ ਖਾਣਾ ਛੱਡ ਕੇ ਦੌੜੇ ਆਏ। ਕਦੇ ਖੂਹੀ ਦੇ ਅੰਦਰ ਡਿਗੀ ਮੱਝ ਵੱਲ ਤੇ ਕਦੇ ਬੁਰੀ ਤਰ੍ਹਾਂ ਝਰੀਟੇ ਹੋਏ ਆਪਣੇ ਹੱਥ ਵੱਲ ਝਾਕਦਾ ਭਈਆ ਹੋਰ ਨਮੋਸ਼ੀ ਵਿਚ ਡੁੱਬ ਗਿਆ। ਮੱਝ ਨੇ ਉਸ ਨੂੰ ਝੰਜੋੜ ਸੁਟਿਆ ਸੀ ਤੇ ਉਸਦਾ ਸਰੀਰ ਬੁਰੀ ਤਰ੍ਹਾਂ ਛਣਕ ਗਿਆ ਸੀ। ਅਸਲ ਵਿਚ ਉਹ ਆਪ ਖੂਹੀ ਵਿਚ ਡਿਗਦਾ ਡਿਗਦਾ ਮਸੀਂ ਬਚਿਆ ਸੀ।

ਮੱਝ ਦੀਆਂ ਦੋਵੇਂ ਅਗਲੀਆਂ ਲੱਤਾਂ ਅੰਦਰ ਨੂੰ ਮੁੜ ਕੇ ਖੂਹੀ ਦੀ ਕੰਧ ਨਾਲ ਜੁੜੀਆਂ ਪਈਆਂ ਸਨ। ਬਹੁਤ ਤੰਗ ਥੱਲੇ ਕਾਰਨ ਹੇਠੋਂ ਮਝ ਗੜਵੀ 'ਚ ਬਿੱਲੀ ਦਾ ਮੂੰਹ ਫਸਣ ਵਾਂਗ ਜਕੜੀ ਪਈ ਸੀ। ਪਿਛਲੀਆਂ ਲੱਤਾਂ ਘੁੱਟੀਆਂ ਤੇ ਕੁੰਗੜੀਆਂ ਪਈਆਂ ਸਨ। ਉਨ੍ਹਾਂ ਉਤੇ ਮੱਝ ਦਾ ਸਾਰਾ ਭਾਰ ਪੈ ਗਿਆ ਸੀ ਜਿਸ ਕਰਕੇ ਉਹ ਜੋੜਾਂ ਤੋਂ ਬੁਰੀਂ ਤਰ੍ਹਾਂ ਘਾਇਲ ਹੋ ਗਈਆਂ ਸਨ। ਉਸਦੀ ਪੂਛ ਜੋ ਬਾਹਰੋਂ ਦਿਸ ਨਹੀਂ ਸੀ ਰਹੀ, ਜ਼ਰੂਰ ਟੁੱਟ ਹੀ ਗਈ ਹੋਵੇਗੀ ਜਾਂ ਬੁਰੀ ਤਰ੍ਹਾਂ ਮਸਲੀ ਗਈ ਹੋਵੇਗੀ। ਦੂਰੋਂ ਹੀ ਮੱਝ ਦੇ ਹੇਠਲੇ ਹਿੱਸਿਆਂ ਚੋਂ ਰਿੱਸਦਾ ਖੂਨ ਦਿਸ ਰਿਹਾ ਸੀ। ਉਸਦੀ ਥੂਥੀ ਅਸਮਾਨ ਦੀ ਤਰਫ਼ ਸੇਧੀ ਪਈ ਸੀ, ਨਥਨਿਆਂ 'ਚੋਂ ਹਟ ਹਟ ਕੇ ਛੁਟਦੇ ਫੁੰਕਾਰੇ, ਅੱਖਾਂ ਦੇ ਕੋਇਆਂ 'ਚੋਂ ਸਿੰਮਦਾ ਪਾਣੀ, ਦੰਦੀਆਂ ਚਿਘਾਉਂਦਾ ਮੂੰਹ ਤੇ ਕੰਬਦੀ ਕਾਇਆ ਗਵਾਹੀ ਭਰਦੇ ਸਨ ਕਿ ਮੱਝ ਕਿੰਨੀ ਪੀੜਾ ਵਿਚੋਂ ਗੁਜ਼ਰ ਰਹੀ ਸੀ।

ਭਈਏ ਦੀ ਫਿਰ ਸ਼ਾਮਤ ਆ ਗਈ। ਜਿਸ ਦਿਨ ਦਾ ਆਇਆ ਕੋਈ ਸਿੱਧਾ ਕੰਮ ਨਹੀਂ ਕਰਦਾ। ਕੀ ਪਤਾ ਇਨ੍ਹਾਂ ਬਿਹਾਰੀਆਂ ਨੂੰ ਪੰਜਾਬ ਦੇ ਕਿੰਨੇ ਪੇਚੀਦਾ ਮਸਲੇ ਹੁੰਦੇ ਹਨ। ਏਥੇ ਸੌ ਸੌ ਪੁਆੜੇ ਹਨ, ਪੈਰ ਪੈਰ 'ਤੇ ਮੁਹਿੰਮਾਂ ਹਨ। ਭਈਏ ਦੀ ਮਾਨਸਿਕ ਹਾਲਤ ਮੱਝ ਨਾਲੋਂ ਘਟ ਨਹੀਂ ਸੀ। ਸਾਰਾ ਟੱਬਰ ਉਸ 'ਤੇ ਟੁੱਟ ਪਿਆ। ਕੀ ਹੱਜ ਸੀ ਉਸ ਭਈਏ ਦਾ ਜੋ ਮੱਝ ਨੂੰ ਟੋਏ 'ਚ ਡਿੱਗਣ ਤੋਂ ਵੀ ਨਹੀਂ ਬਚਾ ਸਕਦਾ।

ਜੈਲੀ ਦੇ ਇਕ ਉਤਰਦੀ ਇਕ ਚੜ੍ਹਦੀ। ਉਹ ਉਸਨੂੰ ਕੱਚਿਆਂ ਖਾ ਜਾਣਾ ਚਾਹੁੰਦਾ ਸੀ। ਉਸਨੂੰ ਭਈਆਂ ਲੈ ਲੈ ਕੇ ਪੈਣ ਲੱਗਾ ਤੇ ਗਾਲ਼ਾਂ ਕਢਣ ਲੱਗ ਪਿਆ, "ਹੁਣੇ ਦੱਸਦਾਂ ਤੈਨੂੰ ਕੁਤਿਆ, ਹਰਾਮ ਦੀ ਮਾਰ ਨੂੰ, ਕਿਹਨੇ ਜਮਾ ਤਾ ਇਸ ਕੰਜਰ ਨੂੰ, ਤੇਰੀਆਂ ਅੱਖਾਂ ਨਹੀਂ, ਦਿਸਿਆ ਨਹੀਂ ਮੂਹਰੇ ਹੁਣੇ ਪੁਟਿਆ ਟੋਆ, ਸਾਲੇ ਦੀ ਸੁਤਾਅ ਰੋਟੀਆਂ ਦਾ ਟੋਕਰਾ ਠੋਕਣ ਵੱਲ ਹੋਣੀ ਹੈ।" ਗੁੱਸੇ ਵਿਚ ਲਾਲ ਪੀਲਾ ਹੋਇਆ ਜੈਲੀ ਫਹੁੜੀ ਚੁਕ ਲਿਆਇਆ ਤੇ ਉਸਨੂੰ ਮਾਰਨ ਵੱਲ ਦੌੜਿਆ ਹੀ ਸੀ ਕਿ ਅਚਾਨਕ ਰੁਕ ਗਿਆ। ਅਸਲ ਵਿਚ ਹੋਰ ਲੋਕ ਆਉਣੇ ਸ਼ੁਰੂ ਹੋ ਗਏ ਸਨ। ਸਥਿਤੀ ਏਨੀ ਸੰਵੇਦਨਸ਼ੀਲ ਅਤੇ ਹੰਗਾਮੀ ਰੁਖ ਅਖਤਿਆਰ ਕਰ ਗਈ ਸੀ ਕਿ ਭਈਏ ਤੇ ਸਾਰਾ ਨਜ਼ਲਾ ਝਾੜਨਾ ਬੜੀ ਬੇਵਕਤ ਤੇ ਬੇਥਵੀ ਗੱਲ ਲਗਣੀ ਸੀ। ਲੋਕ ਸ਼ਾਇਦ ਸਿਧਾ ਉਸਨੂੰ ਹੀ ਫਿਟਕਾਰਨ ਲਗਦੇ। ਅਤਿ ਦੀ ਯਾਤਨਾ ਭੋਗ ਰਹੀ ਮੱਝ ਫੌਰੀ ਧਿਆਨ ਲੋੜਦੀ ਸੀ।

ਟੱਬਰ ਲਈ ਨਵੀਂ ਮੁਸੀਬਤ ਖੜੀ ਹੋ ਗਈ, ਮਸੀਂ ਬੁੜ੍ਹਖਾਨੇ ਨੂੰ ਖੂੰਡੇ ਲਾਇਆ ਸੀ, ਆਹ ਭਈਏ ਨੇ ਨਵਾਂ ਜੱਭ ਖੜ੍ਹਾ ਕਰ ਦਿੱਤਾ। ਚੌਹ ਦਿਨਾਂ ਨੂੰ ਬਾਹਰਲੇ ਦਾਤਿਆਂ ਨੇ ਆ ਜਾਣਾ ਸੀ, ਉਨ੍ਹਾਂ ਦੇ ਸੁਖ ਲਈ ਬਣਾਈ ਜਾ ਰਹੀ ਨਵੀਂ ਸਹੂਲਤ ਖੱਟੇ ਪੈਂਦੀ ਲਗਦੀ ਸੀ। ਅਜੇ ਤਾਂ ਇਸ ਖੂਹੀ ਉਤੇ ਲੈਂਟਰ ਪਾਉਣਾ ਸੀ, ਫਿਰ ਕਮਰਾ ਛੱਤਣਾ ਸੀ ਤੇ ਫਿਰ ਪਾਣੀ ਦੀ ਟੈਂਕੀ ਬਣਾਉਣੀ ਸੀ, ਕਿੰਨਾ ਕੰਮ ਬਾਕੀ ਸੀ।

ਪਿੰਡ ਦੇ ਚਾਰੇ ਪਾਸਿਓਂ ਦੂਰ ਤੋਂ ਦੂਰ ਘਰ 'ਚੋਂ ਵੀ ਘਟੋ ਘਟ ਇਕ ਬੰਦਾ ਉਥੇ ਜ਼ਰੂਰ ਪਹੁੰਚਾ। ਪਿੰਡ 'ਚ ਅਜੇਹੀ ਖਬਰ ਤਾਂ ਹਵਾ ਹੀ ਉੜਾ ਦਿੰਦੀ ਹੈ। ਬੀਹੀ ਦੇ ਤਾਂ ਸਾਰੇ ਹੀ ਲੋਕ ਹਥਲੇ ਕੰਮ ਛੱਡ ਕੇ ਘਟਨਾ-ਸਥੱਲ 'ਤੇ ਦੌੜੇ ਆਏ।

ਇਹ ਤਾਂ ਮਾਡਰਨ ਯੁੱਗ ਦਾ ਹਾਲ ਹੈ। ਅਜੇ ਕਲ੍ਹ ਹੀ ਤਾਂ ਪੰਜਾਬ ਪ੍ਰਾਚੀਨ ਯੁਗ ਵਿਚੋਂ ਗੁਜ਼ਰ ਰਿਹਾ ਸੀ, ਇਸ ਯੁੱਗ ਵਿਚ ਤਾਂ ਕਿਸੇ ਦੀ ਮੱਝ ਤੂਅ ਜਾਵੇ, ਚਿੰਤਾ 'ਚ ਡੁੱਬਾ ਸਾਰਾ ਪਿੰਡ ਇਕੱਠਾ ਹੋ ਜਾਂਦਾ ਸੀ। ਮਾਡਰਨ ਪੰਜਾਬ ਵਿਚ ਮੱਝ ਸਬੰਧੀ ਜਾਂ ਹੋਰ ਅਜੇਹੇ ਮਸਲਿਆਂ ਦੌਰਾਨ ਘਰ ਪ੍ਰਤੀ ਬੜੀ ਹੱਦ ਇਕ ਬੰਦਾ ਹੀ ਹਾਜ਼ਰੀ ਲੁਆ ਸਕਦਾ ਸੀ। ਆਖਰ ਲੋਕਾਂ ਦੀਆਂ ਆਪਣੀਆਂ ਮੱਝਾਂ ਸਨ, ਆਪਣੇ ਸਕੂਟਰ, ਫਰਿੱਜ, ਟੀ.ਵੀ., ਕੂਲਰ ਸਨ; ਸੋਚਾਂ 'ਚ ਘੁੰਮ ਰਹੇ ਆਪਣੇ ਟਾਇਲਟ ਤੇ ਆਪਣੇ ਹੀ ਖਾਸ ਵਲੈਤੀਏ ਸਨ ਜਿਨ੍ਹਾਂ ਦੇ ਸੌ ਸੌ ਮਸਲਿਆਂ ਵਿਚ ਉਹ ਗਲ ਗਲ ਤਕ ਡੁੱਬੇ ਹੋਏ ਸਨ। ਫਿਰ ਵੀ ਵਿਹੜਾ ਭਰ ਕੇ ਬੀਹੀ ਦੇ ਬਾਹਰ ਤੱਕ ਹਜੂਮ ਇਕੱਠਾ ਹੋ ਗਿਆ ਸੀ। ਡੱਗੀ ਵਾਲੇ ਤੇ ਸਬਜ਼ੀ ਵੇਚਣ ਵਾਲਿਆਂ ਨੇ ਆਪਣੇ ਸਾਈਕਲ ਕੰਧਾਂ ਨਾਲ ਟੇਢੇ ਕਰ ਦਿੱਤੇ। ਇਸ ਗੜਬੜ ਚੌਥ ਵਿਚ ਉਨ੍ਹਾਂ ਦਾ ਕੌਣ ਗਾਹਕ ਸੀ?

ਖੈਰ! ਹੁਣ ਫਸੀ ਮੱਝ ਦਾ ਮਸਲਾ ਇਕੱਲੇ ਭਈਏ ਦੇ ਵੱਸ ਦਾ ਰੋਗ ਨਹੀਂ ਸੀ ਰਹਿ ਗਿਆ। ਇਸ ਵੇਲੇ ਇੱਕ ਐਨਕਧਾਰੀ ਬੁਢੇ ਨੇ ਮੌਕੇ ਦੀ ਗੱਲ ਕੀਤੀ, "ਓਇ ਪਹਿਲਾਂ ਇਹਦੇ ਮੂੰਹ 'ਚ ਘੁਟ ਪਾਣੀ ਤਾਂ ਪਾਓ, ਸਵੇਰ ਦੀ ਥਿਆਈ ਮਰੀ ਪਈ ਹੈ।" ਇਕ ਜਣਾ ਭੱਜ ਕੇ ਨਲਕੇ ਤੋਂ ਪਾਣੀ ਦੀ ਬਾਲਟੀ ਭਰ ਲਿਆਇਆ ਤੇ ਉਪਰੋਂ ਉਸ ਦੇ ਮੂੰਹ ਵੱਲ ਡੋਲ੍ਹਣ ਲੱਗਾ। ਕੁਝ ਪਾਣੀ ਮੱਝ ਦੇ ਮੂੰਹ ਵਿਚ ਪਿਆ ਤੇ ਕੁਝ ਬਾਹਰ। ਪੂਰੀ ਬਾਲਟੀ ਖਤਮ ਹੋਈ ਤਾਂ ਮੱਝ ਨੇ ਜ਼ੋਰ ਦੀ ਸਾਹ ਬਾਹਰ ਕੱਢਿਆ। ਪਾਣੀ ਦੇ ਵਾਸ਼ਪਾਂ ਨੇ ਤਮਾਸ਼ਬੀਨਾਂ ਦੇ ਕੱਪੜੇ ਤੇ ਮੂੰਹ ਸਿੱਲ੍ਹੇ ਕਰ ਦਿੱਤੇ। ਮਹੈਣ ਵਿਚ ਜਿੰਨੇ ਮੂੰਹ ਉਸ ਤੋਂ ਵੱਧ ਗੱਲਾਂ ਹੋ ਰਹੀਆਂ ਸਨ। ਜਿਹੜੇ ਜ਼ਰਾ ਜੈਲੀਕਿਆਂ ਦੇ ਜੀਆਂ ਤੋਂ ਦੂਰ ਖੜੇ ਸਨ ਉਹ ਕੈੜੀਆਂ ਅੱਖਾਂ ਨਾਲ ਝਾਕਦੇ ਵਧੇਰੇ ਤਿਖੀਆਂ ਤੇ ਚੋਭਵੀਆਂ ਗੱਲਾਂ ਕਰ ਰਹੇ ਸਨ, "ਪਹਿਲਾਂ ਮੱਝ ਘਰ ਲਿਆਂਦੀ ਹੁਣ ਆਹ ਭੈਣ ਦੇਣੀ ਦੀ..."

"ਭਈਏ ਨੂੰ ਸਾਹ ਨਹੀਂ ਲੈਣ ਦਿੰਦੇ ਸਾਰਾ ਦਿਨ, ਭਈਆ ਨਾਨ੍ਹੇ ਕੇ ਲੀਏ ਪਾਣੀ ਭਰ ਦੋ, ਭਈਆ ਮਾਝ ਕੋ ਪੱਠੇ ਪਾ ਦੋ, ਭਈਆ ਨਿਆਣੇ ਕੋ ਸਕੂਲ ਛਡ ਦੋ..."

ਨੇੜੇ ਨੇੜੇ ਤੁਰੇ ਫਿਰਦੇ ਲੋਕ ਵੀ ਡੰਗ ਲਾਈ ਜਾਂਦੇ ਸਨ: "ਮਝ ਦੇ ਕਿਲਬਿਖ ਦੇਖੇ ਨਹੀਂ ਜਾਂਦੇ, ਬਚਾਰੀ ਬੇਜ਼ਬਾਨ। ਕੋਈ ਦਿੱਤਾ ਲਿਆ ਅੱਗੇ ਆਇਆ।"

"ਭਲਾ ਮਝ ਨੂੰ ਖੁਰਲੀ 'ਤੇ ਹੀ ਪਾਣੀ ਡਾਹ ਦਿੰਦੇ। ਅਸੀਂ ਵੀ ਟੌਲਟ ਬਣਾਈ ਆ, ਕੰਮ ਦੇ ਉਤੇ ਖੜੇ ਰਹੇ।"

"ਮੱਝਾਂ ਅੱਜ ਕਲ੍ਹ ਰੱਖਦਾ ਕੌਣ? ਆਪਾਂ ਤਾਂ 'ਰਾਮ ਨਾਲ ਹੱਟੀਓਂ ਦੁਧ ਲੈ ਲਈਦਾ'"

"ਮੱਝ ਦੇ ਹਾਲੇ ਬੁਰੇ ਬਣੀ।"

"ਜਿੰਨੀ ਵੱਡੀ ਕਾਇਆ ਓਨਾ ਵੱਡਾ ਕਸ਼ਟ, ਭਲਾ ਕੀੜੀ ਨੂੰ ਕੀ ਕਸ਼ਟ ਹੁੰਦਾ ਹੋਊ। ਫਰੀਦ ਸਾਹਿਬ ਫਰਮਾਇਆ, "ਜਿੰਦੁ ਨਿਮਾਣੀ ਕਢੀਐ ਹਡਾ ਕੂ ਕੜਕਾਇ"

"ਓਦਾਂ ਇਨ੍ਹਾਂ ਕੋਈ ਜੱਗੋਂ ਬਾਹਰੀ ਤਾਂ ਨਹੀਂ ਕੀਤੀ, ਘਰ ਘਰ ਏਹੀ ਹੋਣ ਲੱਗਾ ਪਰ ਮਹਿੰ ਨੂੰ ਘੜੀ ਬਿੰਦ ਹੋਰਥੇ ਬੰਨ੍ਹ ਦਿੰਦੇ, ਬਿਚਾਰੀ ਬੇਜ਼ਬਾਨ"

ਘਰ ਦੇ ਬੁੜ੍ਹੇ-ਬੁੜ੍ਹੀ ਦੀ ਹਾਲਤ ਪਤਲੀ ਹੋਈ ਪਈ ਸੀ। ਸਿਤਮ ਦੀ ਗੱਲ ਕਿ ਪ੍ਰੇਸ਼ਾਨੀ ਵਿਚ ਬੁੜੀ ਨੂੰ ਟੱਟੀਆਂ ਲੱਗ ਗਈਆਂ ਤੇ ਉਹ ਲੁਹਾਂਡਾ ਤੇ ਪਾਣੀ ਦੀ ਬਾਲਟੀ ਚੁੱਕੀ ਪਿਛਲੀ ਕੋਠੜੀ ਵਿਚ ਜਾ ਬੈਠੀ ਸੀ। ਬੁੜ੍ਹਾ ਤਾਂ ਬਾਹਰ ਹੀ ਨਿਕਲ ਗਿਆ। ਜੈਲੀ ਕਸੂਤਾ ਫਸ ਗਿਆ ਸੀ। ਲੋਕ ਸੁਣੌਤੀਆਂ ਸੁਟ ਰਹੇ ਸਨ ਤੇ 'ਬੇਜ਼ਬਾਨ ਬੇਜ਼ਬਾਨ' ਦੀ ਰੱਟ ਲਾਈ ਜਾਂਦੇ ਸਨ। "ਮੱਝ ਦਾ ਕੀ ਹੈ, ਤੋਕੜ ਹੋਈ ਪਈ ਸੀ। ਵੱਡੇ ਆਏ ਹਮਦਰਦ। ਹੋਰ ਨਾ ਆਊਗੀ ਮੱਝ। ਵਲੈਤੀਆ ਲੈ ਦਊ, ਨਾਲੇ ਸੱਜਰ ਸੂਈ। ਪਹਿਲਾਂ ਆਹ ਭੈਣ ਦੇਣੀ ਦੀ ਨਿਕਲੇ, ਜਿਉਂਦੀ ਜਾਂ ਮੁਰਦਾ।"

ਹਰ ਕੋਈ ਆਪਣੇ ਹੀ ਘੋੜੇ ਭਜਾਉਂਦਾ ਫਿਰੇ। ਕੋਈ ਕਹੇ ਖੂਹੀ ਨੂੰ ਖੁਰਚ ਖੁਰਚ ਕੇ ਉਪਰੋਂ ਮੋਕਲਾ ਕਰੀਏ ਫਿਰ ਹੇਠਾਂ ਵੜ ਕੇ ਮੱਝ ਨੂੰ ਕਢਣ ਦੀ ਵਿਉਂਤ ਲਾਈਏ। ਮੱਝ ਦੀ ਜਾਨ ਤਾਂ ਸੁਖਾਲੀ ਹੋਵੇ। ਹੇਠੋਂ ਘੁੱਟੀ ਪਈ ਹੈ। ਕੁਝ ਲੋਕਾਂ ਕਹੀਆਂ, ਰੰਬੇ, ਸੱਬਲ ਚੁੱਕ ਕੇ ਇਸ ਕੰਮ 'ਤੇ ਅਮਲ ਸ਼ੁਰੂ ਕਰ ਦਿੱਤਾ ਪਰ ਛੇਤੀ ਹੀ ਅਹਿਸਾਸ ਹੋ ਗਿਆ ਕਿ ਇਹ ਸਭ ਝਖਣਾ ਝਾਖ ਹੀ ਹੈ। ਅਹੁਰੀ ਗੱਲ ਤਾਂ ਇਹ ਸੀ ਕਿ ਏਨੀ ਭਾਰੀ ਮੱਝ ਨੂੰ ਹੱਥ ਕਿਵੇਂ ਪਾਇਆ ਜਾਵੇ। ਕਿਸੇ ਨੇ ਕਿਹਾ ਕਿ ਖੂਹੀ ਨੂੰ ਪਾਣੀ ਨਾਲ ਭਰ ਦੇਵੋ ਮੱਝ ਸ਼ਾਇਦ ਤਰਦੀ ਤਰਦੀ ਬਾਹਰ ਆ ਜਾਵੇ। ਮੱਝਾਂ ਨੂੰ ਕੁਦਰਤੀ ਤੌਰ 'ਤੇ ਤਰਨਾ ਆਉਂਦਾ ਹੈ। ਪਰ ਫਿਰ ਸਮੱਸਿਆ ਏਹੋ, ਮੱਝ ਹੇਠੋਂ ਸ਼ਿਕੰਜੇ ਜਾਵੇ ਨਪੀੜੀ ਪਈ ਸੀ ਉਹ ਏਥੋਂ ਕਿਵੇਂ ਢੈਲੀ ਪਵੇ। ਏਨੇ ਸਿਰ ਜੁੜੇ ਹੋਏ ਸਨ ਪਰ ਕੋਈ ਸਾਰਥਕ, ਅਮਲਯੋਗ ਸੁਝਾਅ ਨਹੀਂ ਸੀ ਆ ਰਿਹਾ। ਵਿਚ ਵਿਚ ਸਰਬਸ਼ਕਤੀਮਾਨ ਅੱਗੇ ਜੀਵ ਦੀ ਤੁਛਤਾ ਤੇ ਬੇਚਾਰਗੀ ਵੱਲ ਸੈਨਤਾਂ ਸੁੱਟ ਰਹੀਆਂ ਬੁੜੀਆਂ ਦੀਆਂ ਅਵਾਜ਼ਾਂ ਆ ਰਹੀਆਂ ਸਨ, "ਵਾਖਰੂ ਵਾਖਰੂ, ਡਰੀਏ ਮਾਰਾਜ ਤੋਂ", "ਪਤਾ ਨਹੀਂ ਕੋਈ ਪਿਛਲੇ ਜਰਮ ਦਾ ਦਿੱਤਾ ਲਿਆ ਅੱਗੇ ਆ ਗਿਆ।"

ਬੱਚੇ ਸਹਿਮੇ ਹੋਏ ਸਨ; ਇਕ ਦੂਜੇ ਤੇ ਮਿੱਟੀ ਸੁੱਟਣ ਦੀ ਨਿਰਾਰਥਕ ਜਿਹੀ ਖੇਡ ਖੇਡ ਰਹੇ ਸਨ। ਬਾਹਰ ਕੁੱਤੇ ਮਹੈਣ ਦੇਖ ਕੇ ਭੌਂਕਣੋਂ ਨਹੀਂ ਸੀ ਹਟ ਰਹੇ। "ਤੇਰੀ ਕਤੀੜ ਦੀ..." ਇੱਕ ਅੱਧਖੜ ਬੰਦੇ ਨੇ ਭੌਂਏਂ 'ਤੇ ਲੱਤ ਮਾਰ ਕੇ ਕੁੱਤਿਆਂ 'ਤੇ ਆਪਣੀ ਸਾਰੀ ਆਵਾਜ਼ਾਰੀ ਕੱਢੀ।

ਰੱਸਿਆਂ ਦੀ ਪੇਟੀ ਮੱਝ ਦੁਆਲੇ ਵਲ ਕੇ ਇਸਨੂੰ ਖਿਚਣ ਦੀ ਸਿਧੀ ਪਧਰੀ ਵਿਉਂਤ ਕਈ ਪਾਸਿਉਂ ਸਾਹਮਣੇ ਆਈ। ਇਸ ਕੰਮ ਲਈ ਫਟਾਫਟ ਕਿੰਨੇ ਸਾਰੇ ਰੱਸੇ, ਪੈਂੜੇ, ਲੱਜਾਂ, ਮੈਰੇਂ ਲਿਆਂਦੇ ਗਏ। ਟੋਕਰੇ ਨੂੰ ਲੱਜ ਪਾ ਕੇ ਇਕ ਆਦਮੀ ਨੂੰ ਹੇਠਾਂ ਵਰਾਇਆ ਗਿਆ। ਉਸਨੇ ਮੱਝ ਦੀਆਂ ਅਗਲੀਆਂ ਲੱਤਾਂ ਦੇ ਹੇਠੋਂ ਧੜ ਦੁਆਲੇ ਕਈ ਲਪੇਟੇ ਮਾਰੇ। ਆਖਰ ਕਈ ਜਣੇ ਲੱਜ ਨੂੰ ਹੱਥ ਪਾ ਕੇ ਮੱਝ ਨੂੰ ਖਿੱਚਣ ਲੱਗੇ ਪਰ ਉਹ ਟੱਸ ਤੋਂ ਮੱਸ ਨਾਂ ਹੋਈ ਬਲਕਿ ਵਧੇਰੇ ਤਕਲੀਫ਼ ਮੰਨਣ ਲੱਗੀ। ਕੁਝ ਸਿਆਣੇ ਜੱਟਾਂ ਕੋਲ ਖੂਹ ਵਿਚ ਡਿਗੇ ਬਲਦ ਨੂੰ ਬਾਹਰ ਕਢਣ ਦਾ ਤਜਰਬਾ ਸੀ। ਉਨ੍ਹਾਂ ਦੇ ਸੁਝਾਅ ਤੇ ਇਕ ਲਟੈਣ ਲਿਆ ਕੇ ਖੂਹੀ ਦੇ ਆਰ ਪਾਰ ਰੱਖੀ ਗਈ।

"ਲੈ ਬਈ ਹੁਣ ਭਾਵੇਂ ਦੋ ਜਣੇ ਇਸ ਲਟੈਣ ਦੇ ਦੁਆਲਿਓਂ ਰੱਸਾ ਪਾ ਕੇ ਮੱਝ ਖਿੱਚ ਲਉ।" ਸਿੱਧਾ ਮਤਲਬ ਕਿ ਲੀਵਰ ਦੇ ਸਿਧਾਂਤ ਦਾ ਜਟਕਾ ਅਮਲ। ਪਰ ਮੱਝ ਮੋਕਲੇ ਖੂਹ ਵਿਚ ਥੋੜੀ ਸਗੋਂ ਇਕ ਤੰਗ ਅਤੇ ਖੁਸ਼ਕ ਖੂਹੀ ਵਿਚ ਡਿਗੀ ਸੀ। ਚੌੜੇ ਤੇ ਪਾਣੀ ਨਾਲ ਭਰੇ ਖੂਹ ਵਿਚ ਡਿਗਿਆ ਪਸ਼ੂ ਤਾਂ ਪਾਣੀ ਦੇ ਜ਼ੋਰ ਨਾਲ ਉਪਰ ਤਰਦਾ ਰਹਿੰਦਾ ਹੈ, ਉਸਨੂੰ ਭਾਵੇਂ ਇਕ ਜਣਾ ਕਢ ਲਵੇ। ਉਹੀ ਗੱਲ ਹੋਈ। ਜਦ ਫੱਟੇ ਉਪਰੋਂ ਰੱਸਾ ਲੰਘਾ ਕੇ ਕੁਝ ਲੋਕ ਖਿਚਣ ਲੱਗੇ ਤਾਂ ਖਿਚਾਈ ਤਾਂ ਜ਼ਰੂਰ ਕਈ ਗੁਣਾਂ ਵਧ ਗਈ ਪਰ ਮੱਝ ਫਿਰ ਵੀ ਥਾਂ ਦੀ ਥਾਂ, ਬਹਿਕਿਤ, ਵਿਲਕਦੀ ਹੋਈ।

ਲਾਚਾਰ ਹੋਏ ਲੋਕ ਸਿਰ ਸੁੱਟੀ ਬੈਠ ਗਏ। ਐਨੇ ਵਿਚ ਨਾਲ ਵਾਲੇ ਕਸਬੇ ਦੇ ਵੱਡੇ ਕਾਰਖਾਨੇ ਵਿਚ ਕੰਮ ਕਰਦੇ ਦੇਬੀ ਨੇ ਕੰਮ ਦੀ ਸਲਾਹ ਦਿੱਤੀ: ਕਾਰਖਾਨਿਓਂ ਜਾ ਕੇ ਚੇਨ-ਕੁੱਪੀ ਲਿਆਂਦੀ ਜਾਵੇ। ਉਹ ਤਾਂ ਮੱਖਣ 'ਚੋਂ ਵਾਲ ਵਾਂਗ ਕਢ ਲਊ ਮਹਿੰ ਨੂੰ। ਕਈਆਂ ਨੇ ਇਸ ਬਲਾ ਦਾ ਨਾਂ ਪਹਿਲੀ ਵਾਰੀ ਸੁਣਿਆ ਸੀ।

"ਇਹ ਕੀ ਕੋਈ ਤੇਲ ਦੇਣ ਵਾਲੀ ਸੰਗਲੀਦਾਰ ਕੁੱਪੀ ਹੈ? ਮੱਝ ਨੂੰ ਤੇਲ ਦੇ ਕੇ ਕੀ ਕਰਨਾ ਹੈ?"

"ਕੀ ਪਤਾ ਭਾਈ ਮੱਝ ਦੁਆਲੇ ਤੇਲ ਡੋਲ੍ਹ

*(ਬਾਕੀ ਸਫਾ 29 'ਤੇ)*

# ਗਰੀਬ ਕਰੋੜਪਤੀ ਬਨਾਮ 'ਰੱਜੇ ਲੋਕਾਂ ਰੱਜ ਕੇ ਭੁੱਖ ਖਿਲਾਰੀ ਏ'

## ਕੀ ਮੈਂ ਝੂਠ ਬੋਲਿਐ...

**ਸਵਰਨ ਸਿੰਘ ਟਹਿਣਾ***



ਸਵਰਨ ਸਿੰਘ ਟਹਿਣਾ

ਲੰਘੇ ਕਈ ਦਿਨ 'ਅਮੀਰ' ਭਾਰਤ ਦੇ 'ਗਰੀਬ' ਲੀਡਰਾਂ ਦੇ ਰੌਲੇ-ਰੱਪੇ ਦੇ ਨਾਂ ਰਹੇ। ਰੌਲੇ ਦਾ ਕਾਰਨ ਉਨ੍ਹਾਂ ਦੀਆਂ 'ਹੱਕੀ ਮੰਗਾਂ' ਉਤੇ ਪ੍ਰਵਾਨਗੀ ਦੀ ਪੱਕੀ ਮੋਹਰ ਨਾ ਲੱਗਣਾ ਸੀ। ਖਰੂਦ ਰੰਗ ਲਿਆਇਆ ਤੇ ਸੰਸਦ 'ਚ ਉਨ੍ਹਾਂ ਦੀ ਉਜਰਤ ਤਿੰਨ ਗੁਣਾ ਵਧਾ ਦਿੱਤੀ ਗਈ, ਫਿਰ ਵੀ ਚਿਹਰੇ ਰੌਣਕ ਤੋਂ ਸੁੰਨੇ ਰਹੇ। ਮੰਗ ਸੀ ਕਿ ਅੱਸੀ ਹਜ਼ਾਰ ਤੋਂ ਇੱਕ ਰੁਪਈਆ ਵੱਧ ਤਨਖਾਹ ਦਿੱਤੀ ਜਾਵੇ, ਕਿਉਂਕਿ ਸਰਕਾਰੀ ਸਕੱਤਰਾਂ ਨੂੰ ਅੱਸੀ ਹਜ਼ਾਰ ਮਿਲਦੈ। ਭੱਤਿਆਂ ਦਾ ਗੱਫਾ ਵੀ ਮੋਟਾ ਹੋਵੇ, ਸੰਸਦ 'ਚ ਹਾਜ਼ਰੀ ਭਰਨ ਵਾਲੇ ਪੈਸੇ ਵੀ ਵਧਣ ਕਿਉਂਕਿ ਮਹਿੰਗਾਈ ਕਈ ਗੁਣਾ ਵਧ ਗਈ ਏ।

ਪਾਰਲੀਮੈਂਟ ਮੈਂਬਰਾਂ ਦੇ ਰੌਲੇ-ਰੱਪੇ ਨਾਲ ਸਦਨ ਦੀ ਕਾਰਵਾਈ 'ਚ ਜਿਹੜਾ ਵਿਘਨ ਪਿਆ, ਉਹਦਾ ਬੋਝ ਵੀ ਸੁੱਖ ਨਾਲ ਆਮ ਲੋਕਾਂ 'ਤੇ ਹੀ ਪੈਣੈ ਤੇ ਜਿਹੜੀ ਤਨਖ਼ਾਹ ਵਧੀ, ਉਹ ਵੀ ਲੋਕਾਂ ਦੀਆਂ ਜੇਬਾਂ 'ਚੋਂ ਹੀ ਨਿਕਲਣੀ ਏ। ਵੱਖਰੀ-ਨਿਆਰੀ ਗੱਲ ਇਹ ਰਹੀ ਕਿ ਲੀਡਰਾਂ ਨੂੰ ਮੰਗਾਂ ਮੰਨਵਾਉਣ ਲਈ ਟੈਂਕੀਆਂ 'ਤੇ ਨਹੀਂ ਚੜ੍ਹਨਾ ਪਿਆ, ਨਾ ਚੌਕਾਂ 'ਚ ਧਰਨੇ ਦੇਣੇ ਪਏ ਤੇ ਨਾ ਹੀ ਸੜਕਾਂ 'ਤੇ ਨਾਅਰੇ ਲਾਉਣੇ ਪਏ। ਮੰਗਾਂ ਮੰਨਵਾਉਣ ਲਈ ਡਾਂਗਾਂ ਖਾਣ ਵਾਲਾ ਸਿਧਾਂਤ ਸਰਕਾਰੀ ਮੁਲਾਜ਼ਮਾਂ ਲਈ ਰਾਖਵਾਂ ਏ, ਸਰਕਾਰਾਂ ਚਲਾਉਣ ਵਾਲਿਆਂ ਲਈ ਨਹੀਂ। ਇੱਕ ਪਾਸੇ ਕੇਂਦਰ ਸਰਕਾਰ ਸੰਸਦ ਮੈਂਬਰਾਂ ਦੀ ਜ਼ਿਦ ਅੱਗੇ ਲਿਫ਼ ਰਹੀ ਸੀ ਤੇ ਦੂਜੇ ਪਾਸੇ ਪੰਜਾਬ ਸਰਕਾਰ ਨਵਾਂ ਫ਼ੈਸਲਾ ਲੈ ਰਹੀ ਸੀ ਕਿ ਜਿਹੜੇ ਮੁਲਾਜ਼ਮ ਮੰਗਾਂ ਖਾਤਰ ਟੈਂਕੀਆਂ 'ਤੇ ਚੜ੍ਹਦੇ ਨੇ, ਉਨ੍ਹਾਂ 'ਤੇ ਆਤਮ ਹੱਤਿਆ ਦੀ ਕੋਸ਼ਿਸ਼ ਦਾ ਕੇਸ ਦਰਜ ਕੀਤਾ ਜਾਵੇ ਕਿਉਂਕਿ ਜਮਹੂਰੀ ਢਾਂਚੇ 'ਚ ਇਸ ਤਰ੍ਹਾਂ ਬਲੈਕਮੇਲ ਕਰਕੇ ਮੰਗਾਂ ਮੰਨਵਾਉਣੀਆਂ ਜਾਇਜ਼ ਨਹੀਂ। ਸਰਕਾਰਾਂ ਨੂੰ ਇਹ ਸਵਾਲ ਕੌਣ ਕਰੇ ਕਿ ਕੋਈ ਵੀ ਪਾਰਟੀ ਸੱਤਾ 'ਚ ਆਵੇ, ਵਾਰੋ-ਵਾਰੀ ਪੰਜ-ਪੰਜ ਸਾਲ ਲੋਕਾਂ ਨੂੰ ਬਲੈਕਮੇਲ ਕਰਨ ਤੋਂ ਸਿਵਾ ਕਰਦੀ ਹੀ ਕੀ ਏ?

ਸੰਸਦ ਮੈਂਬਰਾਂ ਦੇ ਸ਼ੋਰ ਗੁਲ ਤੇ ਗਰੀਬੀ ਰੇਖਾ ਤੋਂ ਹੇਠਾਂ ਰਹਿੰਦਿਆਂ ਦੀ ਚੁੱਪ ਦੇਖ ਮੁਰਸ਼ਦ ਬੁਟਰਵੀ ਦਾ ਇੱਕ ਸ਼ੇਅਰ ਚੇਤੇ ਆ ਗਿਆ:


ਭੁੱਖੇ ਲੋਕਾਂ ਰੱਜ ਕੇ ਸਿਦਕ ਨਿਭਾਏ ਨੇ,
ਰੱਜੇ ਲੋਕਾਂ ਰੱਜ ਕੇ ਭੁੱਖ ਖਿਲਾਰੀ ਏ।

ਇੰਜ ਜਾਪਿਆ ਜਿਵੇਂ ਲੀਡਰ ਗਰੀਬੀ ਰੇਖਾ ਤੋਂ ਹੇਠਾਂ ਡਿੱਗ ਪਏ ਹੋਣ ਤੇ ਅਸਲ ਗਰੀਬਾਂ ਨੇ ਲੀਡਰਾਂ ਵਾਲੀ ਚੁੱਪ ਧਾਰ ਲਈ ਹੋਵੇ। ਇਸ ਕੁੱਕੜ ਖੇਹ ਦੇ ਚੱਲਦਿਆਂ ਹਰ ਬੰਦਾ ਰੱਜਿਆਂ ਦੀ ਭੁੱਖ ਤੇ ਭੁੱਖਿਆਂ ਦੇ ਸਬਰ ਬਾਰੇ ਸੋਚਣ ਲਈ ਮਜਬੂਰ ਹੋ ਗਿਆ। ਭਲਾ ਕਿਹੜਾ ਪਾਰਲੀਮੈਂਟ ਮੈਂਬਰ ਹੈ ਜਿਹੜਾ ਕਰੋੜਾਂ ਖਰਚੇ ਬਿਨਾਂ ਸੰਸਦ ਤੱਕ ਅੱਪੜਦੈ? ਕਿਹੜਾ ਹੈ ਜੀਹਦੇ ਕੋਲ ਮਹਿੰਗੇ ਮੁੱਲ ਵਾਲੀਆਂ ਕਈ-ਕਈ ਗੱਡੀਆਂ, ਆਲੀਸ਼ਾਨ ਬੰਗਲੇ ਤੇ ਮੋਟੇ ਬੈਂਕ ਬੈਲੈਂਸ ਨਹੀਂ?

ਐਮ.ਪੀ. ਕਹਿੰਦੇ ਨੇ ਸਾਡੇ ਖਰਚੇ ਬੜੇ ਨੇ...ਹਲਕੇ ਦੇ ਦੌਰਿਆਂ, ਵੋਟਰਾਂ ਦੀ ਖੁਸ਼ੀ ਤੇ ਲੋਕ ਸੇਵੀ ਕੰਮਾਂ 'ਤੇ ਬੜਾ ਖਰਚ ਕਰਨਾ ਪੈਂਦੈ। ਲਾਲੂ ਪ੍ਰਸਾਦ ਯਾਦਵ, ਜਿਸ 'ਤੇ ਲੱਗਾ ਚਾਰਾ ਘੁਟਾਲੇ ਦਾ ਦਾਗ਼ ਹਾਲੇ ਤੱਕ ਧੋਤਾ ਨਹੀਂ ਗਿਆ, ਨੇ ਤਨਖ਼ਾਹਾਂ ਵਧਾਉਣ ਲਈ ਸਭ ਤੋਂ ਵੱਧ ਰੌਲਾ ਪਾਇਆ। ਵੱਡੀ ਕਮਾਲ ਇਸ ਗੱਲ ਦੀ ਸੀ ਕਿ ਮਹਿੰਗਾਈ ਨੂੰ ਠੱਲ੍ਹ ਪਾਉਣ, ਸੂਬਿਆਂ ਦੇ ਵਿਕਾਸ, ਬੇਰੁਜ਼ਗਾਰੀ ਨੂੰ ਠੱਲਣ ਤੇ ਭ੍ਰਿਸ਼ਟਾਚਾਰ ਨੂੰ ਨੱਥ ਪਾਉਣ ਵਾਲੇ ਮੁੱਦਿਆਂ 'ਤੇ ਪਾਰਟੀਆਂ ਦੇ ਸੌ-ਸੌ ਮਤਭੇਦ ਚੱਲਦੇ ਨੇ, ਇੱਕ-ਦੂਜੇ 'ਤੇ ਖੂਬ ਚਿੱਕੜ ਸੁੱਟਿਆ ਜਾਂਦੈ, ਪਰ ਤਨਖ਼ਾਹਾਂ ਵਾਲੇ ਮੁੱਦੇ 'ਤੇ ਸਭ ਇਕਸੁਰ ਹੋ ਗਏ।

ਹੁਣੇ-ਹੁਣੇ ਹੋਏ ਸਰਵੇ ਨੇ ਦੱਸਿਐ ਕਿ ਪੰਜਾਬ ਦੇ ਤੇਰਾਂ ਦੇ ਤੇਰਾਂ ਪਾਰਲੀਮੈਂਟ ਮੈਂਬਰ ਕਰੋੜਪਤੀ ਨੇ ਤੇ ਬਾਕੀ ਸੂਬਿਆਂ ਦੇ ਤਿੰਨ ਸੌ ਮੈਂਬਰ ਵੀ ਕਰੋੜਪਤੀ, ਅਰਬਪਤੀ ਨੇ। ਕਿਹੜਾ ਲੀਡਰ ਏ ਜਿਹੜਾ ਚੋਣਾਂ 'ਚ ਖਰਚੀ ਰਕਮ ਨੂੰ ਪੰਜ ਸਾਲਾਂ 'ਚ ਕਈ ਗੁਣਾ ਕਰਕੇ ਨਹੀਂ ਵਸੂਲਦਾ? ਜਦੋਂ ਗਰੀਬਾਂ ਦੇ ਅੰਨ 'ਚੋਂ, ਸਿੱਖਿਆ ਨੀਤੀਆਂ ਦੀਆਂ ਗ੍ਰਾਂਟਾਂ, ਬੇਰੁਜ਼ਗਾਰਾਂ ਦੇ ਭੱਤਿਆਂ, ਬਿਮਾਰਾਂ ਦੇ ਇਲਾਜਾਂ ਤੇ ਵਿਕਾਸ ਚੱਲਦਾ ਰੱਖਣ ਵਾਲੇ ਬਜਟਾਂ ਦਾ ਅੱਧਾ ਹਿੱਸਾ ਲੀਡਰਾਂ ਦੀਆਂ ਗੋਗੜਾਂ 'ਚ ਜਾਂਦਾ ਹੋਵੇ, ਉਦੋਂ ਤਨਖ਼ਾਹ ਸੋਲਾਂ ਹਜ਼ਾਰ ਹੋਵੇ, ਪੰਜਾਹ ਹਜ਼ਾਰ ਜਾਂ ਲੱਖ, ਇਹਦੇ ਨਾਲ ਕੀ ਫ਼ਰਕ ਪੈਂਦੈ?

ਪਾਰਲੀਮੈਂਟ ਮੈਂਬਰਾਂ ਤਰਕ ਦਿੱਤਾ, 'ਜੇ ਤਨਖ਼ਾਹਾਂ ਚੰਗੀਆਂ ਹੋਣਗੀਆਂ ਤਾਂ ਨੌਜਵਾਨ ਪੀੜ੍ਹੀ ਦਾ ਰਾਜਨੀਤੀ 'ਚ ਅੱਗੇ ਆਉਣ ਲਈ ਹੌਸਲਾ ਵਧੇਗਾ...ਆਰਥਿਕਤਾ ਠੀਕ ਹੋਵੇਗੀ ਤਾਂ ਸੰਸਦ 'ਚ ਸਵਾਲ ਪੁੱਛਣ ਲਈ ਪੈਸੇ ਨਹੀਂ ਲਏ ਜਾਣਗੇ...ਭੱਤੇ ਚੰਗੇ ਹੋਣਗੇ ਤਾਂ ਹੀ ਰਾਜਨੀਤੀ 'ਚੋਂ ਭ੍ਰਿਸ਼ਟਾਚਾਰ ਖਤਮ ਹੋਵੇਗਾ।' ਪਰ ਹਕੀਕਤ ਇਹ ਹੈ ਕਿ ਜਿਹੜੇ ਕੱਟੇ ਨੂੰ ਰੱਸਾ ਚੱਬਣ ਦੀ ਆਦਤ ਪੈ ਜਾਵੇ, ਉਹ ਛੁੱਟ ਨਹੀਂ ਸਕਦੀ। ਭਲਾ ਸੋਚੋ ਕਿਹੜਾ ਨੌਜਵਾਨ ਸਿਰਫ਼ ਚੰਗੇ ਵਿਚਾਰਾਂ ਕਰਕੇ ਰਾਜਨੀਤੀ 'ਚ ਆ ਸਕਦੈ। ਜਿਹੜੀ ਨੌਜਵਾਨੀ ਦਸ ਹਜ਼ਾਰ ਵਾਲੀ ਨੌਕਰੀ ਲਈ ਤਰਸਦੀ ਏ, ਉਹ ਪਾਰਲੀਮੈਂਟ ਮੈਂਬਰ ਬਣਨ ਦਾ ਸੁਪਨਾ ਕਿਵੇਂ ਲੈ ਸਕਦੀ ਹੈ? ਰਾਜਨੀਤੀ 'ਤੇ ਛਾਇਆ ਪਰਿਵਾਰਵਾਦ ਗੁੰਡਾਗਰਦੀ ਦੀਆਂ ਕਿਹੜੀਆਂ ਹੱਦਾਂ ਪਾਰ ਕਰ ਚੁੱਕੈ, ਇਹ ਗੱਲ ਭਲਾ ਕੀਹਤੋਂ ਲੁਕੀ ਏ?




ਰਹੀ ਗੱਲ ਚੰਗੀ ਆਰਥਿਕਤਾ ਨਾਲ ਭ੍ਰਿਸ਼ਟਾਚਾਰ ਖ਼ਤਮ ਹੋਣ ਦੀ, ਤਾਂ ਕਿਹੜਾ ਲੀਡਰ ਹੈ ਜਿਹੜਾ ਪਹਿਲਾਂ ਮਿਲਦੇ ਸੋਲਾਂ ਹਜ਼ਾਰ ਨਾਲ ਪਰਿਵਾਰ ਤੋਰਦਾ ਸੀ ਤੇ ਹੁਣ ਪੰਜਾਹ ਹਜ਼ਾਰ ਤੇ ਬਾਕੀ ਭੱਤਿਆਂ ਨਾਲ ਟੱਬਰ ਪਾਲੇਗਾ। ਜਿੰਨੀਆਂ ਕੁ ਤਨਖ਼ਾਹਾਂ ਤੇ ਭੱਤੇ ਮੰਤਰੀਆਂ ਨੂੰ ਮਿਲਣੇ ਸ਼ੁਰੂ ਹੋਏ ਨੇ, ਇਸ ਨਾਲੋਂ ਵੱਧ ਤਾਂ ਮੰਤਰੀਆਂ ਦੇ ਚਮਚੇ ਲੋਕਾਂ ਦੇ ਮਸਲੇ ਹੱਲ ਕਰਾ ਕੇ ਕਮਾ ਰਹੇ ਨੇ।

ਇੱਕ ਮੈਂਬਰ ਨੇ ਤਾਂ ਇੱਥੋਂ ਤੱਕ ਕਹਿ ਦਿੱਤਾ ਕਿ ਸਾਡੀਆਂ ਜ਼ਿੰਮੇਵਾਰੀਆਂ ਹੱਦੋਂ ਵੱਧ ਨੇ, ਪਰ ਤਨਖ਼ਾਹਾਂ ਬਾਕੀ ਮੁਲਕਾਂ ਦੇ ਸੰਸਦ ਮੈਂਬਰਾਂ ਨਾਲੋਂ ਕਿਤੇ ਘੱਟ। ਬਾਕੀ ਮੁਲਕਾਂ ਦੇ ਲੀਡਰ ਆਪਣੀ ਇਮਾਨਦਾਰ ਪਹੁੰਚ ਨਾਲ ਜਿੱਤਦੇ ਨੇ, ਪਰ ਭਾਰਤੀ ਲੀਡਰ ਗੁੰਡਾਗਰਦੀ ਦੇ ਨੰਗੇ ਨਾਚ ਨਾਲ। ਕੀ ਕੋਈ ਅਮਰੀਕੀ ਸੈਨੇਟਰ ਸਰਕਾਰੀ ਗ੍ਰਾਂਟਾਂ 'ਚੋਂ ਕੁੰਡੀ ਲਾਉਣ ਬਾਰੇ ਸੋਚ ਸਕਦੈ? ਵੀਹ-ਵੀਹ ਗੱਡੀਆਂ ਦੇ ਕਾਫ਼ਲੇ ਨੂੰ ਨਾਲ ਰੱਖਦੈ? ਰੈਲੀਆਂ 'ਚ ਲੋਕਾਂ ਦੀ ਭੀੜ ਜੋੜਨ ਦਾ ਠੇਕਾ ਦਿੰਦੈ? ਭਾਰਤੀ ਸਿਆਸਤਦਾਨਾਂ ਵਾਂਗ ਇਖਲਾਕੋਂ ਡਿੱਗ ਸਕਦੈ? ਸ਼ਾਇਦ ਨਹੀਂ।

ਹੁਣ ਸੰਸਦ ਮੈਂਬਰਾਂ ਦੀ ਤਨਖ਼ਾਹ ਸੋਲਾਂ ਹਜ਼ਾਰ ਤੋਂ ਵਧਾ ਕੇ ਪੰਜਾਹ ਹਜ਼ਾਰ, ਰੋਜ਼ਾਨਾ ਭੱਤਾ ਇੱਕ ਤੋਂ ਦੋ ਹਜ਼ਾਰ, ਪੈਨਸ਼ਨ ਅੱਠ ਤੋਂ ਵੀਹ ਹਜ਼ਾਰ, ਸਾਲ 'ਚ ਚਾਲੀ ਮੁਫ਼ਤ ਹਵਾਈ ਸਫ਼ਰ, ਕਿਸੇ ਵੀ ਭਾਰਤੀ ਰੇਲ 'ਚ ਪਹਿਲੇ ਦਰਜੇ ਦੀ ਏ.ਸੀ. ਕਲਾਸ 'ਚ ਘਰਵਾਲੀ ਜਾਂ ਇੱਕ ਹੋਰ ਨਾਲ ਮੁਫ਼ਤ ਸਫ਼ਰ ਕਰਨ ਦੀ ਸਹੂਲਤ ਹੈ। ਦਿੱਲੀ 'ਚ ਬੰਗਲਾ, ਦੋ ਫੋਨ, ਪੰਜਾਹ ਹਜ਼ਾਰ ਲੋਕਲ ਕਾਲਾਂ ਤੇ ਪੰਜਾਹ ਹਜ਼ਾਰ ਬਿਜਲੀ ਯੂਨਿਟਾਂ ਮੁਫ਼ਤ ਨੇ। ਏਨਾ ਸਭ ਮਿਲਣ ਦੇ ਬਾਵਜੂਦ ਜਨਤਾ ਦੇ ਇਹ 'ਸੇਵਕ' ਖੁਸ਼ ਨਹੀਂ। ਪਾਰਲੀਮੈਂਟ ਸੈਸ਼ਨ ਚਲਾਉਣ ਲਈ ਹਰ ਘੰਟੇ 'ਤੇ ਤਕਰੀਬਨ ਚੌਦਾਂ ਲੱਖ ਰੁਪਏ ਖਰਚ ਆਉਂਦੇ ਨੇ, ਪ੍ਰਤੀ ਮਿੰਟ ਲਾਗਤ ਛੱਬੀ ਹਜ਼ਾਰ ਪੈਂਤੀ ਰੁਪਏ ਹੈ ਪਰ ਭਾਰਤ ਦੇ ਅੱਧੋਂ ਵੱਧ ਐਮ.ਪੀ. ਸੈਸ਼ਨਾਂ 'ਚੋਂ ਗ਼ੈਰ ਹਾਜ਼ਰ ਰਹਿੰਦੇ ਨੇ। ਪੰਦਰਵੀਂ ਲੋਕ ਸਭਾ ਦੇ ਲੰਘੇ ਸਰਦ ਰੁੱਤ ਸੈਸ਼ਨ 'ਚ ਅਠਤਾਲੀ ਫ਼ੀਸਦੀ ਮੈਂਬਰਾਂ ਨੇ ਹਿੱਸਾ ਹੀ ਨਹੀਂ ਲਿਆ। ਲੋਕ ਸਭਾ 'ਚ ਸਿਰਫ਼ ਸੱਤ ਮੈਂਬਰਾਂ ਦੀ ਹੀ ਹਾਜ਼ਰੀ ਸੌ ਫ਼ੀਸਦੀ ਰਹੀ।

ਅਫ਼ਸੋਸ ਦੀ ਗੱਲ ਹੈ ਕਿ ਜਦੋਂ ਸੰਸਦ ਮੈਂਬਰਾਂ ਨੂੰ ਹੜ੍ਹਾਂ ਦੇ ਕਹਿਰ ਕਾਰਨ ਬੇਘਰ ਹੋਏ ਲੋਕਾਂ ਦੀ ਸਾਰ ਲੈਣੀ ਚਾਹੀਦੀ ਸੀ, ਤਬਾਹ ਫ਼ਸਲਾਂ ਦੇ ਮੁਆਵਜ਼ਿਆਂ ਦੀ ਗੱਲ ਕਰਨੀ ਚਾਹੀਦੀ ਸੀ, ਉਦੋਂ ਸੰਸਦ 'ਚ ਹਾਜ਼ਰ ਹੋਣ ਵਾਲਿਆਂ ਨੂੰ ਸਿਰਫ਼ ਤਨਖ਼ਾਹ ਦਾ ਫ਼ਿਕਰ ਰਿਹਾ।

ਜਨਤਾ ਨੂੰ ਇਸ ਗੱਲ ਦਾ ਦੁੱਖ ਨਹੀਂ ਕਿ ਲੀਡਰਾਂ ਦੀਆਂ ਤਨਖ਼ਾਹਾਂ ਕਿਉਂ ਵਧ ਰਹੀਆਂ ਨੇ, ਸਗੋਂ ਇਸ ਗੱਲ ਦਾ ਦੁੱਖ ਹੈ ਕਿ ਜਿਨ੍ਹਾਂ 'ਆਪਣਿਆਂ' ਨੇ ਭਾਰਤ ਨੂੰ ਖੁਸ਼ਹਾਲ ਕਰਨ ਦੀ ਥਾਂ ਕੰਗਾਲ ਕਰਨ 'ਚ ਕੋਈ ਕਸਰ ਨਹੀਂ ਛੱਡੀ, ਉਨ੍ਹਾਂ 'ਸੇਵਕਾਂ' ਨੂੰ ਭੱਤੇ ਤੇ ਤਨਖ਼ਾਹਾਂ ਦੇ ਕੇ ਸਰਕਾਰੀ ਖ਼ਜ਼ਾਨੇ ਨੂੰ ਰਗੜਾ ਕਿਉਂ ਲਾਇਆ ਜਾ ਰਿਹੈ?

ਚੌਕਾਂ 'ਚ ਧਰਨਾ ਦੇਣ ਵਾਲੇ ਮੁਲਾਜ਼ਮਾਂ ਨੂੰ ਜੇ ਕਿਹਾ ਜਾਵੇ ਕਿ ਤੁਹਾਨੂੰ ਵੱਧ ਤਾਂ ਕੀ ਪਹਿਲਾਂ ਮਿਲਦੀਆਂ ਤਨਖ਼ਾਹਾਂ ਵੀ ਨਹੀਂ ਮਿਲਣੀਆਂ ਤਾਂ ਹਰ ਕੋਈ ਨੌਕਰੀ ਨੂੰ ਠੁੱਡ ਮਾਰ ਦੇਵੇਗਾ, ਪਰ ਜੇ ਸੰਸਦ ਮੈਂਬਰਾਂ ਨੂੰ ਆਖਿਆ ਜਾਵੇ ਕਿ ਤੁਹਾਨੂੰ ਅੱਸੀ ਤਾਂ ਕੀ ਪਹਿਲਾਂ ਮਿਲਦਾ ਸੋਲਾਂ ਹਜ਼ਾਰ ਵੀ ਨਹੀਂ ਮਿਲਣਾ ਤਾਂ ਇਨ੍ਹਾਂ 'ਚੋਂ ਇੱਕ ਨੇ ਵੀ ਅਸਤੀਫ਼ਾ ਨਹੀਂ ਦੇਣਾ। ਸਰਕਾਰੀ ਸਹੂਲਤਾਂ ਭਲਾ ਕੌਣ ਤਿਆਗ ਸਕਦੈ? ਇਕਬਾਲ ਗਿੱਲ ਦੀ ਨਜ਼ਮ ਹੈ:

ਕਾਨੂੰਨ ਦੀ ਤੱਕੜੀ 'ਚ,
ਪਾਸਕ ਦੀ ਗੱਲ ਨਾ ਕਰੋ,
ਮਾਰੇ ਜਾਓਗੇ।
ਕਿਸੇ ਭ੍ਰਿਸ਼ਟ ਨੇਤਾ ਦੀ,
ਕਰਤੂਤ 'ਤੇ ਹੱਥ ਨਾ ਧਰੋ,
ਮਾਰੇ ਜਾਓਗੇ।

### *ਗੀਤ*

'ਕੱਲਾ ਨਾ ਹੋਵੇ ਕੋਈ ਰੁੱਖ,
ਏਸੇ ਗੱਲ ਦਾ ਏ ਦੁੱਖ
ਇਕੱਲਾ ਬੰਦਾ ਕੀਹਨੂੰ ਦੁੱਖੜੇ ਸੁਣਾਏ
ਤੂੰ ਪੜ੍ਹ ਕੇ ਇਤਿਹਾਸ ਵੇਖ ਲੈ...।
ਕਦੇ ਆਪਣੇ ਨਹੀਂ ਬਣਦੇ ਪਰਾਏ...।

ਲਾ ਕੇ ਵੇਖੀਆਂ ਬਿਗਾਨਿਆਂ ਦੇ ਨਾਲ ਯਾਰੀਆਂ
ਔਖੀ ਵੇਲੇ ਟੁੱਟ ਜਾਂਦੀਆਂ ਮੁਲ੍ਹਾਜੇਦਾਰੀਆਂ
ਕੋਈ ਪੂੰਝਦਾ ਨਹੀਂ ਅੱਥਰੂ ਵਹਾਏ...।

ਲੋਕੀਂ ਟਾਲ ਦਿੰਦੇ ਗੱਲ ਕਰਕੇ ਨਸ਼ੀਬ ਦੀ
ਇਸ ਦਨੀਆਂ 'ਚ ਨਾਂ, ਸੁਣੇ ਕੋਈ ਗਰੀਬ ਦੀ
ਬੰਦਾ ਉਹ ਹੀ ਜਿਹੜਾ ਰੋਂਦੇ ਨੂੰ ਹਸਾਏ...।

ਸੱਪ ਰੱਸੀ ਦਾ ਬਣਾਉਂਦਾ, ਗੱਲਾਂ ਕਰਦਾ ਜੱਗ
ਉਹਨੂੰ ਲੱਗੇ ਸੇਕ, ਜੀਹਦੇ ਪੈਰਾਂ ਥੱਲੇ ਅੱਗ
'ਨੂਰਪੁਰੀ' ਰੱਬ ਦੁੱਖ ਨਾ ਵਿਖਾਏ...।

*-ਗੁਰਦਿਆਲ ਸਿੰਘ 'ਨੂਰਪੁਰੀ'*

# ਕੰਮ ਕਰਕੇ ਮਿਸਾਲ ਕਾਇਮ ਕਰੀਏ

**ਡੇਵਿਡ ਐਲਿਨ ਲੌਂਗਫ਼ੈਲੋ**

ਨਾ ਸਿਰਫ ਸਾਧਾਰਨ ਲੋਕ, ਸਗੋਂ ਪੜ੍ਹਿਆ-ਲਿਖਿਆ ਵਰਗ ਵੀ ਇਸ ਗੱਲ ਦਾ ਧਾਰਨੀ ਹੈ ਕਿ ਅਸੀਂ ਪੀੜ੍ਹੀ ਪਾੜੇ ਕਾਰਨ ਤਰੱਕੀਪਸੰਦ ਨਾਗਰਿਕ ਕਹਾਉਣ ਤੋਂ ਝਿਜਕਦੇ ਹਾਂ। ਪੀੜ੍ਹੀ ਪਾੜੇ ਜਾਂ ਨਸਲ-ਵਿੱਥ ਜਾਂ ਪੁਸ਼ਤਾਂ ਦਾ ਵਿਤਕਰਾ ਇਕ ਅਟੱਲ ਸੱਚਾਈ ਹੈ ਭਾਵ ਇਕ ਚੁਣੌਤੀ ਹੈ। ਪੁਰਾਣੀਆਂ ਕਦਰਾਂ-ਕੀਮਤਾਂ, ਸੱਭਿਆਚਾਰਕ ਭਿੰਨਤਾ, ਨਵੀਂ ਸੋਚ ਦੀਆਂ ਰਵਾਇਤਾਂ ਸਭ ਅਜਿਹੇ ਕਾਰਕ ਹਨ, ਜੋ ਇਕ ਨਸਲ ਦੀ ਵਿਚਾਰਧਾਰਾ ਦਾ ਦੂਸਰੀ ਨਸਲ ਦੀ ਸੋਚ ਨਾਲ ਟਕਰਾਓ ਪੈਦਾ ਕਰਦੇ ਹਨ। ਵਿਅਕਤੀਗਤ ਪਸੰਦ, ਸਹਿਣਸ਼ੀਲਤਾ, ਸਮਾਜ ਵਿਚ ਉਚਾ ਸਥਾਨ ਪੈਦਾ ਕਰਨ ਦੀ ਤੀਬਰ ਇੱਛਾ ਹਰ ਵਿਅਕਤੀ ਨੂੰ ਵਿਧਾਰਧਾਰਾ ਵਿਚ ਬਾਗੀ ਬਣਾ ਦਿੰਦੇ ਹਨ। ਕਈ ਵਾਰ ਸਾਡੇ ਘਿਸੀ-ਪਿੱਟੀ ਵਿਚਾਰਧਾਰਾ ਵਾਲੇ ਨੇਤਾ ਤਬਦੀਲੀ ਨਹੀਂ ਚਾਹੁੰਦੇ, ਕਿਉਂਕਿ ਤਬਦੀਲੀ ਇਕ ਗੰਭੀਰ ਚੁਣੌਤੀ ਬਣ ਕੇ ਉਨ੍ਹਾਂ ਨੂੰ ਸਮਾਜਕ ਰੂਪ ਵਿਚ ਨੰਗਾ ਕਰਦੀ ਹੈ। ਅਜਿਹੇ ਸਿਆਸੀ ਗਿਰਗਟ ਕਦੇ ਆਪਣਾ ਮਨ ਨਹੀਂ ਬਦਲਦੇ, ਬਲਕਿ ਪਾਰਟੀ ਬਦਲ ਲੈਂਦੇ ਹਨ। ਕੀ ਕਦੇ ਅਜੋਕੇ ਆਗੂ ਆਪਣਾ ਮਨ ਬਦਲ ਕੇ ਪ੍ਰਗਤੀਸ਼ੀਲ ਵਿਚਾਰਧਾਰਾ ਦੇ ਹਾਮੀ ਹੋਣਗੇ?

ਜਦੋਂ ਰਾਜ-ਪ੍ਰਬੰਧ ਸਿਆਸੀ ਲੋਕਾਂ ਦੇ ਕੀਤੇ ਵਾਅਦਿਆਂ ਦੇ ਭੰਬਲਭੂਸੇ ਵਿਚ ਫਸ ਜਾਂਦਾ ਹੈ, ਉਸ ਸਮੇਂ ਜਨਤਾ ਦਾ ਵਿਸ਼ਵਾਸ ਉਠ ਜਾਣਾ ਸੁਭਾਵਕ ਹੁੰਦਾ ਹੈ। ਮੁੱਖ ਜ਼ਿੰਮੇਵਾਰੀ ਰਾਜ-ਪ੍ਰਬੰਧ 'ਤੇ ਆ ਜਾਂਦੀ ਹੈ। ਸਮਾਜ ਵਿਚ ਬੇਚੈਨੀ ਫੈਲਾਉਣ ਵਾਲੇ ਸਿਆਸੀ ਗਿਰਗਟ ਵੀ ਬਥੇਰੇ ਹਨ। ਗੰਦੀਆਂ ਭੀੜੀਆਂ ਬਸਤੀਆਂ, ਜਿੱਥੇ ਸਾਫ ਪੀਣ ਵਾਲੇ ਪਾਣੀ ਜਾਂ ਸਿਹਤ ਸੇਵਾਵਾਂ ਦਾ ਕੋਈ ਢੁਕਵਾਂ ਪ੍ਰਬੰਧ ਨਹੀਂ, ਵਿਚ ਅਜਿਹੇ ਲੋਕ ਪੋਲੀਓ ਦੀਆਂ ਬੂੰਦਾਂ ਪਿਲਾਉਣ ਦਾ ਉਦਘਾਟਨ ਕਰਨ ਆ ਜਾਣਗੇ, ਪਰ ਬੀਮਾਰਾਂ ਨੂੰ ਰਾਹਤ ਦੇਣ ਵੇਲੇ ਖਜ਼ਾਨਾ ਖਾਲੀ ਹੋ ਜਾਂਦਾ ਹੈ।

ਹੁਣ ਮਿਥਿਹਾਸਕ ਦੇਵੀ-ਦੇਵਤਿਆਂ ਦੇ ਤਿਉਹਾਰਾਂ ਵਲ ਵੀ ਨਜ਼ਰ ਮਾਰੋ ਤਾਂ ਜਨਤਾ ਆਪਣੀ ਕਿਰਤ ਛੱਡ ਕੇ, ਆਪਣੇ ਬੱਚਿਆਂ ਵਲ ਫਰਜ਼ਾਂ ਨੂੰ ਛਿੱਕੇ ਟੰਗ ਕੇ ਮੋਦੀ ਦੀ ਰਥ ਯਾਤਰਾ ਦੀ ਦੀਵਾਨੀ ਹੈ। ਜਗਨਨਾਥ ਦਾ ਰਥ, ਰੱਬ ਕਰੇ ਇਸ ਦੇਸ਼ ਨੂੰ ਸ਼ਾਂਤੀ, ਸੁਮੱਤ ਤੇ ਖੁਸ਼ਹਾਲੀ ਬਖਸ਼ੇ! ਲਗਭਗ ਹਰ ਰੋਜ਼ ਕਰਾਮਾਤਾਂ ਅਤੇ ਅਗੰਮੀ ਕੌਤਕਾਂ ਦੀ ਅਸਲੀਅਤ ਜਾਣਨ ਲਈ ਵੱਖੋ-ਵੱਖਰੇ ਚੈਨਲ ਗੋਸ਼ਟੀ ਦਾ ਆਯੋਜਨ ਕਰਦੇ ਹਨ। ਬਾਬਿਆਂ ਦੇ ਦੇਸ਼ 'ਚ ਕੋਈ ਤਿੱਖੀਆਂ ਸੂਲਾਂ ਉਪਰ ਲੇਟਿਆ ਹੈ, ਕੋਈ ਜਲ-ਧਾਰਾ ਵਿਚ ਵਿਲੀਨ ਹੈ, ਕੋਈ ਅੰਗਾਰ ਖਾਂਦਾ ਹੈ ਤੇ ਕੋਈ ਸੰਖੀਆ ਖਾ ਕੇ ਜ਼ਹਿਰ ਦੀ ਸ਼ਕਤੀ ਦਾ ਪ੍ਰਗਟਾਵਾ ਕਰਦਾ ਹੈ। ਅਜਿਹਾ ਕੋਈ ਵੀ ਨਹੀਂ ਜੋ ਦੇਸ਼ ਦੀ ਖੁਸ਼ਹਾਲੀ, ਅਖੰਡਤਾ, ਭਾਈਚਾਰਕ ਸਾਂਝ, ਨੇਕ-ਨੀਤੀ ਵਲ ਪ੍ਰੇਰਿਤ ਹੋ ਕੇ ਜਨ-ਕਲਿਆਣ ਹਿੱਤ ਕੁਰਬਾਨੀ ਦੇ ਸਕੇ।

ਧਰਮ ਇਕ ਤਰ੍ਹਾਂ ਨਾਲ ਫਜ਼ੂਲ ਜਿਹਾ ਫਲਸਫਾ ਬਣ ਕੇ ਅਜਿਹਾ ਦਿਮਾਗੀ ਖਿਲਾਅ ਪੈਦਾ ਕਰਦਾ ਹੈ ਕਿ ਹਰ ਕੋਈ ਵਿਅਕਤੀਗਤ ਸੁਖ-ਚੈਨ ਤਿਆਗ ਕੇ ਜਨੂੰਨੀ ਕਠਪੁਤਲੀ ਬਣ ਜਾਂਦਾ ਹੈ। ਅਡਵਾਨੀ ਦੀ ਕੁਰਸੀ ਸਿਰਫ ਅਜਿਹੇ ਲੋਕਾਂ ਕਰ ਕੇ ਕਾਇਮ ਹੈ ਵਰਨਾ ਉਹ ਕਿਸੇ ਵੀ ਤਰ੍ਹਾਂ ਦੇ ਅਲੌਕਿਕ ਗੁਣਾਂ ਦਾ ਮਾਲਕ ਨਹੀਂ। ਸਿਆਸੀ ਦਾਅ-ਪੇਚ ਦੀਆਂ ਖੇਡਾਂ ਖੇਡਣ ਵਾਲੇ ਇਹ ਲੋਕ ਵੱਡੇ-ਵੱਡੇ ਸ਼ਹਿਰਾਂ ਵਿਚ ਖਿੱਚੋਤਾਣ ਪੈਦਾ ਕਰਕੇ ਖੁਸ਼ ਹੁੰਦੇ ਹਨ। ਬੇਤੁਕੀ ਅਤੇ ਬੇਤਰਤੀਬੀ ਟਰੈਫਿਕ 'ਤੇ ਕਾਬੂ ਪਾਉਣ ਲਈ ਜੇਕਰ ਫਲਾਈ-ਓਵਰ ਬਣਾਏ ਜਾਂਦੇ ਹਨ ਤਾਂ ਉਨ੍ਹਾਂ ਦਾ ਵੀ ਕੋਈ ਲਾਭ ਨਹੀਂ ਹੋਣਾ, ਜਦੋਂ ਤੱਕ ਅਸੀਂ ਇਸ ਸਮੱਸਿਆ ਪ੍ਰਤੀ ਸੁਚੇਤ ਨਹੀਂ ਹੋ ਜਾਂਦੇ। ਅਜਿਹੇ ਪੁਲਾਂ ਹੇਠਾਂ ਅਸਿੱਧੇ ਤੌਰ 'ਤੇ ਸਿਆਸੀ ਗੁਰਗਿਆਂ ਅਤੇ ਅੰਡਰ-ਵਰਲਡ ਦੇ ਡਾਨਾਂ ਦਾ ਕਬਜ਼ਾ ਹੋ ਜਾਂਦਾ ਹੈ ਅਤੇ ਨਾਲ ਮਿਲ ਜਾਂਦੇ ਹਨ ਨਗਰ ਨਿਗਮ ਦੇ ਤਹਿ-ਬਾਜ਼ਾਰੀ ਵਿਭਾਗ ਦੇ ਬਦਨਾਮ ਮੁਲਾਜ਼ਮ। ਰਾਤ ਭਰ ਵਿਚ ਹੀ ਵੱਖੋ-ਵੱਖਰੀਆਂ ਦੁਕਾਨਾਂ ਖੁੱਲ੍ਹ ਜਾਂਦੀਆਂ ਹਨ। ਹਰ ਨਗਰ ਨਿਗਮ ਦਾ ਤਹਿ-ਬਾਜ਼ਾਰੀ ਵਿਭਾਗ ਸੰਪੂਰਨ ਆਜ਼ਾਦੀ ਨਾਲ ਆਪਣੇ ਹਕੂਕ ਵਰਤਣੋਂ ਅਸਮਰੱਥ ਹੋ ਜਾਂਦਾ ਹੈ ਤੇ ਨਤੀਜਾ 'ਇੱਕ ਨੂੰ ਕੀ ਰੋਨੀ ਏਂ ਜੈ ਕੁਰੇ, ਊਤ ਗਿਆ ਈ ਆਵਾ' ਦੇ ਰੂਪ 'ਚ ਨਿਕਲਦਾ ਹੈ। ਜਗ੍ਹਾ ਘਿਰੀ ਹੋਣ ਕਰ ਕੇ ਜ਼ਰਾਇਮ-ਪੇਸ਼ਾ ਗੁੰਡੇ ਕਈ ਤਰ੍ਹਾਂ ਦੇ ਨਜਾਇਜ਼ ਧੰਦੇ ਚਲਾਉਂਦੇ ਹਨ। ਕਈ ਸਮਾਜ-ਵਿਰੋਧੀ ਤੱਤ ਅਜਿਹੀਆਂ ਦੁਕਾਨਾਂ ਦੀ ਘੁੰਮਣਘੇਰੀ ਵਿਚ ਫਰਾਰ ਹੋਣ ਵਿਚ ਕਾਮਯਾਬ ਹੋ ਜਾਂਦੇ ਹਨ ਅਤੇ ਪੁਲਿਸ ਦੇ ਹੱਥ ਨਹੀਂ ਲੱਗਦੇ।

ਨਗਰ ਨਿਗਮ ਜਨ-ਕਲਿਆਣ ਹਿੱਤ ਯੋਜਨਾਵਾਂ ਨੂੰ ਚਾਲੂ ਕਰਨ ਵਿਚ ਕਿਉਂ ਪਹਿਲ ਨਹੀਂ ਕਰਦਾ? ਫਲਾਈ-ਓਵਰਾਂ ਦੇ ਹੇਠਾਂ ਫਸਟ-ਏਡ ਕੇਂਦਰ, ਸੂਚਨਾ ਕੇਂਦਰ, ਸਮਾਜਕ ਸਿਹਤ ਕੇਂਦਰ, ਪੁਲਿਸ ਦੀਆਂ ਚੌਕੀਆਂ ਆਦਿ ਕਿਉਂ ਨਹੀਂ ਖੋਲ੍ਹੇ ਜਾਂਦੇ? ਜਿੱਥੇ ਦੇਖੋ ਛੋਲੇ-ਕੁਲਚੇ, ਸੂਰ ਦੀ ਸਾਂਠ, ਮੀਟ ਦੀ ਤਰੀ ਪ੍ਰਧਾਨ ਹੈ ਤੇ ਲੋਕ ਬਕੜ-ਬਕੜ ਖਾਈ ਜਾਂਦੇ ਹਨ। ਕਿਤੇ ਨਾਈ ਹਜਾਮਤਾਂ ਕਰ ਰਿਹਾ ਹੈ ਤੇ ਕਿਤੇ ਕੋਈ ਬਦਤਮੀਜ਼ ਦੀਵਾਰ ਨਾਲ ਖੜਾ ਹੋ ਕੇ ਊਠ ਦੀ ਤਰ੍ਹਾਂ ਪਿਸ਼ਾਬ ਕਰ ਰਿਹਾ ਹੈ। ਭਾਰਤ ਦਾ ਕਿਹੜਾ ਨਮੂਨਾ ਅਸੀਂ ਵਿਦੇਸ਼ਾਂ ਵਿਚ ਦਿਖਾ ਕੇ ਫਖ਼ਰ ਮਹਿਸੂਸ ਕਰੀਏ?

ਸੱਭਿਆਚਾਰਕ ਤਬਦੀਲੀ ਨੇ ਕਈ ਬੇਹੂਦਾ ਤਿਉਹਾਰ ਪੰਜਾਬ ਵਿਚ ਲੈ ਆਂਦੇ ਹਨ, ਜਿਨ੍ਹਾਂ ਦਾ ਸੰਬੰਧ ਨਾ ਸਾਡੇ ਪੁਰਖਿਆ ਦੀ ਵਿਰਾਸਤ ਨਾਲ ਹੈ ਅਤੇ ਨਾ ਹੀ ਇਨ੍ਹਾਂ ਤਿਉਹਾਰਾਂ ਦਾ ਇਤਿਹਾਸਕ ਜਾਂ ਮਿਥਿਹਾਸਕ ਪਿਛੋਕੜ ਪੰਜਾਬ ਨਾਲ ਮਿਲਦਾ ਹੈ। ਸਿਰਫ ਸਿਆਸੀ ਗੁਰਗਿਆਂ ਦਾ ਜਨੂਨ ਖੜਾ ਕਰਨ ਲਈ ਇਹ ਇਕ ਪੈਂਤੜਾ ਹੈ। ਮਿਸਾਲ ਵਜੋਂ ਗਣਪਤੀ ਬੱਪਾ ਮੋਰੀਆ ਅਤੇ ਛਟ-ਪੂਜਾ (ਬਿਹਾਰ) ਆਦਿ-ਕਾਲ ਤੋਂ ਕਦੇ ਵੀ ਪੰਜਾਬ ਦੇ ਤਿਉਹਾਰ ਨਹੀਂ ਰਹੇ। ਇਹ ਸਿਰਫ ਸਿਆਸੀ ਸਟੰਟਬਾਜ਼ੀ ਹੈ ਅਤੇ ਸਿੱਖ ਧਰਮ ਦੇ ਸਦਾਚਾਰ 'ਤੇ ਸਿੱਧਾ ਹਮਲਾ ਹੈ। ਜੇਕਰ ਬ੍ਰਾਹਮਣਵਾਦ ਦਾ ਗਹਿਰਾ ਪ੍ਰਭਾਵ ਨਾ ਹੁੰਦਾ ਤਾਂ ਸਿੱਖ ਧਰਮ ਦੀ ਸਾਦਗੀ ਕਾਰਨ ਸ਼ਰਧਾਲੂ ਅੱਜ ਭਾਰਤ ਦੇ ਹਰ ਕੋਨੇ ਵਿਚ ਬਹੁ-ਗਿਣਤੀ ਵਿਚ ਹੁੰਦੇ। ਮੁੰਬਈ ਦੇ ਗੁੰਡਾ ਕਿਸਮ ਦੇ ਹਾਕਮ ਜਾਂ ਬਦਨਾਮ ਅੰਡਰ-ਵਰਲਡ ਦੇ ਸਿਆਸੀ ਡਾਨ, ਬਾਲ ਠਾਕਰੇ ਵਰਗਿਆਂ ਨੂੰ ਜੇਕਰ ਛੱਟ-ਪੂਜਾ ਤੇਜ਼ਾਬ ਵਾਂਗ ਲੜਦੀ ਹੈ ਤਾਂ ਪੰਜਾਂ ਪਾਣੀਆਂ ਦੇ ਵਸਨੀਕ ਕਿਉਂ ਮਿਥਿਹਾਸਕ ਪਾਤਰਾਂ ਦੇ ਸ਼ਰਧਾਲੂ-ਗੋਲੇ ਬਣਨ? ਤਰ੍ਹਾਂ ਤਰ੍ਹਾਂ ਦੇ ਅਖੌਤੀ ਰਥ ਮਿਥਿਹਾਸਕ ਜਾਂ ਦੇਹਧਾਰੀ ਮਜ਼ਬੀ ਜਨੂਨ ਦਾ ਕਾਰਨ ਹਨ ਅਰਥਾਤ ਪਰਜਾਤੰਤਰ ਪ੍ਰਣਾਲੀ ਦੇ ਜਾਨੀ ਦੁਸ਼ਮਣ। ਰੂੜ੍ਹੀਵਾਦੀ ਵਿਚਾਰਧਾਰਾ ਦੇ ਲੋਕ ਕੋਈ ਵੀ ਸ਼ਾਮਲਾਟ ਜਗ੍ਹਾ ਦੇਖ ਕੇ ਝੰਡਾ ਗੱਡ ਦਿੰਦੇ ਹਨ। ਵਾਸਤਵਿਕ ਰੂਪ ਵਿਚ ਧਰਮ ਇਕ ਸਿਆਸੀ ਹਥਿਆਰ ਬਣ ਗਿਆ ਹੈ, ਜਿਸ ਨਾਲ ਜਨਤਾ ਦਾ ਸ਼ੋਸ਼ਣ ਕਰ ਕੇ ਚੋਣ ਬਕਸਿਆਂ ਵਿਚ ਕੇਰਨਾ ਆਸਾਨ ਹੋ ਜਾਂਦਾ ਹੈ।

ਆਬਾਦੀ ਦੀ ਚੰਦਰੀ ਬੀਮਾਰੀ ਸ਼ੈਤਾਨ ਦੀ ਆਂਤ ਦੀ ਤਰ੍ਹਾਂ ਫੈਲ ਗਈ ਹੈ। ਮੇਰੇ ਸ਼ਹਿਰ ਵਿਚ ਟਿਕਟਿਕੀ ਲਗਾ ਕੇ ਦੇਖੋ ਤਾਂ ਲੋਕ ਕੀੜਿਆਂ ਦੇ ਭੌਣ ਦੀ ਤਰ੍ਹਾਂ ਕੁਰਬਲ-ਕੁਰਬਲ ਕਰਦੇ ਨਜ਼ਰ ਆਉਣਗੇ। ਹੁਣ ਸਮੱਸਿਆ ਇਹ ਹੈ ਕਿ ਇਸ ਵਧ ਰਹੇ ਭੌਣ 'ਤੇ ਤਿਲ-ਚੌਲੀ ਸੁੱਟਣ ਵਾਲਾ ਕੋਈ ਵੀ ਨਹੀਂ ਅਰਥਾਤ ਖੁਰਾਕ ਪੱਖੋਂ ਅਸਥਿਰ ਨਿਰਭਰਤਾ। ਹਰ ਖੇਤਰ ਵਿਚ ਅਨੁਸ਼ਾਸਨ ਭੰਗ ਕਰਨ ਵਾਲੇ ਮੰਤਰੀਗਣ ਅਤੇ ਉਨ੍ਹਾਂ ਦੇ ਸਿਰ-ਫਿਰੇ ਚਮਚੇ ਹਨ। ਜਦੋਂ ਲੀਡਰਾਂ ਦੀਆਂ ਗੱਡੀਆਂ ਦਾ ਕਾਫਲਾ ਆਉਂਦਾ ਹੈ ਤਾਂ ਉਹ ਟਰੈਫਿਕ ਲਾਈਟਾਂ ਦੀ ਪ੍ਰਵਾਹ ਨਹੀਂ ਕਰਦੇ। ਇਹ ਲੋਕਾਂ ਦੀ ਸਮਝਦਾਰੀ ਹੈ ਕਿ ਉਹ ਖੁਦ ਹੀ ਬਚ ਜਾਣ। ਕੀ ਇਨ੍ਹਾਂ ਦੇ ਪੈਰਾਂ ਥੱਲੇ ਅੱਗ ਬਲਦੀ ਹੈ ਕਿ ਹਸਪਤਾਲ ਦੀ ਐਂਬੂਲੈਂਸ ਨੂੰ ਵੀ ਜਾਣ ਦੀ ਪਹਿਲ ਨਹੀਂ ਦਿੰਦੇ? ਉਹ ਸਭ ਕਾਨੂੰਨ ਜਾਂ ਕਾਇਦੇ ਛਿੱਕੇ ਟੰਗ ਕੇ ਆਪਣੀ ਮਨਮਾਨੀ ਕਰਦੇ ਹਨ। ਪੁਲਿਸ ਦੀਆਂ ਗੱਡੀਆਂ ਦੀ ਕਾਵਾਂ-ਰੌਲੀ, ਇਕ ਦਹਿਸ਼ਤ ਦਾ ਡਰ ਸਭ ਵਫਾਦਾਰੀ ਦਿਖਾਉਣ ਦੀ ਪਾਖੰਡ ਵਿੱਦਿਆ ਹੈ।

ਸਰਕਾਰ 'ਤੇ ਨਿਰਭਰ ਕੋਈ ਵੀ ਸਮਾਜ ਆਦਰਸ਼ਾਂ ਦਾ ਬਾਨੀ ਨਹੀਂ ਹੋ ਸਕਦਾ, ਜਦੋਂ ਤੱਕ ਸਰਕਾਰੀ ਪ੍ਰਬੰਧ ਸਮਾਜ ਦੀਆਂ ਕਦਰਾਂ-ਕੀਮਤਾਂ ਦਾ ਮੁੱਲ ਪਾ ਕੇ ਉਤਸ਼ਾਹ ਦਾ ਸਰੋਤ ਨਹੀਂ ਬਣਦਾ। ਕੰਮ ਕਰ ਕੇ ਮਿਸਾਲ ਕਾਇਮ ਕਰਾਂਗੇ ਤਾਂ ਸੁਧਾਰ ਜ਼ਰੂਰ ਹੋਵੇਗਾ।

# ਧੜਕਣਾਂ ਛੱਜੀਂ ਉਡਾਈਏ ਆ ਕਦੀ

## ਇਕ ਸ਼ਾਇਰ ਨੂੰ ਸਲਾਮ

ਪੰਜਾਬੀ ਗਜ਼ਲ ਦੀ ਉਮਰ ਕੋਈ ਵਧੇਰੇ ਲੰਮੀ ਨਹੀਂ। ਸਾਡੇ ਆਪਣੇ ਕਾਵਿ ਰੂਪਾਂ ਨਾਲੋਂ ਸਭ ਤੋਂ ਅਲਪ ਆਯੂ ਵਾਲੀ ਗਜ਼ਲ ਹੀ ਹੈ। ਸਭ ਤੋਂ ਪਹਿਲਾਂ ਕੁਸ਼ਤਾ ਜੀ ਦਾ ਦੀਵਾਨ ਛਪਿਆ ਸੀ ਅਤੇ ਉਨ੍ਹਾਂ ਇਹ ਸੂਚਨਾ ਵੀ ਦਰਜ ਕਰ ਦਿੱਤੀ ਸੀ ਤਾਂ ਕਿ ਸਾਹਿਤ ਦੇ ਆਉਣ ਵਾਲੇ ਇਤਿਹਾਸਕਾਰ ਇਸ ਪੱਖੋਂ ਸੁਚੇਤ ਰਹਿਣ। ਪਰ ਇਹ ਗੱਲ ਕੁਸ਼ਤਾ ਜੀ ਦੇ ਦੀਵਾਨ ਦੀ ਇਸ਼ਾਇਤ ਦੇ ਸਿਲਸਿਲੇ ਵਿਚ ਹੀ ਠੀਕ ਹੈ। ਵੈਸੇ ਉਨ੍ਹਾਂ ਤੋਂ ਪਹਿਲਾਂ

ਪ੍ਰੋ. ਮੇਵਾ ਸਿੰਘ ਤੁੰਗ

ਮੀਆਂ ਮੁਹੰਮਦ ਬਖਸ਼ ਜੇਹਲਮੀਂ ਦੀਆਂ ਉਨ੍ਹਾਂ ਦੀ ਅਮਰ ਰਚਨਾ 'ਸੈਫਲ ਮਲੂਕ' ਵਿਚ ਛਪੀਆਂ ਗਜ਼ਲੀਆਤ ਮਿਲਦੀਆਂ ਹਨ। ਇਸ ਤੋਂ ਪਿਛੋਂ ਚਾਤ੍ਰਿਕ ਜੀ ਨੇ ਗਜ਼ਲ ਨੂੰ ਮਾਂਜਿਆ ਸਵਾਰਿਆ ਅਤੇ ਲਿਸ਼ਕਾਇਆ। ਉਨ੍ਹਾਂ ਇਸ ਨੂੰ ਪੂਰੀ ਤਰ੍ਹਾਂ ਪੰਜਾਬੀ ਰੰਗ ਵਿਚ ਰੰਗਣ ਦੀ ਜਦੋਜਹਿਦ ਕੀਤੀ। ਚਾਤ੍ਰਿਕ ਜੀ ਤੋਂ ਬਾਅਦ ਈਸ਼ਵਰ ਚਿੱਤਰਕਾਰ, ਦਰਸ਼ਨ ਸਿੰਘ ਅਵਾਰਾ, ਮੋਹਨ ਸਿੰਘ ਨੇ ਇਸ ਵਿਚ ਆਦਰਯੋਗ ਸੁਹਜ ਭਰਿਆ ਹੈ। ਤਖਤ ਸਿੰਘ ਅਤੇ ਅਜਾਇਬ ਚਿੱਤਰਕਾਰ ਆਦਿ ਨੇ ਕਾਮਯਾਬ ਨਾਜ਼ਮ ਹੁੰਦੇ ਹੋਏ ਵੀ ਇਸ ਪਾਸੇ ਵਿਸ਼ੇਸ਼ ਧਿਆਨ ਦਿੱਤਾ ਹੈ। ਉਪਰੰਤ ਮੀਸ਼ਾ, ਜਗਤਾਰ, ਚੰਦ ਆਦਿ ਦੇ ਨਾਂ ਵੀ ਲਏ ਜਾ ਸਕਦੇ ਹਨ। ਇਸ ਤੋਂ ਪਿਛੋਂ ਵਾਰੀ ਆਉਂਦੀ ਹੈ, ਪਾਤਰ ਤੇ ਗੁਰਦੀਪ ਦੀ। ਪ੍ਰੰਤੂ ਗੁਰਦੀਪ ਦਾ ਤਾਂ ਅੰਦਾਜ਼ ਹੀ ਹੋਰ ਹੈ। ਉਸ ਦੀਆਂ ਗਜ਼ਲਾਂ ਵਿਚ ਸਮਕਾਲੀ ਜ਼ਿੰਦਗੀ ਵਿਚ ਮਨੁੱਖੀ ਹੋਂਦ ਦੇ ਅਸਤਿਤਵੀ ਰੰਗ ਤਾਂ ਹੈਨ ਹੀ, ਵੱਡੀ ਗੱਲ ਉਸ ਅੰਦਰ ਭਾਵਾਂ ਦੀ ਅਜਿਹੀ ਪੁਖ਼ਤਗੀ ਹੈ ਜਿਸ ਨਾਲ ਪੰਜਾਬੀ ਗਜ਼ਲ ਵਿਚ ਹੋਰ ਵੀ ਵਿਲੱਖਣਤਾ ਅਤੇ ਮੌਲਿਕਤਾ ਪ੍ਰਵੇਸ਼ ਕਰ ਜਾਂਦੀ ਹੈ।

ਇਸ ਪ੍ਰਸੰਗ ਵਿਚ ਗੁਰਦੀਪ ਸ਼ੁੱਧ ਸ਼ਾਇਰ ਹੈ, ਜੋ ਸਿਰਫ ਤੇ ਸਿਰਫ ਗਜ਼ਲ ਨੂੰ ਸਮਰਪਤ ਹੈ। ਉਸ ਦਾ ਗਜ਼ਲ ਨਾਲ ਮੋਹ ਸੰਮੋਹਣ ਦੀ ਹੱਦ ਤੱਕ ਚਲਾ ਜਾਂਦਾ ਹੈ। ਇਸ ਲਈ ਅਜੇ ਤੱਕ ਉਸ ਨੇ ਆਪਣੇ ਆਪ ਨੂੰ ਨਜ਼ਮ ਤੋਂ ਪਰ੍ਹਾਂ ਹੀ ਰੱਖਿਆ ਹੈ ਅਤੇ ਆਪਣੀ ਸਾਰੀ ਸ਼ਕਤੀ ਅਤੇ ਸਮਰੱਥਾ ਗਜ਼ਲ ਦੀ ਜਮਾਲੀ ਅਤੇ ਲਤੀਫ, ਆਨੰਦਦਾਇਕ ਸ੍ਰਿਸ਼ਟੀ ਦੀ ਸਾਜਨਾ 'ਤੇ ਹੀ ਲਗਾਈ ਹੋਈ ਹੈ। ਉਸ ਦੀਆਂ ਗਜ਼ਲਾਂ ਦਰਿਆਫਤ ਕਰਨ ਤੋਂ ਮੇਰੀ ਆਪਣੀ ਇਹ ਰਾਏ ਬਣਦੀ ਹੈ ਅਤੇ ਮੇਰੀ ਜ਼ਬਰਦਸਤ ਖਾਹਿਸ਼ ਵੀ ਹੈ ਕਿ ਉਸ ਨੂੰ ਗਜ਼ਲ ਵਲ ਹੀ ਰੁਚਿਤ ਰਹਿਣਾ ਚਾਹੀਦਾ ਹੈ। ਚੰਗਾ ਹੈ ਉਹ ਨਾਜ਼ਮ ਨਾ ਬਣੇ। ਇਸ ਤਰ੍ਹਾਂ ਸੰਭਵ ਹੈ ਪੰਜਾਬੀ ਕਵਿਤਾ ਵਿਚ ਫਿਰਾਕ ਵਰਗੇ ਸ਼ਾਇਰਾਂ ਦੀ ਘਾਟ ਪੂਰੀ ਹੋ ਜਾਵੇ।

'ਧੜਕਣਾਂ ਨੂੰ ਖਤ' ਦੇ ਮੁਤਾਲੇ ਤੋਂ ਬਾਅਦ ਇਕ ਹੋਰ ਗੱਲ ਵੀ ਸਾਹਮਣੇ ਆਉਂਦੀ ਹੈ ਕਿ ਗੁਰਦੀਪ ਜੀਵਨ ਨਾਲ ਪੂਰਨ ਭਾਂਤਿ ਜੁੜਿਆ ਹੋਇਆ ਹੈ। ਇਸ ਲਈ ਬੇਲੋੜੇ ਮਾਤਮ ਅਤੇ ਬੇਬਸੀ ਦੇ ਭਾਵਾਂ ਨੂੰ ਦੂਰ ਰੱਖਣ ਲਈ ਉਹ ਹਰ ਮੁਸੀਬਤ ਦੇ ਸਨਮੁਖ ਹੋ ਕੇ ਵਿਚਰਦਾ ਹੈ ਅਤੇ ਇਸ ਲਈ ਹਮੇਸ਼ਾਂ ਉਸ ਨੂੰ ਮੁਖ਼ਾਤਬ ਹੋ ਕੇ ਗੱਲ ਕਰਦਾ ਹੈ। ਉਹ ਕਿਸੇ ਵੀ ਬਿਪਤਾ ਤੋਂ ਭੱਜਦਾ ਨਹੀਂ, ਸਗੋਂ ਉਸ ਦਾ ਸਾਹਮਣਾ ਕਰਦਾ ਹੈ;

ਦਿਲ 'ਚ ਕੋਈ ਦਰਦ ਪਾਲੀ ਰੱਖਣਾ।
ਥਰ ਥਰਾਉਂਦੀ ਲਾਟ ਬਾਲੀ ਰੱਖਣਾ।
ਰਾਤ ਭਰ ਜਰਨਾ ਹਨੇਰੇ ਦਾ ਕਹਿਰ।
ਚੰਦ ਪਹਿਲੂ ਵਿਚ ਸਵਾਲੀ ਰੱਖਣਾ।

– – –

ਖ਼ੂਨ ਦੇ ਕੇ ਸਿੱਖਿਆ ਹੈ ਦਰਦ ਨੇ।
ਆਪਣੀ ਰੰਗਤ ਨਿਰਾਲੀ ਰੱਖਣਾ।

ਇਹੋ ਜਿਹੇ ਅਨੁਭਵ ਤੇ ਪ੍ਰਗਟਾ ਸਮੇਂ ਉਹ ਉਸੇ ਮੁਕਾਮ 'ਤੇ ਵਿਚਰਦਾ ਪ੍ਰਤੀਤ ਹੁੰਦਾ ਹੈ, ਜਿਸ 'ਤੇ ਵਿਚਰਦਿਆਂ ਫ਼ੈਜ਼ ਅਹਿਮਦ ਫ਼ੈਜ ਕਹਿੰਦਾ ਹੈ:

ਕਤਲਗਾਹੋਂ ਸੇ ਚੁਨ ਕਰ ਹਮਾਰੇ ਅਲਮ।
ਔਰ ਨਿਕਲੇਂਗੇ ਉਸ਼ਾਕ ਕੇ ਕਾਫ਼ਿਲੇ।
ਜਾਂ
ਜਿਸ ਧਜ ਸੇ ਕੋਈ ਮਕਤਲ ਮੇਂ ਗਇਆ।
ਵੁਹ ਸ਼ਾਨ ਸਲਾਮਤ ਰਹਿਤੀ ਹੈ।

ਉਸਦੇ ਅਨੇਕਾਂ ਸ਼ੇਅਰਾਂ ਵਿਚੋਂ ਮਹਾਂ ਕਵੀ ਮਿਰਜ਼ਾ ਗਾਲਿਬ ਅਤੇ ਫੈਜ਼ ਅਹਿਮਦ ਫੈਜ਼ ਵਰਗੇ ਧੁਨੰਤਰ ਸ਼ਾਇਰਾਂ ਵਾਲੀ ਸੰਵੇਦਨਾ ਸਾਫ ਨਜ਼ਰ ਆਉਂਦੀ ਹੈ:

ਅਦਲਗਾਹ ਦੇ ਨੇਰ੍ਹੇ ਦਾ ਕੁਝ ਗਮ ਨਹੀਂ
ਕਤਲਗਾਹਾਂ ਗੁਲਫਿਸ਼ਾਂ ਸਾਡੇ ਲਈ।

ਗੁਰਦੀਪ ਦੀ ਸ਼ਾਇਰੀ ਪੜ੍ਹ ਕੇ ਮਹਿਸੂਸ ਹੁੰਦਾ ਹੈ ਕਿ ਉਹ ਮਾਨਵਵਾਦੀ-ਅਸਤਿਤਵਵਾਦੀ ਦਰਸ਼ਨ ਤੋਂ ਵੀ ਕਾਫੀ ਪ੍ਰਭਾਵਿਤ ਹੈ। ਉਸ ਵਿਚ ਵਜੂਦੀਅਤ ਹੈ। ਇਹ ਭਲੇ ਹੀ ਕਰਿਕੇਗਾਰਦ ਤੇ ਉਸਦੇ ਅਨੁਆਈਆਂ ਵਾਲਾ ਨਾ ਹੋਵੇ, ਪਰ ਉਸਦੇ ਸ਼ਾਇਰਾਨਾ ਅਨੁਭਵ ਅੰਦਰ ਇਹ ਤੱਤ ਮੌਜੂਦ ਜ਼ਰੂਰ ਹਨ। ਇਸ ਅਮਲ ਦਾ ਕਿਸੇ ਨੂੰ ਬੋਧ ਹੋਵੇ ਜਾਂ ਨਾ-ਇਹ ਵੱਖਰੀ ਗੱਲ ਹੈ। ਉਹ ਕਿਤੇ ਵੀ ਯੂਰਪੀ, ਵਿਸ਼ੇਸ਼ ਕਰਕੇ ਨਵੀਂ ਭਾਂਤਿ ਦੇ ਵਜੂਦੀਅਤਪ੍ਰਸਤਾਂ ਵਾਂਗਰ ਵਿਤ੍ਰੇਕਤ, ਵਿਕ੍ਰਤ, ਖੰਡਿਤ ਅਤੇ ਵਿਗਠਿਤ ਨਹੀਂ ਹੁੰਦਾ। ਸਗੋਂ ਉਸਦਾ ਸਮਾਜੀ ਪ੍ਰਭਾਵ ਇਕ ਕਰਮਸ਼ੀਲ ਸੰਗਰਾਮੀਏ ਵਾਲਾ ਬਣਿਆ ਰਹਿੰਦਾ ਹੈ। ਉਹ ਉਨ੍ਹਾਂ ਪਾਤਰਾਂ ਅਤੇ ਲੋਕਾਂ ਵਰਗਾ ਨਹੀਂ, ਜੋ ਮਰੀ ਮਾਂ ਦੀ ਲਾਸ਼ 'ਤੇ ਰੱਖੀ ਬਰਫ ਨੂੰ ਹੀ ਵਿਸਕੀ ਦੇ ਪੈੱਗ ਵਿਚ ਪਾ ਕੇ ਪੀਣ ਲੱਗ ਜਾਂਦੇ ਹਨ ਅਤੇ ਅੰਧਕਾਰ ਦੀ ਸਿਰਜਕ ਉਦਾਸੀਨਤਾ ਅਤੇ ਨਿਰਾਸ਼ਾ ਦਾ ਸੰਚਾਰ ਕਰਦੇ ਹਨ। ਸਗੋਂ ਉਹ ਵਫ਼ਾ ਦੇ ਸੂਹੇ ਅਹਿਦ ਦੀ ਹਰਾਰਤ ਨੂੰ ਹੋਰ ਧੜਕਾਉਣਾ ਲੋਚਦਾ ਹੈ ਤਾਂ ਕਿ ਸਿਰ ਤਲੀ 'ਤੇ ਧਰ ਕੇ ਮਕਤਲ ਵਿਚ ਪੁੱਜਣ ਵਾਲੇ ਜਾਂਨਿਸਾਰ ਪੈਦਾ ਹੁੰਦੇ ਰਹਿਣ।

ਮੁੜ ਮੁੜ ਵੰਗਾਰਦਾ ਹੈ ਸਾਨੂੰ ਵੱਕਾਰ ਸਾਡਾ।
ਮਕਤਲ ਵਿਚ ਹੋ ਰਿਹਾ ਏ ਇੰਤਜ਼ਾਰ ਸਾਡਾ।

– – –

ਜਗਾ ਕੇ ਆਰਜ਼ੂਆਂ ਨੂੰ ਰਫ਼ਾਕਤ ਨਾਲ ਲੈ ਕੇ ਟੁਰ
ਜੇ ਮੇਰੇ ਨਾਲ ਟੁਰਨਾ ਏਂ ਬਗਾਵਤ ਨਾਲ ਲੈ ਕੇ ਤੁਰ

– – –

ਕੂਚੇ ਕੂਚੇ ਫਾਂਸੀਆਂ ਸਾਡੇ ਲਈ।
ਚਲ ਕੇ ਆਇਆ ਘਰ ਨਿਆਂ ਸਾਡੇ ਲਈ।
(ਮੁਕਾਮ ਫੈਜ਼ ਰਾਹ ਮੇ ਕੋਈ ਜਚਾ ਹੀ ਨਹੀਂ
ਜੋ ਕੂਏ ਯਾਰ ਸੇ ਨਿਕਲੇ ਸੂਏ ਦਾਰ ਚਲੇ-ਫ਼ੈਜ਼)


ਇਸੇ ਕਾਰਨ ਹੀ ਪਹਿਲਾਂ ਵੀ ਉਲੇਖ ਕੀਤਾ ਜਾ ਚੁੱਕਾ ਹੈ ਕਿ ਉਸ ਦੇ ਦੁੱਖਵਾਦ ਤੇ ਵਜੂਦੀਅਤ ਵਾਲੇ ਭਾਵ ਯੂਰਪ ਦੇ ਵਿਕ੍ਰਿਤ ਅਤੇ ਵਿਤ੍ਰੇਕਤ ਵਜੂਦੀਅਤਪ੍ਰਸਤਾਂ ਵਾਲੇ ਨਹੀਂ, ਜਿਨ੍ਹਾਂ ਨੂੰ ਖ਼ੁਦ ਯੂਰਪ ਅੰਦਰ ਵੀ ਪਹਿਲਾਂ ਹੀ ਰੱਦ ਕੀਤਾ ਜਾ ਚੁੱਕਾ ਹੈ ਬਲਕਿ ਉਸ ਦੀ ਸੋਚ ਪਹੁੰਚ ਅਤੇ ਅਪਨਾਇਆ ਗਿਆ ਦਰਸ਼ਨ ਬਾਬਾ ਫਰੀਦ, ਬੁੱਲੇ ਸ਼ਾਹ ਅਤੇ ਸ਼ਾਹ ਹੁਸੈਨ ਦੇ ਜ਼ੁਮਰੇ ਵਿਚ ਆਉਂਦਾ ਹੈ। ਇਸ ਤਰ੍ਹਾਂ ਉਹ ਜੀਵਨ ਵਿਚ ਸਨਮੁੱਖ ਹੋ ਕੇ ਜੂਝਦਾ, ਹਰ ਬਲਾ ਨਾਲ ਲੋਹਾ ਲੈਂਦਾ ਅਤੇ ਸੰਘਰਸ਼ ਕਰਦਾ ਹੋਇਆ ਉਸ ਪਲਾਇਨ ਅਤੇ ਵਿਗਠਨ ਤੋਂ ਬੱਚ ਜਾਂਦਾ ਹੈ, ਜਿਸ ਦਾ ਯੂਰਪ ਦੇ ਕਈ ਸਤਿਕਾਰੇ ਗਏ ਲੇਖਕ ਵੀ ਸ਼ਿਕਾਰ ਹੋਏ ਪਾਏ ਗਏ ਹਨ। ਗੁਰਦੀਪ ਦੇ ਇਸ ਪੱਖ ਨੂੰ ਸਮਝਣ ਦੀ ਕੁੰਜੀ ਪੰਜਾਬੀ ਸਾਹਿਤ ਦੇ ਸ਼ਾਸਤ ਬਾਬਿਆਂ ਵਿਚ ਲੱਭਣੀ ਪੈਂਦੀ ਹੈ:

ਫਰੀਦਾ ਜੇ ਦੋਹ ਨਾਲਾ ਕੱਪਿਆ ਜੇ ਗੱਲ ਕੱਪੇ ਚੁੱਖ।
ਪਵਣ ਨਾ ਇਤੀ ਮਾਮਲੇ ਸਹਾਂ ਨਾ ਇਤੀ ਦੁਖ।
'ਫ਼ਰੀਦਾ ਗੋਰ ਨਿਮਾਣੀ ਸਡ ਕਰੇ ਨਿਘਰਿਆ ਘਰ ਆਓ
ਸਰ ਪਰ ਐਥੇ ਆਵਣਾ ਮੈਥੇ ਨਾ ਡਰਿਆਉ।'

ਗੁਰਦੀਪ ਦੇ ਪ੍ਰਸੰਗ ਵਿਚ ਸ਼ਾਇਰੀ ਦੇ ਵੱਡੇ ਬਾਬੇ ਗ਼ਾਲਿਬ ਦੇ ਇਹ ਸੁਖਨ ਵਿਚਾਰਨਯੋਗ ਹਨ ਅਤੇ ਇਹ ਗੁਰਦੀਪ ਨੂੰ ਸਮਝਣ ਵਿਚ ਮਦਦ ਕਰ ਸਕਦੇ ਹਨ। ਇਨ੍ਹਾਂ ਵਿਚਲੀ ਅੱਗ ਦਾ ਸੇਕ ਤੇ ਦਰਦ ਗੁਰਦੀਪ ਦੀ ਅੱਗ ਅਤੇ ਦਰਦ ਦੇ ਸਾਰੇ ਭੇਤ ਅਤੇ ਪਰਤਾਂ ਖੋਲ੍ਹਣ ਵਿਚ ਸਹਾਈ ਹੁੰਦਾ ਹੋਇਆ ਉਸ ਦੀ ਪੀੜ ਦੇ ਆਰ-ਪਾਰ ਹੋ ਕੇ ਉਸਦੇ ਹਰ ਪਲ ਮਾਨਵਵਾਦੀ, ਸਨਮੁੱਖ, ਕਰਮਸ਼ੀਲ, ਸਮਾਜਮੁਖੀ ਅਤੇ ਸੰਘਰਸ਼ਪ੍ਰੇਰਿਤ ਹੋਣ ਦੇ ਕਾਰਨ ਅਤੇ ਆਧਾਰ ਉਪਲਬੱਧ ਵੀ ਕਰਵਾਉਂਦੇ ਹਨ।

ਗੁੰਚਾ ਲਗਾ ਫਿਰ ਖਿਲਨੇ
ਫਿਰ ਹਮ ਨੇ ਅਪਨਾ ਦਿਲ
ਖ਼ੂੰ ਕਾ ਆ ਹੂਆ ਦੇਖਾ
ਗੁਮ ਕੀਆ ਹੋਇਆ ਪਾਇਆ।

ਬੱਸ ਇਸ ਖ਼ੂਨ ਹੋਏ ਪਰ ਗੁੰਮ ਹੋਏ ਦਿਲ ਨੂੰ ਭਾਲਦਾ ਭਾਲਦਾ ਗੁਰਦੀਪ ਕਿਤੇ ਦਾ ਕਿਤੇ ਪਹੁੰਚ ਗਿਆ ਹੈ। ਉਸ ਦੀ


ਗੁਰਦੀਪ

ਸ਼ਾਇਰੀ ਇਕੋ ਜੁਸਤਜੂ ਹੋ ਨਿਬੜਦੀ ਹੈ। ਇਕ ਲਾਮਕਾਨੀ ਤਲਾਸ਼ ਬਣ ਜਾਂਦੀ ਹੈ। ਇਸੇ ਕਰਕੇ ਉਸ ਵਿਚ ਓੜਕਾਂ ਦਾ ਹੁਸਨ ਹੈ, ਬੇਪਨਾਹ ਸ਼ਕਤੀ ਹੈ, ਜਿਸ ਦਾ ਲੜ ਫੜਨ ਵਾਲੇ ਦਰਵੇਸ਼ ਕਦੇ ਸ਼ਿੱਥਲ ਨਹੀਂ ਹੁੰਦੇ, ਕਦੇ ਮੁੱਕਦੇ ਨਹੀਂ, ਕਦੇ ਫਨਾਹ ਨਹੀਂ ਹੁੰਦੇ। ਇਹੋ ਵਜ੍ਹਾ ਹੈ ਕਿ ਸਰਵੱਤ੍ਰ ਛਾਈ ਅਜਨਬੀਅਤ ਤੇ ਪਰਦੇਸੀਪਣ ਦੇ ਸਾਹਵੇਂ ਵੀ ਉਹ ਏਨਾ ਪਰਦੇਸੀ ਨਹੀਂ ਹੁੰਦਾ ਕਿ ਉਸ ਦੀ ਸ਼ਾਇਰੀ ਨਾਲ ਆਸ਼ਨਾ ਹੋਣ ਵਾਲੇ ਕਿਸੇ ਵੀ ਹਸਾਸ ਸ਼ਖਸ ਨੂੰ ਧੁਰ ਰੂਹ ਤਕ ਝੰਜੋੜ ਨਾ ਸਕੇ। ਜ਼ਿੰਦਗੀ ਦਾ ਠੰਢਾ ਯਖ ਹੋ ਕੇ ਅੰਧਕਾਰ ਵਿਚ ਬਦਲ ਜਾਣਾ ਉਸ ਨੂੰ ਗਵਾਰਾ ਨਹੀਂ। ਉਹ ਜੀਵਨਧਾਰਾ ਨੂੰ ਸਦੀਵ ਚਲਾਈ ਰੱਖਣਾ ਚਾਹੁੰਦਾ ਹੈ। ਇਸ ਲਈ ਇਸ ਮਸ਼ੀਨੀ ਤੇ ਕੰਪਿਊਟਰੀ ਤੰਤ੍ਰ ਵਿਚ ਜਿਥੇ ਇਨਸਾਨ ਕਲਪੁਰਜੇ ਬਣ ਕੇ ਰਹਿ ਗਏ ਹਨ, ਉਹ ਧੜਕਣਾਂ ਨੂੰ ਜ਼ੋਰਦਾਰ ਖ਼ਤ ਲਿਖਦਾ ਹੈ ਤਾਂ ਕਿ ਕਾਲ ਚੱਕਰ ਅਰੁੱਕ ਚਾਲ ਚਲਦਾ ਰਹੇ, ਤਾਂ ਜੋ ਹਰ ਸੰਧਿਆ ਪਿਛੋਂ ਪ੍ਰਭਾਤ ਆਵੇ, ਹਰ ਰੈਣ ਪਿਛੋਂ ਦਿਨ ਦੀ ਧੁਪ ਮਿਲੇ, ਰੋਸ਼ਨੀ ਮਿਲੇ। ਸੂਰਜ ਕਦੇ ਨਾ ਬੁਝੇ, ਚੰਨ ਨਿੱਤ ਚੜ੍ਹਦਾ ਰਹੇ। ਜੇ ਬੰਦੇ ਮਸ਼ੀਨਾਂ ਬਣ ਗਏ ਤਾਂ ਕੀ ਹੋਇਆ। ਦਰਦ ਤਾਂ ਦਰਦ ਹੀ ਹੈ, ਅਗਨੀ ਅਗਨੀ ਹੈ, ਜੋ ਹਮੇਸ਼ਾਂ ਜਗਦੇ ਹਨ ਜਾਗਦੇ ਹਨ। ਗੁਰਦੀਪ ਦਾ ਮਸਤਕ ਵੀ ਜਗਦਾ ਜਾਗਦਾ ਹੈ। ਇਸੇ ਲਈ ਤਾਂ ਉਹ ਬੋਲ ਉੱਠਦਾ ਹੈ:

ਮੈਂ ਮਸ਼ੀਨਾਂ ਦੇ ਪਤੇ ਤੇ ਧੜਕਣਾਂ ਨੂੰ ਖ਼ਤ ਲਿਖੇ।
ਦਰਦ ਦੇ ਨਾਜ਼ੁਕ ਵਿਸ਼ੇ ਤੇ ਕਾਤਲਾਂ ਨੂੰ ਖ਼ਤ ਲਿਖੇ।
ਏਸ ਨੂੰ ਹੀ ਆਖਦੇ ਨੇ ਇਸ਼ਕ ਦੀ ਦੀਵਾਨਗੀ।
ਮੈਂ ਮੁਖਾਤਬ ਹੋ ਕੇ ਤੈਨੂੰ ਸੁਪਨਿਆਂ ਨੂੰ ਖ਼ਤ ਲਿਖੇ।

– – –

ਲੱਭਿਆ ਜਦ ਮੈਂ ਗਵਾਚਣ ਬਾਅਦ ਆਪਣੇ ਆਪ ਨੂੰ।
ਸ਼ਹਿਰ ਤੋਂ ਮੈਂ ਆਪਣੇ ਨਿੱਕੇ ਗਿਰਾਂ ਨੂੰ ਖ਼ਤ ਲਿਖੇ।

– – –

ਉਕਤ ਦਰਜ ਕਾਵਿ ਹਵਾਲਿਆਂ ਵਿਚ ਸਾਡੇ ਵਰਤਮਾਨ ਸਮੇਂ ਤੇ ਜੀਵਨ ਦਾ ਸੰਕਟ ਝਲਕਦਾ ਹੈ, ਜਿਸ ਵਿਚ ਇਨਸਾਨ ਹਮੇਸ਼ਾਂ ਗੁੰਮਦਾ ਗਵਾਚਦਾ ਹੈ। ਗੁਰਦੀਪ ਵੀ ਵਾਰ-ਵਾਰ ਗੁੰਮਦਾ, ਗਵਾਚਦਾ ਤੇ ਲੱਭਦਾ ਹੈ ਪਰ ਉਹ ਏਥੇ ਹੀ ਬਸ ਨਹੀਂ ਕਰਦਾ। ਸਗੋਂ ਸ਼ਹਿਰ ਵਿਚੋਂ ਪਿੰਡ ਨੂੰ ਖ਼ਤ ਵੀ ਲਿਖਦਾ ਹੈ। ਇਹ ਹੀ ਇਕੱਲ ਤੋਂ ਛੁਟਕਾਰੇ ਦਾ ਰਸਤਾ ਹੈ। ਆਪਣੇ ਮਰਕਜ਼ ਨਾਲ ਜੁੜਨ ਦਾ ਉਪਰਾਲਾ ਹੈ। ਗੁਰਦੀਪ ਦੀ ਸ਼ਾਇਰੀ ਅਜਿਹੇ ਉਪਰਾਲਿਆਂ ਨਾਲ ਭਰਪੂਰ ਹੈ।

ਉਹ ਇਕ ਥਾਂ ਕਹਿੰਦਾ ਹੈ-

ਇਕ ਗਵਾਚੀ ਲਹਿਰ ਨੂੰ ਲੱਭੀ ਗਿਆ ਦਿਲ ਨਾਮੁਰਾਦ
ਕੰਢਿਆਂ ਦੀ ਮਾਰਫ਼ਤ ਮੈਂ ਸਾਗਰਾਂ ਨੂੰ ਖ਼ਤ ਲਿਖੇ।

ਚੰਗਾ ਹੋਇਆ ਉਹ ਗਵਾਚੀ ਲਹਿਰ ਨੂੰ ਲੱਭੀ ਗਿਆ। ਇਹ ਲੱਭਣੀ ਵੀ ਨਹੀਂ ਸੀ ਕਿਉਂਕਿ ਇਸ ਦੁਨੀਆਂ ਦਾ ਪਹਿਲਾ ਤੇ ਆਖਰੀ ਵਰਕਾ ਪਾਟੇ ਹੋਏ ਜੋ ਹੋਏ। ਇਹ ਪਾਟੇ ਹੀ ਰਹਿਣੇ ਹਨ। ਜੇ ਲਹਿਰ ਲੱਭ ਜਾਂਦੀ, ਉਹਦੀ ਕਵਿਤਾ ਗਵਾਚ ਜਾਂਦੀ।

ਇਹ ਧੜਕਦੀ ਜ਼ਿੰਦਗੀ ਦੀ ਅਲਾਮਤ ਹੈ। ਇਸ ਦੇ ਕਾਫਲੇ ਦੀ ਪ੍ਰਕ੍ਰਿਤੀ ਹੈ, ਪਰਿਭਾਸ਼ਾ ਹੈ। ਗੁਰਦੀਪ ਬੱਸ ਖ਼ਤ ਲਿਖਦਾ ਜਾਏ। ਸਿਰਫ ਇਹੋ ਮੁਮਕਿਨ ਹੈ। ਇਸ ਤੋਂ ਮੁਕਤ ਹੋਣਾ ਔਖਾ ਹੈ। ਗਾਲਿਬ ਕਹਿੰਦਾ ਹੈ;

ਯੇ ਖਲਿਸ਼ ਕਹਾਂ ਸੇ ਹੋਤੀ ਜੋ ਜਿਗਰ ਕੇ ਪਾਰ ਹੋਤਾ

ਸ਼ਾਇਰੀ ਦੀ ਤਖਲੀਕ ਲਈ ਉਸ ਜਿਗਰ ਕੇ ਪਾਰ ਹੁੰਦੇ ਖਲਿਸ਼ ਦਾ ਹਮੇਸ਼ਾ ਲਈ ਬਣਿਆ ਰਹਿਣਾ ਜ਼ਰੂਰੀ ਹੈ।

ਗੁਰਦੀਪ ਸਬੰਧੀ ਇਹ ਚਰਚਾ ਐਵੇਂ ਸੰਕੇਤ ਮਾਤਰ ਹੈ। ਉਸ ਦੀ ਕਵਿਤਾ ਦੀ ਵਡਿਆਈ ਅਤੇ ਵਿਸਤਾਰ ਦਰਸਾਉਣ ਲਈ ਲੰਮੇ ਵੇਰਵੇ ਅਤੇ ਖੁੱਲ੍ਹੇ ਸਮੇਂ ਦੀ ਲੋੜ ਹੈ, ਜੋ ਖ਼ਰਾਬ ਸਿਹਤ ਕਾਰਨ ਮੇਰੇ ਕੋਲ ਨਹੀਂ। ਮੈਂ ਤਾਂ ਏਨਾ ਕਹਿ ਸਕਦਾ ਹਾਂ ਕਿ ਉਸ ਵਿਚ ਸੌਂਦਰਯ ਹੈ, ਸ਼ਕਤੀ ਹੈ, ਇਸ ਨੂੰ ਹੰਢਾਉਣ, ਪਚਾਉਣ ਅਤੇ ਪ੍ਰਗਟਾਉਣ ਦੀ ਬੇਪਨਾਹ ਸਮਰੱਥਾ ਹੈ। ਇਸ ਮਨੋਰਥ ਦੀ ਪ੍ਰਾਪਤੀ ਲਈ ਉਸ ਮਾਧਿਅਮ ਵੀ ਗਜ਼ਲ ਦਾ ਚੁਣਿਆ ਹੈ, ਜਿਸ ਦਾ ਉਹ ਆਸ਼ਕ ਹੈ ਤੇ ਗਜ਼ਲ ਜੋ ਉਸ 'ਤੇ ਮਿਹਰਬਾਨ ਹੈ। ਇਹ ਸੰਜੋਗ ਕਦੇ ਕਦਾਈਂ ਵਾਪਰਦਾ ਹੈ।

ਗੁਰਦੀਪ ਨੇ ਭਾਵੇਂ ਬਾਹਰਲੇ ਸਾਹਿਤ, ਸਿਧਾਂਤ ਅਤੇ ਮਾਡਲਾਂ ਦਾ ਜਿੰਨਾ ਮਰਜ਼ੀ ਅਧਿਐਨ ਕੀਤਾ ਹੋਵੇ, ਪਰ ਉਸਦੀ ਮੌਲਿਕਤਾ ਹਮੇਸ਼ਾਂ ਕਾਇਮ ਰਹਿੰਦੀ ਹੈ ਅਤੇ ਉਹ ਸਾਡੇ ਸਾਹਿਤ 'ਤੇ ਲਾਗੂ ਹੋਣ ਤੋਂ ਅਸਮਰਥ ਅਦਬ ਅਤੇ ਅਦਬੀ ਮਾਡਲਾਂ ਦੀ ਥਾਂ ਵਧੇਰੇ ਆਪਣੇ ਮਰਕਜ਼ ਨਾਲ ਜੁੜਿਆ ਰਹਿੰਦਾ ਹੈ। ਇਹੋ ਕਾਰਨ ਹੈ ਕਿ ਪਹਿਲਾਂ ਪੰਜਾਬੀ ਦੇ ਮਹਾਨ ਸੂਫੀ ਸ਼ਾਇਰਾਂ ਅਤੇ ਫਿਰ ਫ਼ੈਜ਼ ਦੀ ਪਰੰਪਰਾ ਨਾਲ ਜਾ ਜੁੜਦਾ ਹੈ। ਇਸ ਲਈ ਆਪਣੀ ਸ਼ਾਇਰੀ ਵਿਚ ਉਹ ਉਨ੍ਹਾਂ ਸਾਰੇ ਮਨੋਰਥਾਂ ਦੀ ਪੂਰਤੀ ਕਰਦਾ ਹੈ, ਜਿਸ ਲਈ ਸਾਹਿਤ ਵਿਚ ਪੈਂਹਠ ਵਰ੍ਹੇ ਪਹਿਲਾਂ ਜੀਵਨ ਨੂੰ ਆਦਰਯੋਗ ਅਤੇ ਸੁਹੱਪਣ ਭਰਪੂਰ ਬਣਾ ਦੇਣ ਲਈ ਅੰਦੋਲਨ ਛਿੜਿਆ ਸੀ। ਪੁਨਰਉਥਾਨ ਤੋਂ ਬਾਅਦ ਨਵ-ਮਾਰਕਸਵਾਦ ਜਾਂ ਜ਼ਿੰਦਗੀ ਦੇ ਪੱਖ ਵਿਚ ਉਭਰਨ ਵਾਲਾ ਕੋਈ ਹੋਰ ਦਰਸ਼ਨ ਕਾਫ਼ਕਾ ਤੇ ਕਾਮੂ ਨੂੰ ਭਲੇ ਹੀ ਰੱਦ ਕਰ ਦੇਵੇ, ਪਰ ਉਹ ਗੁਰਦੀਪ ਨੂੰ ਫ਼ੈਜ਼ ਵਾਂਗ ਹੀ ਪ੍ਰਵਾਨ ਕਰ ਲਵੇਗਾ।

ਗੁਰਦੀਪ ਪੰਜਾਬੀ ਸ਼ਾਇਰੀ ਅਰਥਾਤ ਗਜ਼ਲ ਦੇ ਖੇਤਰ ਵਿਚ ਇਕ ਸ਼ੈਲੀਕਾਰ ਦੇ ਤੌਰ 'ਤੇ ਸਾਹਮਣੇ ਆਇਆ ਹੈ। ਉਸ ਵਿਚ ਸ਼ਾਇਰਾਨਾ ਸ਼ਖਸੀਅਤ ਦੇ ਵੱਖ-ਵੱਖ ਦਾਖਲਾ ਪਹਿਲੂ ਵਧ ਤੋਂ ਵਧ ਖਾਰਜੀ ਪਹਿਲੂਆਂ ਨਾਲ ਪੂਰੀ ਤਰ੍ਹਾਂ ਇਕਸਾਰ, ਇਕਸੁਰ ਤੇ ਇਕ ਜਾਨ ਹੋ ਕੇ ਤਖਲੀਕੀ ਇਜ਼ਹਾਰ ਵਿਚ ਆਏ ਹਨ।

ਇਸ ਲਈ ਵਿਲੱਖਣ ਤੇ ਵੱਖਰੀ ਹੁੰਦੀ ਹੋਈ ਸ਼ਾਇਰ ਦੀ ਸ਼ੈਲੀ ਉਸ ਦੀ ਨਿਖੜਵੀਂ ਪਛਾਣ ਬਣ ਗਈ ਹੈ, ਜੋ ਉਸਦੀ ਪ੍ਰਾਪਤੀ ਹੈ ਅਤੇ ਕੀਮਤੀ ਰਾਸ ਵੀ ਹੈ। ਇਹ ਗੱਲ ਨਿਸ਼ਚੇ ਹੀ ਬੇਹੱਦ ਅਫਸੋਸਨਾਕ ਹੈ ਕਿ ਸਾਡੀ ਧਰਤੀ ਦੇ ਰੰਗ-ਖੁਸ਼ਬੂਆਂ ਨੂੰ ਅਜਿਹੀ ਬੇਪਨਾਹ ਮੁਹੱਬਤ ਕਰਨ ਵਾਲੇ ਸਾਡੇ ਇਸ ਸ਼ਾਇਰ ਨੂੰ ਪੰਜ (ਹੁਣ ਛੇ) ਗਜ਼ਲ ਸੰਗ੍ਰਹਿ ਛਪ ਜਾਣ ਪਿਛੋਂ ਅਜੇ ਤੱਕ ਪੰਜਾਬੀ ਸਾਹਿਤ ਜਗਤ ਦੇ ਕਿਸੇ ਵੀ ਮਹਾਂ ਆਲੋਚਕ ਨੇ ਗੌਲਿਆ ਤਕ ਨਹੀਂ। ਅਫਸੋਸ ਨਾਲ ਕਹਿਣਾ ਪੈ ਰਿਹਾ ਹੈ ਕਿ ਅੰਗਰੇਜ਼ਾਂ ਦੇ ਮੁਲਕ ਵਿਚ ਕਿਧਰੇ ਅਜਿਹੀ ਪ੍ਰਤਿਭਾ ਸਾਹਮਣੇ ਆਈ ਹੁੰਦੀ ਤਾਂ ਉਨ੍ਹਾਂ ਨੇ ਪੂਰੇ ਫਖਰ ਨਾਲ ਇਸ ਨੂੰ ਦੁਨੀਆਂ ਭਰ ਦੇ ਸਾਹਿਤ ਪ੍ਰੇਮੀਆਂ ਅਗੇ ਉਜਾਗਰ ਕਰ ਦਿੱਤਾ ਹੁੰਦਾ।

## ਰੱਬ ਦਾ ਭਾਣਾ

–ਗੁਰਚਰਨ ਨੂਰਪੁਰ

ਸ੍ਰੀ ਲਾਲ ਸ਼ੁਕਲ ਦਾ ਮਸ਼ਹੂਰ ਨਾਵਲ ਹੈ 'ਰਾਗ ਦਰਬਾਰੀ'। ਇਸ ਨਾਵਲ ਦੇ ਇਕ ਕਾਂਡ ਵਿਚ ਹਨੇਰੇ ਪਏ ਤੋਂ ਕੁਝ ਲੋਕ ਇਕ ਆਦਮੀ ਦੀ ਮਾਰ-ਕੁੱਟ ਕਰਕੇ ਉਸ ਤੋਂ ਪੰਜਤਾਲੀ ਰੁਪਏ ਖੋਹ ਲੈਂਦੇ ਹਨ। ਉਹ ਵਿਚਾਰਾ ਰੋਂਦਾ-ਕੁਰਲਾਉਂਦਾ ਸੱਟਾਂ ਦੀ ਪੀੜ ਨਾਲ ਤੜਫਦਾ ਕਿਸੇ ਤੋਂ ਥਾਣੇ ਦਾ ਰਸਤਾ ਪੁੱਛਦਾ ਹੈ। ਜਿਸ ਬੰਦੇ ਤੋਂ ਉਹ ਰਸਤਾ ਪੁੱਛਦਾ ਹੈ, ਉਹ ਬੰਦਾ ਭਾਰਤੀ ਪ੍ਰੰਪਰਾਵਾਂ ਅਤੇ ਪ੍ਰਸ਼ਾਸਨ ਵਿਵਸਥਾ ਤੋਂ ਵਾਕਫ ਜਾਪਦਾ ਹੈ। ਉਹ ਲੁੱਟੇ ਅਤੇ ਕੁੱਟੇ ਬੰਦੇ ਨੂੰ ਸਮਝਾਉਂਦਿਆਂ ਕਹਿੰਦਾ ਹੈ, "ਕੀ ਹੋਵੇਗਾ ਰਪਟ ਲਿਖਾਉਣ ਨਾਲ? ਜੋ ਗਿਆ, ਸੋ ਗਿਆ। ਗਿਆ ਮਾਲ ਫਿਰ ਕਦੇ ਵਾਪਸ ਨਹੀਂ ਆਉਂਦਾ।

ਦੱਸੋ ਤੁਸੀਂ ਹਿੰਦੂ ਹੋ ਜਾਂ ਮੁਸਲਮਾਨ? ਹਿੰਦੂ ਹੋ ਤਾਂ ਕਰਮ ਨੂੰ ਮੰਨਦੇ ਓ ਕਿ ਨਹੀਂ? ਤੁਹਾਡੇ ਕਰਮਾਂ ਵਿਚ ਇਹ ਪੰਜਤਾਲੀ ਰੁਪਏ ਨਹੀਂ ਲਿਖੇ ਹੋਏ। ਹੁਣ ਦੌੜ-ਭੱਜ ਵਿਅਰਥ ਹੈ। ਭਗਵਾਨ ਨੂੰ ਇਹੋ ਮਨਜ਼ੂਰ ਸੀ। ਜਾਨ ਬਚ ਗਈ, ਇਹੋ ਬਹੁਤ ਐ। ਪਿਛਲੇ ਸਾਲ ਇਸੇ ਥਾਂ 'ਤੇ ਇਕ ਆਦਮੀ ਨੂੰ ਬੱਕਰੇ ਵਾਂਗ ਵੱਢ ਦਿੱਤਾ ਗਿਆ ਸੀ। ਰਾਮ ਦਾ ਨਾਂ ਲਓ ਅਤੇ ਘਰ ਜਾ ਕੇ ਸੱਤ ਨਰਾਇਣ ਦੀ ਕਥਾ ਕਰਵਾਓ। ਮਾਮਲੇ ਮੁਕੱਦਮੇ ਵਿਚ ਜੋ ਖਰਚਾ ਕਰਨਾ ਏ, ਉਸ ਨੂੰ ਧਰਮ ਅਰਥ ਲਾ ਦਿਓ। ਗਰਮ ਦੁੱਧ ਵਿਚ ਹਲਦੀ ਪਾ ਕੇ ਪੀ ਲੈਣਾ ਅਤੇ ਪਾਸਾ ਪਰਤ ਕੇ ਸੌਂ ਜਾਣਾ, ਕੱਲ੍ਹ ਸਵੇਰ ਤੱਕ ਸਭ ਕੁਝ ਭੁੱਲ ਜਾਓਗੇ।"

ਇੰਜ ਜਾਪਦਾ ਹੈ ਕਿ ਆਮ ਭਾਰਤੀ ਲੋਕ ਨਾਵਲ ਦੇ ਉਸ ਪਾਤਰ ਵਾਲੇ ਹਾਲਾਤ 'ਚੋਂ ਗੁਜ਼ਰ ਰਹੇ ਹਨ। ਇਸ ਸਮੇਂ ਮਹਿੰਗਾਈ ਸਿਖਰ 'ਤੇ ਹੈ। ਗਰੀਬ ਬੰਦਾ ਸਾਰਾ ਦਿਨ ਹੱਡ-ਭੰਨਵੀਂ ਮਿਹਨਤ ਕਰਕੇ ਟੱਬਰ ਦੀ ਦੋ ਵੇਲੇ ਦੀ ਰੋਟੀ ਦਾ ਜੁਗਾੜ ਕਰਨ ਦੇ ਅਸਮਰੱਥ ਹੈ। ਉਧਰ ਖ਼ਬਰਾਂ ਇਹ ਹਨ ਕਿ ਸਾਡੇ ਧਨਾਢ ਭਾਰਤੀਆਂ ਦਾ ਸਵਿੱਸ ਬੈਂਕਾਂ ਵਿਚ ਇੰਨਾ ਧਨ ਪਿਆ ਹੈ ਕਿ ਜਿਸ ਨਾਲ ਹਰੇਕ ਭਾਰਤੀ ਬੰਦੇ ਦੀ ਤਕਦੀਰ ਬਦਲ ਸਕਦੀ ਹੈ। ਸਾਡੇ ਅਖ਼ਬਾਰਾਂ ਵਿਚ ਗਰੀਬੀ ਤੋਂ ਤੰਗ ਆ ਕੇ ਖ਼ੁਦਕੁਸ਼ੀ ਕਰਨ ਵਾਲਿਆਂ ਦੀਆਂ ਰੋਜ਼ਾਨਾ ਖ਼ਬਰਾਂ ਛਪਦੀਆਂ ਹਨ। ਇਨ੍ਹਾਂ 'ਚੋਂ ਕੁਝ ਲੋਕ ਐਸੇ ਹੁੰਦੇ ਹਨ ਜੋ ਮਾਸੂਮ ਬੱਚਿਆਂ ਸਮੇਤ ਖ਼ੁਦਕੁਸ਼ੀ ਕਰ ਲੈਂਦੇ ਹਨ। ਇਹ ਖ਼ੁਦਕੁਸ਼ੀ ਕਰਨ ਵਾਲੇ ਸਿਰਫ ਕਿਸਾਨ-ਮਜ਼ਦੂਰ ਹੀ ਨਹੀਂ ਹਨ, ਸਗੋਂ ਇਨ੍ਹਾਂ ਵਿਚ ਵਪਾਰੀ, ਦੁਕਾਨਦਾਰ ਅਤੇ ਦਸਤਕਾਰੀ ਕਰਨ ਵਾਲੇ ਲੋਕ ਵੀ ਸ਼ਾਮਲ ਹਨ। ਗਰੀਬ ਬੰਦੇ ਲਈ ਹਾਲਾਤ ਇੰਨੇ ਨਾਜ਼ੁਕ ਬਣੇ ਹੋਏ ਹਨ ਕਿ ਉਸ ਦੇ ਸਬਰ ਦਾ ਪਿਆਲਾ ਕਿਸੇ ਵੇਲੇ ਵੀ ਛਲਕ ਸਕਦਾ ਹੈ। ਕਦੇ ਉਸ ਨੂੰ ਕੰਮ ਮਿਲਦਾ ਹੈ, ਕਦੇ ਨਹੀਂ ਵੀ ਮਿਲਦਾ। ਕਦੇ ਬਿਮਾਰ ਹੋਣ ਨਾਲ ਉਹ ਕੰਮ ਹੋਣ ਦੇ ਬਾਵਜੂਦ ਵੀ ਕੰਮ 'ਤੇ ਨਹੀਂ ਜਾ ਸਕਦਾ। ਘਰਾਂ ਦੇ ਅਨੇਕਾਂ ਖਰਚ ਹੁੰਦੇ ਹਨ। ਅਜਿਹੀ ਹਾਲਤ ਵਿਚ ਉਹ ਆਪਣੇ ਮਾਸੂਮ ਬੱਚਿਆਂ ਨੂੰ ਪੜ੍ਹਾਉਣ ਬਾਰੇ ਤਾਂ ਸੋਚ ਵੀ ਨਹੀਂ ਸਕਦਾ। ਸਕੂਲਾਂ ਵਿਚ ਭਾਵੇਂ ਗਰੀਬਾਂ ਦੇ ਬੱਚਿਆਂ ਦੀਆਂ ਫੀਸਾਂ ਮੁਆਫ ਹਨ, ਕਿਤਾਬਾਂ ਉਨ੍ਹਾਂ ਨੂੰ ਮੁਫਤ ਮਿਲ ਜਾਂਦੀਆਂ ਹਨ। ਇਸ ਤੋਂ ਇਲਾਵਾ ਪੜ੍ਹਾਈ ਦੇ ਹੋਰ ਵੀ ਖਰਚ ਹੁੰਦੇ ਹਨ। ਜਿੱਥੇ ਗਰੀਬ ਬੰਦੇ ਨੂੰ ਦੋ ਡੰਗ ਦੀ ਰੋਟੀ ਦਾ ਸੰਸਾ ਹੋਵੇ, ਉਥੇ ਦੂਜੀਆਂ ਲੋੜਾਂ ਬਾਰੇ ਕਿਵੇਂ ਸੋਚਿਆ ਜਾ ਸਕਦੈ?

ਵਧਦੀ ਮਹਿੰਗਾਈ ਕਾਰਨ ਜਿੱਥੇ ਆਮ ਲੋਕ ਮਾਯੂਸੀ ਦੇ ਆਲਮ ਵਿਚ ਹਨ, ਉਥੇ ਸਮਾਜ ਵਿਚ ਮਾਰ-ਧਾੜ, ਲੁੱਟਮਾਰ ਆਦਿ ਜੁਰਮ ਵੀ ਤੇਜ਼ੀ ਨਾਲ ਵਧ ਰਹੇ ਹਨ। ਨਿਆਂ ਪ੍ਰਬੰਧ ਦੀ ਵੀ ਮਾੜੀ ਹਾਲਤ ਹੈ। ਦਿਨੋ-ਦਿਨ ਜੁਰਮਾਂ-ਮੁਕੱਦਮਿਆਂ ਵਿਚ ਵਾਧਾ ਹੋ ਰਿਹਾ ਹੈ। ਨਿਆਂ ਪ੍ਰਬੰਧ ਨੂੰ ਵਧੇਰੇ ਸੁਯੋਗ ਅਤੇ ਆਮ ਮਨੁੱਖ ਦੀ ਪਹੁੰਚ ਵਿਚ ਕਰਨ ਦੀ ਲੋੜ ਸੀ। ਇਸ ਦੀ ਹਾਲਤ ਦਿਨੋ-ਦਿਨ ਖਸਤਾ ਹੁੰਦੀ ਜਾ ਰਹੀ ਹੈ। ਕਈ ਤਰ੍ਹਾਂ ਦੀਆਂ ਮੁਸ਼ਕਲਾਂ ਮੁਸੀਬਤਾਂ ਵਿਚ ਘਿਰੇ ਲੋਕ ਵਿਚਾਰੇ ਤਿਲ-ਤਿਲ ਮਰ ਰਹੇ ਹਨ, ਦਿਨ ਕਟੀ ਕਰ ਰਹੇ ਹਨ। ਜਿਨ੍ਹਾਂ ਨੂੰ ਸਵੇਰ ਹੁੰਦਿਆਂ ਆਪਣੀ ਰੋਟੀ ਦਾ ਫਿਕਰ ਪੈ ਜਾਂਦਾ ਹੈ, ਉਹ ਇਸ ਵਿਵਸਥਾ ਖ਼ਿਲਾਫ਼ ਲੜਨ ਦੀ ਹਿੰਮਤ ਕਿਵੇਂ ਕਰ ਸਕਦਾ ਹੈ?

ਸਾਡੇ ਧਰਮ ਅਸਥਾਨਾਂ ਵਿਚ ਬੈਠੇ ਪੁਜਾਰੀ, ਧਰਮ ਗੁਰੂ ਲੋਕਾਂ ਨੂੰ ਉਪਰੋਕਤ ਨਾਵਲ ਦੇ ਪਾਤਰ ਵਾਂਗ ਸਮਝਾ ਰਹੇ ਹਨ ਕਿ ਤੁਹਾਡੇ ਕਰਮਾਂ ਵਿਚ ਜੋ ਲਿਖਿਆ, ਉਹ ਕੁਝ ਹੀ ਮਿਲ ਰਿਹਾ ਹੈ। ਇਸ ਲਈ ਰੱਬ ਦਾ ਨਾਮ ਲਓ, ਆਪਣੇ ਅਗਲੇ ਜਨਮਾਂ ਲਈ ਚੰਗੇ ਕਰਮ ਕਰੋ। ਭਗਵਾਨ ਦੀ ਇਹੋ ਹੀ ਇੱਛਾ ਹੈ।

ਇਸ ਤਰ੍ਹਾਂ ਦੀਆਂ ਕਿਸਮਤਵਾਦੀ ਗੱਲਾਂ ਨੂੰ ਆਮ ਲੋਕਾਂ ਅਤੇ ਉਨ੍ਹਾਂ ਦੇ ਬੱਚਿਆਂ ਦੇ ਦਿਮਾਗ ਵਿਚ ਪਾਉਣ ਲਈ ਇਸ ਵੇਲੇ ਅਖੌਤੀ ਧਾਰਮਿਕ ਧਨਾਢ ਸਾਧ-ਸੰਤ ਅੱਡੀ ਚੋਟੀ ਦਾ ਜ਼ੋਰ ਲਾ ਰਹੇ ਹਨ।

ਆਪਣੇ ਨਾਲ ਗੰਢੇ ਆਪਣੇ ਚੇਲਿਆਂ ਨੂੰ ਉਹ ਆਪਣੀ ਰਾਜਨੀਤਕ ਸ਼ਕਤੀ ਦੇ ਰੂਪ ਵਿਚ ਵਰਤਣ ਲੱਗ ਪਏ ਹਨ। ਆਮ ਮਨੁੱਖ ਦੇ ਆਲੇ-ਦੁਆਲੇ ਉਨ੍ਹਾਂ ਲੋਕਾਂ ਦਾ ਜਾਲ ਵਿਛਿਆ ਹੋਇਆ ਹੈ ਜੋ ਇਸ ਵਿਵਸਥਾ ਨੂੰ "ਰੱਬ ਦਾ ਭਾਣਾ" ਸਮਝ ਕੇ ਮੰਨਣ 'ਤੇ ਮਜਬੂਰ ਕਰ ਰਹੇ ਹਨ। ਪਰ ਇਹ ਰੱਬ ਦਾ ਭਾਣਾ ਨਹੀਂ ਹੈ।

# ਗੁਰਦੀਪ: "ਸ਼ੇਅਰ ਅਰਜ਼ ਹੈ" ਤੋਂ "ਮਹਿਫਲ ਮਹਿਫਲ" ਤੱਕ

***ਗੁਰਦੀਪ ਹੋਰੀਂ ਪੰਜਾਬੀ ਦੇ ਉਹ ਮਹਾਨ ਗ਼ਜ਼ਲਗੋ ਅਤੇ ਸ਼ਾਇਰ ਹਨ ਜਿਨ੍ਹਾਂ ਨੇ ਮਿਰਜ਼ਾ ਗਾਲਿਬ ਅਤੇ ਫੈਜ਼ ਅਹਿਮਦ ਫੈਜ਼ ਦੀ ਜੀਵਨ ਦੇ ਸੁਹੱਪਣ ਦੀ ਸੰਵੇਦਨਾ ਨੂੰ ਪੰਜਾਬੀ ਗਜ਼ਲ ਵਿਚ ਅੱਗੇ ਤੋਰਿਆ। 'ਸ਼ੇਅਰ ਅਰਜ਼ ਹੈ' ਤੋਂ ਬਾਅਦ ਪਿਛਲੇ ਮਹੀਨੇ ਹੀ ਉਨ੍ਹਾਂ ਦੀਆਂ ਗਜ਼ਲਾਂ ਦੀ ਨਵੀਂ ਕਿਤਾਬ 'ਮਹਿਫਲ ਮਹਿਫਲ' ਪ੍ਰਕਾਸ਼ਤ ਹੋਈ ਹੈ। ਅਸੀਂ ਇਸ ਪੁਸਤਕ ਦੇ ਮੁੱਖ ਬੰਦ ਦੇ ਨਾਲ ਹੀ ਉਨ੍ਹਾਂ ਦੇ ਤਾਜ਼ਾ ਸੰਗ੍ਰਹਿ ਵਿਚੋਂ ਕੁਝ ਗਜ਼ਲਾਂ ਪਾਠਕਾਂ ਦੀ ਨਜ਼ਰ ਕਰ ਰਹੇ ਹਾਂ। -ਸੰਪਾਦਕ***

## ਮੁੱਖ ਬੰਦ

ਸ਼ਾਇਰੀ ਲਫਜ਼ਾਂ ਦੀਆਂ ਖੂਬਸੂਰਤ ਸੰਭਾਵਨਾਵਾਂ ਦਾ ਨਾਂ ਹੈ ਅਤੇ ਗਜ਼ਲ ਲਫ਼ਜ਼ਾਂ ਦੀਆਂ ਕੈਫੀਅਤਾਂ ਦੀ ਸ਼ਾਇਰੀ ਹੈ। ਸਮੇਂ ਦੀ ਤੋਰ ਨਾਲ ਲਫਜ਼ ਆਉਂਦੇ-ਜਾਂਦੇ ਰਹਿੰਦੇ ਨੇ, ਹੱਥਲੇ ਲਫਜ਼ਾਂ ਨੂੰ ਨਵੇਂ ਅਰਥ ਵੀ ਮਿਲਦੇ ਰਹਿੰਦੇ ਨੇ। ਪੈਦਾਵਾਰ ਦੀ ਆਲਮੀ ਅਜਾਰੇਦਾਰੀ ਨੇ ਕਿੰਨੇ ਹੀ ਲਫਜ਼ਾਂ ਦੇ ਅਰਥ ਬਦਲ ਦਿੱਤੇ ਨੇ। ਅੱਜ ਦੇ ਉਦਾਰਵਾਦ ਵਿਚ ਇਕ ਪੂਰਾ ਹਾਕਮਾਨਾ ਦਾਬਾ ਹੈ ਪਰ ਇਹ ਲਫਜ਼ਾਂ ਦੇ ਆਮ ਅਰਥਾਂ ਦੀ ਗੱਲ ਹੈ, ਸੋਹਜ ਦੀ ਨਹੀਂ। ਲਫਜ਼ਾਂ ਵਿਚ ਨਵਾਂ ਸੋਹਜ ਭਰਨਾ ਸਿਰਫ ਸ਼ਾਇਰੀ ਦਾ ਹਿੱਸਾ ਹੈ ਅਤੇ ਗ਼ਜ਼ਲ ਉਸ ਵਿਚ ਸਭ ਤੋਂ ਮੂਹਰੇ ਹੈ।

ਨਸ਼ਾ-ਮਸਤੀ ਸ਼ਾਇਰੀ ਦੀ ਜਜ਼ਬਾਤੀ ਲੋੜ ਸੀ ਅਤੇ ਮੈਅਖ਼ਾਨਾ ਉਹ ਲੋੜ ਪੂਰੀ ਕਰਨ ਵਾਲੀ ਥਾਂ। ਇਹ ਮੈਅਖ਼ਾਨਾ ਮੇਰੀ ਗਜ਼ਲ ਵਿਚ ਨਵੇਂ ਅਰਥ ਲੈ ਕੇ ਇੰਜ ਆਉਂਦਾ ਹੈ:

ਤੁਹਾਡੇ ਮੈਅਕਦੇ ਦੀ ਰਾਸ ਨਾ ਆਈ ਫ਼ਿਜ਼ਾ ਸਾਨੂੰ
ਰਿਹਾ ਏ ਚੜ੍ਹਨ ਪਿੱਛੋਂ ਕੋਸਦਾ ਅਕਸਰ ਨਸ਼ਾ ਸਾਨੂੰ

ਗ਼ਜ਼ਲ ਨੇ ਰਸਮੀ ਲਫ਼ਜ਼ਾਂ ਦੇ ਇਕ ਨਿੱਕੇ ਜਿਹੇ ਘੇਰੇ ਵਿਚ ਹੀ ਹਰ ਧੜਕਣ ਨੂੰ ਜ਼ੁਬਾਨ ਦੇਣ ਦੀ ਕੋਸ਼ਿਸ਼ ਕੀਤੀ ਹੈ। ਇਹ ਸਾਰੇ ਲਫਜ਼ ਮੇਰੀ ਗ਼ਜ਼ਲ ਵਿਚ ਵੀ ਆਉਂਦੇ ਹਨ। ਗ਼ਜ਼ਲ ਜਦੋਂ ਰਾਹ, ਮੰਜ਼ਲ ਅਤੇ ਕਾਰਵਾਂ ਦੀ ਗੱਲ ਕਰਦੀ ਹੈ, ਮੈਂ ਇਸਨੂੰ ਇਸ ਤਰ੍ਹਾਂ ਨਿਭਾਉਂਦਾ ਹਾਂ:

ਜ਼ਿਕਰ ਮੰਜ਼ਲ ਦਾ ਕਿਤੇ ਤੁਰਦਾ ਨਜ਼ਰ ਆਉਂਦਾ ਨਹੀਂ।
ਭੀੜ ਹੈ ਰਾਹਾਂ 'ਤੇ ਲੇਕਿਨ ਕਾਰਵਾਂ ਕੋਈ ਨਹੀਂ।
ਜਾਂ
ਪਹੁੰਚਣਾ ਕਿਧਰੇ ਨਹੀਂ ਇਹ ਕਾਫ਼ਲਾ,
ਅੱਡ ਜਿਸ ਵਿਚ ਹਰ ਕਿਸੇ ਦੀ ਤੋਰ ਹੈ।

ਗ਼ਜ਼ਲ ਸਾਕੀ ਨਾਲ ਅਕਸਰ ਹਮਕਲਾਮ ਰਹੀ ਹੈ, ਮੈਂ ਸਮੇਂ ਦੇ ਸਾਕੀ ਨੂੰ ਇਸ ਤਰ੍ਹਾਂ ਖ਼ਿਤਾਬ ਕਰਦਾ ਹਾਂ:

ਮੈਅਕਸ਼ਾਂ ਉਤੇ ਸਿਤਮ ਢਾਈ ਨਾ ਜਾ।
ਜਾਮ ਦੇ ਵਿਚ ਤਲਖ਼ੀਆਂ ਪਾਈ ਨਾ ਜਾ।

ਦਰਦ ਗ਼ਜਲ ਲਈ ਬਹੁਤ ਖਾਸ ਲਫਜ਼ ਹੈ, ਇਹ ਇਸ਼ਕ ਦਾ ਹਮਪੱਲਾ ਹੈ ਅਤੇ ਮੇਰੀ ਗ਼ਜ਼ਲ ਵਿਚ ਵਾਰ-ਵਾਰ ਆਉਂਦਾ ਹੈ:

ਜੂਝਦਾ ਹੀ ਜੇ ਰਿਹਾ ਹਾਲਾਤ ਨਾਲ।
ਦਰਦ ਪੈਦਾ ਕਰ ਲਵੇਗਾ ਹਮਖਿਆਲ।

ਵਫ਼ਾ ਗ਼ਜ਼ਲ ਵਿਚ ਇਕ ਕਦਰ ਦੀ ਹੈਸੀਅਤ ਰੱਖਦੀ ਹੈ। ਵਫ਼ਾ ਹੁਸਨ ਦੀ ਕਦਰਦਾਨੀ ਵੀ ਹੈ, ਕੀਮਤ ਵੀ ਤੇ ਪਛਾਣ ਵੀ:

ਤੇਰੇ ਸਾਮ੍ਹਣੇ ਮੇਰੀ ਵਫ਼ਾ ਦੀ ਹੋਂਦ ਹੀ ਕੀ ਹੈ,
ਤੂੰ ਇਸ ਮਾਮਲੇ ਵਿਚ ਆਪਣੀ ਨਾ ਸੌਂਹ ਖਵਾ ਮੈਨੂੰ।

ਮਹਿਫ਼ਲ ਤੇ ਤਨਹਾਈ ਦਾ ਗ਼ਜ਼ਲ ਵਿਚ ਬਹੁਤ ਜ਼ਿਕਰ ਹੋਇਆ ਹੈ, ਤਨਹਾਈ ਤਾਂ ਗਜ਼ਲ ਵਿਚ ਰੋਮਾਂਟਿਕ ਰੂਪ ਹੀ ਲੈ ਗਈ ਹੈ:

ਅੱਜ ਮੈਂ ਕੱਲਾ ਹਾਂ ਆਪਣੇ ਆਪ ਨਾਲ,
ਅੱਜ ਹੈ ਮੇਰੀ ਬੜੀ ਮਸਰੂਫ ਸ਼ਾਮ।

ਅਤੇ ਸ਼ਾਮ ਮੇਰੀ ਗ਼ਜ਼ਲ ਵਿਚ ਇਸ ਤਰ੍ਹਾਂ ਆਉਂਦੀ ਹੈ:

ਖੜ ਕੇ ਕੁਝ ਪਰਛਾਵਿਆਂ ਦੀ ਓਟ ਵਿਚ,
ਸ਼ਾਮ ਗੱਲਾਂ ਤੇਰੀਆਂ ਕਰਦੀ ਰਹੀ।


ਤੇ ਸਵੇਰ ਮੇਰੀ ਇਸ ਤਰ੍ਹਾਂ ਹੁੰਦੀ ਹੈ:

ਲੰਘ ਕੇ ਨੇਰ੍ਹੇ 'ਚੋਂ ਆਉਂਦੀ ਹੈ ਸਵੇਰ,
ਜ਼ਿੰਦਗੀ ਨੂੰ ਦੇਣ ਕਿਰਨਾਂ ਦਾ ਸਲਾਮ।

ਰਾਤ ਦੀ ਜ਼ੁਲਮਤ (ਹਨੇਰ) ਦਾ ਗ਼ਜ਼ਲ ਵਿਚ ਬੜਾ ਚਰਚਾ ਰਿਹਾ ਹੈ। ਮੇਰੀ ਗ਼ਜ਼ਲ ਇਸਨੂੰ ਇਸ ਤਰ੍ਹਾਂ ਲੈਂਦੀ ਹੈ:

ਅਰਸ਼ ਦੇ ਤਾਰੇ ਜਾਂ ਜੁਗਨੂੰ ਜਾਂ ਤਸੱਵਰ ਦੇ ਚਰਾਗ਼,
ਰੌਸ਼ਨੀ ਹਾਜ਼ਰ ਰਹੀ ਹੈ ਹਰ ਹਨੇਰੀ ਰਾਤ ਵਿਚ।

ਗ਼ਜ਼ਲ ਨੂੰ ਮੁੱਢ ਵਿਚ ਔਰਤਾਂ ਨਾਲ ਗੱਲਾਂ ਕਰਨ ਦੇ ਅਰਥ ਦਿੱਤੇ ਗਏ ਜੋ ਮਗਰੋਂ ਮਹਿਬੂਬ ਕੋਲ 'ਅਰਜ਼ੇ ਗਮ', 'ਸਵਾਲੇ



ਵਸਲ' ਕਰਨ ਤੇ 'ਰਾਜ਼ੋ ਨਿਆਜ਼' ਕਰਨ ਉਤੇ ਆ ਟਿਕੇ। ਮੇਰੀ ਗਜ਼ਲ ਦੇ ਮਹਿਬੂਬ ਤੋਂ ਮੁਤਾਲਬੇ ਕੁਝ ਇਸ ਤਰ੍ਹਾਂ ਹਨ:

ਚੜ੍ਹਦੇ ਲਹਿੰਦੇ ਤਾਰਿਆਂ ਦਾ ਇਹ ਜਹਾਨ।
ਸਾਂਭ ਕੇ ਨੈਣਾਂ 'ਚ ਰੱਖੀਂ ਮਿਹਰਬਾਨ।
ਆ ਕਦੀ ਮੇਰੀ ਹਨੇਰੀ ਰਾਤ ਵਿਚ,
ਚੌਦ੍ਹਵੀਂ ਦੇ ਚੰਦ ਦੀ ਲੈ ਕੇ ਸੁਗਾਤ।

---

ਹੋ ਗਏ ਏਧਰ ਪੁਰਾਣੇ ਰਾਤ ਦਿਨ,
ਲੈ ਕੇ ਆਵੀਂ ਕੁਛ ਨਵੇਂ ਇਤਫ਼ਾਕ ਨਾਲ।

ਅਸੀਂ ਖਪਤਕਾਰੀ ਦੇ ਜੁਗ ਵਿਚ ਜੀ ਰਹੇ ਹਾਂ ਅਤੇ ਇਥੇ ਖਪਤ ਸਾਹਿਤ ਪੈਟੀ ਵਰਕ ਦੇ ਪ੍ਰੋਜੈਕਟ ਵਾਂਗ ਸਾਹਿਤਕਾਰ ਨੂੰ ਦਿੱਤਾ ਜਾਂਦਾ ਹੈ। ਉਸ ਦੀ ਵਿਕਰੀ ਦਾ ਇਸ਼ਤਿਹਾਰਬਾਜ਼ੀ ਅਤੇ ਬਾਜ਼ਾਰੀ ਹੱਥਕੰਡਿਆਂ ਨਾਲ ਇੰਤਜ਼ਾਮ ਕੀਤਾ ਜਾਂਦਾ ਹੈ। ਇੱਕੋ ਵਾਰ ਅਖ਼ਬਾਰ ਜਿੰਨੀਆਂ ਕਾਪੀਆਂ ਛਾਪ ਕੇ ਮੁਨਾਫਾ ਕਮਾ ਲਿਆ ਜਾਂਦਾ ਹੈ ਅਤੇ ਉਹ ਕਿਰਤ ਸਦਾ ਲਈ ਖਤਮ ਹੋ ਜਾਂਦੀ ਹੈ ਪਰ ਗਜ਼ਲ ਇਕ ਕਲਾਸੀਕਲ ਸ਼ਾਇਰੀ ਹੈ। ਗ਼ਜ਼ਲ ਦਾ ਦਰਜਾ ਰੱਖਣ ਵਾਲੀ ਸ਼ਾਇਰੀ ਦੇ ਕੁਛ ਸ਼ਿਅਰ ਸਦਾ ਰਹਿਣ ਵਾਲੇ ਹੁੰਦੇ ਹਨ ਅਤੇ ਪੁਸ਼ਤ-ਦਰ-ਪੁਸ਼ਤ ਚਲਦੇ ਹਨ।

ਗ਼ਜ਼ਲ ਦਾ ਖਪਤਕਾਰੀ ਰੁਝਾਨ ਨਾਲ ਇਹ ਵੱਡਾ ਤਜ਼ਾਦ ਹੈ। ਇਹ ਖਪਤ ਸਾਹਿਤ ਨੂੰ ਟੱਕਰ ਦੇਣ ਵਾਲੀ ਸਿਨਫ ਹੈ। ਇਹੋ ਗ਼ਜ਼ਲ ਦੀ ਵੱਡੀ ਤਾਕਤ ਹੈ ਅਤੇ ਗ਼ਜ਼ਲ ਪਾਠਕਾਂ ਨੂੰ ਚੇਤਨ ਕਰਦੀ ਰਹੇਗੀ:

ਰੌਸ਼ਨੀ ਦਿਨ ਕੀ ਸੰਭਾਲੋ ਆਪ ਸੇ ਗਰ ਬਨ ਪੜੇ,
ਕੁਛ ਅੰਧੇਰੇ ਕੁਛ ਉਜਾਲੇ ਤੋ ਰਹੇਂਗੇ ਰਾਤ ਮੇਂ।
(ਬਕਲਮ ਖੁਦ)

ਅਤੇ ਬਿਲਾਵਜਹ ਚੰਗੇ ਲੱਗਣ ਵਾਲੇ ਸ਼ਿਅਰ ਵੀ ਗਜ਼ਲ ਕਹਿੰਦੀ ਰਹੇਗੀ:

ਭਰ ਕੇ ਵਗੀ ਹੈ ਅਰਸ਼ ਦੀ ਗੰਗਾ ਤਮਾਮ ਰਾਤ,
ਮੈਨੂੰ ਰਿਹਾ ਏ ਉਸ ਤਰਫ ਕੋਈ ਪੁਕਾਰਦਾ।

---

ਦਿਲ ਮੇਰਾ ਵਾਛੜ ਹਵਾਲੇ ਕਰ ਗਈ,
ਤੁਰ ਗਈ ਹੈ ਪੌਣ ਬਾਰੀ ਖੋਲ੍ਹ ਕੇ।

ਇਸ ਨਿੱਕੀ ਜਿਹੀ ਜਾਣ-ਪਛਾਣ ਨਾਲ ਮੈਂ ਨਵੀਂ ਗ਼ਜ਼ਲ ਦੀ ਕਿਤਾਬ 'ਮਹਿਫਲ ਮਹਿਫਲ' ਪੇਸ਼ ਕਰ ਰਿਹਾ ਹਾਂ:

ਜੇ ਪੜ੍ਹੋ ਤੇ ਮਿਹਰਬਾਨੀ ਹੈ ਬੜੀ,
ਨਾ ਪੜ੍ਹੋ ਵੀ ਤੇ ਗਿਲਾ ਕੋਈ ਨਹੀਂ।

***-ਗੁਰਦੀਪ***

## ਗੁਰਦੀਪ ਦੀਆਂ ਕੁਝ ਗ਼ਜ਼ਲਾਂ

ਖੋਹ ਲਈ ਹੈ ਦਰਦ ਨੇ ਮੇਰੀ ਜ਼ੁਬਾਨ।
ਕਹਿ ਨਹੀਂ ਜ਼ਖ਼ਮਾਂ ਦੀ ਹੋਈ ਦਾਸਤਾਨ।
ਦਿਲ ਰਿਹਾ ਏ ਧੜਕਦਾ ਇਨਸਾਨ ਦਾ,
ਅਜ਼ਲ ਤੋਂ ਖੁਸ਼ੀਆਂ ਗ਼ਮਾਂ ਦੇ ਦਰਮਿਆਨ।
ਇਕ ਅਮੀਰੀ ਹੈ ਤੁਹਾਡੀ ਦਾਗਦਾਰ,
ਇਸਦੇ ਦਾਮਨ 'ਤੇ ਨੇ ਭੁੱਖਾਂ ਦੇ ਨਿਸ਼ਾਨ।
ਇਸ ਤਰ੍ਹਾਂ ਬਦਲੀ ਹੈ ਸੂਰਤ ਸ਼ਹਿਰ ਦੀ,
ਲੱਭਣਾ ਮੁਸ਼ਕਿਲ ਹੈ ਯਾਰਾਂ ਦਾ ਮਕਾਨ।
ਮੇਰੀ ਰੁਸਵਾਈ ਦਾ ਕਾਰਨ ਹੀ ਸਹੀ,
ਖ਼ਵਾਬ ਹੀ ਮੇਰੇ ਨੇ ਮੇਰੇ ਰਾਜ਼ਦਾਨ।
ਸ਼ੇਖ ਤੇਰੀ ਏਸ ਜੰਨਤ ਤੋਂ ਪਰੇ,
ਹੋਰ ਹੈ ਇੱਕ ਆਰਜ਼ੂਆਂ ਦਾ ਜਹਾਨ।
ਦੇਖਿਆ ਹੈ ਛਲਕਦੇ ਹਰ ਜਾਮ 'ਤੇ,
ਅਰਸ਼ ਹੋ ਜਾਂਦਾ ਹੈ ਅਕਸਰ ਮਿਹਰਬਾਨ।
ਸੱਚ ਬੋਲਣ ਦੀ ਕਸਮ ਖਾਂਦੇ ਰਹੇ,
ਅੱਜ ਤੀਕਰ ਝੂਠ ਦੇ ਸਭ ਤਰਜ਼ਮਾਨ।

---

ਲੈ ਲਈ ਜੱਫੀ ਦੇ ਵਿਚ ਸਾਰੀ ਹਯਾਤ।
ਪਾ ਲਈ ਬੇਗਾਨਗੀ ਤੋਂ ਮੈਂ ਨਜ਼ਾਤ।
ਜਾਨ ਦੀ ਕੀਮਤ ਹੀ ਕੋਈ ਨਾ ਰਹੀ,
ਸਰਫਰੋਸ਼ੀ ਖਾ ਗਈ ਦਹਿਸ਼ਤ ਤੋਂ ਮਾਤ।
ਕੇਰਦੀ ਜਾਂਦੀ ਹੈ ਹੰਝੂ ਸ਼ਬਨਮੀ,
ਦਰਦ ਮੇਰੇ ਤੋਂ ਮੁਤਾਸਰ ਹੋ ਕੇ ਰਾਤ।
ਹਸ਼ਰ ਦੀ ਬੁਨਿਆਦ ਸਹਿਜੇ ਧਰ ਗਈ,
ਅੱਖਾਂ-ਅੱਖਾਂ ਵਿਚ ਹੋਈ ਵਾਰਦਾਤ।
ਰੁੱਤ ਵਿਚ ਰਹਿੰਦੀ ਹੈ ਤਲਖ਼ੀ ਹੀ ਬਣੀ,
ਪਲ ਦੋ ਪਲ ਹੀ ਮੁਸਕੁਰਾਉਂਦੀ ਹੈ ਹਯਾਤ।
ਆ ਕਦੀ ਮੇਰੀ ਹਨੇਰੀ ਰਾਤ ਵਿਚ,
ਚੌਦ੍ਹਵੀਂ ਦੇ ਚੰਦ ਦੀ ਲੈ ਕੇ ਸੁਗਾਤ।

---

ਵਣਜ ਵਿਚੋਂ ਜੋ ਕਮਾਉਣਾ ਹੈ ਕਮਾ।
ਖ਼ਵਾਬ ਨੂੰ ਨਾ ਜਿਣਸ ਮੰਡੀ ਦੀ ਬਣਾ।
ਧੁੱਪ ਪਾਸਾ ਬਦਲਦੀ ਜੋ ਵੀ ਰਹੀ,
ਸਾਡੇ ਵਿਹੜੇ ਵਿਚ ਪਰਛਾਵਾਂ ਰਿਹਾ।
ਜ਼ਿੰਦਗੀ ਨੂੰ ਰਾਸ ਆ ਸਕਦੀ ਨਹੀਂ,
ਤੰਗਦਿਲੀਆਂ ਪਾਲਦੀ ਆਬੋਹਵਾ।
ਕੱਲੇ-ਕੱਲੇ ਪਾਂਧੀਆਂ ਦੀ ਭੀੜ ਇਹ,
ਕਦ ਤੁਰੇਗੀ ਬਣ ਕੇ ਇੱਕੋ ਕਾਫ਼ਲਾ।
ਆਸ਼ਿਆਨੇ ਦਾ ਹੈ ਦਾਅਵਾ ਧਰਤ 'ਤੇ,
ਅੰਬਰਾਂ 'ਤੇ ਹੱਕ ਹੈ ਪਰਵਾਜ਼ ਦਾ।
ਰੰਗ, ਖੁਸ਼ਬੂ, ਮੁਸਕਰਾਹਟ ਦਾ ਵਜੂਦ,
ਫੁੱਲ ਬਣ ਕੇ ਸ਼ਾਖ਼ ਉਤੇ ਖਿੜ੍ਹ ਪਿਆ।
ਆਲ੍ਹਣਾ ਅੰਬਰ 'ਚ ਮੈਨੂੰ ਪਾਉਣ ਦੇ,
ਬਿਜਲੀਆਂ ਤੋਂ ਐਵੇਂ ਨਾ ਏਨਾ ਡਰਾ।
ਯਾਰ ਆਏ ਸਾਂਝ ਯਾਦਾਂ ਦੀ ਜਗੀ,
ਵਕਤ ਮੁੜ ਆਇਆ ਚਿਰੋਕਾ ਗੁਜ਼ਰਿਆ।
ਲੋੜ ਹੈ ਇਸ ਪੀੜ ਨੂੰ ਪਹਿਚਾਣ ਦੀ,
ਆਪਣੇ ਜ਼ਖਮਾਂ 'ਚ ਨਾ ਇਸ ਨੂੰ ਲੁਕਾ।

---

ਟਾਲ੍ਹੀਆਂ ਚੇਤਰ ਮਹੀਨੇ ਝੂਮੀਆਂ ਓਦਾਂ ਨਹੀਂ।
ਐਤਕੀਂ ਇਸ ਤਰਫ ਜੂਹਾਂ ਮਹਿਕੀਆਂ ਓਦਾਂ ਨਹੀਂ।
ਮੇਰੀ ਦਰਦਾਂ ਨਾਲ ਡੂੰਘੀ ਸਾਂਝ ਹੋਈ ਹੈ ਜ਼ਰੂਰ,
ਰਾਸ ਆਈਆਂ ਪਰ ਅਜੇ ਵੀ ਤਲਖ਼ੀਆਂ ਓਦਾਂ ਨਹੀਂ।
ਕਲਪਨਾ ਵਿਚ ਮੋਰ ਪੈਲਾਂ ਪਾ ਹੀ ਜਾਂਦੇ ਨੇ ਕਦੀ,
ਘਿਰਦੀਆਂ ਇਸ ਤਰਫ ਭਾਵੇਂ ਬੱਦਲੀਆਂ ਓਦਾਂ ਨਹੀਂ।
ਸ਼ੌਂਕ ਦਾ ਕੂਚਾ ਤੇ ਹਾਲੀ ਵੀ ਹੈ ਕੂਚਾ ਸ਼ੌਂਕ ਦਾ,
ਹਸਰਤਾਂ ਦਿਲ ਨਾਲ ਢੁਕ-ਢੁਕ ਬਹਿੰਦੀਆਂ ਉਦਾਂ ਨਹੀਂ।
ਭੇਜਦੀ ਜੋ ਤੂੰ ਰਹੀ ਸਰਘੀ ਦੇ ਹੱਥ ਰੰਗਨੀਆਂ,
ਮੇਰੇ ਤੀਕਰ ਉਹ ਕਦੀ ਵੀ ਪਹੁੰਚੀਆਂ ਓਦਾਂ ਨਹੀਂ।
ਦੇਖ ਲੈ ਆਦਤ ਮੁਤਾਬਕ ਕਰਕੇ ਸੌਦੇਬਾਜ਼ੀਆਂ,
ਜਾਨ ਵੱਟੇ ਮੁਸਕੁਰਾਣਾਂ ਮਹਿੰਗੀਆਂ ਓਦਾਂ ਨਹੀਂ।

---

ਜਸ਼ਨ, ਇਹ ਮਹਿਫ਼ਲ, ਇਹ ਰੌਣਕ, ਇਹ ਸ਼ਰਾਬ।
ਅੰਦਰੋਂ ਖ਼ਾਲੀ ਨੇ ਸਭ ਖਾਨਾ ਖ਼ਰਾਬ।
ਦਰਦ ਦੀ ਸਰਹੱਦ ਤੇ ਕੱਠੇ ਹੋ ਗਏ,
ਅੱਗੋਂ ਪਿੱਛੋਂ ਤੁਰਨ ਵਾਲੇ ਸਭ ਖ਼ਵਾਬ।
ਜ਼ਖ਼ਮ ਦਿਲ ਦੇ ਬਿਨ ਗਿਣੇ ਹੀ ਰਹਿ ਗਏ,
ਕੌਣ ਸੀ ਵੇਹਲਾ ਜੋ ਕਰਦਾ ਇਹ ਹਿਸਾਬ।
ਲੈ ਕੇ ਔਂਦੇ ਨੇ ਪੁਰਾਣੇ ਖਾਰ ਨਾਲ,
ਵੱਖਰੀ ਪਹਿਚਾਣ ਵਾਲੇ ਸਭ ਗੁਲਾਬ।
ਰਾਤ ਦਿਨ ਦੇ ਸੁਪਨਿਆਂ ਵਿਚ ਫ਼ਰਕ ਹੈ,
ਉਂਝ ਮੈਂ ਕਰਦਾ ਹਾਂ ਦੋਨਾਂ ਨੂੰ ਖ਼ਤਾਬ।
ਤੁਰ ਰਹੇ ਨੇ ਰਹਿਬਰੀ ਵਿਚ ਗ਼ੈਰ ਦੀ,
ਏਸ ਪਾਸੇ ਔਣ ਵਾਲੇ ਇਨਕਲਾਬ।

---

ਬੰਦੇ ਦਾ ਜੀਵਨ 'ਚ ਜੋ ਇਤਕਾਦ ਹੈ।
ਮਾਂ ਦੀ ਸ਼ਫਕਤ ਮਾਂ ਦਾ ਆਸ਼ੀਰਵਾਦ ਹੈ।
ਸਰਫ਼ਰਾਜ਼ੀ ਇਸਦੇ ਪੈਰਾਂ ਹੇਠ ਹੈ,
ਇਸ ਜ਼ਮੀਂ ਤੇ ਅਰਸ਼ ਦੀ ਬੁਨਿਆਦ ਹੈ।
ਦੋਸਤੀ ਦੇ ਇਸ ਤੇ ਸੀ ਪੱਤੇ ਝੜੇ,
ਇਹ ਖ਼ਰਾਬਾ ਅੱਜ ਵੀ ਆਬਾਦ ਹੈ।
ਬੇਨਿਆਜ਼ੀ ਵੀ ਹੈ ਮੁਜਰਮ ਨੇੜ ਵੀ,
ਹਰ ਖੁਸ਼ੀ ਦੇ ਲਬ ਤੇ ਇਕ ਫ਼ਰਿਆਦ ਹੈ।
ਜਗਣ ਵਾਲੇ ਜਾਗਦੇ ਨੇ ਰਾਤ ਭਰ,
ਅੱਜ ਵੀ ਦੀਵੇ ਦਾ ਇਹ ਇਤਕਾਦ ਹੈ।
ਗੱਲ ਖੁਸ਼ੀਆਂ ਨਾਲ ਤੋਰੇਗਾ ਉਹੀ,
ਜਿਸ ਨੂੰ ਹਾਸਲ ਦਰਦ ਦਾ ਇਤਮਾਦ ਹੈ।

---

ਧੜਕਣਾਂ ਛੱਜੀਂ ਉਡਾਈਏ ਆ ਕਦੀ।
ਬੋਹਲ ਖੁਸ਼ਬਖਤੀ ਦੇ ਲਾਈਏ ਆ ਕਦੀ।
ਸ਼ਾਂਝ ਤਾਜ਼ਾ ਨਾਲ ਕਰੀਏ ਰੰਗ ਦੇ,
ਝਾਤ ਮੁੜ ਜ਼ਖ਼ਮਾਂ 'ਤੇ ਪਾਈਏ ਆ ਕਦੀ।
ਜਿਸ ਦੀ ਗਹਿਰਾਈ ਜੁੜੀ ਹੈ ਦਰਦ ਨਾਲ,
ਹਾਥ ਉਸ ਸਾਗਰ ਦੀ ਪਾਈਏ ਆ ਕਦੀ।
ਭੋਗ ਚੁੱਕੇ ਹਾਂ ਬਹੁਤ ਬੇਗਾਨਗੀ,
ਜ਼ਿੰਦਗੀ ਗਲ ਨਾਲ ਲਾਈਏ ਆ ਕਦੀ।
ਬਦਲੀਏ ਅੰਦਾਜ਼ ਇਸ ਮੁਸਕਾਣ ਦਾ,
ਅਸ਼ਕ ਅੱਖਾਂ 'ਚੋਂ ਸੁਕਾਈਏ ਆ ਕਦੀ।
ਸ਼ਿਕਵਿਆਂ ਦੀ ਹੱਦ ਤੋਂ ਬਾਹਰ ਕਿਤੇ,
ਆਪਣੀ ਦੁਨੀਆ ਵਸਾਈਏ ਆ ਕਦੀ।
ਛਾਂ ਹੀ ਕਰਨਾ ਜਾਣਦੇ ਨੇ ਮੇਘ ਜੋ,
ਵਰ੍ਹਨਾ ਇਨ੍ਹਾਂ ਨੂੰ ਸਿਖਾਈਏ ਆ ਕਦੀ।

---

ਪੈੜ ਜਦ ਅਵਾਰਗੀ ਦੀ ਫੜ ਲਈ।
ਮਾਰਦੇ 'ਵਾਜਾਂ ਨੇ ਮੈਨੂੰ ਰਾਹ ਕਈ।
ਮੈਂ ਗਿਆ ਲਹਿਰਾਂ 'ਚ ਕੁਝ ਏਦਾਂ ਗਵਾਚ,
ਵਿਸਰੀ ਕੰਢੇ 'ਤੇ ਬੇੜੀ ਰਹਿ ਗਈ।
ਹੋਂਦ ਮੈਂ ਜਿਸ ਵਾਸਤੇ ਰੱਖੀ ਸੰਭਾਲ,
ਓਸ ਨੂੰ ਇਸ ਦੀ ਜ਼ਰੂਰਤ ਨਾ ਪਈ।
ਇਸ ਚਮਨ ਦੀ ਭੋਂ ਨੂੰ ਕੋਈ ਬਖਸ਼ ਹੈ,
ਰੁੱਖ ਬੂਟੇ ਉੱਗ ਔਂਦੇ ਨੇ ਸਈ।
ਜਾਨ ਮੈਂ ਮੁੱਠੀ 'ਚ ਲੈ ਕੇ ਬਹਿ ਗਿਆ,
ਆ ਕੇ ਸਿਰ ਉੱਤੇ ਕਿਆਮਤ ਰੁਕ ਗਈ।

# ਦੁੱਧ ਦੇਣ ਵਾਲੀ ਮੱਝ

ਕੇ ਇਸ ਨੂੰ ਤਿਲਕਵੀਂ ਬਣਾਉਣਾ ਹੋਊ!"

ਜਿਨ੍ਹਾਂ ਇਹ ਜੁਗਾੜ ਸੁਣਿਆ/ਦੇਖਿਆ ਸੀ ਉਨ੍ਹਾਂ ਸੋਲਾਂ ਆਨੇ ਸੱਚ ਕਹਿ ਇਸ ਸੁਝਾਅ ਦੀ ਪੁਸ਼ਟੀ ਕਰ ਦਿੱਤੀ। ਦੇਬੀ ਆਪ ਕਿਸੇ ਦੇ ਸਕੂਟਰ ਪਿਛੇ ਬੈਠ ਕੇ ਕਾਰਖਾਨੇ ਚਲਾ ਗਿਆ। ਕਾਰਖਾਨੇ ਦੇ ਮਾਲਕ ਨੇ ਸਾਰੀ ਵਿਥਿਆ ਸੁਣੀ ਤੇ ਚੇਨ-ਕੁੱਪੀ ਦੇਣੀ ਤਾਂ ਮੰਨ ਗਿਆ ਪਰ ਚਾਲਕ ਨੂੰ ਘੰਟੇ ਦੇ ਵਿਚ ਵਿਚ ਮੁੜਦਾ ਹੋਣ ਲਈ ਕਿਹਾ। ਕਾਰਖਾਨੇ ਵਿਚ ਹਰ ਵਕਤ ਇਸ ਦੀ ਸੌ ਲੋੜ ਪਈ ਰਹਿੰਦੀ ਹੈ।

ਘੰਟੇ ਕੁ ਪਿਛੋਂ ਚੇਨ-ਕੁੱਪੀ ਆ ਗਈ। ਆਉਂਦਿਆਂ ਸਾਰ ਇਸਦੇ ਚਾਲਕ ਨੇ ਆਪਣੀ ਮਹੱਤਤਾ ਦਾ ਰੁਹਬ ਛਾਂਟਦਿਆਂ ਸਭ ਨੂੰ ਪਰ੍ਹੇ ਪਰ੍ਹੇ ਹੋਣ ਦਾ ਦਬਕਾ ਮਾਰਿਆ, ਮਿੱਟੀ 'ਚ ਖੇਲਦੇ ਨਿਆਣਿਆਂ ਨੂੰ ਤਾਂ ਭਜਾ ਹੀ ਦਿਤਾ। ਫਿਰ ਉਸਨੇ ਸਾਰੀ ਸਥਿਤੀ ਦਾ ਜਾਇਜ਼ਾ ਲੈਂਦਿਆਂ ਚੇਨ-ਕੁੱਪੀ ਦੀ ਬਾਂਹ ਐਨ ਖੂਹੀ ਦੇ ਮੂੰਹ ਉਤੇ ਤਾਇਨਾਤ ਕਰ ਦਿੱਤੀ। ਮੱਝ ਦੇ ਦੁਆਲੇ ਲੋਕਾਂ ਨੇ ਰੱਸੇ-ਪੈੜੇ ਪਹਿਲਾਂ ਹੀ ਲਪੇਟੇ ਹੋਏ ਸਨ। ਉਸਨੇ ਕੁਝ ਹੋਰ ਲਪੇਟੇ ਮਾਰੇ ਤੇ ਪੂਰੇ ਪੇਸ਼ਾਵਾਰਾਨਾ ਢੰਗ ਨਾਲ ਮੱਝ ਨੂੰ ਮਜ਼ਬੂਤੀ ਨਾਲ ਬੰਨ੍ਹ ਲਿਆ। ਫਿਰ ਰੱਸਿਆਂ ਦੇ ਸਿਰਿਆਂ ਤੇ ਬੱਧਰੀਆਂ ਪਾ ਕੇ ਇਨ੍ਹਾਂ ਬੱਧਰੀਆਂ ਵਿਚ ਦੀ ਬੜੀ ਕਾਰੀਗਰੀ ਨਾਲ ਚੇਨ-ਕੁੱਪੀ ਦੀ ਕੁੰਡੀ ਲੰਘਾ ਦਿਤੀ। ਸਾਰਾ ਕੰਮ ਟਿੱਚ ਹੋ ਗਿਆ ਤਾਂ ਚਾਲਕ ਨੇ ਘੜੀ ਦੇਖੀ ਤਿੰਨ ਤੋਂ ਉਪਰ ਹੋਣ ਲੱਗੇ ਸਨ। ਮਾਲਕ ਨੇ ਛੇਤੀ ਮੁੜਨ ਲਈ ਕਿਹਾ ਸੀ। ਉਸ ਨੇ ਚੇਨ-ਕੁੱਪੀ ਸਟਾਰਟ ਕਰ ਦਿਤੀ ਤੇ ਸਪੀਡ ਤੇਜ਼ ਕਰਨ ਲੱਗਾ ਪਰ ਸਾਰੇ ਪਾਸੇ ਹਾਹਾਕਾਰ ਮਚ ਗਈ, "ਇਹ ਕੰਮ ਨਾ ਬਈ, ਸਹਿਜੇ ਸਹਿਜੇ, ਮੱਝ ਦਾ ਖਿਆਲ ਕਰ, ਬਿਚਾਰੀ ਬੇਜਬਾਨ।"

ਚਾਲਕ ਪਹਿਲਾਂ ਔਖਾ ਹੋਇਆ, "ਸਾਲਿਆਂ ਨੂੰ ਮੁਫਤ ਦਾ ਜੁਗਾੜ ਲਿਆ ਕੇ ਦਿਤਾ" ਪਰ ਫਿਰ ਉਸਨੂੰ ਵੀ ਲੱਗਾ ਕਿ ਸਾਰਾ ਚੱਕਣ ਠੁੱਸ ਹੀ ਨਾ ਹੋ ਜਾਵੇ। ਉਸਨੇ ਸਪੀਡ ਮੱਠੀ ਕਰ ਦਿੱਤੀ। ਲੋਕ ਫਿਰ "ਵਾਖਰੂ ਵਾਖਰੂ" ਕਰਨ ਲੱਗੇ। ਉਹ ਸਾਹ ਸੂਤੀ ਖੜੇ ਸਨ। ਮੱਝ ਪਹਿਲਾਂ ਤਾਂ ਹੇਠੋਂ ਚੁੱਕ ਨਾ ਹੋਵੇ ਪਰ ਫਿਰ ਇਕ ਦਮ ਝਟਕੇ ਨਾਲ ਖੂਹੀ ਦੇ ਚਰਗਲ 'ਚੋਂ ਨਿਕਲੀ ਤੇ ਇਕ ਗੜੱਪ ਜਿਹੀ ਦੀ ਆਵਾਜ਼ ਆਈ। ਫਿਰ ਹੌਲੀ ਹੌਲੀ ਖੂਹੀ ਦੀਆਂ ਕੰਧਾਂ ਨਾਲ ਘਿਸੜਦੀ ਘਿਸੜਦੀ ਉਪਰ ਨੂੰ ਉਠਣ ਲੱਗੀ। ਉਹ ਤੜਪ ਰਹੀ ਸੀ; ਉਸਦੀ ਪਿੱਠ ਤੋਂ ਖੂਨ, ਮੋਕ ਅਤੇ ਮੂਤਰਾਲ ਦੀਆਂ ਤਤੀਰੀਆਂ ਵਗ ਰਹੀਆਂ ਸਨ, ਲੰਡੀ ਜਿਹੀ ਪੂਛ ਲਟਕਣ ਲੱਗੀ ਹੋਈ ਸੀ। ਸਾਰਾ ਸਰੀਰ ਝਰੀਟਾਂ ਤੇ ਰਗੜਾਂ ਨਾਲ ਛਿੱਲਿਆ ਪਿਆ ਸੀ।

ਚਾਲਕ ਨੇ ਬੱਲਾ ਰੱਤੇ ਮੱਝ ਨੂੰ ਵਿਹੜੇ ਦੇ ਇਕ ਪਾਸੇ ਖੜੇ ਕਰਨ ਦੀ ਕੋਸ਼ਿਸ਼ ਕੀਤੀ ਪਰ ਉਸ ਦੀਆਂ ਪਿਛਲੀਆਂ ਟੁੱਟ ਚੁੱਕੀਆਂ ਲੱਤਾਂ ਜਵਾਬ ਦੇ ਗਈਆਂ। ਉਹ ਭਾਰ ਨਹੀਂ ਸੀ ਚੁੱਕ ਸਕਦੀਆਂ। ਮੱਝ ਧੜੰਮ ਕਰਦੀ ਥੱਲੇ ਡਿਗ ਪਈ। ਚੇਨ-ਕੁੱਪੀ ਦੀ ਕੁੰਡੀ ਕਢ ਕੇ ਇਸਦਾ ਚਾਲਕ ਚਲਦਾ ਬਣਿਆ। ਉਸਦਾ ਕੰਮ ਹੋ ਗਿਆ ਸੀ ਤੇ ਉਹ ਲੇਟ ਵੀ ਸੀ।

ਥੋੜੀ ਦੇਰ ਬਾਅਦ ਭੀੜ ਵਿਚੋਂ ਟੁੰਡੀ ਤਰਲੋਕਾ ਮੱਝ ਵੱਲ ਵਧਿਆ। ਉਸਨੇ ਆਪਣਾ ਸਾਬਤਾ ਹੱਥ ਨਿਢਾਲ ਪਈ ਮੱਝ ਦੀਆਂ ਨਾਸਾਂ ਅੱਗੇ ਰੱਖਿਆ, ਮੱਝ ਦਾ ਸਾਹ ਮਹਿਸੂਸਣ ਲਈ। ਚਾਰੇ ਪਾਸੇ ਸੰਨਾਟਾ ਸੀ। ਲੋਕ ਜੀ ਭਿਆਣੇ ਖੜੇ ਸਨ। ਦੋ ਤਿੰਨ ਮਿੰਟ ਬਾਅਦ ਟੁੰਡੀ ਨੇ ਐਲਾਨ ਕੀਤਾ ਕਿ ਮੱਝ ਵਿਚ ਪ੍ਰਾਣ ਨਹੀਂ ਹਨ, ਇਹ ਚਲਾਣਾ ਕਰ ਗਈ ਹੈ। ਭੀੜ ਵਿਚ ਮਨੁੱਖ ਦੇ ਮਰਨ ਜਿਹਾ ਸੋਗ ਤੇ ਮਸੋਸ ਭਰੀਆਂ ਗੱਲਾਂ ਸੁਣਨ ਨੂੰ ਮਿਲੀਆਂ ਤਾਂ ਜੈਲੀ ਨੇ ਭਈਏ ਨੂੰ ਸੱਦਿਆ ਤੇ ਕੰਨਾਂ ਕੋਲ ਕਿਹਾ, "ਜਾਹ ਬਣਸੂ ਚੂਹੜੇ ਕੋ ਸੱਦ ਲਿਆ, ਮਾਝ ਕੋ ਹੱਡਾਰੋੜੀ ਬਿਲੇ ਲਾਉਣਾ ਹੈ। ਆਤਾ ਹੋਇਆ ਠੇਕੇ ਸੇ ਸੋਲਨ ਫੜੀ ਲਿਆਉਣਾ। ਮਾਝ ਕਾ ਸਿਆਪਾ ਨਿਬੜਿਆ, ਫਿਰ ਰੁਕ ਦੇਖ ਕਰ ਕਾਮ ਸ਼ੁਰੂ ਕਰਾਂਗੇ"।

# ਪਹਿਲਵਾਨੀ, ਫਿਲਮਾਂ ਤੇ ਅਮਰੀਕਾ-ਬਾਬ ਖੈਰਾ

ਚੱਲ ਸੋ ਚੱਲ

**ਇਕਬਾਲ ਜੱਬੋਵਾਲੀਆ**


ਅਗਰ ਸੇਰੋਂ ਨੇ ਜੋਗਿੰਦਰ ਟਾਈਗਰ, ਵੱਸਣ ਸਿੰਘ, ਫਤਿਹ ਸਿੰਘ, ਕੇਹਰ ਸਿੰਘ ਤੇ ਸੁਮੇਰ ਸਿੰਘ ਵਰਗੇ ਨਾਮੀ ਪਹਿਲਵਾਨ ਦਿੱਤੇ ਹਨ ਤਾਂ ਭਗਵਾਨ ਖੈਰਾ ਉਰਫ ਬਾਬ ਖੈਰਾ ਵਰਗਿਆਂ ਨੂੰ ਵੀ ਜਨਮ ਦਿੱਤਾ ਹੈ ਜਿਸ ਨੇ ਕਈ ਪੰਜਾਬੀ ਫਿਲਮਾਂ ਅਤੇ ਟੀ.ਵੀ. ਸੀਰੀਅਲਾਂ ਵਿਚ ਕੰਮ ਕਰਕੇ ਪਿੰਡ ਸੇਰੋਂ ਦਾ ਨਾਂ ਉਚਾ ਚੁੱਕਿਐ। ਫਿਲਮਾਂ ਵਿਚ ਬਾਬ ਖੈਰਾ ਨੇ ਆਮ ਤੌਰ 'ਤੇ ਸਾਈਡ ਹੀਰੋ ਦੇ ਹੀ ਰੋਲ ਨਿਭਾਏ ਹਨ। ਫਿਲਮੀ ਖਲਨਾਇਕ ਦਾ ਅਕਸ ਲੋਕਾਂ ਦੇ ਮਨਾਂ 'ਚ ਮਾੜਾ ਹੀ ਬੈਠਾ ਹੁੰਦੈ। ਫਿਲਮਾਂ ਭਾਵੇਂ ਹਿੰਦੀ ਹੋਣ ਜਾਂ ਪੰਜਾਬੀ, ਖੂੰਖਾਰ ਅਤੇ ਮਾਰਧਾੜ ਕਰਨ ਕਰਕੇ ਲੋਕਾਂ ਦੇ ਦਿਲਾਂ ਵਿਚ ਖਲਨਾਇਕ ਦੀ ਖਤਰਨਾਕ ਇਮੇਜ ਬਣੀ ਹੁੰਦੀ ਹੈ। ਇਹ ਜ਼ਰੂਰੀ ਨਹੀਂ ਕਿ ਜੇ ਉਹ ਫਿਲਮਾਂ ਵਿਚ ਲੜਾਈ-ਝਗੜੇ, ਦੰਗੇ-ਫਸਾਦ ਕਰਦੇ ਹਨ ਤਾਂ ਉਹ ਅਸਲ ਜ਼ਿੰਦਗੀ ਵਿਚ ਵੀ ਮਾੜੇ ਹੋਣਗੇ। ਇਨ੍ਹਾਂ ਨੂੰ ਨਿੱਜੀ ਤੌਰ ਤੇ ਮਿਲਿਆ ਜਾਵੇ ਤਾਂ ਅਸਲੀਅਤ ਦਾ ਪਤਾ ਲੱਗਦਾ ਹੈ ਕਿ ਉਹ ਕਿੰਨੇ ਵਧੀਆ ਤੇ ਮਿਲਾਪੜੇ ਇਨਸਾਨ ਹਨ। ਇਨ੍ਹਾਂ 'ਚੋਂ ਬਾਬ ਖੈਰਾ ਇਕ ਹੈ ਜੋ ਫਿਲਮਾਂ 'ਚ ਖਤਰਨਾਕ ਕਿਰਦਾਰ ਨਿਭਾਉਣ ਦੇ ਬਾਵਜੂਦ ਵੀ ਨਿੱਘਾ ਅਤੇ ਮਿਲਨਸਾਰ ਸ਼ਖਸ ਹੈ।

ਬਾਬ ਖੈਰਾ ਦਾ ਜਨਮ ਪਿਤਾ ਹਰਬੰਸ ਸਿੰਘ ਖੈਰਾ ਅਤੇ ਮਾਤਾ ਮਹਿੰਦਰ ਕੌਰ (ਸਵਰਗੀ) ਦੇ ਘਰ ਤਰਨਤਾਰਨ ਲਾਗੇ ਪਿੰਡ ਸੇਰੋਂ ਵਿਚ ਹੋਇਆ। ਮੁੱਢਲੀ ਪੜ੍ਹਾਈ ਪਿੰਡੋਂ ਕਰਨ ਉਪਰੰਤ ਦਸਵੀਂ ਹਾਈ ਸਕੂਲ, ਨੌਸ਼ਹਿਰਾ ਪੰਨੂਆਂ ਤੋਂ ਕੀਤੀ। ਪਿੰਡ 'ਚ ਪਹਿਲਵਾਨੀ ਚਲਦੀ ਹੋਣ ਕਰਕੇ ਚੜ੍ਹਦੀ ਉਮਰੇ ਉਸ ਨੇ ਵੀ ਭਲਵਾਨੀ ਕੀਤੀ। ਫਿਰ ਪਹਿਲਵਾਨੀ ਤੋਂ ਹਟ ਕੇ ਫਿਲਮਾਂ ਦਾ ਸ਼ੌਕ ਪੈ ਗਿਆ। ਇਸੇ ਸ਼ੌਕ ਕਰਕੇ ਹੀ ਕਿਸੇ ਨਾਲ ਹਿੱਸੇਦਾਰੀ ਕਰਕੇ, ਚੰਡੀਗੜ੍ਹ 'ਚ ਸਟੂਡੀਓ ਖੋਲ੍ਹ ਲਿਆ। ਉਸ ਵਕਤ ਪੰਜਾਬ, ਹਰਿਆਣਾ, ਜੰਮੂ-ਕਸ਼ਮੀਰ ਤੇ ਚੰਡੀਗੜ੍ਹ ਵਿਚ ਹੋਰ ਕੋਈ ਵੀ ਸਟੂਡੀਓ ਨਹੀਂ ਸੀ ਹੁੰਦਾ।

ਫਿਲਮਾਂ ਦਾ ਸ਼ੌਕ ਹੋਣ ਕਰਕੇ ਕਈ ਪੰਜਾਬੀ ਫਿਲਮਾਂ ਅਤੇ ਅਨੇਕਾਂ ਟੀ.ਵੀ. ਸੀਰੀਅਲਾਂ ਵਿਚ ਕੰਮ ਕੀਤਾ। ਪਹਿਲਵਾਨ ਦਾਰਾ ਸਿੰਘ ਦੇ ਦਾਰਾ ਪ੍ਰੋਡਕਸ਼ਨ ਵਲੋਂ ਬਣਾਈ ਗਈ ਪੰਜਾਬੀ ਫਿਲਮ 'ਰੱਬ ਦੀਆਂ ਰੱਖਾਂ' ਵਿਚ ਖਲਨਾਇਕ ਦਾ ਰੋਲ ਨਿਭਾਇਆ। ਇਸ ਫਿਲਮ ਦਾ ਹੀਰੋ ਦਾਰਾ ਸਿੰਘ ਦਾ ਪੁੱਤਰ ਵਿੰਦੂ ਅਤੇ ਹੀਰੋਇਨ ਫਰਹਾ ਸੀ। ਉਨ੍ਹਾਂ ਦਾਰਾ ਸਿੰਘ ਦੇ 26 ਕਿਸ਼ਤਾਂ ਵਾਲੇ 'ਪੀ.ਟੀ. ਮਾਸਟਰ' ਸੀਰੀਅਲ ਵਿਚ ਵੀ ਕੰਮ ਕੀਤਾ।

ਬਾਬ ਖੈਰਾ ਨੇ ਜਸਪਾਲ ਭੱਟੀ ਦੇ 'ਲੂਜ਼ ਕੁਨੈਕਸ਼ਨ' ਸੀਰੀਅਲ ਵਿਚ ਰੋਲ ਵੀ ਕੀਤਾ ਅਤੇ ਪ੍ਰੋਡਕਸ਼ਨ ਵੀ। ਜਸਪਾਲ ਭੱਟੀ ਦੀ ਹੀ ਪੰਜਾਬੀ ਫਿਲਮ 'ਮਾਹੌਲ ਠੀਕ ਹੈ' ਦੀ ਸ੍ਰੀ ਖੈਰਾ ਨੇ ਪ੍ਰੋਡਕਸ਼ਨ ਕੀਤੀ। ਸੰਨ 1947 ਦੀ ਵੰਡ ਤੋਂ ਪਹਿਲਾਂ ਪਾਕਿਸਤਾਨੀ ਕਹਾਣੀ 'ਤੇ ਆਧਾਰਤ 'ਕਹਾਂ ਸੇ ਕਹਾਂ ਤੱਕ' ਹਿੰਦੀ ਸੀਰੀਅਲ ਬਣਾਇਆ। ਇਸ ਵਿਚ ਬਾਬ ਖੈਰਾ ਨੇ ਮੌਲਵੀ ਦਾ ਰੋਲ ਕੀਤਾ। ਹਿੰਦੀ ਸੀਰੀਅਲ 'ਮੌਤ ਕੇ ਸੌਦਾਗਰ' ਵਿਚ ਖਲਨਾਇਕ ਤੇ ਪੁਲਿਸ ਵਾਲੇ ਦਾ ਕਿਰਦਾਰ ਨਿਭਾਇਆ। ਇਸ ਦੀ ਪ੍ਰੋਡਕਸ਼ਨ ਵੀ ਉਸ ਦੀ ਆਪਣੀ ਸੀ। ਸੀਰੀਅਲ 'ਹਾਸ਼ੀਆ' ਵਿਚ ਵੀ ਉਹ ਖਲਨਾਇਕ ਬਣਿਆ।

ਪੰਜਾਬੀ ਫਿਲਮ 'ਇਸ਼ਕ ਨਚਾਵੇ ਗਲੀ ਗਲੀ' ਵਿਚ ਸਰਪੰਚ ਦਾ ਰੋਲ ਕੀਤਾ। ਸ਼ਵਿੰਦਰ ਮਾਹਲ, ਸਵਰਗੀ ਵਰਿੰਦਰ ਦਾ ਬੇਟਾ, ਮਨਜੀਤ ਕੁਲਾਰ ਅਤੇ ਵਿਜੈ ਟੰਡਨ ਨਾਲ ਦੇ ਕਲਾਕਾਰ ਸਨ। ਪੰਜਾਬੀ ਫਿਲਮ 'ਮੈਂ ਮਾਂ ਪੰਜਾਬ ਦੀ' ਵਿਚ ਪੇਂਡੂ ਕਿਸਾਨ ਦਾ ਰੋਲ ਕੀਤਾ। ਇਸ ਫਿਲਮ ਵਿਚ ਦਾਰਾ ਸਿੰਘ, ਸ਼ਵਿੰਦਰ ਮਾਹਲ, ਮਨਜੀਤ ਕੁਲਾਰ



ਤੇ ਭਗਵੰਤ ਮਾਨ ਵੀ ਸਨ। ਇਸ ਫਿਲਮ ਨੇ ਰਾਸ਼ਟਰਪਤੀ ਐਵਾਰਡ ਪ੍ਰਾਪਤ ਕੀਤਾ। ਪੰਜਾਬੀ ਫਿਲਮ 'ਬਦਲਾ' ਵਿਚ ਖਲਨਾਇਕ ਦਾ ਰੋਲ ਕੀਤਾ। ਫਿਲਮ ਦਾ ਹੀਰੋ ਗੁੱਗੂ ਗਿੱਲ ਸੀ ਤੇ ਦੂਜੇ ਕਲਾਕਾਰ ਗੁਰਕੀਰਤ, ਜਸਵਿੰਦਰ ਭੱਲਾ ਅਤੇ ਰਵਿੰਦਰ ਮਾਨ ਸਨ।

ਮਾਲਟਾ ਕਿਸ਼ਤੀ ਕਾਂਡ 'ਤੇ ਬਣੀ ਪੰਜਾਬੀ ਫਿਲਮ 'ਜਾਅਲੀ ਪਾਸਪੋਰਟ' ਵਿਚ ਖਲਨਾਇਕ ਵਜੋਂ ਕੰਮ ਕੀਤਾ। ਇਸ ਵਿਚ ਹੀਰੋ ਸਵਰਗੀ ਇੰਦਰਜੀਤ, ਬੀ.ਐਨ. ਸ਼ਰਮਾ, ਆਰਤੀ ਗੌਰੀ, ਗੁਰਕੀਰਤ ਅਤੇ ਕਾਮੇਡੀਅਨ ਪ੍ਰੇਮ ਕੁਮਾਰ ਸਨ। ਪੰਜਾਬੀ ਫਿਲਮ 'ਉਡੀਕਾਂ ਪਿਆਰ ਦੀਆਂ' ਵਿਚ ਮੁੱਖ ਖਲਨਾਇਕ ਦਾ ਰੋਲ ਕੀਤਾ। 'ਦੋ ਪਲ ਖੁਸ਼ੀਆਂ ਦੇ' ਕਾਮੇਡੀ ਸੀਰੀਅਲ ਵਿਚ ਬੀ. ਐਨ. ਸ਼ਰਮਾ ਦੇ ਭਰਾ ਦਾ ਰੋਲ ਕੀਤਾ। ਦੋਵੇਂ-ਦੁਖੀ ਰਾਮ ਤੇ ਸੁਖੀ ਰਾਮ ਦੇ ਕਿਰਦਾਰ 'ਚ ਸਨ।

ਪੰਜਾਬੀ ਫਿਲਮਾਂ ਬਣਾਉਣ ਸੰਬੰਧੀ ਕੈਨੇਡਾ ਆਏ ਬਾਬ ਖੈਰਾ ਨੂੰ ਯਾਰਾਂ-ਦੋਸਤਾਂ ਦੇ ਜ਼ੋਰ ਪਾਉਣ 'ਤੇ ਇਥੇ ਹੀ ਰਹਿਣਾ ਪਿਆ। ਉਸਨੇ ਬਾਅਦ ਵਿਚ ਮਿਸ਼ੀਗਨ (ਅਮਰੀਕਾ) ਆ ਬਸੇਰਾ ਕੀਤਾ। ਉਸ ਦੀ ਬੇਟੀ ਅਮਨਪ੍ਰੀਤ ਖੈਰਾ ਪੰਜਾਬ ਰਹਿੰਦੀ ਹੋਈ ਪੰਜਾਬੀ ਫਿਲਮਾਂ ਤੇ ਟੀ.ਵੀ. ਸੀਰੀਅਲਾਂ ਦਾ ਸ਼ੌਕ ਰੱਖਦੀ ਹੈ। ਇਸ ਵੇਲੇ ਉਹ ਗੁਰਸ਼ਰਨ ਸਿੰਘ ਉਰਫ ਭਾਈ ਮੰਨਾ ਸਿੰਘ ਦੇ ਨਾਟਕਾਂ ਨਾਲ ਜੁੜੀ ਹੋਈ ਹੈ। ਬੇਟਾ ਯਾਦਵਿੰਦਰ ਖੈਰਾ ਪਟਿਆਲਾ ਵਿਚ ਚੜ੍ਹਦੀ ਕਲਾ ਟੀ.ਵੀ. ਚੈਨਲ ਦਾ ਕੈਮਰਾਮੈਨ ਹੈ। ਸ੍ਰੀ ਖੈਰਾ ਦਾ ਸਾਲ ਕੁ ਬਾਅਦ ਚੱਕਰ ਲੱਗ ਜਾਂਦਾ ਹੈ। ਉਥੇ ਜਾ ਕੇ ਫਿਲਮਾਂ ਤੇ ਸੀਰੀਅਲਾਂ ਨਾਲ ਸੰਬੰਧਿਤ ਲੋਕਾਂ ਨਾਲ ਮਿਲ ਕੇ ਫਿਲਮਾਂ ਦੇ ਵਿਕਾਸ ਅਤੇ ਨਿਰਮਾਣ ਬਾਰੇ ਸਲਾਹ ਮਸ਼ਵਰੇ ਕੀਤੇ ਜਾਂਦੇ ਹਨ। ਸ੍ਰੀ ਖੈਰਾ ਦੀ ਝਬਾਲ ਵਿਚ ਵੱਡੀ ਡੇਅਰੀ ਹੈ। ਪਿੰਡ ਦੇ ਵਿਕਾਸ ਕੰਮਾਂ 'ਚ ਵੀ ਵਧ ਚੜ੍ਹ ਕੇ ਹਿੱਸਾ ਪਾਈਐ। ਭੋਲੇ-ਭਾਲੇ ਲੋਕਾਂ ਨੂੰ ਲੁੱਟਣ ਵਾਲੇ, ਪੁੱਛਾਂ ਦੇਣ ਵਾਲੇ ਨਕਲੀ ਬਾਬਿਆਂ ਨੂੰ ਤਰਕਸ਼ੀਲ ਤਜ਼ਰਬੇ ਰਾਹੀਂ ਪਿੰਡਾਂ 'ਚੋਂ ਭਜਾਇਆ। ਜ਼ਿੰਦਗੀ 'ਚ 57 ਵਾਰ ਖੂਨ ਦਾਨ ਕੀਤਾ। ਮਰਨ ਉਪਰੰਤ ਲੋੜਵੰਦਾਂ ਨੂੰ ਆਪਣੇ ਅਤੇ ਆਪਣੇ ਸਾਰੇ ਪਰਿਵਾਰ ਦੇ ਜੀਆਂ ਦੇ ਸਰੀਰ ਦਾਨ ਕੀਤੇ ਜਾਣ ਦੀ ਵਸੀਅਤ ਕੀਤੀ ਹੋਈ ਹੈ।

ਆਪਣੇ ਸ਼ੌਕ ਨੂੰ ਬਰਕਰਾਰ ਰੱਖਦਿਆਂ ਸ੍ਰੀ ਖੈਰਾ ਨੇ ਬੱਚਿਆਂ ਵਾਸਤੇ ਧਾਰਮਿਕ ਪੰਜਾਬੀ ਫਿਲਮ 'ਸਿੱਖ ਕੌਮ ਦੇ ਹੀਰੇ' ਤਿਆਰ ਕੀਤੀ ਹੈ ਜੋ ਅਮਰੀਕਾ ਦੇ ਸਮੂਹ ਗੁਰੂਘਰਾਂ ਵਿਚ ਵਿਖਾਈ ਜਾਵੇਗੀ। ਅਮਰੀਕਾ ਤੋਂ ਬਾਅਦ ਇੰਗਲੈਂਡ, ਦੁਬਈ, ਕੈਨੇਡਾ, ਇਟਲੀ, ਸਿੰਗਾਪੁਰ, ਮਲੇਸ਼ੀਆ, ਹਾਂਗਕਾਂਗ, ਆਸਟਰੇਲੀਆ ਅਤੇ ਹੋਰ ਮੁਲਕਾਂ ਵਿਚ ਵੀ ਵਿਖਾਉਣ ਦਾ ਪ੍ਰੋਗਰਾਮ ਹੈ। ਇਸ ਫਿਲਮ ਨੂੰ ਵਧੀਆ ਹੁੰਗਾਰਾ ਮਿਲ ਰਿਹੈ। ਇਸ ਦਾ ਹੀਰੋ ਹਰੀਸ਼ ਵਰਮਾ ਹੈ ਜੋ ਮਿਸ ਪੂਜਾ ਦੀ ਪੰਜਾਬੀ ਫਿਲਮ 'ਪੰਜਾਬਣ' ਦਾ ਹੀਰੋ ਸੀ।

ਸ੍ਰੀ ਖੈਰਾ ਦੀ ਅਗਲੀ ਪੰਜਾਬੀ ਫਿਲਮ ਵੱਡੇ ਬੱਜਟ ਵਾਲੀ ਹੋਵੇਗੀ। ਫਿਲਮਾਂ ਦੇ ਸ਼ੌਕ ਤੋਂ ਇਲਾਵਾ ਮਿਸ਼ੀਗਨ ਰਹਿੰਦਾ ਹੋਇਆ ਬਾਬ ਖੈਰਾ ਕਵਿਤਾ ਲਿਖਣ ਦਾ ਸ਼ੌਕ ਵੀ ਰੱਖਦਾ ਹੈ। ਮਹੀਨੇ 'ਚ ਇਕ ਵਾਰ ਸ਼ੌਕ ਰੱਖਣ ਵਾਲੇ ਯਾਰਾਂ ਦੋਸਤਾਂ ਵਲੋਂ 'ਕੱਠੇ ਹੋ ਕੇ ਕਵੀ ਦਰਬਾਰ ਕੀਤਾ ਜਾਂਦਾ ਹੈ। ਸਾਲ ਵਿਚ ਇਕ ਵਾਰ ਵੱਡੇ ਪੱਧਰ 'ਤੇ ਦੂਰੋਂ-ਦੂਰੋਂ ਕਵੀ ਸੱਦ ਕੇ ਖੁੱਲ੍ਹਾ ਕਵੀ ਦਰਬਾਰ ਲਾਇਆ ਜਾਂਦਾ ਹੈ।

"ਰੁੰਡ ਮਰੁੰਡ ਹੋਏ ਰੁੱਖ
ਕਿਸੇ ਦੀਆਂ ਛਾਂਵਾਂ ਨਹੀਂ ਬਣਦੇ,
ਸਾਰੇ ਅੱਖਰ ਸੱਜਣਾਂ ਦਾ
ਸਿਰਨਾਵਾਂ ਨਹੀਂ ਬਣਦੇ।
ਖੁਦਗਰਜ਼ੀ ਦਾ ਲੇਪ ਚੜ੍ਹ ਗਿਆ
ਜਿਹੜੀਆਂ ਅਕਲਾਂ 'ਤੇ,
ਆਸ ਨਾ ਰੱਖਿਓ ਕਿਸੇ ਲਈ
ਉਹ ਬਾਹਾਂ ਨਹੀਂ ਬਣਦੇ।"

# ਦਲਿਤਾਂ ਵਲੋਂ ਆਜ਼ਾਦੀ ਦਿਵਸ ਮਨਾਉਣੇ ਕਿੰਨੇ ਕੁ ਜਾਇਜ਼?

ਪਾਠਕਾਂ ਦੀ ਗੱਲ

ਭਾਵੇਂ ਭਾਰਤ ਨੇ ਆਜ਼ਾਦੀ ਤੋਂ ਬਾਅਦ ਬਹੁਤ ਤਰੱਕੀ ਕੀਤੀ ਹੈ ਪਰ ਦਲਿਤ ਸਮਾਜ ਦੀ ਹਾਲਤ ਵਿਚ ਬਹੁਤਾ ਸੁਧਾਰ ਨਹੀਂ ਹੋਇਆ। ਭਾਵੇਂ ਸਾਡੇ ਅਖੌਤੀ ਲੀਡਰ ਵੱਡੀਆਂ-ਵੱਡੀਆਂ ਫੜਾਂ ਮਾਰ-ਮਾਰ ਕੇ ਆਪਣੇ ਆਪ ਨੂੰ ਦੁੱਧ ਧੋਤੇ ਸਾਬਤ ਕਰਨ ਉਤੇ ਜ਼ੋਰ ਲਗਾ ਰਹੇ ਨੇ ਪਰ ਜੇਕਰ ਵੇਖਿਆ ਜਾਵੇ ਤਾਂ ਪੰਜਾਬ ਦੇ ਕੁਝ ਹਿੱਸੇ ਨੂੰ ਛੱਡ ਕੇ ਬਾਕੀ ਭਾਰਤ ਵਿਚ ਦਲਿਤਾਂ ਦੀ ਹਾਲਤ ਬਹੁਤੀ ਵਧੀਆ ਨਹੀਂ ਹੈ। ਜੇਕਰ ਸਿਧਤ ਵਲੋਂ ਵੇਖੀਏ ਤਾਂ ਬਹੁਤੀ ਵਾਰ ਦਲਿਤ ਨੂੰ ਪਹਿਚਾਣਨ ਵਿਚ ਤਾਂ ਤੁਹਾਨੂੰ ਬਹੁਤੀ ਜਦੋਜਹਿਦ ਨਹੀਂ ਕਰਨੀ ਪਵੇਗੀ ਕਿ ਇਹ ਬੰਦਾ ਦਲਿਤ ਹੈ ਜਾਂ ਕਿਸੇ ਹੋਰ ਬਰਾਦਰੀ ਨਾਲ ਸੰਬੰਧ ਰੱਖਦਾ ਹੈ ਕਿਉਂਕਿ ਇਨਸਾਨ ਆਪਣੀ ਰਹਿਣੀ-ਬਹਿਣੀ ਜਾਂ ਜੋ ਉਸ ਨੇ ਖਾਧਾ ਹੁੰਦੀ ਹੈ, ਉਹੀ ਦਿਸਦਾ ਹੈ।

ਸੰਵਿਧਾਨਕ ਪੱਖ ਤੋਂ ਅਸੀਂ ਜ਼ਰੂਰ ਆਜ਼ਾਦ ਹੋਏ ਹਾਂ ਪਰ ਸਮਾਜਿਕ ਪੱਖ ਤੋਂ ਅਸੀਂ ਬਹੁਤੇ ਆਜ਼ਾਦ ਨਹੀਂ ਹਾਂ। ਹਾਲੇ ਵੀ ਦਲਿਤ ਹੀਣ-ਭਾਵਨਾ ਦੇ ਸ਼ਿਕਾਰ ਹਨ। ਇਹ ਹੀਣ ਭਾਵਨਾ ਕਿੰਨਾ ਕੁ ਚਿਰ ਆਪਣੇ ਅੰਦਰ ਲੈ ਕੇ ਜੀਣਗੇ। ਇਸ ਦੀ ਤਾਜ਼ਾ ਮਿਸਾਲ ਸਾਹਮਣੇ ਹੈ ਕਿ ਕਿਵੇਂ ਡੇਰਾ ਬੱਲਾਂ ਵਾਲੇ ਸਾਧ ਨੇ ਆਪਣੀ ਹੀਣ ਭਾਵਨਾ ਦਾ ਸ਼ਿਕਾਰ ਹੋ ਕੇ ਆਪਣੇ ਆਪ ਨੂੰ ਅਲੱਗ ਕਰ ਲਿਆ ਹੈ। ਜੇਕਰ ਦਲਿਤ ਆਜ਼ਾਦ ਹੁੰਦੇ ਤਾਂ ਇਹ ਕੰਮ ਨਾ ਕਰਦੇ। ਭਾਵੇਂ ਅੱਜ ਤੋਂ ਕੁਝ ਸਾਲ ਬਾਅਦ ਉਨ੍ਹਾਂ ਨੂੰ ਆਪਣੀ ਗਲਤੀ ਦਾ ਅਹਿਸਾਸ ਹੋ ਵੀ ਜਾਵੇ, ਤਾਂ ਵੀ ਜੋ ਗੱਲ ਉਨ੍ਹਾਂ ਦੇ ਚੇਲਿਆਂ ਅੰਦਰ ਘਰ ਕਰ ਗਈ ਹੈ, ਉਸ ਵਿਚੋਂ ਨਿਕਲਣਾ ਬਹੁਤ ਮੁਸ਼ਕਿਲ ਹੈ।

ਜੇਕਰ ਵਿਦਿਆ ਦਾ ਪੱਖ ਲਈਏ ਤਾਂ ਵੀ ਤੁਸੀਂ ਸਹਿਜੇ ਹੀ ਅੰਦਾਜ਼ਾ ਲਗਾ ਸਕੋਗੇ ਕਿ ਦਲਿਤਾਂ ਨੂੰ ਸਿੱਖਿਆ ਤੋਂ ਕਿਵੇਂ ਵਾਂਝਾ ਰੱਖਿਆ ਗਿਆ ਹੈ। ਸਕੂਲਾਂ ਦੀ ਹਾਲਤ ਵੇਖੋ, ਅਜੇ ਤੱਕ ਤੱਪੜਾਂ ਉਤੇ ਬੈਠ ਕੇ ਬੱਚੇ ਪੜ੍ਹਦੇ ਹਨ। ਸਕੂਲਾਂ ਦੀ ਹਾਲਤ ਸਭ ਜਾਣਦੇ ਹੀ ਹਨ ਕਿ ਕਿਵੇਂ ਛੋਟਾਂ ਬੱਚਿਆਂ ਉਤੇ ਗਿਰਦੀਆਂ ਹਨ ਤੇ ਬੱਚੇ ਮਰਦੇ ਹਨ। ਅੱਜ ਕੱਲ੍ਹ ਸਰਕਾਰੀ ਸਕੂਲਾਂ ਵਿਚ ਕੌਣ ਪੜ੍ਹਨ ਜਾਂਦਾ ਹੈ, ਸਿਰਫ ਦਲਿਤਾਂ ਦੇ ਬੱਚੇ ਜਾਂ ਗਰੀਬ ਜ਼ਿਮੀਂਦਾਰਾਂ ਦੇ ਬੱਚੇ। ਇਸੇ ਕਰਕੇ ਪੰਜਾਬ ਦੇ ਨੌਜਵਾਨ ਬਾਹਰ ਆਉਣ ਨੂੰ ਤਰਸਦੇ ਹਨ। ਜੇਕਰ ਸਿੱਖਿਆ ਦਾ ਪ੍ਰਬੰਧ ਚੰਗਾ ਹੁੰਦਾ ਤਾਂ ਉਹ ਭਾਰਤ ਵਿਚ ਹੀ ਚੰਗੀ ਨੌਕਰੀ ਕਰ ਸਕਦੇ। ਅਮੀਰ ਲੋਕਾਂ ਦੇ ਬੱਚੇ ਤਾਂ ਸਰਕਾਰੀ ਸਕੂਲਾਂ ਦਾ ਮੂੰਹ ਵੀ ਨਹੀਂ ਵੇਖਦੇ। ਅਸਲ ਆਜ਼ਾਦੀ ਤਾਂ ਉਨ੍ਹਾਂ ਲੋਕਾਂ ਦੀ ਹੈ। ਅਸੀਂ ਐਵੇਂ ਝੰਡੇ ਚੁੱਕੀ ਫਿਰਦੇ ਹਾਂ ਕਿ ਅਸੀਂ ਆਜ਼ਾਦ ਹਾਂ। ਅਸਲੀ ਆਜ਼ਾਦੀ ਤਾਂ ਉਨ੍ਹਾਂ 15 ਫੀਸਦੀ ਲੋਕਾਂ ਦੀ ਹੈ।

ਰਿਜ਼ਰਵੇਸ਼ਨ ਦੇ ਬਾਵਜੂਦ ਵੀ ਦਲਿਤ ਆਜ਼ਾਦ ਨਹੀਂ ਹਨ। ਰਿਜ਼ਰਵੇਸ਼ਨ ਤਾਂ ਅਮੀਰ ਲੋਕਾਂ ਦੀ ਹੈ, ਗਰੀਬ ਤਾਂ ਰਿਜ਼ਰਵੇਸ਼ਨ ਵਾਲੀ ਲਾਈਨ ਵਿਚ ਵੀ ਖੜ੍ਹਾ ਨਹੀਂ ਹੋ ਸਕਦਾ। ਅੱਜਕੱਲ੍ਹ ਦਲਿਤਾਂ ਵਿਚ ਵੀ ਕਲਾਸ ਸਿਸਟਮ ਹੋ ਗਿਆ ਹੈ। ਜਿਸ ਦੇ ਕੋਲ ਪੈਸੇ ਹਨ, ਉਸ ਦੀ ਹੀ ਰਿਜ਼ਰਵੇਸ਼ਨ ਹੈ। ਇਸ ਬਾਰੇ ਸਾਡੇ ਲੋਕ ਜਿਹੜੇ ਸਰਕਾਰੀ ਨੌਕਰੀਆਂ 'ਤੇ ਲੱਗੇ ਹੋਏ ਹਨ, ਉਨ੍ਹਾਂ ਤੋਂ ਪੁੱਛ ਕੇ ਵੇਖੋ ਕਿ ਕਿਵੇਂ ਰਿਜ਼ਰਵੇਸ਼ਨ ਦਾ ਦਮ ਘੁੱਟ ਰਿਹਾ ਹੈ। ਆਪਣੇ ਹੀ ਆਪਣਿਆਂ ਦਾ ਗਲ ਘੁੱਟ ਕੇ ਰਿਜ਼ਰਵੇਸ਼ਨ ਲੈ ਰਹੇ ਹਨ। ਜਿਸ ਘਰ ਦਾਣੇ, ਉਸ ਦੇ ਕਮਲੇ ਵੀ ਸਿਆਣੇ ਬਣੇ ਹੋਏ ਹਨ।

ਜੇਕਰ ਸਮਾਜਿਕ ਤੌਰ 'ਤੇ ਕਿਸੇ ਨਾਲ ਕੋਈ ਧੱਕਾ ਹੋ ਰਿਹਾ ਹੈ, ਉਸ ਦਾ ਤੁਹਾਨੂੰ ਨਿਆਂ ਕਿੰਨਾ ਕੁ ਮਿਲਦਾ ਹੈ? ਧੀਆਂ-ਭੈਣਾਂ ਦੀ ਇੱਜ਼ਤ ਨਿਲਾਮ ਹੋ ਰਹੀ ਹੈ। ਇਸ ਦੀ ਤਾਜ਼ਾ ਮਿਸਾਲ ਆਜ਼ਾਦੀ ਦਿਵਸ ਮਨਾਉਣ ਤੋਂ ਥੋੜ੍ਹੇ ਦਿਨ ਪਹਿਲਾਂ ਮੁੰਬਈ ਦੇ ਕਿਸੇ ਇਲਾਕੇ ਵਿਚ ਦਲਿਤ ਧੀ-ਭੈਣ ਨੂੰ ਬ੍ਰਾਹਮਣਵਾਦ ਜਾਂ ਮਨੂੰਵਾਦ ਦੇ ਪੈਰੋਕਾਰਾਂ ਨੇ ਨੰਗੀ ਕਰਕੇ ਬਾਜ਼ਾਰ ਵਿਚ ਘੁਮਾਇਆ ਤੇ ਪੂਰੀ ਛੇੜ-ਛਾੜ ਕੀਤੀ। ਉਸ ਦਾ ਕਸੂਰ ਇਹ ਸੀ ਕਿ ਉਸ ਦੇ ਭਰਾ ਨੇ ਕਿਸੇ ਬ੍ਰਾਹਮਣ ਦੀ ਕੁੜੀ ਨਾਲ ਛੇੜਛਾੜ ਕੀਤੀ ਸੀ। ਕੀ ਇਹ ਹੀ ਦਲਿਤ ਆਜ਼ਾਦੀ ਦਾ ਦਿਵਸ ਮਨਾ ਰਹੇ ਸਨ? ਜੇਕਰ ਕੋਈ ਬ੍ਰਾਹਮਣ ਦਲਿਤ ਧੀ-ਭੈਣ ਨੂੰ ਛੇੜਦਾ ਹੈ ਤਾਂ ਇਹ ਉਸ ਦਾ ਹੱਕ ਹੈ, ਜੇਕਰ ਦਲਿਤ ਕਿਸੇ ਬ੍ਰਾਹਮਣ ਦੀ ਧੀ-ਭੈਣ ਨੂੰ ਛੇੜਦਾ ਹੈ ਤਾਂ ਇਹ ਉਸ ਦਾ ਜੁਰਮ ਹੈ। ਬਦਲੇ ਵਿਚ ਉਸ ਦੇ ਪਰਿਵਾਰ ਨੂੰ ਸਜ਼ਾ ਮਿਲਦੀ ਹੈ ਤੇ ਨੰਗਿਆਂ ਕਰਕੇ ਬਾਜ਼ਾਰਾਂ ਵਿਚ ਜ਼ਲੀਲ ਕੀਤਾ ਜਾਂਦਾ ਹੈ। ਇਹੋ ਹੀ ਹੈ ਆਜ਼ਾਦੀ ਦਾ ਦਿਵਸ? ਸ਼ਰਮ ਆਉਣੀ ਚਾਹੀਦੀ ਹੈ ਇਹੋ ਜਿਹੀ ਆਜ਼ਾਦੀ 'ਤੇ, ਜਿਥੇ ਸਾਡੇ ਪਰਿਵਾਰਾਂ ਨਾਲ ਧੱਕਾ ਹੋ ਰਿਹਾ ਹੈ। ਇਸੇ ਆਜ਼ਾਦੀ ਦੇ ਨਾਂ ਉਤੇ ਧੀਆਂ-ਭੈਣਾਂ ਨਾਲ ਧੱਕਾ ਹੋ ਰਿਹਾ ਹੈ। ਲੱਖ ਲਾਹਨਤ ਹੈ ਸਾਡੇ ਆਪੇ ਬਣੇ ਲੀਡਰਾਂ 'ਤੇ ਜਿਹੜੇ ਉਨ੍ਹਾਂ ਦੀ ਆਜ਼ਾਦੀ ਦੇ ਜਸ਼ਨ ਵਿਚ ਸ਼ਰੀਕ ਹੁੰਦੇ ਹਨ। ਉਪਰੋਂ-ਉਪਰੋਂ ਰੌਲਾ ਪਾ ਰਹੇ ਨੇ ਕਿ ਸਾਡੇ ਨਾਲ ਧੱਕਾ ਹੋ ਰਿਹਾ ਹੈ, ਸਾਡੇ ਸਮਾਜ ਦੀ ਮਾੜੀ ਹਾਲਤ ਦੇ ਤੁਸੀਂ ਜ਼ਿੰਮੇਵਾਰ ਹੋ ਪਰ ਅੰਦਰੋਂ ਬ੍ਰਾਹਮਣਵਾਦ ਦੀਆਂ ਜੁੱਤੀਆਂ ਚੱਟਦੇ ਹਨ।

ਸੁਆਦ ਤਾਂ ਆਉਂਦਾ ਸੀ ਜੇ ਦਲਿਤ ਆਜ਼ਾਦੀ ਦੇ ਦਿਨ 'ਤੇ ਉਸ ਧੀ ਦੀ ਬੇਇੱਜ਼ਤੀ ਦੇ ਰੋਸ ਵਿਚ ਭਾਰਤੀ ਦੂਤਘਰ ਦੇ ਸਾਹਮਣੇ ਮੁਜ਼ਾਹਰਾ ਕਰਦੇ ਤਾਂ ਕਿ ਭਾਰਤੀ ਸਰਕਾਰ ਨੂੰ ਪਤਾ ਲੱਗਦਾ ਕਿ ਬਈ ਇਥੇ ਦਲਿਤ ਜਾਗ੍ਰਿਤ ਹਨ। ਸਾਡੇ ਇਹ ਦਲਿਤ ਤਾਂ ਆਪਣਿਆਂ ਦੀਆਂ ਹੀ ਜੜ੍ਹ ਵੱਢ ਸਕਦੇ ਹਨ ਕਿਉਂਕਿ ਆਪਣੇ ਨੇ ਉਨ੍ਹਾਂ ਨੂੰ ਕੁਝ ਕਹਿਣਾ ਨਹੀਂ ਤੇ ਬਿਗਾਨੇ ਨੇ ਬਖਸ਼ਣਾ ਨਹੀਂ। ਜੇਕਰ ਜੁਰਅਤ ਹੁੰਦੀ ਤਾਂ ਕੋਈ ਐਕਸ਼ਨ ਲੈਂਦੇ, ਐਵੇਂ ਨਾਹਰੇ ਲਾਉਣ ਜੋਗੇ ਹੀ ਰਹਿ ਕੇ ਜਾਂ ਡਾ. ਅੰਬੇਡਕਰ ਜ਼ਿੰਦਾਬਾਦ ਜਾਂ ਡਾਕਟਰ ਤੇਰੀ ਸੋਚ 'ਤੇ, ਪਹਿਰਾ ਦਿਆਂਗੇ ਠੋਕ ਕੇ। ਸਿਰਫ ਨਾਰ੍ਹਿਆਂ ਨਾਲ ਸਮਾਜ ਵਿਚ ਤਬਦੀਲੀ ਨਹੀਂ ਆਉਣੀ। ਆਪਣਿਆਂ ਦੇ ਤਾਂ ਇਹ ਲੋਕ ਪੁਤਲੇ ਫੂਕਦੇ ਹਨ, ਸੁਆਦ ਤਾਂ ਆਵੇ ਜੇਕਰ ਬਿਗਾਨਿਆਂ ਦੇ ਪੁਤਲੇ ਫੂਕਣ। ਇਹ ਕੰਮ ਉਹ ਕਰ ਨਹੀਂ ਸਕਦੇ ਕਿਉਂਕਿ ਮੂਹਰੇ 16 ਨੰਬਰ ਦਾ ਛਿੱਤਰ ਹੈ।

***-ਗੁਰਦਿਆਲ ਸਿੰਘ ਜੱਬੋਵਾਲ***
***ਸਾਬਕਾ ਚੇਅਰਮੈਨ***
***ਜੀ.ਆਰ. ਸਭਾ, ਨਿਊ ਯਾਰਕ***

## ਪਰਮਜੀਤ ਕੌਰ ਖਾਲੜਾ ਨੂੰ ਹੁੰਗਾਰਾ

ਸੰਪਾਦਕ ਜੀ,

ਜਿਵੇਂ ਕਿ ਮਨੁੱਖੀ ਅਧਿਕਾਰਾਂ ਲਈ ਆਪਣੀ ਜਾਨ ਵਾਰ ਦੇਣ ਵਾਲੇ ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਦੀ ਧਰਮ ਪਤਨੀ ਬੀਬੀ ਪਰਮਜੀਤ ਕੌਰ ਖਾਲੜਾ ਨੇ ਆਪਣੇ ਦਿਲ ਦੀ ਆਵਾਜ਼ ਨਾਲ ਕਿਹਾ ਹੈ ਕਿ ਪਰਵਾਸੀ ਪੰਜਾਬੀ ਪੰਜਾਬ ਤੋਂ ਆਉਣ ਵਾਲੇ ਸਿਆਸੀ ਆਗੂਆਂ ਦਾ ਸਵਾਗਤ ਨਾ ਕਰਨ, ਅਸੀਂ ਉਨ੍ਹਾਂ ਨਾਲ ਬਿਲਕੁਲ ਸਹਿਮਤ ਹਾਂ। ਪਰਵਾਸੀ ਪੰਜਾਬੀਆਂ ਨੂੰ ਉਨ੍ਹਾਂ ਸਿਆਸੀ ਆਗੂਆਂ ਨੂੰ ਬਿਲਕੁਲ ਮੂੰਹ ਨਹੀਂ ਲਾਉਣਾ ਚਾਹੀਦਾ ਜਿਨ੍ਹਾਂ ਨੇ ਪੰਜਾਬ ਦੇ ਖਾੜਕੂ ਸੰਘਰਸ਼ ਦੌਰਾਨ ਮਨੁੱਖੀ ਅਧਿਕਾਰਾਂ ਦੇ ਕਾਤਲਾਂ ਵਿਰੁਧ ਉਕਾ ਹੀ ਆਵਾਜ਼ ਨਹੀਂ ਉਠਾਈ।

ਭੈਣ ਪਰਮਜੀਤ ਕੌਰ ਖਾਲੜਾ ਪ੍ਰਤੀ ਸ਼ਰਧਾ ਵਜੋਂ ਅਸੀਂ ਕਬੱਡੀ ਖੇਡਦਿਆਂ ਰੀੜ੍ਹ ਦੀ ਹੱਡੀ ਦਾ ਜ਼ਖਮ ਖਾ ਕੇ ਇਕ ਤਰ੍ਹਾਂ ਅਪਾਹਿਜ ਹੋ ਗਈ ਬੀਬੀ ਜਸਪ੍ਰੀਤ ਕੌਰ ਨੂੰ ਉਨ੍ਹਾਂ ਦੇ ਨਾਂ 'ਤੇ 10 ਹਜ਼ਾਰ ਰੁਪਏ ਇੰਡੀਆ ਵਿਚ ਪਹੁੰਚਦੇ ਕਰਾਂਗੇ। ਅਸੀਂ ਜਸਪ੍ਰੀਤ ਕੌਰ ਨੂੰ ਵੀ ਬੇਨਤੀ ਕਰਦੇ ਹਾਂ ਕਿ ਹੌਸਲਾ ਨਹੀਂ ਹਾਰਨਾ, ਹਮੇਸ਼ਾ ਚੜ੍ਹਦੀ ਕਲਾ ਵਿਚ ਰਹਿਣਾ ਹੈ। ਗੁਰੂ ਉਨ੍ਹਾਂ ਦੇ ਅੰਗ-ਸੰਗ ਹੋਏਗਾ। ਗੁਰੂ ਦਾ ਫੁਰਮਾਨ ਹੈ, "ਪੂੜ ਧਰਤੀ ਪੂੜ ਪਾਣੀ ਆਸਨ ਚਾਰਿ ਕੁੰਟ ਚਉਬਾਰਾ॥ ਸਗਲ ਭਵਣ ਕੀ ਮੂਰਤ ਏਕਾ ਮੁਖ ਤੇਰੈ ਟਕਸਾਲਾ॥"

***-ਸੁਖਦੇਵ ਸਿੰਘ ਸਿਖਿਆਰਥੀ***

---

## ਵਧੀਆ ਕਾਲਮ

ਮੈਂ ਬਹੁਤ ਸਾਲਾਂ ਤੋਂ ਪੰਜਾਬ ਟਾਈਮਜ਼ ਨਿਰੰਤਰ ਪੜ੍ਹਦਾ ਆ ਰਿਹਾ ਹਾਂ। ਪੰਜਾਬ ਟਾਈਮਜ਼ ਵਿਚ ਛਪੇ ਵੱਖ ਵੱਖ ਲੇਖ, ਕਹਾਣੀਆਂ ਅਤੇ ਕਾਲਮ ਕਮਾਲ ਦੇ ਹਨ। ਸ. ਤਰਲੋਚਨ ਸਿੰਘ ਦੁਪਾਲਪੁਰ ਦਾ 'ਲਿਖਤੁਮ', ਐਸ ਅਸ਼ੋਕ ਭੌਰਾ ਦਾ 'ਗੱਲੀਬਾਤੀ' ਅਤੇ ਸਵਰਨ ਸਿੰਘ ਟਹਿਣੇ ਦਾ 'ਮੈਂ ਕੋਈ ਝੂਠ ਬੋਲਿਐ' ਬਹੁਤ ਵਧੀਆ ਕਾਲਮ ਹਨ। ਇਹ ਕੋਈ ਨਿਰੀ ਪੁਰੀ ਵਡਿਆਈ ਕਰਨ ਵਾਲੀ ਗੱਲ ਨਹੀਂ, ਸਗੋਂ ਸੱਚਮੁੱਚ ਹੀ ਇਹ ਕਾਲਮ ਵਧੀਆ ਹਨ। ਮੇਜਰ ਕੁਲਾਰ ਵੀ ਕਿਸੇ ਤੋਂ ਘੱਟ ਨਹੀਂ।

***-ਰਾਜਿੰਦਰ ਸਿੰਘ***

## ਪ੍ਰਧਾਨ ਮੰਤਰੀ ਧਿਆਨ ਦੇਣ

ਮੈਂ ਪੰਜਾਬ ਟਾਈਮਜ਼ ਦੇ ਇਨ੍ਹਾਂ ਕਾਲਮਾਂ ਰਾਹੀਂ ਭਾਰਤੀ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦਾ ਧਿਆਨ ਪੰਜਾਬੀ ਪਰਵਾਸੀਆਂ ਦੀ ਪਾਸਪੋਰਟਾਂ ਬਾਰੇ ਸਮੱਸਿਆ ਵੱਲ ਦਿਵਾਉਣਾ ਚਾਹੁੰਦਾ ਹਾਂ। ਪੰਜਾਬੀ ਚੰਗੇਰੇ ਭਵਿੱਖ ਲਈ ਸੌ ਜਫਰ ਜਾਲ ਕੇ ਵਿਦੇਸ਼ ਪਹੁੰਚੇ ਅਤੇ ਅੱਗੋਂ ਉਨ੍ਹਾਂ ਪੰਜਾਬ ਦੀ ਨੁਹਾਰ ਬਦਲਣ ਲਈ ਪਿਛੇ ਵੱਡੀਆਂ ਰਕਮਾਂ ਭੇਜੀਆਂ ਹਨ। ਪਰਵਾਸੀਆਂ ਵਲੋਂ ਭੇਜੀ ਗਈ ਰਕਮ ਪੰਜਾਬ ਦੀ ਆਰਥਿਕਤਾ ਦੀ ਰੀੜ੍ਹ ਦੀ ਹੱਡੀ ਹੈ ਪਰ ਪੰਜਾਬੀ ਭਾਰਤ ਸਰਕਾਰ ਅਤੇ ਖਾਸ ਕਰਕੇ ਗ੍ਰਹਿ ਮੰਤਰਾਲੇ ਦੀਆਂ ਨੀਤੀਆਂ ਤੋਂ ਬੇਹੱਦ ਪ੍ਰੇਸ਼ਾਨ ਹਨ ਜਿਨ੍ਹਾਂ ਕਰਕੇ ਕਈ ਤਾਂ 20-20, 25-25 ਸਾਲ ਗੁਜਰ ਜਾਣ ਬਾਅਦ ਵੀ ਵਾਪਸ ਇੰਡੀਆ ਨਹੀਂ ਜਾ ਸਕੇ ਅਤੇ ਆਪਣੇ ਭੈਣਾਂ-ਭਰਾਵਾਂ, ਮਾਪਿਆਂ ਨੂੰ ਮਿਲਣ ਲਈ ਤਰਸਦੇ ਹਨ। ਲੰਮੇ ਸਮੇਂ ਬਾਅਦ ਅਮਰੀਕਾ ਕੈਨੇਡਾ ਅਤੇ ਹੋਰਨਾਂ ਮੁਲਕਾਂ ਵਿਚ ਜਦੋਂ ਭਾਰਤੀਆਂ ਨੂੰ ਨਾਗਰਿਕਤਾ ਮਿਲੀ ਤਾਂ ਭਾਰਤੀ ਦੂਤ ਘਰਾਂ ਵਲੋਂ ਉਨ੍ਹਾਂ ਪਾਸੋਂ ਵੀਜ਼ਾ ਦੇਣ ਸਮੇਂ ਪੁਰਾਣੇ ਪਾਸਪੋਰਟਾਂ ਦੀ ਮੰਗ ਕੀਤੀ ਜਾਂਦੀ ਹੈ। ਇਨ੍ਹਾਂ ਭਾਰਤੀ ਲੋਕਾਂ ਵਿਚ ਬਹੁਤ ਸਾਰੇ ਅਜਿਹੇ ਹਨ ਜੋ ਲੱਖਾਂ ਰੁਪਏ ਏਜੰਟਾਂ ਨੂੰ ਦੇ ਕੇ ਅਮਰੀਕਾ-ਕੈਨੇਡਾ ਪਹੁੰਚੇ ਅਤੇ ਪੱਕੇ ਹੋਣ ਦਾ ਕੋਈ ਹੋਰ ਸਾਧਨ ਨਾ ਹੋਣ ਕਰਕੇ ਸਿਆਸੀ ਸ਼ਰਨ ਲੈ ਲਈ। ਇਨ੍ਹਾਂ ਵਿਚੋਂ 90% ਉਹ ਲੋਕ ਹਨ ਜਿਨ੍ਹਾਂ ਦਾ ਆਪਣੇ ਵਤਨ ਵਿਚ ਕਿਸੇ ਸਿਆਸੀ ਸਰਗਰਮੀ ਨਾਲ ਕੋਈ ਵਾਹ-ਵਾਸਤਾ ਨਹੀਂ। ਉਨ੍ਹਾਂ ਖਿਲਾਫ ਕੋਈ ਫੌਜਦਾਰੀ ਮਾਮਲਾ ਨਹੀਂ। ਉਨ੍ਹਾਂ ਸਿਰਫ ਪੱਕੇ ਹੋਣ ਲਈ ਸਿਆਸੀ ਸ਼ਰਨ ਦਾ ਰਾਹ ਅਪਨਾਇਆ। ਇਸ ਨੂੰ ਸਿਆਸੀ ਸ਼ਰਨ ਨਹੀਂ ਆਰਥਿਕ ਸ਼ਰਨ ਕਹਿਣਾ ਚਾਹੀਦਾ ਹੈ।

ਸਰਕਾਰ ਨੂੰ ਅਜਿਹੇ ਕੇਸਾਂ ਵਿਚ ਹਮਦਰਦੀ ਦਿਖਾਉਣੀ ਚਾਹੀਦੀ ਸੀ। ਇਨ੍ਹਾਂ ਵਿਚ ਕੁਝ ਲੋਕ ਅਜਿਹੇ ਵੀ ਹਨ ਜੋ ਸਰਕਾਰ ਤੋਂ ਨਹੀਂ ਖਾੜਕੂ ਲਹਿਰ ਦੇ ਕਾਲੇ ਦਿਨਾਂ ਤੋਂ ਡਰਦੇ ਇਥੇ ਸ਼ਰਨਾਰਥੀ ਬਣ ਗਏ। ਕਈ ਅਜਿਹੇ ਆਰਥਿਕ ਸ਼ਰਨਾਰਥੀ ਪਹਿਲਾਂ ਤਾਂ ਗਰੀਨ ਕਾਰਡ ਅਤੇ ਸਿਟੀਜ਼ਨ ਲੈਣ ਦੇ ਚੱਕਰ ਵਿਚ ਜਵਾਨੀ ਤੋਂ ਬੁਢਾਪੇ ਵਿਚ ਦਾਖਲ ਹੋ ਗਏ ਅਤੇ ਪਿਛੇ ਮਾਂ-ਬਾਪ, ਸਕੇ ਸੰਬੰਧੀ ਦੁਨੀਆਂ ਤੋਂ ਕੂਚ ਕਰ ਗਏ, ਹੁਣ ਜਦੋਂ ਇਹ ਪੰਜਾਬੀ ਅਮਰੀਕਨ ਸਿਟੀਜ਼ਨ ਬਣਨ ਪਿਛੋਂ ਪਾਸਪੋਰਟ ਲੈ ਕੇ ਵੀਜ਼ਾ ਲਵਾਉਣ ਵਾਸਤੇ ਭਾਰਤੀ ਅੰਬੈਸੀ ਵਿਚ ਜਾਂਦੇ ਹਨ ਤਾਂ ਉਨ੍ਹਾਂ 'ਤੇ ਸ਼ਰਨਾਰਥੀ ਹੋਣ ਦਾ ਲੇਬਲ ਲਾ ਕੇ ਉਨ੍ਹਾਂ ਨੂੰ ਵੀਜ਼ੇ ਤੋਂ ਇਨਕਾਰ ਕਰ ਦਿੱਤਾ ਜਾਂਦਾ ਹੈ। ਉਨ੍ਹਾਂ ਦਾ ਮਨ ਬੇਹੱਦ ਦੁਖੀ ਹੁੰਦਾ ਹੈ। ਮਾਂ-ਬਾਪ ਗਏ ਅਤੇ ਹੁਣ ਪੰਜਾਬ ਦੀ ਧਰਤੀ ਦੇਖਣ ਦਾ ਚਾਅ ਵੀ ਖੁਸ ਜਾਣ ਕਰਕੇ ਉਨ੍ਹਾਂ ਦੀ ਹਾਲਤ ਪਾਗਲਪਣ ਤੱਕ ਚਲੇ ਜਾਂਦੀ ਹੈ। ਬੇਨਤੀ ਹੈ ਕਿ ਇਸ ਮਸਲੇ ਦਾ ਕੋਈ ਵਾਜਬ ਹੱਲ ਲੱਭਿਆ ਜਾਵੇ ਜੀ।

***-ਲਾਲੀ ਤੂਰ, ਟਰੇਸੀ, ਕੈਲੀਫੋਰਨੀਆ।***

# ਅਜੋਕੇ ਪੰਜਾਬੀ ਸਿਨੇਮੇ ਦਾ ਸੰਖੇਪ ਲੇਖਾ-ਜੋਖਾ

**ਸੁਖਵੀਰ ਸਿੰਘ**

ਆਪਣੀ ਮਾਂ-ਬੋਲੀ ਨੂੰ ਪਿਆਰ ਕੌਣ ਨਹੀਂ ਕਰਦਾ? ਸ਼ਾਇਦ ਹੀ ਕੋਈ ਅਜਿਹਾ ਸ਼ਖ਼ਸ ਹੋਵੇ ਜਿਸ ਦੇ ਦਿਲ ਅੰਦਰ ਆਪਣੀ ਮਾਂ-ਬੋਲੀ ਪ੍ਰਤੀ ਸਤਿਕਾਰ ਤੇ ਪਿਆਰ ਨਾ ਹੋਵੇ। ਜਿਹੜਾ ਵੀ ਆਪਣੀ ਮਾਂ-ਬੋਲੀ ਨੂੰ ਪਿਆਰਦਾ ਹੈ, ਉਹ ਸਮਾਜ ਵਿਚ ਹਰ ਉਸ ਪਹਿਲੂ 'ਤੇ ਨਜ਼ਰ ਜ਼ਰੂਰ ਰੱਖਦਾ ਹੋਵੇਗਾ, ਜਿਸ ਦਾ ਸਬੰਧ ਉਸ ਦੀ ਮਾਂ-ਬੋਲੀ ਦੇ ਵਿਕਾਸ ਜਾਂ ਪਤਨ ਨਾਲ ਹੋਵੇ, ਫਿਰ ਚਾਹੇ ਉਹ ਉਸ ਦੀ ਬੋਲੀ ਦਾ ਸਾਹਿਤ ਹੋਵੇ, ਸਿਨੇਮਾ ਹੋਵੇ ਜਾਂ ਸਮਾਜ ਵਿਚ ਉਸ ਬੋਲੀ ਦਾ ਰੁਤਬਾ।

ਸਿਨੇਮੇ ਦਾ ਵੀ ਪੰਜਾਬੀ ਬੋਲੀ ਅਤੇ ਇਸ ਨੂੰ ਸਮਾਜ ਵਿਚ ਉਪਰ ਚੁੱਕਣ ਵਿਚ ਬਰਾਬਰ ਦਾ ਯੋਗਦਾਨ ਹੈ ਕਿਉਂਕਿ ਅੱਜ-ਕੱਲ੍ਹ ਮਨੋਰੰਜਨ ਮੀਡੀਆ ਵਿਚ ਵਾਧਾ ਹੋ ਗਿਆ ਹੈ ਅਤੇ ਲੋਕ ਇਸ ਨਾਲ ਜੁੜ ਕੇ ਬਹੁਤ ਨੇੜਿਓਂ ਪ੍ਰਭਾਵ ਕਬੂਲਦੇ ਹਨ। ਦੂਜਾ ਕਾਰਨ ਇਹ ਵੀ ਹੈ ਕਿ ਕੋਈ ਵੀ ਸਿਨੇਮਾ ਉਹ ਪਲੇਟਫਾਰਮ ਹੁੰਦਾ ਹੈ, ਜਿੱਥੇ ਬੋਲੀ ਸਭਿਆਚਾਰ, ਸਮਾਜ ਦਾ ਅਕਸ, ਗੀਤਕਾਰੀ ਤੇ ਅਭਿਨੈ ਇੱਕੋ ਥਾਂ ਇਕੱਠੇ ਹੋ ਕੇ ਕਿਸੇ ਭਾਸ਼ਾ ਦੇ ਖੇਤਰ 'ਤੇ ਪ੍ਰਭਾਵ ਪਾਉਂਦੇ ਹਨ।

ਪੰਜਾਬੀ ਸਿਨੇਮਾ ਹੋਰ ਭਾਸ਼ਾਵਾਂ ਦੇ ਮੁਕਾਬਲੇ ਕਾਫੀ ਪਿੱਛੇ ਰਿਹਾ ਹੈ, ਪਰ ਪਿਛਲੇ ਕੁਝ ਸਾਲਾਂ 'ਤੋਂ ਇਸ ਵਿਚ ਇਕ ਕਿਸਮ ਦਾ ਇਨਕਲਾਬ ਜਿਹਾ ਆਇਆ ਹੈ ਅਤੇ ਇਸ ਨੇ ਪੰਜਾਬੀ ਬੋਲੀ ਅਤੇ ਸਮਾਜ 'ਤੇ ਕਾਫੀ ਪ੍ਰਭਾਵ ਪਾਇਆ ਹੈ। ਇਸ ਇਨਕਲਾਬ ਦੀ ਸ਼ੁਰੂਆਤ ਅਸੀਂ ਪੰਜਾਬੀ ਫਿਲਮ 'ਜੀ ਆਇਆਂ ਨੂੰ' ਤੋਂ ਹੋਈ ਮੰਨ ਸਕਦੇ ਹਾਂ। ਇਸ ਤੋਂ ਬਾਅਦ ਲੋਕਾਂ ਦਾ ਪੰਜਾਬੀ ਸਿਨੇਮੇ ਵਲ ਰੁਝਾਨ ਵਧਿਆ ਹੈ ਕਿਉਂਕਿ ਫਿਲਮ ਮਿਆਰੀ ਸੀ ਅਤੇ ਮਾਂ-ਭੂਮੀ ਨਾਲ ਪਿਆਰ ਦੀਆਂ ਭਾਵਨਾਵਾਂ ਪੂਰਬੀ ਤੇ ਪੱਛਮੀ ਸਭਿਆਚਾਰ ਦੇ ਫਰਕ ਅਤੇ ਸਾਡੇ ਆਮ ਰਿਸ਼ਤਿਆਂ ਦੀ ਮਾਨਸਿਕਤਾ ਆਦਿ ਗੱਲਾਂ ਦੀ ਤਰਜਮਾਨੀ ਕਰਦੀ ਸੀ।

ਇਸ ਤੋਂ ਬਾਅਦ ਵੀ ਕਈ ਫਿਲਮਾਂ ਰਿਲੀਜ਼ ਹੋਈਆਂ, ਜੋ ਉਸ ਪੱਧਰ ਦੀਆਂ ਨਹੀਂ ਸਨ ਹਾਲਾਂਕਿ ਫਿਲਮ ਦਾ ਨਿਰਮਾਤਾ ਅਤੇ ਅਭਿਨੇਤਾ ਕਲਾਕਾਰ ਉਹੀ ਸਨ, ਪਰ ਇਹ ਫਿਲਮਾਂ 'ਜੀ ਆਇਆਂ ਨੂੰ' ਦੇ ਮੁਕਾਬਲੇ ਦਰਸ਼ਕਾਂ ਨੂੰ ਆਪਣੇ ਨਾਲ ਜੋੜਨ ਤੋਂ ਅਸਫਲ ਰਹੀਆਂ। ਗੁਰਦਾਸ ਮਾਨ ਦੀਆਂ ਫਿਲਮਾਂ 'ਦੇਸ ਹੋਇਆ ਪਰਦੇਸ' ਅਤੇ 'ਵਾਰਿਸ ਸ਼ਾਹ' ਨੇ ਪੰਜਾਬ ਦੇ ਇਕ ਖਾਸ ਸਮੇਂ ਅਤੇ ਮਹਾਨ ਕਵੀ ਨਾਲ ਜਾਣੂ ਕਰਵਾਇਆ, ਜਿਸ ਤੋਂ ਨਵੀਂ ਪੀੜ੍ਹੀ ਨੇ ਜ਼ਰੂਰ ਹੀ ਕੁਝ ਗਿਆਨ ਪ੍ਰਾਪਤ ਕੀਤਾ ਹੋਵੇਗਾ। ਇਸ ਮਗਰੋਂ 'ਮੇਰਾ ਪਿੰਡ-ਮਾਈ ਹੋਮ' ਫਿਲਮ ਚਰਚਾ ਦਾ ਵਿਸ਼ਾ ਬਣੀ ਕਿਉਂਕਿ ਇਸ ਵਿਚ ਆਧਾਰ ਨੌਜਵਾਨੀ ਨੂੰ ਬਣਾਇਆ ਗਿਆ ਸੀ, ਜੋ ਪੜ੍ਹੀ-ਲਿਖੀ ਬੇਰੁਜ਼ਗਾਰ ਪੀੜ੍ਹੀ ਨੂੰ ਹੱਥੀਂ ਕਿਰਤ ਦਾ ਮੁੱਲ ਦੱਸਦੀ ਸੀ ਅਤੇ ਆਪਣੇ ਪੈਰਾਂ 'ਤੇ ਆਪ ਖੜ੍ਹੇ ਹੋਣ ਦੀ ਹਿੰਮਤ ਪੈਦਾ ਕਰਦੀ ਸੀ, ਪਰ ਇਨ੍ਹਾਂ ਫਿਲਮਾਂ ਦੇ ਦਰਮਿਆਨ ਆਈਆਂ ਫਿਲਮਾਂ ਨਾ ਪੰਜਾਬੀ ਦਾ ਕੁਝ ਭਲਾ ਕਰ ਸਕੀਆਂ ਅਤੇ ਨਾ ਹੀ ਪੰਜਾਬੀ ਸਮਾਜ ਨੂੰ ਕੋਈ ਸੇਧ ਦੇ ਸਕਣ ਦੇ ਕਾਬਿਲ ਸਨ। ਇਸ ਲਈ ਉਨ੍ਹਾਂ ਦੇ ਆਉਣ-ਜਾਣ ਦਾ ਕੋਈ ਖਾਸ ਪਤਾ ਨਹੀਂ ਲੱਗਾ। ਬੱਬੂ ਮਾਨ ਦੀ ਫਿਲਮ 'ਏਕਮ' ਪੰਜਾਬੀ ਲੋਕਾਂ, ਕਿਸਾਨਾਂ, ਮਜ਼ਦੂਰਾਂ, ਵਾਤਾਵਰਣ, ਸਿਆਸਤ, ਸਮਾਜਕ ਕੁਰੀਤੀਆਂ, ਰਿਸ਼ਤਿਆਂ ਤੇ ਖੇਤੀ ਲਗਪਗ ਹਰੇਕ ਗੱਲ ਲੋਕਾਂ ਸਾਹਮਣੇ ਪੇਸ਼ ਕਰ ਸਕਣ ਵਿਚ ਸਮਰਥ ਸੀ ਤੇ ਇਹੋ ਉਸ ਦੀ ਸਫਲਤਾ ਦਾ ਕਾਰਨ ਸੀ। ਇਸ ਵਿਚ ਪੰਜਾਬ ਦੇ ਯਥਾਰਥ ਨੂੰ ਪੇਸ਼ ਕੀਤਾ ਗਿਆ ਸੀ। ਇਹ ਫਿਲਮ ਆਪਣੇ-ਆਪ ਵਿਚ ਪੰਜਾਬੀ ਸਮਾਜ ਨੂੰ ਸੇਧ ਦੇ ਸਕਣ ਦੇ ਕਾਫੀ ਸਮਰਥ ਸੀ।

ਹੁਣ ਜਿਹੇ ਫਿਲਮ 'ਮੇਲ ਕਰਾ ਦੇ ਰੱਬਾ' ਰਿਲੀਜ਼ ਹੋਈ। ਬੇਸ਼ੱਕ ਇਸ ਫਿਲਮ ਰਾਹੀਂ ਪੰਜਾਬੀ ਦੇ ਕੁਝ ਛੋਟੇ ਪਰਦੇ ਦੇ ਕਲਾਕਾਰਾਂ ਨੇ ਵੱਡੇ ਪਰਦੇ 'ਤੇ ਸ਼ਲਾਘਾਯੋਗ ਕੰਮ ਕੀਤਾ ਹੈ, ਪਰ ਫਿਲਮ ਕੋਈ ਸਮਾਜਕ ਸੇਧ ਦੇਣ ਜਾਂ ਕੁਝ ਹੋਰ ਕਰਨ ਤੋਂ ਅਸਮਰਥ ਰਹੀ, ਭਾਵੇਂ ਫਿਲਮ ਚੰਗਾ ਬਿਜ਼ਨਸ ਵੀ ਕਰ ਜਾਵੇ। ਸਾਡੀ ਨੌਜਵਾਨੀ ਖਾਸ ਕਰ ਪੰਜਾਬੀ ਨੌਜਵਾਨੀ ਤਾਂ ਅੱਗੇ ਹੀ ਬਥੇਰੀ ਹਿੰਸਕ ਗਿਣੀ ਜਾਂਦੀ ਹੈ ਤੇ ਇਸ ਫਿਲਮ ਨੇ ਇਸ ਨੂੰ ਹੋਰ ਹਿੰਸਕ ਕਰਨ ਵਿਚ ਕਸਰ ਨਹੀਂ ਛੱਡੀ। ਮੁੱਖ ਅਭਿਨੇਤਾ ਦਾ ਚੰਗਾ ਅਕਸ ਨਾਕਾਮਯਾਬ ਰਿਹਾ। ਫਿਲਮ ਦੀ ਪਟਕਥਾ ਸਮਾਜਕ ਹਿੰਸਕ ਪ੍ਰਦੂਸ਼ਣ ਫੈਲਾਉਂਦੀ ਹੈ। ਇਸ ਗੱਲ ਵਿਚ ਕੋਈ ਦੋ ਰਾਇ ਨਹੀਂ ਕਿ ਸਿਨੇਮਾ ਇਕ ਪੇਸ਼ਾ ਹੈ, ਪਰ ਇਸ ਨਾਲੋਂ ਵੱਧ ਇਹ ਸਮਾਜਕ ਜ਼ਿੰਮੇਵਾਰੀ ਹੈ। ਇਸ ਲਈ ਫਿਲਮ ਨਿਰਮਾਤਾਵਾਂ ਅਤੇ ਕਹਾਣੀ ਲੇਖਕਾਂ ਨੂੰ ਚਾਹੀਦਾ ਹੈ ਕਿ ਉਹ ਫਿਲਮਾਂ ਬਣਾਉਣ ਜੋ ਯਥਾਰਥਕ ਵੀ ਹੋਣ ਅਤੇ ਸਮਾਜ ਨੂੰ ਕੁਝ ਚੰਗੇਰਾ ਦੇ ਸਕਣ ਦੇ ਸਮਰੱਥ ਹੋਣ। ਸਾਡੇ ਕੋਲ ਅੱਜ ਸਮਾਜਕ ਸਮੱਸਿਆਵਾਂ ਦੀ ਘਾਟ ਨਹੀਂ ਕਿ ਕੁੜੀ-ਮੁੰਡੇ ਦੇ ਇਸ਼ਕ ਤੋਂ ਉਪਰ ਉਠ ਕੇ ਹੋਰ ਕੁਝ ਸੋਚ ਨਾ ਸਕੀਏ। ਹਾਂ ਇਸ ਪਿਆਰ ਦੀ ਭਾਵਨਾ ਨੂੰ ਕਿਤੇ ਨਾ ਕਿਤੇ ਫਿਲਮ ਦਾ ਹਿੱਸਾ ਲਾਜ਼ਮੀ ਹੀ ਬਣਾਇਆ ਜਾ ਸਕਦਾ ਹੈ, ਤਾਂ ਹੀ ਸਾਡਾ ਪੰਜਾਬੀ ਸਿਨੇਮਾ ਵਿਕਾਸ ਕਰੇਗਾ, ਮਾਂ-ਬੋਲੀ ਦੀ ਸੇਵਾ ਕਰੇਗਾ ਅਤੇ ਸਮਾਜ ਨੂੰ ਵੀ ਸ਼ਾਇਦ ਆਪਣੀ ਕਿਸੇ ਸਮੱਸਿਆ ਦੇ ਹੱਲ ਲਈ ਸੇਧ ਮਿਲ ਜਾਵੇ।



# ਖ਼ੁਦ ਨੂੰ ਨਾ ਸਮਝ ਸਕੇ ਗੁਰੂਦੱਤ

ਜੇਕਰ ਫ਼ਿਲਮ 'ਪਿਆਸਾ' ਵਿਚ ਕਵੀ ਵਿਜੇ ਦੀ ਭੂਮਿਕਾ ਦਿਲੀਪ ਕੁਮਾਰ ਅਤੇ 'ਸਾਹਿਬ, ਬੀਵੀ ਔਰ ਗੁਲਾਮ' ਵਿਚ ਭੂਤਨਾਥ ਦੀ ਭੂਮਿਕਾ ਸ਼ਸ਼ੀ ਕਪੂਰ ਜਾਂ ਵਿਸ਼ਵਾਜੀਤ ਨੇ ਨਿਭਾਈ ਹੁੰਦੀ ਤਾਂ ਜਿਸ ਗੁਰੂਦੱਤ ਨੂੰ ਪੂਰੀ ਦੁਨੀਆਂ ਜਾਣਦੀ ਹੈ, ਉਹ ਉਸ ਰੂਪ ਵਿਚ ਅੱਜ ਨਹੀਂ ਹੁੰਦੇ। ਕਿਸਮਤ ਨੂੰ ਸ਼ਾਇਦ ਕੁਝ ਹੋਰ ਹੀ ਮਨਜ਼ੂਰ ਸੀ। ਕਿਸੇ ਨੇ ਸੱਚ ਹੀ ਕਿਹਾ ਸੀ ਕਿ ਗੁਰੂਦੱਤ ਨੇ ਜਦੋਂ ਫ਼ਿਲਮਾਂ ਨੂੰ ਆਪਣਾ ਕੈਰੀਅਰ ਬਣਾਉਣ ਦਾ ਫੈਸਲਾ ਕੀਤਾ, ਉਦੋਂ ਤੋਂ ਕਿਸਮਤ ਨੇ ਭਵਿੱਖ ਦੇ ਦਰਵਾਜ਼ੇ ਉਨ੍ਹਾਂ ਲਈ ਖੋਲ੍ਹ ਦਿੱਤੇ ਸਨ।

ਅੱਜ ਗੁਰੂਦੱਤ ਦੀ ਚਰਚਾ ਦੇ ਬਿਨਾਂ ਹਿੰਦੀ ਫ਼ਿਲਮ ਇਤਿਹਾਸ ਅਧੂਰਾ ਹੈ। ਇਕ ਨੈਸ਼ਨਲ ਮੈਗਜ਼ੀਨ ਨੇ ਕੁਝ ਸਾਲ ਪਹਿਲਾਂ ਹੁਣ ਤੱਕ ਦੀਆਂ ਸਭ ਤੋਂ ਵਧੀਆ ਦਸ ਹਿੰਦੀ ਫ਼ਿਲਮਾਂ ਲਈ ਸਰਵੇ ਕੀਤਾ ਤਾਂ ਉਨ੍ਹਾਂ ਵਿਚ ਤਿੰਨ ਫ਼ਿਲਮਾਂ ਗੁਰੂਦੱਤ ਦੀਆਂ ਸਨ, 'ਪਿਆਸਾ', 'ਸਾਹਿਬ, ਬੀਵੀ ਔਰ ਗੁਲਾਮ' ਅਤੇ 'ਕਾਗਜ਼ ਕੇ ਫੂਲ'।

ਇਹ ਵੀ ਇਕ ਹੈਰਾਨੀਜਨਕ ਤੱਥ ਹੈ ਕਿ ਸੁਪਰ ਫਲਾਪ ਫ਼ਿਲਮਾਂ ਵਿਚ ਸ਼ਾਮਲ ਗੁਰੂਦੱਤ ਦੀ 'ਕਾਗਜ਼ ਕੇ ਫੂਲ' ਦੀ ਗਿਣਤੀ ਅੱਜ ਤੱਕ ਕਲਾਸਿਕ ਫ਼ਿਲਮਾਂ ਵਿਚ ਹੁੰਦੀ ਹੈ। ਇਹ ਗੁਰੂਦੱਤ ਦੀ ਆਪਣੀ ਹੀ ਕਹਾਣੀ ਸੀ। ਇਸ ਵਿਚ ਪਤਨੀ ਗੀਤਾ ਦੱਤ ਅਤੇ ਪ੍ਰੇਮਿਕਾ ਵਹੀਦਾ ਰਹਿਮਾਨ ਵਿਚਾਲੇ ਗੁਰੂਦੱਤ ਦਾ ਆਤਮ ਸੰਘਰਸ਼ ਸੀ।

ਗੁਰੂਦੱਤ ਨੇ ਜੇਕਰ ਆਪਣੇ ਦਰਦ ਨੂੰ ਇਸ ਵਿਚ ਪਾ ਦਿੱਤਾ ਤਾਂ ਵਹੀਦਾ ਨੇ ਵੀ ਆਪਣੇ ਅੰਦਰ ਬੈਠੀ ਅਭਿਨੇਤਰੀ ਨੂੰ ਪੂਰੀ ਤਰ੍ਹਾਂ ਗੁਰੂਦੱਤ ਦੇ ਹਵਾਲੇ ਕਰ ਦਿੱਤਾ ਸੀ, ਉਦੋਂ ਤਾਂ ਪ੍ਰੀਮੀਅਰ ਸ਼ੋਅ ਦੀ ਰਾਤ ਰਾਜ ਕਪੂਰ ਦੀਆਂ ਅੱਖਾਂ ਵੀ ਭਰ ਆਈਆਂ ਸਨ। ਕੁਝ ਸਾਲਾਂ ਬਾਅਦ ਲੋਕਾਂ ਨੂੰ ਵਿਸ਼ਵਾਸ ਵੀ ਨਹੀਂ ਹੋਵੇਗਾ ਕਿ ਕਿਸੇ ਜ਼ਮਾਨੇ ਵਿਚ ਅਜਿਹੀ ਬੇਮਿਸਾਲ ਫ਼ਿਲਮ ਬਣੀ ਸੀ।

ਗੁਰੂਦੱਤ ਦੀ ਇਹ ਖਾਸੀਅਤ ਸੀ ਕਿ ਜਿੰਨਾ ਉਹ ਡਾਇਲਾਗਾਂ ਵਿਚ ਬੋਲਦੇ ਸਨ, ਉਸ ਤੋਂ ਜ਼ਿਆਦਾ ਅੱਖਾਂ ਰਾਹੀਂ ਖ਼ੁਦ ਨੂੰ ਪ੍ਰਗਟ ਕਰਦੇ ਸਨ। ਦਰਦ ਦਾ ਜੋ ਵਿਆਕਰਨ ਉਨ੍ਹਾਂ ਦੀ ਜ਼ਿੰਦਗੀ ਵਿਚ ਸਿਮਟਿਆ ਸੀ, ਉਹ ਅਭਿਨੈ ਦੀ ਭਾਸ਼ਾ ਵਿਚ ਪ੍ਰਗਟ ਹੋ ਜਾਂਦਾ ਸੀ। ਉਨ੍ਹਾਂ ਦਾ ਜਨੂਨ ਹੀ ਸੀ ਜਿਸ ਨੇ ਉਨ੍ਹਾਂ ਨੂੰ ਮਹਾਨ ਫ਼ਿਲਮਕਾਰ ਦੇ ਨਾਲ-ਨਾਲ ਸੰਵੇਦਨਸ਼ੀਲ ਇਨਸਾਨ ਦੇ ਰੂਪ ਵਿਚ ਸਥਾਪਤ ਕੀਤਾ।

ਜੀਵਨ ਦੇ ਆਖਰੀ ਦਿਨਾਂ ਤੱਕ ਮਿੱਤਰ ਅਤੇ ਨਿਰਦੇਸ਼ਕ ਅਬਰਾਰ ਅਲਵੀ ਅਤੇ ਫੋਟੋਗ੍ਰਾਫਰ ਵੀ. ਕੇ. ਮੂਰਤੀ ਨੇ ਉਨ੍ਹਾਂ ਦਾ ਸਾਥ ਦਿੱਤਾ। ਜੇਕਰ ਉਨ੍ਹਾਂ ਦੇ ਜੀਵਨ ਵਿਚ ਕੁਝ ਵੱਖ ਹੋਇਆ ਤਾਂ ਉਹ ਸੀ ਪਤਨੀ ਗੀਤਾ ਅਤੇ ਪ੍ਰੇਮਿਕਾ ਵਹੀਦਾ ਰਹਿਮਾਨ। ਗੁਰੂਦੱਤ ਸਾਰੀ ਉਮਰ ਵਹੀਦਾ ਦੀ ਖਿੱਚ ਵਿਚ ਬੱਝੇ ਰਹੇ ਅਤੇ ਇਸੇ ਕਾਰਨ ਗੀਤਾ ਦੱਤ ਤੋਂ ਵੱਖ ਰਹਿਣ ਲਈ ਉਨ੍ਹਾਂ ਨੂੰ ਮਜਬੂਰ ਹੋਣਾ ਪਿਆ। ਇਨ੍ਹਾਂ ਦੋਵਾਂ ਵਿਚਾਲੇ ਜਿਊਣ ਵਾਲੇ ਗੁਰੂਦੱਤ ਨਾ ਤਾਂ ਵਹੀਦਾ ਤੋਂ ਖ਼ੁਦ ਨੂੰ ਵੱਖ ਕਰ ਸਕੇ ਅਤੇ ਨਾ ਗੀਤਾ ਦੱਤ ਨੂੰ ਭੁੱਲ ਸਕੇ।

ਗੁਰੂਦੱਤ ਨੂੰ ਜਾਣਨ ਵਾਲੇ ਕਹਿੰਦੇ ਹਨ ਕਿ ਉਨ੍ਹਾਂ ਦੀ ਜ਼ਿੰਦਗੀ ਤੋਂ ਗੀਤਾ ਦੱਤ ਦਾ ਵੱਖ ਹੋਣਾ 'ਇੰਟਰਵਲ' ਸੀ ਤਾਂ ਵਹੀਦਾ ਦਾ ਵਿਛੜ ਜਾਣਾ ਜਿਵੇਂ 'ਦਿ ਐਂਡ' ਦਾ ਸੰਕੇਤ ਬਣ ਗਿਆ। ਉਹ ਆਖਰੀ ਦਿਨਾਂ ਵਿਚ ਬਿਲਕੁਲ ਇਕੱਲੇ ਹੋ ਗਏ ਸਨ। ਉਹ ਗੀਤਾ ਦੱਤ ਨੂੰ ਫੋਨ 'ਤੇ ਕਿਹਾ ਕਰਦੇ ਸਨ, "ਮੈਂ ਬਿਲਕੁਲ ਇਕੱਲਾ ਹੋ ਗਿਆ ਹਾਂ। ਤੇਰਾ ਇੰਤਜ਼ਾਰ ਕਰ ਰਿਹਾ ਹਾਂ।" ਗੀਤਾ ਦੱਤ ਵੀ ਇਕੱਲੀ ਹੋ ਗਈ ਸੀ। ਇਸ ਦੇ ਬਾਵਜੂਦ ਦੋਵਾਂ ਵਿਚਾਲੇ ਸਮਝੌਤਾ ਨਹੀਂ ਹੋ ਸਕਿਆ।

ਇਸ ਵਿਛੋੜੇ ਨੂੰ ਲੈ ਕੇ ਗੁਰੂਦੱਤ ਦੁਨੀਆਂ ਤੋਂ ਰਹੱਸਮਈ ਢੰਗ ਨਾਲ ਸਿਰਫ 39 ਸਾਲ ਦੀ ਉਮਰ ਵਿਚ 10 ਅਕਤੂਬਰ 1964 ਨੂੰ ਵਿਦਾ ਹੋ ਗਏ। ਗੁਰੂਦੱਤ ਨੇ ਜਿਸ ਉਚਾਈ ਨੂੰ ਛੋਹਿਆ, ਉਹ ਵੱਡਿਆਂ-ਵੱਡਿਆਂ ਲਈ ਦੁਰਲੱਭ ਸਾਬਤ ਹੋਇਆ। ਫ਼ਿਲਮਾਂ ਵਿਚ ਸੰਵੇਦਨਸ਼ੀਲਤਾ ਪੈਦਾ ਕਰਨ ਦੇ ਮਾਮਲੇ ਵਿਚ ਉਹ ਬਿਮਲ ਰਾਏ ਦੇ ਮੁਕਾਬਲੇ ਦੇ ਸਨ, ਟ੍ਰੈਜਡੀ ਵਿਚ ਦਿਲੀਪ ਕੁਮਾਰ ਦੇ ਨੇੜੇ ਅਤੇ ਰੋਮਾਂਟਿਕ ਅਤੇ ਤਕਨੀਕੀ ਪੱਖ ਤੋਂ ਰਾਜ ਕਪੂਰ ਦੇ ਬਰਾਬਰ ਖੜ੍ਹੇ ਹੁੰਦੇ ਸਨ।

ਗੁਰੂਦੱਤ ਨੇ ਜ਼ਿਆਦਾ ਫ਼ਿਲਮਾਂ ਨਹੀਂ ਕੀਤੀਆਂ ਪਰ ਜਿੰਨੀਆਂ ਵੀ ਕੀਤੀਆਂ, ਉਹ ਅਮਰ ਫਿਲਮਾਂ ਦੇ ਰੂਪ ਵਿਚ ਦਰਜ ਹੋ ਗਈਆਂ। ਉਨ੍ਹਾਂ ਦੀ ਹਰ ਫ਼ਿਲਮ ਵਿਚ ਨਵਾਂਪਣ ਹੁੰਦਾ ਸੀ। 'ਆਰ-ਪਾਰ', 'ਮਿਸਟਰ ਐਂਡ ਮਿਸਿਜ਼-55', 'ਪਿਆਸਾ', 'ਕਾਗਜ਼ ਕੇ ਫੂਲ', 'ਭਰੋਸਾ', 'ਸਾਂਝ ਔਰ ਸਵੇਰਾ' ਇਸ ਦੀਆਂ ਉਤਮ ਉਦਾਹਰਣਾਂ ਹਨ। ਗੁਰੂਦੱਤ ਨੂੰ ਬਹੁਤ ਲੋਕ ਬੰਗਾਲੀ ਮੰਨਦੇ ਰਹੇ ਅਤੇ ਕੁਝ ਲੋਕ ਪੰਜਾਬੀ। ਦਰਅਸਲ ਉਹ ਉਤਰੀ ਕਰਨਾਟਕ ਨਾਲ ਸੰਬੰਧ ਰੱਖਦੇ ਸਨ। ਬੰਗਾਲੀ ਸਾਹਿਤ ਅਤੇ ਸੱਭਿਆਚਾਰ ਦਾ ਉਨ੍ਹਾਂ ਨੇ ਡੂੰਘਾ ਅਧਿਐਨ ਕੀਤਾ ਸੀ।

ਉਨ੍ਹਾਂ ਦਾ ਕੈਰੀਅਰ ਪੁਣੇ ਦੇ ਪ੍ਰਭਾਤ ਸਟੂਡੀਓ ਤੋਂ ਸ਼ੁਰੂ ਹੋਇਆ। ਉਥੇ ਉਹ ਡਾਂਸ ਡਾਇਰੈਕਟਰ ਵਿਸ਼ਰਾਮ ਵੇਡੇਕਰ ਦੇ ਸਹਾਇਕ ਸਨ। ਬਾਅਦ ਵਿਚ ਫ਼ਿਲਮ ਨਿਰਮਾਣ ਅਤੇ ਨਿਰਦੇਸ਼ਨ ਵਿਚ ਆ ਗਏ। ਗੁਰੂਦੱਤ ਦੇ ਮਿੱਤਰ ਅਬਰਾਰ ਅਲਵੀ ਅੰਸਾਰੀ ਕਹਿੰਦੇ ਹਨ, "ਗੁਰੂਦੱਤ' ਖ਼ੁਦ ਨੂੰ ਕਦੇ ਸਮਝ ਨਹੀਂ ਸਕੇ।

*-ਧੰਨਜਯ ਕੁਮਾਰ*

# ਨਸ਼ਈ ਨੌਜਵਾਨਾਂ ਲਈ ਨਵੀਂ ਉਮੀਦ ਹੈ ਫ਼ਿਲਮ ਚੱਕ ਜਵਾਨਾ

ਦਿਨੋ-ਦਿਨ ਨਵੇਂ ਦਿਸਹੱਦੇ ਕਾਇਮ ਕਰ ਰਹੇ ਪੰਜਾਬੀ ਸਿਨੇਮੇ ਨੂੰ ਹੋਰ ਭਾਸ਼ਾਵਾਂ ਦੇ ਸਿਨੇਮੇ ਦੇ ਹਾਣ ਦਾ ਬਣਾਉਣ ਲਈ ਜਿਥੇ ਸਾਡੇ ਕਈ ਨਾਮਵਰ ਫ਼ਿਲਮਸਾਜ਼ ਅਣਥੱਕ ਮਿਹਨਤ ਕਰ ਰਹੇ ਹਨ, ਉਥੇ ਨਵੇਂ ਨੌਜਵਾਨ ਫ਼ਿਲਮ ਨਿਰਦੇਸ਼ਕ ਵੀ ਨਵੇਂ ਤਜਰਬਿਆਂ ਦੇ ਨਾਲ ਪੰਜਾਬੀ ਸਿਨੇਮੇ ਨੂੰ ਨਵੀਂ ਦਿਸ਼ਾ ਅਤੇ ਦਸ਼ਾ ਪ੍ਰਦਾਨ ਕਰਨ ਦੇ ਯਤਨ ਕਰ ਰਹੇ ਹਨ। ਇਨ੍ਹਾਂ ਨੌਜਵਾਨ ਫ਼ਿਲਮ ਨਿਰਦੇਸ਼ਕਾਂ 'ਚੋਂ ਅੱਜਕੱਲ੍ਹ ਸਿਮਰਜੀਤ ਸਿੰਘ ਟੀਨਾ ਦਾ ਨਾਂ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਫ਼ਿਲਮਸਾਜ਼ ਸਿਮਰਜੀਤ ਸਿੰਘ ਟੀਨਾ ਵਲੋਂ ਨਿਰਦੇਸ਼ਿਤ ਕੀਤੀ ਗਈ ਪੰਜਾਬੀ ਫ਼ਿਲਮ 'ਚੱਕ ਜਵਾਨਾ' 27 ਅਗਸਤ ਨੂੰ ਬਿੱਗ ਰਿਲਾਇੰਸ ਦੇ ਬੈਨਰ ਹੇਠ ਦੁਨੀਆਂ ਭਰ 'ਚ ਰਿਲੀਜ਼ ਕੀਤੀ ਗਈ।

ਨਿਰਮਾਤਾ ਬਲਵਿੰਦਰ ਸਿੰਘ ਬੱਲੀ ਅਤੇ ਨਿਰਦੇਸ਼ਕ ਸਿਮਰਜੀਤ ਸਿੰਘ ਟੀਨਾ ਦੀ ਇਸ ਫ਼ਿਲਮ 'ਚ ਪੰਜਾਬੀ ਗਾਇਕ ਗੁਰਦਾਸ ਮਾਨ ਮੁੱਖ ਭੂਮਿਕਾ ਨਿਭਾ ਰਹੇ ਹਨ। ਉਨ੍ਹਾਂ ਨਾਲ ਇਸ ਫ਼ਿਲਮ 'ਚ ਅਦਾਕਾਰਾ ਜੈਨਿਤਾ ਡੋਡਾ ਨਾਇਕਾ ਵਜੋਂ ਨਜ਼ਰ ਆਵੇਗੀ। ਇਸ ਤੋਂ ਇਲਾਵਾ ਗੌਰਵ ਕੱਕੜ, ਰਾਣਾ ਰਣਬੀਰ, ਸੋਨਮ, ਕਰਮਜੀਤ ਅਨਮੋਲ, ਪ੍ਰਿੰਸ ਕੰਵਲਜੀਤ ਸਿੰਘ, ਹੈਰੀ ਸ਼ਰਨ, ਪ੍ਰਦੀਪ ਜੋਸ਼ੀ, ਗੁਰਕੀਰਤਨ ਆਦਿ ਅਦਾਕਾਰ ਅਹਿਮ ਭੂਮਿਕਾ ਨਿਭਾ ਰਹੇ ਹਨ।

ਫ਼ਿਲਮ ਦੀ ਕਹਾਣੀ ਨਿਰਮਾਤਾ ਬਲਵਿੰਦਰ ਸਿੰਘ ਬੱਲੀ ਵਲੋਂ ਲਿਖੀ ਗਈ ਹੈ ਜਦੋਂਕਿ ਸੰਵਾਦ ਰਾਜੇਸ਼ ਵਿਸ਼ਿਸ਼ਟ ਨੇ ਲਿਖੇ ਹਨ। ਇਹ ਫ਼ਿਲਮ ਜਿਥੇ ਨਸ਼ੇ ਦੀ ਦਲਦਲ 'ਚ ਫਸੇ ਨੌਜਵਾਨਾਂ ਦੀ ਮਾਨਸਿਕਤਾ ਅਤੇ ਉਨ੍ਹਾਂ ਦੇ ਮਾਪਿਆਂ ਦੀ ਮਨੋਬਿਰਤੀ ਦੀਆਂ ਉਲਝੀਆਂ ਗੰਢਾਂ ਖੋਲ੍ਹੇਗੀ, ਉਥੇ ਨੌਜਵਾਨਾਂ ਨੂੰ ਖੇਡਾਂ ਵਲ ਉਤਸ਼ਾਹਿਤ ਕਰਦੀ ਹੋਈ ਉਨ੍ਹਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਲਈ ਵੀ ਪ੍ਰੇਰਿਤ ਕਰੇਗੀ। ਇਸ ਫ਼ਿਲਮ ਰਾਹੀਂ ਨਸ਼ੇ ਕਰਨ ਵਾਲੇ ਨੌਜਵਾਨਾਂ ਦੇ ਮਾਪਿਆਂ ਨੂੰ ਵੀ ਕੁਝ ਨੁਕਤੇ ਸੁਝਾਏ ਗਏ ਹਨ, ਜਿਨ੍ਹਾਂ ਰਾਹੀਂ ਉਹ ਆਪਣੀ ਔਲਾਦ ਨੂੰ ਨਸ਼ਿਆਂ ਦੀ ਦਲਦਲ 'ਚੋਂ ਬਾਹਰ ਕੱਢ ਸਕਦੇ ਹਨ।



ਫ਼ਿਲਮ ਦੇ ਨਿਰਦੇਸ਼ਕ ਸਿਮਰਜੀਤ ਸਿੰਘ ਟੀਨਾ ਨੇ ਦੱਸਿਆ ਕਿ ਆਮ ਤੌਰ 'ਤੇ ਨਸ਼ਾ ਕਰਨ ਵਾਲੇ ਨੌਜਵਾਨਾਂ ਦੇ ਮਾਪਿਆਂ ਦੀ ਇਹੀ ਸੋਚ ਹੁੰਦੀ ਹੈ ਕਿ ਮੁੰਡੇ ਦਾ ਵਿਆਹ ਕਰ ਦਿੱਤਾ ਜਾਵੇ, ਵਿਆਹ ਤੋਂ ਬਾਅਦ ਉਹ ਆਪੇ ਨਸ਼ਾ ਕਰਨਾ ਛੱਡ ਦੇਵੇਗਾ ਪਰ ਅਸਲ 'ਚ ਇਹੀ ਸੋਚ ਨੌਜਵਾਨਾਂ ਨੂੰ ਮੌਤ ਵਲ ਤੋਰਦੀ ਹੈ। ਉਨ੍ਹਾਂ ਦੱਸਿਆ ਕਿ ਫ਼ਿਲਮ ਦੀ ਪਿੱਠਭੂਮੀ 'ਚ ਪਿੰਡ ਦੇ ਚਾਰ ਨੌਜਵਾਨ ਦਿਖਾਏ ਗਏ ਹਨ, ਜਿਨ੍ਹਾਂ 'ਚ ਇਕ ਈ. ਟੀ. ਟੀ. ਪਾਸ ਅਧਿਆਪਕ ਵੀ ਹੈ। ਪਿੰਡ ਦੇ ਇਹ ਨੌਜਵਾਨ ਕਿਸੇ ਟਾਈਮ ਵਾਲੀਬਾਲ ਦੇ ਨਾਮੀ ਖਿਡਾਰੀ ਹੁੰਦੇ ਸਨ ਪਰ ਨਸ਼ਾ ਕਰਨ ਨਾਲ ਮਾਨਸਿਕ ਅਤੇ ਸ਼ਰੀਰਕ ਤੌਰ 'ਤੇ ਕਮਜ਼ੋਰ ਪੈ ਜਾਂਦੇ ਹਨ ਅਤੇ ਆਖਿਰ ਇਨ੍ਹਾਂ ਨੌਜਵਾਨਾਂ ਦੀ ਬਾਂਹ ਫੌਜ 'ਚੋਂ ਰਿਟਾਇਰ ਹੋਇਆ ਇਕ ਕੈਪਟਨ ਫੜਦਾ ਹੈ। ਇਸ ਫ਼ਿਲਮ 'ਚ ਗੁਰਦਾਸ ਮਾਨ ਕੈਪਟਨ ਕੁਲਦੀਪ ਸਿੰਘ ਦੀ ਭੂਮਿਕਾ ਨਿਭਾ ਰਹੇ ਹਨ। ਕੈਪਟਨ ਕੁਲਦੀਪ ਸਿੰਘ ਜਦੋਂ ਫੌਜ ਤੋਂ ਘਰ ਆਉਂਦਾ ਹੈ ਤਾਂ ਦੇਖਦਾ ਹੈ ਕਿ ਪਿੰਡ ਦੇ ਜ਼ਿਆਦਾਤਰ ਮੁੰਡੇ ਨਸ਼ੇ ਦੀ ਮਾੜੀ ਲਤ ਦੇ ਸ਼ਿਕਾਰ ਹਨ। ਉਹ ਇਨ੍ਹਾਂ ਨੌਜਵਾਨਾਂ ਨੂੰ ਨਸ਼ੇ 'ਚੋਂ ਕੱਢਣ ਲਈ ਯਤਨ ਕਰਦਾ ਹੈ ਅਤੇ ਪਿੰਡ 'ਚ ਖੇਡਾਂ ਦਾ ਮਾਹੌਲ ਸਿਰਜਦਾ ਹੈ। ਜੇਨਿਤਾ ਡੋਡਾ ਫ਼ਿਲਮ 'ਚ ਕੈਪਟਨ ਕੁਲਦੀਪ ਸਿੰਘ ਦੀ ਘਰਵਾਲੀ ਦੀ ਭੂਮਿਕਾ 'ਚ ਹੈ ਜਿਸ ਨੂੰ ਪਿੰਡ ਦੇ ਨੌਜਵਾਨ ਭਾਬੀ ਕਹਿ ਕੇ ਬੁਲਾਉਂਦੇ ਹਨ। ਗੌਰਵ ਕੱਕੜ ਇਸ ਫ਼ਿਲਮ 'ਚ ਪਿੰਡ ਦੇ ਇਕ ਨੌਜਵਾਨ ਦਾ ਕਿਰਦਾਰ ਨਿਭਾ ਰਿਹਾ ਹੈ ਜੋ ਵਾਲੀਬਾਲ ਦਾ ਖਿਡਾਰੀ ਹੈ ਪਰ ਨਸ਼ੇ ਦੀ ਜਕੜ 'ਚ ਆ ਜਾਂਦਾ ਹੈ। ਰਾਣਾ ਰਣਬੀਰ ਇਸ ਫ਼ਿਲਮ 'ਚ ਸਕੂਲ ਅਧਿਆਪਕ ਹੈ ਜਿਹੜਾ ਆਪਣੀ ਜ਼ਿੰਦਗੀ ਤੋਂ ਨਿਰਾਸ਼ ਨਸ਼ੇ ਦੀਆਂ ਸ਼ੀਸ਼ੀਆਂ ਪੀਣ ਲਗਦਾ ਹੈ। ਕਰਮਜੀਤ ਅਨਮੋਲ ਅਤੇ ਪ੍ਰਦੀਪ ਜੋਸ਼ੀ ਵੀ ਨਸ਼ੇ 'ਚ ਫਸੇ ਪਿੰਡ ਦੇ ਨੌਜਵਾਨਾਂ ਦੀ ਭੂਮਿਕਾ ਨਿਭਾਅ ਰਹੇ ਹਨ। ਅਦਾਕਾਰ ਪ੍ਰਿੰਸ ਕੰਵਲਜੀਤ ਸਿੰਘ ਇਸ ਫ਼ਿਲਮ 'ਚ ਅੱਧੇ ਦਿਮਾਗ਼ ਵਾਲੇ ਨੌਜਵਾਨ ਦੀ ਭੂਮਿਕਾ ਨਿਭਾ ਰਿਹਾ ਹੈ ਜੋ ਨਸ਼ੇ ਤੋਂ ਦੂਰ ਰਹਿੰਦਾ ਹੈ ਪਰ ਨਸ਼ੇ 'ਚ ਫਸੇ ਨੌਜਵਾਨਾਂ ਦੀ ਟੋਲੀ ਦਾ ਹੀ ਹਿੱਸਾ ਹੈ।

ਫ਼ਿਲਮ 'ਚ ਦਿਖਾਇਆ ਵਾਲੀਬਾਲ ਦਾ ਮੈਚ ਦਰਸ਼ਕਾਂ ਦੀ ਵਿਸ਼ੇਸ਼ ਖਿੱਚ ਦਾ ਕੇਂਦਰ ਬਣੇਗਾ। ਫ਼ਿਲਮ ਦੇ ਗੀਤ ਗੁਰਦਾਸ ਮਾਨ ਅਤੇ ਬਲਕਾਰ ਨੇ ਲਿਖੇ ਹਨ, ਜਿਨ੍ਹਾਂ ਨੂੰ ਆਵਾਜ਼ ਗੁਰਦਾਸ ਮਾਨ, ਮੀਕਾ ਸਿੰਘ ਅਤੇ ਫਿਰੋਜ਼ਖਾਨ ਨੇ ਦਿੱਤੀ ਹੈ। ਸੰਗੀਤ ਜੈਦੇਵ ਕੁਮਾਰ ਦਾ ਹੈ। ਫ਼ਿਲਮ ਦੇ ਸਹਾਇਕ ਨਿਰਦੇਸ਼ਕ ਅੰਮ੍ਰਿਤ ਅਤੇ ਸੁਖਬੀਰ ਹਨ।

## ਜੈਕਲਿਨ ਦੇ ਕੀ ਕਹਿਣੇ

ਜਜ਼ਬਾਤ ਦਾ ਦੌਰ ਕਿਵੇਂ ਖ਼ਤਮ ਕਰਨਾ ਹੈ ਤੇ ਹਕੀਕਤ ਦਾ ਸਾਹਮਣਾ ਕਿਸ ਤਰ੍ਹਾਂ ਕੀਤਾ ਜਾਵੇ, ਪ੍ਰੇਮ ਦੀ ਦੁਨੀਆਂ ਦੇ ਇਹ ਸੁਰ ਸ੍ਰੀਲੰਕਨ ਸੁੰਦਰੀ ਜੈਕਲਿਨ ਫਰਨਾਂਡਿਸ ਤੋਂ ਜ਼ਿਆਦਾ ਭਲਾ ਕੌਣ ਜਾਣ ਸਕਦਾ ਹੈ? ਪਿਆਰ 'ਚ ਉਸ ਜਿਹੀ ਬਹਿਸ ਕੋਈ ਨਹੀਂ ਕਰ ਸਕਦਾ ਤੇ ਦੂਸਰਿਆਂ ਦੀਆਂ ਝੜਪਾਂ ਕਰਵਾਉਣ 'ਚ ਵੀ ਮਾਹਿਰ ਹੈ ਜੈਕਲਿਨ।

ਜੈਕਲਿਨ ਜਾਣਦੀ ਹੈ ਕਿ ਪਿਆਰ 'ਚ ਤਕਰਾਰ ਚੰਗਾ ਨਹੀਂ ਹੁੰਦਾ। ਜੈਕਲਿਨ ਕੋਲ ਜਾਦੂ ਹੈ ਕਿ ਉਹ ਕਿਸੇ ਨੂੰ ਵੀ ਕਿਸੇ ਮੁੱਦੇ 'ਤੇ ਲੜਾ ਕੇ ਹੀ ਸਾਹ ਲੈਂਦੀ ਹੈ।

ਤਾਜ਼ਾ ਉਦਾਹਰਣ ਰਿਤੇਸ਼ ਦੇਸ਼ਮੁੱਖ ਤੇ ਜੇਨੇਲੀਆ ਡਿਸੂਜਾ ਦੇ ਰਿਸ਼ਤੇ ਦੀ ਹੈ। ਸੱਤ ਸਾਲ ਪੁਰਾਣੇ ਇਸ ਰਿਸ਼ਤੇ 'ਚ ਖਲਨਾਇਕਾ ਦਾ ਕਿਰਦਾਰ ਇਸ ਵੇਲੇ ਜੈਕਲਿਨ ਹੀ ਨਿਭਾ ਰਹੀ ਹੈ। ਅਸਲ 'ਚ ਜੈਕਲਿਨ ਨੇ ਰਿਤੇਸ਼ ਦੇਸ਼ਮੁੱਖ 'ਤੇ ਆਪਣਾ ਜਾਦੂ ਚਲਾ ਲਿਆ।

ਨਤੀਜਾ ਇਹ ਨਿਕਲਿਆ ਕਿ ਰਿਤੇਸ਼ ਤੇ ਜੈਲੇਲੀਆ ਡਿਸੂਜਾ ਆਪਣੇ ਰਿਸ਼ਤੇ ਦਾ ਖੰਡਨ ਕਰਨ ਲੱਗੇ। ਜੈਕਲਿਨ ਜਾਣਦੀ ਹੈ ਕਿ ਜੇਨੇਲੀਆ ਗਰਮ ਮਿਜ਼ਾਜ਼ ਦੀ ਹੈ, ਇਸ ਲਈ ਉਸ ਨੇ ਜੇਨੇਲੀਆ ਨੂੰ ਭੜਕਾ ਦਿੱਤਾ। ਉਧਰ ਉਸ ਨੇ ਰਿਤੇਸ਼ ਦੇ ਦੁੱਖ ਵੰਡਾਉਣੇ ਸ਼ੁਰੂ ਕਰ ਦਿੱਤੇ। ਆਪਣੀ ਨੀਤੀ ਨਾਲ ਜੈਕਲਿਨ ਰਿਤੇਸ਼ ਦੇ ਨਜ਼ਦੀਕ ਆ ਗਈ ਤੇ ਜੈਨੇਲੀਆ ਦੀ ਝੜਪ ਉਸ ਨੇ ਰਿਤੇਸ਼ ਨਾਲ ਕਰਵਾ ਦਿੱਤੀ।

ਵੈਨਿਟੀ ਵੈਨ 'ਚ ਹੋਏ ਝਗੜੇ ਦੌਰਾਨ ਜੇਨੇਲੀਆ ਨੇ ਜੈਕਲਿਨ ਦਾ ਨਾਂ ਵਾਰ-ਵਾਰ ਲਿਆ। ਜੇਨੇਲੀਆ ਨੇ ਮੌਕੇ ਦਾ ਫਾਇਦਾ ਉਠਾ ਕੇ ਰਿਤੇਸ਼ ਨਾਲ ਰਿਸ਼ਤੇ ਹੋਰ ਮਜ਼ਬੂਤ ਕਰ ਲਏ ਹਨ।




| | DISH Network | DIRECTV® | CABLE |
|---|---|---|---|
| Punjabi Channels | 7 | 0 | Limited number in limited areas |
| Award-Winning DVR | Yes | No | No |
| Most HD Channels Available | Yes, over 200 | No, over 140 | No |
| Installation in 6 Rooms | FREE | Up to $138 | Varies |

Source: directv.com, 8/02/10.

Source: TAM Peoplemeter system. Period Week 26-29, 2010
Digital Home Advantage plan requires 24-month agreement and credit qualification. If service is terminated before the end of agreement, a cancellation fee of $17.50/month remaining applies. Programming credits apply during first 12 months. $10/mo HD add-on fee waived for life of current account; requires Agreement, AutoPay with Paperless Billing. Free Standard Professional Installation only. All equipment is leased and must be returned to DISH Network upon cancellation or unreturned equipment fees apply. Limit 6 leased tuners per account; lease upgrade fees apply for select receivers; monthly fees may apply based on type and number of receivers. HD programming requires HD television. All prices, packages and programming subject to change without notice. Local channels may not be available in all areas. Offer is subject to the terms of applicable Promotional and Residential Customer Agreements. Additional restrictions may apply. First-time DISH Network customers only. Offer ends 9/28/10. (c) 2010, DISH Network L.L.C. All rights reserved.